# ਸੰਪਾਦਕੀ

ਅਪ੍ਰੈਲ 1998 ਆਤਮ ਮਾਰਗ ਦੀ ਵਰ੍ਹੇ ਗੰਢ ਹੈ। ਅੱਜ ਅਸੀਂ ਤਿੰਨ ਸਾਲ ਦਾ ਸਫਰ ਪੂਰਾ ਕਰ ਲਿਆ ਹੈ। ਸਤਿਗੁਰੂ ਜੀ ਦੀ ਬਖਸ਼ਸ਼ ਸਦਕਾ ਤਿੰਨ ਸਾਲਾਂ ਵਿਚ ਆਤਮ ਮਾਰਗ ਨੇ ਜੋ ਉਨਤੀ ਕੀਤੀ ਹੈ ਉਹ ਆਪ ਜੀ ਦੇ ਸਨਮੁਖ ਹੈ। ਇਨ੍ਹਾਂ ਤਿੰਨਾਂ ਵਰ੍ਹਿਆਂ ਵਿਚ ਇਸ ਨੇ ਗੁਣ ਅਤੇ ਗਿਣਤੀ ਦੋਨਾਂ ਪੱਖੋਂ ਤੋਂ ਬਹੁਤ ਵਿਕਾਸ ਕੀਤਾ ਹੈ। ਆਤਮ ਮਾਰਗ ਪ੍ਰੇਮੀਆਂ ਨੇ ਬੇਹੱਦ ਪਿਆਰ ਬਖਸ਼ਿਆ ਹੈ, ਰੱਜ ਕੇ ਸਲਾਹਿਆ ਹੈ ਅਤੇ ਸਭ ਨੇ ਤਨੋ ਮਨੋ ਇਸ ਦੀ ਸੇਵਾ ਕੀਤੀ ਹੈ। ਸੰਤ ਮਹਾਰਾਜ ਦੀਆਂ ਅਸੀਸਾਂ ਸਦਕਾ ਅਤੇ ਉਨ੍ਹਾਂ ਵਲੋਂ ਬਖਸ਼ੀ ਗੁਰਮਤਿ ਸਿਧਾਂਤਾਂ ਦੀ ਸਹੀ ਸੇਧ ਸਦਕਾ ਦੇਸ ਪ੍ਰਦੇਸ ਤੋਂ ਬੇਅੰਤ ਪ੍ਰਸੰਸਾ ਪੱਤਰ ਪੁਜਦੇ ਹਨ, ਕੁਝ ਕੁ ਦੇ ਅੰਸ਼ ਅਸੀਂ ਛਾਪਦੇ ਵੀ ਹਾਂ। ਹਰੇਕ ਪੱਤਰ ਦੀ ਪ੍ਰਧਾਨ ਸੁਰ ਇਹ ਹੁੰਦੀ ਹੈ ਕਿ 'ਆਤਮ ਮਾਰਗ' ਨੇ ਨਵਾਂ ਜੀਵਨ, ਨਵਾਂ ਚਾਨਣ ਬਖਸ਼ਿਆ ਹੈ, ਜੀਵਨ ਮਨੋਰਥ ਦੀ ਸੋਝੀ ਮਿਲੀ ਹੈ, ਜੀਵਨ ਕੀ ਹੈ? ਇਸ ਦੀ ਜ਼ਿੰਦਗੀ ਵਿਚ ਪਹਿਲੀ ਵਾਰੀ ਸਮਝ ਆਈ ਹੈ, ਸਾਡਾ ਜੀਵਨ ਸਫਲ ਹੋ ਗਿਆ, ਸਾਨੂੰ ਨਾਮ ਦੀ ਸੋਝੀ ਹੋਈ ਹੈ, ਅਸੀਂ ਐਬਾਂ ਤੋਂ ਮੁਕਤ ਹੋ ਰਹੇ ਹਾਂ, ਨਸ਼ਿਆਂ ਦੀ ਲਾਹਨਤ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਾਂ, ਗੁਰਬਾਣੀ ਨਾਲ ਪਿਆਰ ਵਧਿਆ ਹੈ, ਗੁਰਮਤਿ ਸਿਧਾਂਤ ਸਮਝ ਆ ਰਹੇ ਹਨ, ਆਤਮ ਮਾਰਗ ਰਾਹੀਂ ਮਹਾਂਪੁਰਸ਼ਾਂ ਦੀ ਸੰਗਤ ਹੋ ਜਾਂਦੀ ਹੈ, ਇਤਿਆਦਿ। ਤੁਹਾਡੇ ਪਿਆਰ ਸਦਕਾ ਅੱਜ ਆਤਮ ਮਾਰਗ 35, 000 ਪੰਜਾਬੀ ਵਿਚ ਅਤੇ 5000 ਹਿੰਦੀ ਵਿਚ ਛਪ ਰਿਹਾ ਹੈ। ਘੱਟੋ ਘੱਟ 40,000 ਪਰਿਵਾਰ ਇਸ ਨੂੰ ਪੜ੍ਹਦੇ ਹਨ। ਇਸ ਦਾ ਦਾਇਰਾ ਦਿਨ ਪ੍ਰਤੀ ਦਿਨ ਵਿਸ਼ਾਲ ਹੋ ਰਿਹਾ ਹੈ। ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦਾ ਟੀਚਾ ਹੈ ਕਿ ਇਸ ਰਾਹੀਂ ਗੁਰੂ ਨਾਨਕ ਦੇਵ ਜੀ ਦੇ ਸਰਵੋਤਮ ਸੰਦੇਸ਼ ਨੂੰ ਘਰ ਘਰ ਪਹੁੰਚਾਇਆ ਜਾਵੇ। ਇਹ ਆਪ ਸਭ ਪਾਠਕਾਂ ਦੀ ਸੁਹਿਰਦਤਾ, ਪਿਆਰ ਅਤੇ ਸੇਵਾ-ਭਾਵਨਾ ਸਦਕਾ ਹੀ ਸੰਭਵ ਹੈ। ਮਿਸ਼ਨ ਨੇ ਸੇਵਾ ਅਤੇ ਪ੍ਰਚਾਰ ਨੂੰ ਮੁੱਖ ਰਖਦਿਆਂ ਪਰਚੇ ਦੀ ਕੀਮਤ ਲਾਗਤ ਤੋਂ ਵੀ ਘੱਟ 15/- ਪ੍ਰਤੀ ਪਰਚਾ ਅਤੇ 165/- ਸਾਲ ਰੱਖੀ ਹੋਈ ਸੀ। ਸੰਤ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਕੰਮ ਕਰ ਰਹੀ ਕਮੇਟੀ ਨੇ ਇਹ ਫੈਸਲਾ ਕੀਤਾ ਹੈ ਕਿ ਪਹਿਲੀ ਅਪ੍ਰੈਲ 1998 ਤੋਂ ਪਰਚੇ ਦੀ ਕੀਮਤ 20/- ਪ੍ਰਤੀ ਕਾਪੀ, ਸਾਲ ਦਾ ਚੰਦਾ 200/- ਅਤੇ ਲਾਈਫ ਮੈਂਬਰਸ਼ਿਪ 2000/- ਰੁਪਏ ਰਖ ਦਿਤੀ ਜਾਵੇ। ਵਿਦੇਸ਼ ਦਾ ਚੰਦਾ 5 ਅਮਰੀਕਨ ਡਾਲਰ ਪ੍ਰਤੀ ਕਾਪੀ, 50 ਡਾਲਰ ਸਾਲਾਨਾ ਅਤੇ 500 ਡਾਲਰ ਲਾਈਫ ਮੈਂਬਰਸ਼ਿਪ ਹੋਵੇਗੀ। ਆਤਮ ਮਾਰਗ ਦਾ ਮਿਆਰ ਤਾਂ ਪਹਿਲਾਂ ਹੀ ਬਹੁਤ ਉਚਾ ਹੈ, ਇਹ ਸੱਚ ਦੇ ਮਾਰਗ ਦਾ ਪਾਂਧੀ ਹੈ, ਸੱਚ ਜੋ ਕਦੇ ਵੀ ਪੁਰਾਣਾਂ ਨਹੀਂ ਹੁੰਦਾ ਅਤੇ ਗੁਰੂ ਘਰ ਵਿਚ ਪ੍ਰਾਪਤ 'ਨਾਨਕ ਕੇ ਘਰਿ ਕੇਵਲ ਨਾਮੁ' ਦਾ ਹੀ ਹਤੈਸ਼ੀ ਹੈ, ਨਾਮ ਜੋ ਸਰਬ ਮਨੁਖਤਾ ਲਈ ਕਲਿਆਣਕਾਰੀ ਹੈ, ਜੋ ਰੰਗ, ਰੂਪ, ਨਸਲ ਜਾਤ, ਜਨਮ ਦੇਸ, ਭੇਖ ਦੇ ਵਿਤਕਰਿਆਂ ਅਤੇ ਵੈਰ ਵਿਰੋਧਾਂ ਤੋਂ ਮੁਕਤ ਹੈ, ਜੋ ਸਰਬ ਸੰਸਾਰ ਨੂੰ ਪਿਆਰ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ। ਇਹ ਸੰਦੇਸ਼ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਅਤੇ ਅਨੁਭਵੀ ਹਰਿ ਜਨਾਂ ਦੀਆਂ ਲਿਖਤਾਂ ਰਾਹੀਂ ਦਿਤਾ ਜਾ ਰਿਹਾ ਹੈ। ਮੁੱਲ ਦੇ ਵਾਧੇ ਨਾਲ ਆਤਮ ਮਾਰਗ ਦੀ ਸਾਮਗਰੀ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਹੁਣ 64 ਦੀ ਥਾਂ 72 ਪੰਨੇ ਕਰ ਦਿਤੇ ਗਏ ਹਨ। 8 ਪੰਨਿਆਂ ਵਿਚ ਅਸੀਂ ਪੁਰਾਤਨ ਇਤਿਹਾਸ, ਵਿਗਿਆਨ ਅਤੇ ਆਤਮ ਸਾਇੰਸ, ਐਨਸਾਈਕਲੋਪੀਡੀਆ ਔਫ ਸਿਖਿਜ਼ਮ ਵਿਚੋਂ ਪ੍ਰਸੰਗਕ ਗਿਆਨ, ਸਵਾਮੀ ਰਾਮ ਜੀ ਦੀ ਪੁਸਤਕ ਪਵਿੱਤਰ ਪੈਂਡਾ (Sacred journery) ਦੇ ਕੁਝ ਅੰਸ਼ ਅਤੇ ਅਰੋਗ ਸਰੀਰ ਲਈ ਕੁਝ ਜ਼ਰੂਰੀ ਬਾਤਾਂ ਪਾਠਕਾਂ ਨਾਲ ਸਾਂਝੀਆਂ ਕਰਾਂਗੇ। ਕਾਗਜ਼, ਛਪਾਈ, ਟਾਈਟਲ, ਸਮਗੱਰੀ ਸਭ ਕੁਝ ਉਤਮ ਅਤੇ ਸ੍ਰੇਸ਼ਠ ਦੇਣ ਦੇ ਯਤਨ ਵਿਚ ਹਾਂ। ਇਸ ਦਾ ਬਾਹਰਲਾ ਲਿਫਾਫਾ ਕਾਗਜ਼ ਦਾ ਹੋਣ ਕਾਰਨ ਡਾਕ ਦੀ ਉਥੱਲ-ਪਥੱਲ ਵਿਚ ਅਕਸਰ ਫਟ ਜਾਂਦਾ ਸੀ। ਇਹ ਵੀ ਬਦਲ ਕੇ ਪਲਾਸਟਿਕ ਦਾ ਸੋਹਣਾ ਲਿਫਾਫਾ ਲਗਾ ਦਿਤਾ ਹੈ ਤਾਂ ਕਿ ਮੈਗਜ਼ੀਨ ਸੁਰੱਖਿਅਤ ਰੂਪ ਵਿਚ ਤੁਹਾਡੇ ਪਾਸ ਪੁੱਜੇ। ਇਸ ਸਭ ਕੁਝ ਨੂੰ ਧਿਆਨ ਵਿਚ ਰਖਦਿਆਂ ਆਪ ਜੀ ਸੁਹਿਰਦ ਪਾਠਕਾਂ ਨੇ ਹੀ ਸਭ ਨੂੰ ਇਹ ਸੰਦੇਸ਼ ਦੇਣਾ ਹੈ ਕਿ 20/- ਰੁਪਏ ਵਿਚ ਇਹ ਪਰਚਾ ਬਹੁਤ ਸਸਤਾ ਹੈ, ਅਮੋਲਕ ਦਾਤ ਅਤੇ ਸੁਗਾਤ ਹੈ। ਇਹ ਅਰਜ਼ੋਈ ਪ੍ਰਵਾਨ ਕਰਨਾ ਜੀ।

ਵਿਸਾਖੀ ਦਾ ਪਵਿੱਤਰ ਦਿਨ ਖਾਲਸੇ ਦਾ ਜਨਮ ਦਿਵਸ ਕਰਕੇ ਜਾਣਿਆ ਜਾਂਦਾ ਹੈ। 1699 ਦੀ ਵਿਸਾਖੀ ਨੂੰ ਗੁਰੂ ਨਾਨਕ ਦੇਵ ਜੀ ਦੇ ਸੰਚਾਲਨ ਕੀਤੇ ਨਾਮ ਮਾਰਗ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਦਸਵੀਂ ਗੁਰੂ ਨਾਨਕ ਜੋਤਿ ਨੇ 1699 ਦੀ ਵਿਸਾਖੀ ਨੂੰ ਅੰਮ੍ਰਿਤ ਦੀ ਦਾਤ ਰਾਹੀਂ ਸੰਪੂਰਨ ਕੀਤਾ। ਖਾਲਸੇ ਦੀ ਰਚਨਾ ਇਕ ਸੰਪੂਰਨ ਸਵੱਛ ਪਰਮਜੋਤਿ ਵਿਚ ਲਿਵਲੀਨ ਪਰਉਪਕਾਰੀ ਮਨੁੱਖ ਦੀ ਰਚਨਾ ਸੀ ਜੋ ਹਰ ਤਰ੍ਹਾਂ ਦੇ ਵੈਰ ਵਿਰੋਧ ਵਿਤਕਰਿਆਂ ਤੋਂ ਮੁਕਤ ਸੀ। ਸੰਸਾਰ ਐਸੇ ਹੀ ਮਨੁੱਖ ਦੀ ਲੋਚਾ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ ਜੋ ਸਰਬ ਮਨੁੱਖਤਾ ਨੂੰ ਇਕ ਸਮਝੇ, ਜੋ ਜਾਤ ਪਾਤ, ਧਰਮ ਦੇਸ਼, ਰੰਗ ਰੂਪ ਦੀਆਂ ਭੀੜੀਆਂ ਵਲਗਣਾਂ ਤੋਂ ਮੁਕਤ ਹੋਵੇ, ਜਿਸ ਲਈ ਪੂਜਾ ਅਤੇ ਨਿਮਾਜ਼, ਪ੍ਰਾਰਥਨਾ ਅਤੇ ਪ੍ਰੇਅਰ ਵਿਚ ਕੋਈ ਅੰਤਰ ਨਾ ਹੋਵੇ, ਜੋ ਪੁਰਾਨ ਅਤੇ ਪਵਿਤ੍ਰ ਕੁਰਾਨ ਸ਼ਰੀਫ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਪੂਰਾ ਸਤਿਕਾਰ ਦੇਵੇ, ਐਸਾ ਸੰਦੇਸ਼ ਹੀ ਸਰਬ ਮਨੁੱਖਤਾ ਨੂੰ ਅਤੇ ਵਿਸ਼ੇਸ਼ ਤੌਰ ਤੇ ਖਾਲਸੇ ਨੂੰ ਦਿਤਾ ਗਿਆ -

***ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***
***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,***
***ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥***

***ਅਕਾਲ ਉਸਤਤਿ***

ਮਾਨਸ ਜਾਤੀ ਇਕ ਹੈ, ਇਕ ਅਕਾਲ ਪੁਰਖ ਦੀ ਰਚਨਾ ਹੈ। ਗੁਰੂ ਨਾਨਕ ਦੇਵ ਜੀ ਸਰਬ ਮਨੁੱਖਤਾ ਨੂੰ ਗੁਰਦੇਵ ਦਾ ਆਦੇਸ਼ ਦ੍ਰਿੜ੍ਹ ਕਰਵਾ ਰਹੇ ਹਨ –

*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥*

20-22 ਸਾਲ ਦੀਆਂ ਲੰਮੀਆਂ ਉਦਾਸੀਆਂ (ਯਾਤਰਾਵਾਂ) ਦੌਰਾਨ ਯੋਗੀਆਂ, ਸੰਨਿਆਸੀਆਂ, ਪੰਡਤਾਂ, ਪਰੋਹਤਾਂ, ਮੌਲਾਨਿਆਂ, ਸੂਫੀਆਂ, ਦਰਵੇਸ਼ਾਂ, ਫਕੀਰਾਂ, ਯੋਧਿਆਂ, ਜਾਬਰਾਂ, ਜਰਵਾਨਿਆਂ, ਹੁਕਮਰਾਨਾ, ਧਾੜਵੀਆਂ ਅਤੇ ਜਾਤ ਪਾਤ, ਵੈਰ ਵਿਰੋਧ ਊਚ ਨੀਚ, ਛੂਤ ਛਾਤ ਦੇ ਭਿੰਨ ਭੇਦਾਂ ਵਿਚ ਖੰਡ-ਖੰਡ ਹੋਈ ਮਨੁਖਤਾ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸੰਦੇਸ਼ ਦਿਤਾ ਅਤੇ ਪ੍ਰਸਪਰ ਪਿਆਰ ਅਤੇ ਸਦਭਾਵਨਾ ਵਿਚ ਵਿਚਰਨ ਦਾ ਰਾਹ ਦਸਿਆ, ਸਾਂਝੀ ਸੰਗਤ ਵਿਚ ਨਾਮ-ਸਿਮਰਨ ਰਾਹੀਂ ਪ੍ਰਭੂ ਨਾਲ ਜੁੜਨ ਦੀ ਜਾਂਚ ਸਿਖਾਈ, ਸਾਂਝੀ ਪੰਗਤ ਵਿਚ ਮਿਲ ਕੇ ਬੈਠਣ ਅਤੇ ਲੰਗਰ ਛਕਣ ਦੀ ਰੀਤ ਚਲਾਈ। ਇਸ ਨੂੰ ਦਸ ਜੋਤਾਂ ਨੇ ਸਰਬ ਮਨੁੱਖਤਾ ਵਿਚ ਪਰਪੱਕ ਕੀਤਾ। ਪੰਜਵੀਂ ਜੋਤਿ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਇਸ ਵਿਸ਼ਾਲਤਾ ਦਾ ਪ੍ਰਤੱਖ ਪ੍ਰਮਾਣ ਦਿਤਾ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਵੱਖ-ਵੱਖ ਸੰਪਰਦਾਵਾਂ ਵਿਚ ਵਿਚਰਦੇ ਪਰ ਸੱਚ ਨਾਲ ਜੁੜੇ ਅਨੇਕ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਵੀ ਪੂਰਨ ਸਮਾਨਤਾ ਅਤੇ ਸਤਿਕਾਰ ਬਖਸ਼ਿਸ਼ ਕੀਤਾ। ਮਨੁੱਖੀ ਏਕਤਾ ਦਾ ਇਹ ਸੁਨੇਹਾ ਆਪ ਜੀ ਦੀ, ਸਮੁੱਚੀ ਬਾਣੀ ਵਿਚ ਪ੍ਰਾਪਤ ਹੈ ਜਿਸ ਦੀ ਇਕ ਉਦਾਹਰਣ ਇਸ ਸ਼ਬਦ ਵਿਚ ਪ੍ਰਾਪਤ ਹੈ –

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ॥*
*ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥*
*ਕੋਈ ਨਾਵੈ ਤੀਰਥਿ ਕੋਈ ਹਜ ਜਾਇ॥*
*ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥*
*ਕੋਈ ਪੜੈ ਬੇਦ ਕੋਈ ਕਤੇਬ॥*
*ਕੋਈ ਓਢੈ ਨੀਲ ਕੋਈ ਸੁਪੇਦ॥*
*ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥*
*ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥*
*ਕਹੁ ਨਾਨਕ ਜਿਨਿ ਹੁਕਮੁ ਪਛਾਤਾ॥*
*ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ ਪੰਨਾ - 885*

ਇਸ ਆਦੇਸ਼ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਦ੍ਰਿੜ੍ਹ ਕਰਵਾ ਰਹੇ ਹਨ –

*ਕੋਊ ਭਇਓ ਮੁੰਡੀਆ ਸੰਨਿਆਸੀ ਕੋਈ ਜੋਗੀ ਭਇਓ,*
*ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*



ਇਹ ਸਭ ਧਰਮਾਂ ਦੀ ਆਜ਼ਾਦੀ ਦੀ ਆਵਾਜ਼ ਹੈ ਜੋ ਗੁਰੂ ਮਹਾਰਾਜ ਨੇ ਬੁਲੰਦ ਕੀਤੀ। ਖਾਲਸਾ ਕਿਸੇ ਪ੍ਰਤੀ ਮੰਦ ਭਾਵਨਾ ਨਹੀਂ ਰਖਦਾ।

ਆਪਣੇ ਲੇਖ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਵਿਚ ਸੰਤ ਮਹਾਰਾਜ, (ਮੁਖੀ ਤੇ ਬਾਨੀ ਆਤਮ ਮਾਰਗ) ਨੇ ਇਸ ਪੱਖ ਨੂੰ ਵਿਸ਼ੇਸ਼ ਤੌਰ ਤੇ ਦਰਸਾਇਆ ਹੈ ਕਿ ਗੁਰੂ ਮਹਾਰਾਜ ਕੇਵਲ ਜਬਰ ਨੂੰ ਹਟਾਉਣ ਲਈ ਅਤੇ ਆਦਮੀ ਦੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਅਤੇ ਸਾਰੇ ਮਜ਼ਹਬਾਂ ਦੀ ਆਜ਼ਾਦੀ ਲਈ ਜਿਵੇਂ ਕਿ ਦੇਹੁਰੇ ਅਤੇ ਮਸੀਤ ਦੀ ਸਮਾਨਤਾ, ਪੂਜਾ ਅਤੇ ਨਿਮਾਜ਼ ਪੜ੍ਹਨ ਦੀ ਅਜ਼ਾਦੀ ਲਈ ਹੀ ਜੂਜਦੇ ਸਨ। ਇਸਲਾਮ ਵਾਲੇ ਗੁਰੂ ਮਹਾਰਾਜ ਜੀ ਦਾ ਤਨੋ ਮਨੋ ਸਤਿਕਾਰ ਕਰਦੇ ਸਨ। (ਬਾਤ ਅਗੰਮ ਕੀ ਭਾਗ 1, ਪੰਨਾ 55) ਫਿਰ ਆਪ ਜੀ ਨੇ ਇਸ ਦੀ ਪ੍ਰੋੜ੍ਹਤਾ ਵਿਚ ਬਹੁਤ ਉਦਾਹਰਣ ਦਿਤੇ ਹਨ ਜਿਵੇਂ ਗੁਰੂ ਜੀ ਦੀ ਪੈਗੰਬਰੀ ਦਾ ਸਭ ਤੋਂ ਪਹਿਲਾਂ ਐਲਾਨ ਕਰਨ ਵਾਲਾ ਪ੍ਰਤਾਪੀ ਪੀਰ ਭੀਖਣ ਸ਼ਾਹ ਸੀ; ਉਨ੍ਹਾਂ ਨਾਲ ਹਾਰਦਿਕ ਪਿਆਰ ਵਾਲੇ ਪਟਨੇ ਦੇ ਦੋ ਨਵਾਬ ਰਹੀਮ ਬਖਸ਼ ਅਤੇ ਕਰੀਮ ਬਖਸ਼ ਸਨ; ਭੰਗਾਣੀ ਦੇ ਯੁੱਧ ਵਿਚ ਪੀਰ ਬੁੱਧੂਸ਼ਾਹ ਸਢੋਰਾ ਦੇ ਦੋ ਪੁੱਤਰ, ਪਰਿਵਾਰ ਦੇ ਕਈ ਮੈਂਬਰ ਅਤੇ ਅਨੇਕਾਂ ਮੁਰੀਦ ਸ਼ਹੀਦੀ ਨੂੰ ਪ੍ਰਾਪਤ ਹੋਏ; ਸਰਸੇ ਨੂੰ ਪਾਰ ਕਰਨ ਉਪਰੰਤ ਕੋਟਲੇ ਵਿਚ ਨਿਹੰਗ ਖਾਨ ਨੇ ਗੁਰੂ ਜੀ ਨੂੰ ਕਿਲੇ ਵਿਚ ਪਨਾਹ ਦਿਤੀ ਅਤੇ ਭਾਈ ਬਚਿੱਤਰ ਸਿੰਘ ਦੀ ਜਾਨ ਬਚਾਉਣ ਲਈ ਨੰਗੀ ਤਲਵਾਰ ਲੈ ਕੇ ਪਹਿਰਾ ਦਿੰਦਾ ਰਿਹਾ; ਗਨੀ ਖਾਂ ਅਤੇ ਨਬੀ ਖਾਂ ਦੋਨੋਂ ਭਰਾ ਮਹਾਨ ਖਤਰਾ ਸਹੇੜਦੇ ਹੋਏ ਗੁਰੂ ਜੀ ਨੂੰ 'ਉਚ ਦੇ ਪੀਰ' ਰੂਪ ਵਿਚ ਮੁਗਲ ਫੌਜ ਤੋਂ ਸੁਰਖਿਅਤ ਰੱਖਿਆ ਅਤੇ ਸੱਯਦ ਅਨਾਇਤ ਅਲੀ ਸ਼ਾਹ ਨੂਰਪੁਰੀਆ ਨੇ ਜਰਨੈਲ ਦਲੇਰ ਖਾਂ ਅੱਗੇ ਸ਼ਾਹਦੀ ਭਰੀ ਕਿ ਇਹ 'ਉਚ ਦੇ ਪੀਰ' ਹਨ; ਜਦੋਂ ਆਪ ਰਾਇ ਕੱਲੇ ਪਾਸ ਰਾਏਕੋਟ ਸਨ, ਤਾਂ ਉਸ ਨੇ ਨਵਾਬ ਸਰਹੰਦ ਨੂੰ ਲਿਖਿਆ ਕਿ ਗੁਰੂ ਜੀ ਮੇਰੀ ਰਿਆਇਆ ਦੇ ਪੀਰ ਹਨ, ਪੀਰਾਂ ਵਾਸਤੇ ਜਿਵੇਂ ਮੁਰੀਦ ਕਟ-ਕਟ ਕੇ ਮਰ ਜਾਂਦੇ ਹਨ ਅਤੇ ਆਪਣੇ ਪੀਰ ਨੂੰ ਆਂਚ ਨਹੀਂ ਆਉਣ ਦਿੰਦੇ, ਉਸੇ ਤਰ੍ਹਾਂ ਨਾਲ ਤੁਸੀਂ ਇਹ ਬਾਤ ਸਮਝੋ। (ਉਕਤ ਪੰਨਾ 59) ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਨਵਾਬ ਮਲੇਰ ਕੋਟਲਾ ਨੇ ਹਾਅ ਦਾ ਨਾਅਰਾ ਮਾਰਿਆ, ਇਤਿਆਦਿ ਅਨੇਕਾਂ ਪ੍ਰਸੰਗ ਦੇਹੁਰਾ ਮਸੀਤ ਦੀ ਏਕਤਾ ਦੇ ਮੁਰਸ਼ਦ ਨੂੰ ਸਤਿਕਾਰ ਭੇਟ ਕਰਨ ਦੇ ਪ੍ਰਮਾਣ ਹਨ। ਇਸ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਕਰਤਾਰਪੁਰ ਵਸਾਉਣ ਸਮੇਂ ਮੁਸਲਮ ਜਨਤਾ ਲਈ ਮਸਜਿਦ ਬਣਾ ਕੇ ਦਿਤੀ। ਇਸ ਪ੍ਰਸੰਗ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅਨੇਕਾਂ ਪ੍ਰਮਾਣ ਪ੍ਰਾਪਤ ਹਨ।

ਮਨੁੱਖੀ ਏਕਤਾ ਅੱਜ ਦੇ ਯੁੱਗ ਦੀ ਬਹੁਤ ਵੱਡੀ ਲੋੜ ਹੈ। ਆਤਮ ਮਾਰਗ ਇਸ ਲਈ ਹਰ ਤਰ੍ਹਾਂ ਯਤਨਸ਼ੀਲ ਹੈ। 'ਦੇਹੁਰਾ ਮਸੀਤ ਸੋਈ' ਦਾ ਇਕ ਪ੍ਰਤੱਖ ਪ੍ਰਮਾਣ ਆਤਮ ਮਾਰਗ ਦੇ ਬਾਨੀ ਰਾਹੀਂ ਰੂਪਮਾਨ ਹੋਇਆ ਹੈ। ਉਨ੍ਹਾਂ ਦੇ ਪ੍ਰਵਚਨਾਂ ਤੋਂ ਪ੍ਰਭਾਵਿਤ ਹੋ ਕੇ ਪਿੰਡ ਚਾਹੜਮਾਜਰਾ ਦੇ ਕੁਝ ਮੁਸਲਮਾਨ ਵੀਰ

ਉਨ੍ਹਾਂ ਪਾਸ ਆਪਣਾ ਸਤਿਕਾਰ ਭੇਂਟ ਕਰਨ ਆਏ ਅਤੇ ਸੰਤ ਮਹਾਰਾਜ ਨੇ ਨਮਾਜ਼ ਪੜ੍ਹਨ ਲਈ ਉਨ੍ਹਾਂ ਲਈ ਇਕ ਮਸਜਦ ਦਾ ਨਿਰਮਾਣ ਕਰਕੇ ਉਨ੍ਹਾਂ ਦੀ ਇਕ ਵੱਡੀ ਲੋੜ ਪੂਰੀ ਕਰ ਦਿਤੀ। ਗੁਰੂ ਦਾ ਇਕ ਸਿਖ ਮੁਸਲਮਾਨ ਵੀਰਾਂ ਲਈ ਇਕ ਮਸਜਦ ਦੀ ਉਸਾਰੀ ਕਰ ਰਿਹਾ ਹੈ, ਇਹ ਬਹੁਤ ਮਾਣ ਵਾਲੀ ਗੱਲ ਹੈ। ਇਸ ਤੋਂ ਪਹਿਲਾਂ ਯੂ.ਪੀ. ਦੇ ਫਾਰਮ ਉਤੇ ਬੀਜੀ ਮੁਸਲਮਾਨ ਵੀਰਾਂ ਨੂੰ ਰੋਜ਼ਿਆਂ ਲਈ ਪ੍ਰੇਰਦੇ ਹੋਏ ਉਨ੍ਹਾਂ ਨੂੰ ਹੱਥੀਂ ਪਰੌਂਠੇ ਅਤੇ ਦੁਧ ਛਕਾਇਆ ਕਰਦੇ ਸਨ। ਇਹ ਹਨ ਪ੍ਰਤੱਖ ਉਦਾਹਰਣਾਂ - ‘ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਅਤੇ ‘ਦੇਹੁਰਾ ਮਸੀਤ ਸੋਈ’ ਦੀਆਂ। ਖਾਲਸੇ ਨੂੰ ਐਸੇ ਮਾਰਗ ਤੇ ਚਲਣ ਦਾ ਆਦੇਸ਼ ਹੈ।

ਖਾਲਸਾ ਭਰਮ-ਪਾਖੰਡ ਰੂਪੀ ਮੈਲ ਤੋਂ ਰਹਿਤ, ਸ਼ੁੱਧ, ਆਦਰਸ਼ਕ ਇਨਸਾਨ ਹੈ ਜੋ ਆਪਣੇ ਅੰਦਰ ਦਿਨ ਰਾਤ ਉਸ ਪ੍ਰਭੂ ਦਾ ਧਿਆਨ ਧਾਰਦਾ ਹੈ ਜੋ ਸਾਰੇ ਸੰਸਾਰ ਵਿਚ ਜੋਤਿ ਰੂਪ ਵਿਚ ਪਸਰ ਰਿਹਾ ਹੈ ਅਤੇ ਜਾਗ੍ਰਿਤ ਰੂਪ ਹੈ। ਪੂਰਨ ਪ੍ਰਭੂ ਨੂੰ ਛੱਡ ਕੇ ਕਿਸੇ ਕਿਰਤਮ ਹਸਤੀ ਦੀ ਪੂਜਾ ਨਹੀਂ ਕਰਦਾ, ਨਾ ਹੀ ਫੋਕਟ ਕਰਮਾਂ, ਕਬਰਾਂ, ਮੜ੍ਹੀ ਮਸਾਣਾਂ, ਮੱਠਾਂ ਆਦਿ ਨੂੰ ਪੂਜਦਾ ਹੈ। ਉਸ ਦੇ ਅੰਦਰ ਪ੍ਰਭੂ ਦੇ ਪੂਰਨ ਗਿਆਨ ਦੀ ਜੋਤ ਲਟ-ਲਟ ਜਲਦੀ ਹੈ, ਅਜਿਹਾ ਆਦਰਸ਼ ਇਨਸਾਨ ਧਰਮੀ ਜੀਉੜਾ ਹੀ ਖਾਲਸਾ ਅਖਵਾ ਸਕਦਾ ਹੈ। ਗੁਰੂ ਜੀ ਦਾ ਫੁਰਮਾਨ ਹੈ -

***ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਆਓ, ਐਸੇ ਖਾਲਸੇ ਦੇ ਆਦਰਸ਼ ਨੂੰ ਆਪਣੇ ਜੀਵਨ ਵਿਚ ਧਾਰਨ ਕਰੀਏ ਅਤੇ ਸੰਸਾਰ ਨੂੰ ਸਰਬ ਸਾਂਝਾ ਉਪਦੇਸ਼ ਦਿੰਦਿਆਂ ਕਹਿ ਸਕੀਏ -

***ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥***
*ਪੰਨਾ - 97*

ਪੂਰਨ ਨਿਰਭੈ, ਨਿਆਂਕਾਰੀ ਰਾਗ ਦ੍ਵੈਸ਼ ਤੋਂ ਉਚੇ, ਸਰਬ ਸਾਂਝੀਵਾਲਤਾ ਦੇ ਮੁਦਈ ਪਰਉਪਕਾਰੀ, ਗੁਰਮੁਖ, ਨਾਮ ਰਸੀਏ ਜਿਨ੍ਹਾਂ ਨੂੰ ਸਾਰਾ ਸੰਸਾਰ ਪਿਆਰ ਤੇ ਸਤਿਕਾਰ ਦੇਵੇ। ਅਜਿਹੇ ਖਾਲਸੇ ਦਾ ਨਿਰਮਾਣ ਹੀ 1699 ਦੀ ਵਿਸਾਖੀ ਨੂੰ ਹੋਇਆ। ਗੁਰੂ ਜੀ ਦਾ ਫੁਰਮਾਨ ਹੈ -

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

‘ਆਤਮ ਮਾਰਗ’ ਖਾਲਸੇ ਦੇ ਅਜਿਹੇ ਸੰਕਲਪ ਲਈ ਹੀ ਯਤਨਸ਼ੀਲ ਹੈ।

***(ਡਾ.) ਜਗਜੀਤ ਸਿੰਘ***
***ਮੁੱਖ ਸੰਪਾਦਕ ‘ਆਤਮ ਮਾਰਗ’***


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

# ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

## ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 30/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਹੋਵੈ ਅਨੰਦੁ ਘਣਾ | ਭੇਟਾ 25/- |
| 7. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 8. ਸੁਰਤਿਆਂ ਉਪਜੈ ਚਾਉ | ਭੇਟਾ 40/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 11. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |

## English

| | |
|---|---|
| 1. BAISAKHI | Rs. 5/- |
| 2 HOW REND THE VEIL OF UNTRUTH | Rs. 70/- |
| abroad | US$ 10 |

## ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਛੇ ਭਾਗਾਂ ਵਿਚ | ਭੇਟਾ 185/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ ‘ਆਤਮ ਮਾਰਗ’ ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 10/- ਅਤੇ ਸਾਰਾ ਸੈਟ ਲੈਣ ਲਈ 25/- ਡਾਕ ਖਰਚਾ ਵੀ ਭੇਜਣ ਦੀ ਕਿਰਪਾਲਤਾ ਕਰੋ ਜੀ।

### - : ਮਿਲਣ ਦਾ ਪਤਾ : -

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
(ਪਬਲੀਕੇਸ਼ਨ ਬਰਾਂਚ)
**ਐਸ.ਸੀ.ਐਫ 72, ਫੇਸ 7, ਐਸ. ਏ. ਐਸ ਨਗਰ,**
**ਮੋਹਾਲੀ - 160055**
**ਟੈਲੀਫੋਨ : (0172) 676608, (ਫੈਕਸ) 220972**

# ਅਗੰਮ ਅਗੋਚਰ ਦਾ ਮਾਰਗ - 14

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਇਕ ਕਥਾ ਆਉਂਦੀ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ ਦੇ ਸਮੇਂ ਇਕ ਪੂਰਨ ਨਾਮੀ ਪੁਰਸ਼ ਜਿਸ ਦੇ ਅੰਦਰ ਪੂਰਨ ਜੋਤ ਦਗ-ਦਗ ਕਰਕੇ ਪ੍ਰਕਾਸ਼ਮਈ ਸੀ ਅਤੇ ਜਿਸ ਨੂੰ ਸਾਰੀ ਕੁਦਰਤ ਵਿਚੋਂ ਨਾਮ ਦੀ ਪਰਮ ਸ੍ਰੇਸ਼ਟ ਧੁਨ ਦੀ ਗੁੰਜ਼ਾਰ ਹਰ ਸਮੇਂ ਸੁਣਦੀ ਸੀ ਜਿਸ ਨੂੰ ਪ੍ਰਭੂ ਦੀ ਜੋਤ ਹਰ ਜੀਵ ਜੰਤੂ, ਧਨ, ਪੰਛੀਆਂ ਮਨੁੱਖਾਂ ਵਿਚ ਪ੍ਰਤੱਖ ਰੂਪ ਵਿਚ ਦਿਸਦੀ ਸੀ। ਉਹ ਸੇਵਾ ਕਰਿਆ ਕਰਦਾ ਸੀ ਅਤੇ ਪਿਆਸਿਆਂ ਨੂੰ ਪਾਣੀ ਪਿਲਾਉਣ ਲਈ ਆਪਣੇ ਪਾਸ ਚਮੜੇ ਦੀ ਮਸ਼ਕ ਰਖਦਾ ਸੀ। ਉਹ ਭਰ ਕੇ ਪਾਣੀ ਪਿਲਾਉਂਦੇ ਰਹਿਣਾ ਜਾਂ ਇਸ ਤਰ੍ਹਾਂ ਭੀ ਹੁੰਦਾ ਸੀ ਕਿ ਅਮਨ ਅਮਾਨ ਸਮੇਂ ਉਸ ਨੇ ਰੋਹੀ ਵਿਚ ਬੈਠ ਜਾਣਾ ਅਤੇ ਰਾਹੀਆਂ ਨੂੰ ਪਾਣੀ ਪਿਲਾਉਣਾ, ਪੰਛੀਆਂ ਵਾਸਤੇ ਪਾਣੀ ਦੇ ਬਰਤਨ ਭਰ ਕੇ ਰੱਖਣੇ, ਐਸੇ ਪੇਤਲੇ ਬਰਤਨ ਵੀ ਰਖਣੇ ਜਿਸ ਵਿਚ ਪੰਛੀ ਆਦਿ ਇਸ਼ਨਾਨ ਕਰ ਲਿਆ ਕਰਦੇ ਸਨ। ਜੰਗਲਾਂ ਵਿਚ ਜਾਨਵਰਾਂ ਵਾਸਤੇ ਕੁੰਡੇ ਬਣਾ ਕੇ ਪਾਣੀ ਭਰ ਕੇ ਰੱਖਣਾ। ਉਸ ਦੀ ਸਾਰੀ ਦ੍ਰਿਸ਼ਟੀ ਪ੍ਰਭੂ ਤੇ ਕੇਂਦਰਤ ਸੀ ਉਸ ਨੂੰ ਹਰ ਥਾਂ ਪ੍ਰਭੂ ਤੋਂ ਬਗੈਰ ਹੋਰ ਕੋਈ ਨਜ਼ਰ ਨਹੀਂ ਸੀ ਆਉਂਦਾ।

ਇਕ ਵਾਰੀ ਐਸਾ ਹੋਇਆ ਕਿ ਅਨੰਦਪੁਰ ਸਾਹਿਬ ਦਾ ਯੁੱਧ ਸ਼ੁਰੂ ਹੋਇਆ ਹੋਇਆ ਸੀ। ਉਸ ਵਿਚ ਆਕਰਮਣਕਾਰੀਆਂ ਨੇ ਦੇਖਿਆ ਕਿ ਜਿਸ ਕਿਲ੍ਹੇ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਰਹਿੰਦੇ ਹਨ ਉਹ ਕਿਸੇ ਤਰ੍ਹਾਂ ਵੀ ਟੁੱਟ ਨਹੀਂ ਸਕਦਾ। ਉਧਰ ਉਹ ਮੋਰਚਾ ਲਾ ਕੇ ਬਹਿ ਗਏ, ਇਧਰ ਖਾਲਸਾ ਜੀ ਨੇ ਮੋਰਚੇ ਲਾ ਲਏ ਅਤੇ ਹਰ ਨਕਲੋ ਹਰਕਤ ਉਪਰ ਨਜ਼ਰ ਰਖਦੇ ਸਨ। ਭਾਈ ਘਨਈਆ ਜੀ ਜਾਣਦੇ ਸਨ ਕਿ ਇਨ੍ਹਾਂ ਫੌਜਾਂ ਵਿਚ ਪਾਣੀ ਦੀ ਬਹੁਤ ਘਾਟ ਹੈ, ਸੋ ਆਪਣੀ ਮਸ਼ਕ ਚੁਕ ਕੇ ਦੋਹਾਂ ਫੌਜਾਂ ਵਿਚ ਜਲ ਛਕਾਈ ਜਾਂਦੇ ਸਨ। ਇਨ੍ਹਾਂ ਉਪਰ ਨਾ ਹੀ ਆਕਰਮਣਕਾਰੀ ਵਾਰ ਕਰਦੇ ਸਨ, ਨਾ ਖਾਲਸਾ ਫੌਜਾਂ ਵਾਰ ਕਰਦੀਆਂ ਸਨ। ਅਖੀਰ ਆਕਰਮਣਕਾਰੀਆਂ ਨੇ ਬਹੁਤ ਸ਼ਕਤੀ ਨਾਲ ਅਨੰਦਗੜ੍ਹ, ਕੇਸਗੜ੍ਹ ਕਿਲਿਆਂ ਉਪਰ ਹਮਲਾ ਕੀਤਾ। ਪਰ ਸਿੰਘਾਂ ਨੇ ਉਨ੍ਹਾਂ ਦੇ ਹਮਲੇ ਪਛਾੜ ਦਿਤੇ। ਘਮਸਾਨ ਦਾ ਯੁੱਧ ਮਚ ਰਿਹਾ ਸੀ। ਭਾਈ ਘਨਈਆ ਜੀ ਆਪਣੀ ਮਸ਼ਕ ਲੈ ਕੇ ਜੋ ਵੀ ਜ਼ਖਮੀ ਹੁੰਦਾ ਉਸ ਦਾ ਮੂੰਹ ਸਾਫ ਕਰਕੇ, ਜਲ, ਉਸ ਦੇ ਮੂੰਹ ਵਿਚ ਪਾਉਂਦੇ। ਉਹ ਮਰਿਆ-ਮਰਿਆ ਜ਼ਖਮੀ ਯੋਧਾ ਫੇਰ ਮੁੜ ਕੇ ਤਿਆਰ ਬਰ ਤਿਆਰ ਹੋ ਜਾਇਆ ਕਰਦਾ ਸੀ। ਇਸ ਤਰ੍ਹਾਂ ਸਾਰਾ ਦਿਨ ਉਹ ਪਾਣੀ ਪਿਲਾਉਂਦਾ ਰਿਹਾ ਪਰ ਘਾਇਲ ਐਨੇ ਹੋ ਚੁੱਕੇ ਸਨ ਕਿ ਸਾਰੇ ਮੈਦਾਨ ਵਿਚ ਪਾਣੀ-ਪਾਣੀ ਦੀ ਆਵਾਜ਼ ਆ ਰਹੀ ਸੀ। ਭਾਈ ਘਨਈਆ ਜੀ ਅੱਜ ਦੌੜ-ਦੌੜ ਕੇ ਖੂਹ ਵਿਚੋਂ ਮਸ਼ਕ ਭਰਦੇ ਹਨ ਅਤੇ ਜਿਥੇ ਕਿਤੇ ਵੀ ਮੈਦਾਨੇ ਜੰਗ ਵਿਚੋਂ ਆਵਾਜ਼ ਆਉਂਦੀ, ਉਥੇ ਮਸ਼ਕ ਲੈ ਕੇ ਪਹੁੰਚ ਜਾਂਦੇ। ਸੂਰਜ ਛੁਪ ਗਿਆ, ਮੈਦਾਨੇ ਜੰਗ ਵਿਚ ਹਨ੍ਹੇਰਾ ਛਾ ਗਿਆ। ਦੋਨੋਂ ਫੌਜਾਂ ਪਾਲਕੀਆਂ ਲੈ ਕੇ ਜ਼ਖਮੀਆਂ ਨੂੰ ਚੁੱਕ ਰਹੀਆਂ ਸਨ। ਜੰਗ ਦੇ ਉਚੇ ਨਿਯਮਾਂ ਅਨੁਸਾਰ ਜ਼ਖਮੀਆਂ ਨੂੰ ਕੋਈ ਨਹੀਂ ਮਾਰ ਰਿਹਾ ਸੀ। ਉਹ ਤੜਫ ਰਹੇ ਸਨ। ਭਾਈ ਘਨਈਆ ਪਾਣੀ ਪਿਲਾਉਂਦੇ ਰਹੇ।

ਰਹਿਰਾਸ ਸਾਹਿਬ ਜੀ ਪਾਠ ਹੋਣ ਉਪਰੰਤ ਜਦੋਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਸਾਰਿਆਂ ਨੂੰ ਯੁੱਧ ਦਾ ਹਾਲ ਪੁਛਿਆ ਤਾਂ ਸਭ ਨੇ ਆਪਣਾ-ਆਪਣਾ ਹਾਲ ਦਸਿਆ ਤਾਂ ਇਸੇ ਸਮੇਂ ਸਿੰਘਾਂ ਦੇ ਇਕ ਜਥੇਦਾਰ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ! ਆਪਣੀ ਫੌਜ ਵਿਚ ਜੋ ਘਨਈਆ ਸਾਧ ਹੈ ਐਉਂ ਲਗਦਾ ਹੈ ਕਿ ਉਹ ਆਕਰਮਣਕਾਰੀ ਫੌਜਾਂ ਦਾ ਗੁਪਤਚਰ ਹੈ ਕਿਉਂਕਿ ਜਦੋਂ ਉਸ ਨੂੰ ਤੁਸੀਂ ਹੁਕਮ ਦਿਤਾ ਸੀ ਕਿ ਭਾਈ ਘਨਈਆ ਸ਼ਸਤਰ ਪਹਿਨ ਕੇ ਰਿਹਾ ਕਰ। ਤਾਂ ਉਸ ਨੇ ਸ੍ਰੀ ਸਾਹਿਬ ਦਾ ਮੁਠਾ ਪੁੱਠਾ ਪਹਿਨਿਆ ਹੋਇਆ ਸੀ। ਉਸ ਦਾ ਮੁੱਠਾ ਪਿਠ ਵਲ ਸੀ। ਆਪ ਜੀ ਨੇ ਬੁਲਾ ਕੇ ਪੁਛਿਆ ਕਿ ਘਨਈਆ! ਤੂੰ ਤਲਵਾਰ ਦਾ ਮੁੱਠਾ ਪਿੱਠ ਵਲ ਕਿਉਂ ਕੀਤਾ ਹੈ? ਤਾਂ ਸੱਚੇ ਪਾਤਸ਼ਾਹ! ਆਪ ਜੀ ਦੇ ਯਾਦ ਹੋਵੇਗਾ ਕਿ ਉਸ ਨੇ ਇਹ ਗੱਲ ਕਹੀ ਸੀ ਕਿ ਪਾਤਸ਼ਾਹ! ਮੈਨੂੰ ਤਾਂ ਸੰਸਾਰ ਵਿਚ ਕੋਈ ਨਜ਼ਰ ਨਹੀਂ ਆਉਂਦਾ, ਜਿਸ ਨੂੰ ਮੈਂ ਆਪਣੇ ਹੱਥ ਨਾਲ ਮਾਰਾਂ ਪਰ ਇਹ ਸ਼ਸ਼ਤਰ ਤੁਸੀਂ ਬਖਸ਼ ਹੀ ਦਿਤਾ ਹੈ, ਇਹ ਮਰਨ ਮਾਰਨ ਵਾਸਤੇ ਹੁੰਦਾ ਹੈ ਕਿਉਂਕਿ ਸਾਰੇ ਇਸ ਸ਼ਸ਼ਤਰ ਦਾ ਪ੍ਰਯੋਗ ਕਰ ਰਹੇ ਹਨ ਪਰ ਮੇਰਾ ਵੈਰੀ ਕੋਈ ਸੰਸਾਰ ਵਿਚ ਹੈ ਹੀ ਨਹੀਂ। ਜੇ ਕੋਈ ਵੈਰੀ ਹੋਵੇ ਵੀ ਉਸ ਨੂੰ ਕੋਈ ਖੇਚਲ ਨਾ ਕਰਨੀ ਪਵੇ ਮੇਰੀ ਪਿੱਠ ਪਿਛਿਓਂ ਹੀ ਤਲਵਾਰ ਕੱਢ ਕੇ ਮਾਰ ਦੇਵੇ। "ਸੱਚੇ ਪਾਤਸ਼ਾਹ! ਉਸ ਵੇਲੇ ਵੀ ਆਪ ਮੁਸਕਰਾ ਕੇ ਚੁੱਪ ਹੋ ਗਏ ਸੀ। ਅੱਜ ਸੱਚੇ ਪਾਤਸ਼ਾਹ ਉਹ ਜ਼ਖਮੀਆਂ ਨੂੰ ਪਾਣੀ ਹੀ ਪਿਲਾਉਂਦਾ ਰਿਹਾ। ਉਸ ਨੇ ਇਕ ਵਾਰੀ ਵੀ ਨਹੀਂ ਦੇਖਿਆ ਕਿ ਇਹ ਆਕਰਮਣਕਾਰੀਆਂ ਦਾ ਜਵਾਨ ਹੈ। ਕਈ ਵਾਰੀ ਤਾਂ ਐਸਾ ਵੀ ਹੁੰਦਾ ਸੀ ਕਿ ਉਹ ਹਮਲਾਵਰਾਂ ਫੌਜਾਂ ਦੇ ਜ਼ਖਮੀਆਂ ਨੂੰ ਪਾਣੀ ਪਿਲਾ ਕੇ ਹੀ ਖਾਲਸਾ ਫੌਜ ਦੇ ਜੁਆਨਾਂ ਨੂੰ ਪਾਣੀ ਪਿਲਾਉਂਦਾ ਸੀ। ਕਈ ਵਾਰ ਤਾਂ ਸਿੰਘ ਨਰਾਜ਼ ਵੀ ਹੋ ਜਾਂਦੇ ਸਨ। ਉਸ ਨੇ ਇਕੋ ਰੱਟ ਲਾਈ ਹੋਈ ਸੀ ਤੇ ਉਚੀ-ਉਚੀ ਬੋਲਦਾ ਸੀ 'ਤੂੰਹੀ-ਤੂੰਹੀ-ਤੂੰਹੀ-ਤੂੰਹੀ-ਤੂੰਹੀ-ਤੂੰਹੀ'। ਅਸੀਂ ਉਸ ਦੀ ਤੂੰਹੀ-ਤੂੰਹੀ ਸੁਣ ਕੇ ਪਸੰਦ ਨਹੀਂ ਸੀ ਕਰਦੇ। ਸੱਚੇ ਪਾਤਸ਼ਾਹ! ਪਤਾ ਨਹੀਂ ਉਹ ਪਾਖੰਡ ਕਰਦਾ ਸੀ ਜਾਂ ਸਚਮੁੱਚ 'ਤੂੰਹੀ-ਤੂੰਹੀ' ਕਹਿੰਦਾ ਸੀ ਕਿਉਂਕਿ ਆਪ ਨੇ ਵੀ 'ਤੂੰਹੀ-ਤੂੰਹੀ' 16 ਵਾਰੀ 16 ਪਹਿਰ ਦਾ ਪ੍ਰਤੀਕ ਬਣਾ ਕੇ ਅਕਾਲ ਉਸਤਤਿ ਵਿਚ ਦਰਜ ਕੀਤਾ ਹੈ।" ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ ਘਨਈਆ ਨੂੰ ਹਾਜ਼ਰ ਕਰੋ।

ਦੋ ਸਿੰਘ ਭਾਈ ਘਨਈਆ ਦੇ ਡੇਰੇ ਵਿਚ ਗਏ ਪਰ ਉਹ ਅਜੇ ਤਕ ਮੈਦਾਨੇ ਜੰਗ ਵਿਚ ਪਾਣੀ ਪਿਲਾ ਰਿਹਾ ਸੀ। ਭਾਵੇਂ ਰਾਤ ਦੇ 9 ਵਜੇ ਤੋਂ ਵੱਧ ਸਮਾਂ ਹੋ ਚੁਕਿਆ ਸੀ। ਸੇਵਾਦਾਰਾਂ ਨੇ ਦਸਿਆ ਕਿ ਉਹ ਅਜੇ ਰਣ ਭੂਮੀ ਵਿਚੋਂ ਨਹੀਂ ਆਇਆ। ਉਸ ਵੇਲੇ ਸਿੰਘ ਉਥੇ ਪੁਜਦੇ ਹਨ, ਉਨ੍ਹਾਂ ਨੇ ਤੂੰਹੀ-ਤੂੰਹੀ ਦੀ ਅਵਾਜ਼

ਸੁਣੀ। ਉਸ ਸੇਧ ਨੂੰ ਤੁਰ ਪਏ। ਉਨ੍ਹਾਂ ਨੇ ਆਲੇ-ਦੁਆਲੇ ਦੇਖਿਆ ਕਿ ਦੋਵੇਂ ਦਲਾਂ ਦੇ ਸੇਵਾਦਾਰ ਪਾਲਕੀਆਂ ਵਾਲੇ ਆਪਣੇ ਜ਼ਖਮੀਆਂ ਨੂੰ ਚੁਕ ਰਹੇ ਸਨ। ਜਦੋਂ ਭਾਈ ਘਨਈਆ ਪਾਸ ਸਿੰਘ ਪਹੁੰਚਦੇ ਹਨ ਤਾਂ ਉਸ ਨੇ ਇਕ ਮੁਗਲ ਸਰਦਾਰ ਦਾ ਸਿਰ ਆਪਣੇ ਪੱਟ ਉਪਰ ਰੱਖਿਆ ਹੋਇਆ ਸੀ ਅਤੇ ਉਸ ਦੀ ਮੂਰਛਾ ਖੋਲ੍ਹ ਕੇ ਮੂੰਹ ਵਿਚ ਪਾਣੀ ਪਾ ਰਿਹਾ ਸੀ। ਉਹ ਭਾਈ ਘਨਈਆ ਨਾਲ ਗੱਲ ਕਰ ਰਿਹਾ ਸੀ ਕਿ ਕੌਣ ਹੈ ਤੂੰ? ਤਾਂ ਭਾਈ ਘਨਈਆ ਜੀ ਨੇ ਕਿਹਾ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਜੀ ਦਾ ਗਰੀਬ ਜਿਹਾ ਸਿੱਖ ਹਾਂ। ਤਾਂ ਉਸ ਮੁਗਲ ਨੇ ਕਿਹਾ ਕਿ ਮੈਂ ਤੈਨੂੰ ਵੱਡਾ ਇਨਾਮ ਦੇਣਾ ਚਾਹੁੰਦਾ ਹਾਂ ਪਰ ਮੈਂ ਇਸ ਸਮੇਂ ਜੰਗ ਦੇ ਮੈਦਾਨ ਵਿਚ ਪਿਆ ਹਾਂ। ਤੈਨੂੰ ਪਤਾ ਹੈ ਤੂੰ ਕਿਸਨੂੰ ਪਾਣੀ ਪਿਲਾ ਰਿਹਾ ਹੈਂ? ਤਾਂ ਭਾਈ ਘਨਈਆ ਜੀ ਨੇ ਕਿਹਾ ਕਿ ਮੈਂ ਇਸ ਤੋਂ ਬਿਨਾਂ ਕੁਝ ਨਹੀਂ ਜਾਣਦਾ ਕਿ ਮੈਂ ਜਿਸ ਨੂੰ ਪਾਣੀ ਪਿਲਾ ਰਿਹਾ ਹਾਂ ਉਹ ਮੇਰੇ ਪ੍ਰਭੂ ਦਾ ਰੂਪ ਹੈ। ਉਸ ਨੇ ਕਿਹਾ ਕਿ ਭਾਈ ਘਨਈਆ! ਤੇਰੇ ਮਨ ਵਿਚ ਸਾਡੇ ਮੁਗਲਾਂ ਵਾਸਤੇ ਵੈਰ ਨਹੀਂ ਹੈ? ਤਾਂ ਭਾਈ ਘਨਈਆ ਨੇ ਕਿਹਾ ਕਿ ਖਾਨ ਸਾਹਿਬ ਮੇਰਾ ਸਤਿਗੁਰੂ ਕਹਿੰਦਾ ਹੈ -

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥ ਰਹਾਉ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299***

ਮੇਰਾ ਸਤਿਗੁਰੂ ਫੁਰਮਾਨ ਕਰਦਾ ਹੈ ਕਿ ਕਿਸੇ ਨਾਲ ਵੀ ਵੈਰ ਨਾ ਕਰੋ ਕਿਉਂਕਿ ਸਾਰਿਆਂ ਅੰਦਰ ਇਕੋ ਜੋਤ ਆਪਣੀ ਕ੍ਰਿਆ ਕਰ ਰਹੀ ਹੈ। ਸਾਰੀ ਕ੍ਰਿਆ ਹੁਕਮ ਅੰਦਰ ਹੋ ਰਹੀ ਹੈ।

***ਵਵਾ ਵੈਰੁ ਨ ਕਰੀਐ ਕਾਹੂ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਪੰਨਾ - 259***

ਤੁਹਾਡੇ ਮਜ਼ਹਬ ਦੇ ਮਹਾਨ ਉਚੇ ਸੂਫੀ ਪੀਰ ਫਰੀਦ ਜੀ ਹੋਏ ਹਨ ਉਨ੍ਹਾਂ ਦਾ ਵੀ ਫੁਰਮਾਨ ਹੈ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।।***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਪੰਨਾ - 1381***

ਖਾਨ ਜੀ! ਅਸੀਂ ਤਾਂ ਸਤਿਗੁਰੂ ਦੇ ਬਚਨਾਂ ਉਪਰ ਜਾਨ ਵਾਰ ਰਹੇ ਹਾਂ। ਸਾਡੇ ਵਾਸਤੇ ਉਹ ਬਚਨ ਇਲਾਹੀ ਹੁਕਮ ਹੈ। ਸਿੰਘਾਂ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਅਸੀਂ ਉਸ ਸਮੇਂ ਭਾਈ ਘਨਈਆ ਨੂੰ ਆਪ ਦਾ ਸੰਦੇਸ਼ ਦਿਤਾ। ਉਸ ਨੇ ਫੇਰ ਵੀ ਉਸ ਖਾਨ ਨੂੰ ਜਲ ਪਿਲਾਇਆ, ਸਹਾਰਾ ਦਿਤਾ, ਹੋਸ਼ ਵਿਚ ਲਿਆਂਦਾ। ਸੱਚੇ ਪਾਤਸ਼ਾਹ! ਇਹ ਉਹੀ ਜਰਨੈਲ ਹੈ ਜਿਸ ਨੇ ਆਪ ਨੂੰ ਗ੍ਰਿਫਤਾਰ ਕਰਨ ਦਾ, ਜਾਂ ਸ਼ਹੀਦ ਕਰਨ ਦਾ ਬੀੜਾ ਚੁਕਿਆ ਸੀ। ਸਿੰਘ ਤਾਂ ਉਸ ਨੂੰ ਮਾਰ ਕੇ ਹੀ ਸੁੱਟ ਆਏ ਸਨ ਪਰ ਭਾਈ ਘਨਈਆ ਨੇ ਮੁੜ ਕੇ ਉਸ ਨੂੰ ਜੀਵਨ ਦੇ ਦਿਤਾ।

ਭਾਈ ਘਨਈਆ ਨੂੰ ਆਪ ਨੇ ਕਿਹਾ ਕਿ ਪ੍ਰੇਮੀਆਂ! ਖਾਲਸਾ ਤੇਰੀ ਸ਼ਿਕਾਇਤ ਕਰਦਾ ਹੈ, ਤੂੰ ਦਸ ਕਿਸ ਨੂੰ ਪਾਣੀ ਪਿਲਾਇਆ ਹੈ? ਭਾਈ ਵੀਰ ਸਿੰਘ ਜੀ ਇਸ ਉਚੀ ਅਵਸਥਾ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਹਨ -

***"ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ***
***"ਤੁਰਕ ਅਤੁਰਕ ਨ ਦਿਸਦਾ ਮੈਨੂੰ, ਤੂੰ ਸਾਰੇ ਦਿਸ ਆਈਂ।***
***"ਪਿਆਰੇ ਦੇ ਇਕ ਪਿਆਰ ਪ੍ਰੋਤਾ, ਉਸ ਦੀ ਸੇਵ ਕਰਾਵਾਂ;***
***"ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ।"***
***ਹੱਸੇ ਤੇ ਗਲ ਲਾਇਆ ਪਜ਼ਾਰਾ, ਡੱਬੀ ਹੱਥ ਫੜਾਈ :-***
***"ਪਾਣੀ ਨਾਲ ਮਲ੍ਹਮ ਬੀ ਰੱਖੀਂ, ਲੋੜ ਪਈ ਤੇ ਲਾਈਂ"***
***(ਕਲਗੀਧਰ ਚਮਤਕਾਰ) ਪੰਨਾ - 746***

ਗੁਰੂ ਮਹਾਰਾਜ ਜੀ ਨੇ ਭਾਈ ਘਨਈਆ ਨਾਲ ਨਰਾਜ਼ ਹੋਣ ਦੀ ਥਾਂ ਪੂਰਨ ਪਿਆਰ ਦ੍ਰਿਸ਼ਟੀ ਨਾਲ ਦੇਖਿਆ ਅਤੇ ਮੁੱਖ 'ਚੋਂ ਫੁਰਮਾਇਆ ਭਾਈ ਘਨਈਆ! ਨਿਹਾਲ-ਨਿਹਾਲ-ਨਿਹਾਲ। ਇਹ ਅੱਖਰ ਕੀ ਸਨ, ਸੁਣਦੇ ਸਾਰ ਬਜਰ ਕਪਾਟ ਪੂਰਨ ਤਰ੍ਹਾਂ ਨਸ਼ਟ-ਭ੍ਰਸ਼ਟ ਹੋ ਗਏ ਅਤੇ ਇਕੋ ਪ੍ਰਮੇਸ਼ਰ ਦੀ ਜੋਤ ਨਿਸ਼ਚੇਪੂਰਵਕ ਸੰਸਾਰ ਵਿਚ ਦ੍ਰਿਸ਼ਟਮਾਨ ਹੋ ਗਈ। ਭਾਈ ਘਨਈਆ ਜੀ ਨੇ ਗੁਰੂ ਮਹਾਰਾਜ ਨੂੰ ਨਮਸ਼ਕਾਰ ਕੀਤੀ ਕਿ ਪਾਤਸ਼ਾਹ! ਤੂੰਹੀ-ਤੂੰਹੀ। ਤੇਰੇ ਬਿਨਾਂ ਸੰਸਾਰ ਵਿਚ ਹੋਰ ਕੋਈ ਨਹੀਂ ਹੈ। ਗੁਰੂ ਮਹਾਰਾਜ ਜੀ ਨੇ ਉਸ ਵੇਲੇ ਇਕ ਮਲ੍ਹਮ ਦਾ ਵੱਡਾ ਡੱਬਾ ਮੰਗਾਇਆ ਅਤੇ ਨਾਲ ਹੀ ਪੱਟੀਆਂ ਦਿਤੀਆਂ ਕਿ ਘਨਈਆ! ਅੱਗੇ ਤੋਂ ਜਦੋਂ ਮੈਨੂੰ ਪਾਣੀ ਪਿਲਾਏਂਗਾ ਉਸ ਵੇਲੇ ਮੇਰੇ ਜ਼ਖਮ ਵੀ ਦੇਖ ਲਿਆ ਕਰੀਂ ਅਤੇ ਮਲ੍ਹਮ ਲਾ ਕੇ ਪੱਟੀ ਵੀ ਬੰਨ੍ਹ ਦੇਵੀਂ ਤੇ ਨਾਲ ਹੀ ਫੁਰਮਾਨ ਕੀਤਾ ਕਿ ਭਾਈ ਘਨਈਆ! ਤੂੰ ਪ੍ਰਮ ਪਦ ਦੀ ਪ੍ਰਾਪਤੀ ਕਰ ਲਈ ਹੈ। ਤੈਨੂੰ ਗੁਰੂ ਨੇ ਅਟੱਲ ਪਦਵੀ ਬਖਸ਼ ਦਿਤੀ ਹੈ। ਅਸਾਡੇ ਵਲੋਂ ਤੈਨੂੰ ਛੁੱਟੀ ਹੈ, ਸੰਸਾਰ ਜਲ ਰਿਹਾ ਹੈ ਇਨ੍ਹਾਂ ਨੂੰ ਈਰਖਾ, ਵੈਰ, ਸਾੜੇ, ਕੀਨੇ ਤੋਂ ਸਵਸਥ ਕਰਕੇ ਪ੍ਰਭੂ ਦੇ ਨਾਮ ਨਾਲ ਜੋੜ।

ਉਸ ਵੇਲੇ ਭਾਈ ਘਨਈਆ ਜੀ ਪੰਜਾਬ ਦੇ ਪੱਛਮੀ ਭਾਗ ਵਿਚ ਆ ਗਏ। ਉਥੇ ਆ ਕੇ ਇਕ ਰਸਤਾ ਜਾਂਦਾ ਸੀ ਉਥੇ 200 ਘੜਾ ਰੋਜ਼ ਪਾਣੀ ਦਾ ਭਰ ਕੇ ਰਖਣਾ ਅਤੇ ਪਿਆਸੇ ਰਾਹੀਆਂ ਨੂੰ ਜਲ ਛਕਾਉਂਦੇ ਰਹਿਣਾ। ਓਹੋ ਮੁਗਲ ਖਾਨ ਜਦੋਂ ਸਵੱਸਥ ਹੋ ਗਿਆ ਤਾਂ ਉਹ ਭਾਈ ਘਨਈਆ ਦੀ ਤਲਾਸ਼ ਵਿਚ ਘਰੋਂ ਚਲ ਪਿਆ। ਭਾਈ ਘਨਈਆ ਦੇ ਹੱਥਾਂ ਦੇ ਨਾਲ ਛੋਹਿਆ ਪਾਣੀ ਉਸ ਨੂੰ ਆਬ-ਏ-ਹਿਆਤ (ਅੰਮ੍ਰਿਤ) ਹੋ ਕੇ ਮਿਲਿਆ। ਉਸ ਦੇ ਮਨ ਵਿਚ ਗੁਰੂ ਦਸ਼ਮੇਸ਼ ਪਿਤਾ ਜੀ ਲਈ ਬਹੁਤ ਹੀ ਪਿਆਰ ਭਾਵਨਾ ਜਾਗ ਗਈ ਸੀ ਅਤੇ ਮਨ ਵਿਚ ਦ੍ਵੈਤ ਖਤਮ ਹੋ ਕੇ ਇਕੋ ਗੱਲ ਅੰਦਰ ਚਲ ਰਹੀ ਸੀ -

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***
***ਲੋਗਾ ਭਰਮਿ ਨ ਭੂਲਹੁ ਭਾਈ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ।।***
***ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥***
***ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥***
***ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥***
***ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥***
***ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥***
***ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥***
***ਪੰਨਾ - 1349***

ਉਸ ਨੂੰ ਪਤਾ ਲੱਗਿਆ ਕਿ ਭਾਈ ਘਨਈਆ ਜੀ ਦੂਰ ਪੰਜਾਬ ਦੀ ਸਰਹੱਦ ਵਲ ਨਿਵਾਸ ਰਖਦੇ ਹਨ। ਉਹ ਉਥੇ ਪੁਛਦਾ ਪੁਛਾਂਦਾ ਪਹੁੰਚ ਗਿਆ। ਭਾਈ ਘਨਈਆ ਜੀ ਉਸ ਸਮੇਂ ਇਕ ਨਦੀ ਦੇ ਕੰਢੇ ਸਮਾਧਿਤ ਸਨ, ਸਵੈ ਆਪੇ ਵਿਚ ਲੀਨ ਸਨ। ਉਨ੍ਹਾਂ ਨੇ ਜਦੋਂ ਨੇਤਰ ਖੋਲ੍ਹੇ, ਸਮਾਧੀ ਤੋਂ ਉਥਾਨ ਹੋਏ ਤਾਂ ਮੁਗਲ ਖਾਨ ਨੇ ਸਿਜਦਾ ਕਰਕੇ ਬੇਨਤੀ ਕੀਤੀ ਕਿ ਪੀਰ ਜੀ! ਮੈਂ ਓਹੀ ਮੁਗਲ ਖਾਨ ਹਾਂ ਜੋ ਖੁਦਗਰਜ਼ੀ ਦਾ, ਝੂਠ ਦਾ ਅੰਨ੍ਹਾ ਕੀਤਾ ਹੋਇਆ ਗੁਰੂ ਦਸ਼ਮੇਸ਼ ਪਿਤਾ ਤੇ ਫੌਜ ਲੈ ਕੇ ਚੜ੍ਹ ਆਇਆ ਸੀ। ਗੁਰੂ ਦਸ਼ਮੇਸ਼ ਪਿਤਾ, ਉਹ ਤਾਂ ਓਹੀ ਹਨ ਉਨ੍ਹਾਂ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਉਹ ਤਾਂ ਸਾਖਸ਼ਾਤ ਅੱਲਾਹ ਦਾ ਰੂਪ ਹਨ। ਤੁਸੀਂ, ਤੁਹਾਡੇ ਉਪਰ ਉਸ ਅੱਲਾਹ ਦੀ ਬਹੁਤ ਮਿਹਰ ਹੈ। ਮੈਂ ਆਪਣੇ ਖਾਨਦਾਨੀ ਵਿਰਸੇ ਵਿਚੋਂ ਪ੍ਰਾਪਤ ਹੋਈ ਵਸਤੂ ਆਪ ਨੂੰ ਭੇਟਾ ਕਰਨੀ ਚਾਹੁੰਦਾ ਹਾਂ। ਕਹਿਣ ਲੱਗਿਆ ਪੀਰ ਜੀ! ਇਹ ਅਤਿ ਕੀਮਤੀ ਪਾਰਸ ਹੈ, ਜੋ ਲੋਹੇ ਨਾਲ ਛੁਹਾ ਕੇ ਸੋਨਾ ਬਣਾ ਲਈਦਾ ਹੈ। ਪਾਣੀ ਪਿਲਾਉਣ ਦੀ ਸੇਵਾ ਜੋ ਤੁਸੀਂ ਆਪ ਕਰਦੇ ਹੋ, ਇਹਦੀ ਜਗ੍ਹਾਂ ਤੁਸੀਂ ਅੱਗੋਂ ਨੌਕਰ ਰੱਖ ਲਓ। ਇਹ ਸੇਵਾ ਭਾਵੇਂ ਹੁਣ ਤੁਸੀਂ ਆਪ ਨਾ ਕਰਿਆ ਕਰੋ। ਤਾਂ ਭਾਈ ਘਨਈਆ ਜੀ ਨੇ ਕਿਹਾ ਕਿ ਖਾਨ ਸਾਹਿਬ! ਸਾਡੇ ਪਾਸ ਤਾਂ ਐਡਾ ਵੱਡਾ ਪਾਰਸ ਹੈ ਕਿ ਇਹ ਉਸ ਦੇ ਸਾਮ੍ਹਣੇ ਪੱਥਰ ਦੀ ਗਿਟੀ ਲਗ ਰਿਹਾ ਹੈ। ਉਹ ਇਸ ਗੱਲ ਨੂੰ ਨਾ ਸਮਝਿਆ ਅਤੇ ਬਾਰ-ਬਾਰ ਕਹਿਣ ਲੱਗਿਆ ਕਿ ਤੁਸੀਂ ਇਹ ਪਾਰਸ ਜ਼ਰੂਰ ਲੈ ਲਵੋ। ਭਾਈ ਘਨਈਆ ਜੀ ਨੇ ਉਹ ਪਾਰਸ ਲੈ ਲਿਆ ਅਤੇ ਨਦੀ ਵਿਚ ਸੁੱਟ ਦਿਤਾ। ਇਹ ਦੇਖ ਕੇ ਉਹ ਖਾਨ ਉਚੀ-ਉਚੀ ਰੋਣ ਲੱਗ ਗਿਆ ਅਤੇ ਕਹਿਣ ਲੱਗਿਆ ਕਿ ਇਹ ਚੀਜ਼ ਤਾਂ ਕਿਸੇ ਨੂੰ ਮੁਸ਼ਕਲ ਨਾਲ ਹੀ ਮਿਲਦੀ ਹੈ। ਕਈ ਪੁਸ਼ਤਾਂ ਤੋਂ ਸਾਡੇ ਖਾਨਦਾਨ ਵਿਚ ਚਲੀ ਆ ਰਹੀ ਹੈ। ਇਹ ਤੁਸੀਂ ਕੀ ਕੀਤਾ? ਜੇ ਤੁਸੀਂ ਨਹੀਂ ਰਖਣਾ ਸੀ ਤਾਂ ਮੈਨੂੰ ਵਾਪਸ ਕਰ ਦਿੰਦੇ। ਜਦੋਂ ਉਸ ਨੇ ਬਾਰ-ਬਾਰ ਪ੍ਰਾਥਨਾ ਕੀਤੀ ਤਾਂ ਭਾਈ ਘਨਈਆ ਜੀ ਨੇ ਕਿਹਾ ਕਿ ਤੁਹਾਡਾ ਪਾਰਸ ਅਸੀਂ ਵਾਪਸ ਦੇ ਦਿੰਦੇ ਹਾਂ, ਤੁਸੀਂ ਫਿਕਰ ਨਾ ਕਰੋ। ਤਾਂ ਆਪ ਨੇ ਪਾਣੀ ਵਲ ਹੱਥ ਕੀਤਾ ਅਤੇ ਕਿਹਾ ਕਿ ਇਸ ਦਾ ਪਾਰਸ ਵਾਪਸ ਕਰ ਦੇਵੋ। ਨਦੀ ਦੋ ਹਿਸਿਆਂ ਵਿਚ ਵਹਿਣ ਲੱਗ ਗਈ, ਵਿਚਲਾ ਹਿੱਸਾ ਉਪਰ ਉਠ ਗਿਆ। ਭਾਈ ਘਨਈਆ ਜੀ ਨੇ ਕਿਹਾ ਕਿ ਖਾਨ ਸਾਹਿਬ! ਨਦੀ ਦੀ ਛੋਟੀ ਜਿਹੀ ਧਾਰ ਲੰਘ ਕੇ ਅੱਗੇ ਜਾ ਕੇ ਜਿੰਨੇ ਪਾਰਸ ਤੁਹਾਨੂੰ ਚਾਹੀਦੇ ਹਨ, ਲੈ ਲਵੋ। ਉਥੇ ਅਨੇਕ ਕਿਸਮ ਦੇ ਪਾਰਸ ਹਨ। ਖਾਨ ਚਲਿਆ ਗਿਆ। ਜਿਸ ਪੱਥਰ ਨੂੰ ਹੱਥ ਲਾਵੇ ਓਹੀ ਪਾਰਸ। ਇਹਦਾ ਪਾਰਸ ਤਾਂ ਨਿੱਕੀ ਜਿਹੀ ਵੱਟੀ ਸੀ ਉਥੇ ਤਾਂ ਵੱਡੇ-ਵੱਡੇ ਵੱਟੇ ਪਏ ਸਨ। ਮੁਗਲ ਖਾਨ ਵਾਪਸ ਆ ਗਿਆ ਅਤੇ ਆ ਕੇ ਭਾਈ ਘਨਈਆ ਜੀ ਦੇ ਚਰਨਾਂ ਤੇ ਕਦਮਬੋਸੀ ਕੀਤੀ ਅਤੇ ਪ੍ਰਾਥਨਾ ਕੀਤੀ ਕਿ ਹੇ ਪੀਰ ਜੀ! ਤੇਰੇ ਕੋਲ ਉਹ ਕਿਹੜੀ ਚੀਜ਼ ਹੈ ਜਿਸ ਨਾਲ ਤੇਰੇ ਨੇਤਰਾਂ ਵਿਚ ਐਨੀ ਸ਼ਕਤੀ ਵਰਤ ਰਹੀ ਹੈ ਕਿ ਤੇਰੇ ਇਕ ਇਸ਼ਾਰੇ ਨਾਲ ਨਦੀ ਦੋ ਹਿਸਿਆਂ ਵਿਚ ਵੰਡੀ ਗਈ ਅਤੇ ਸਾਰੇ ਪੱਥਰ ਪਾਰਸ ਬਣ ਗਏ? ਮੇਰਾ ਪਾਰਸ ਤਾਂ ਇਕ ਨਿੱਕੀ ਜਿਹੀ ਵੱਟੀ ਹੈ। ਤੁਸੀਂ ਐਨਾ ਕੁਛ ਹੁੰਦਿਆਂ ਹੋਇਆਂ ਸਭ ਕੁਝ ਛੁਪਾਈ ਬੈਠੇ ਹੋਂ। ਕ੍ਰਿਪਾ ਕਰੋ, ਮੈਨੂੰ ਵੀ ਉਹ ਚੀਜ਼ ਦੇ ਦੇਵੋ ਜਿਸ ਵਿਚ ਐਨੀ ਸ਼ਕਤੀ ਹੈ? ਉਸ ਵੇਲੇ ਭਾਈ ਘਨਈਆ ਜੀ ਨੇ ਨਾਮ ਦ੍ਰਿੜ੍ਹ ਕਰਾ ਦਿਤਾ। ਉਸ ਨੇ ਘਰ ਬਾਰ ਛੱਡ ਦਿਤਾ ਅਤੇ ਆਪਣੀ ਕੌਮ ਵਿਚ ਪੀਰ ਹੋਇਆ, ਜਿਸਦੀ ਗੱਦੀ ਕਾਫੀ ਸਮਾਂ ਹਰਿਦੁਆਰ ਦੇ ਨੇੜੇ ਗੰਗਾ ਦਰਿਆ ਦੇ ਨਾਲ ਚਲਦੀ ਰਹੀ। ਪਰ ਇਕ ਵਾਰੀ ਬਹੁਤ ਵੱਡਾ ਹੜ੍ਹ ਆਇਆ। ਦਰਿਆ ਨੇ ਉਸ ਦੇ ਬੰਦਿਆਂ ਨੂੰ ਉਸ ਦੇ ਤਕੀਏ ਸਮੇਤ ਰੋੜ੍ਹ ਲਿਆ। ਸੋ ਦੋਹਾਂ ਅਵਸਥਾਵਾਂ ਦੀ ਤੁਲਨਾ ਕੀਤੀ ਜਾਵੇ ਤਾਂ ਤੁਸੀਂ ਆਪੇ ਹੀ ਨਿਰਣਾ ਲੈ ਸਕਦੇ ਹੋਂ ਕਿ ਨਾਮ ਵਿਚ ਕਿੰਨੀ ਸ਼ਕਤੀ ਹੈ।

ਸੋ ਇਹ ਜੋ ਲਾਲਚ ਹੈ ਮਾਇਆ ਦੀ ਭੁੱਖ ਹੈ ਇਹਨੂੰ ਦੂਰ ਕਰਨ ਦਾ ਇਕੋ ਇਕ ਇਲਾਜ ਪ੍ਰਭੂ ਦਾ ਨਾਮ ਹੈ। ਜੇ ਵਾਸ਼ਨਾ ਕਰਨੀ ਹੀ ਹੈ ਤਾਂ ਪ੍ਰਭੂ ਦੇ ਨਾਮ ਦੀ ਵਾਸ਼ਨਾ ਸੁਖੈਨ ਕਰ ਦਿੰਦੀ ਹੈ ਅਤੇ ਜੀਵਨ ਮਨੋਰਥ ਪ੍ਰਾਪਤ ਹੋ ਜਾਂਦਾ ਹੈ। ਸੋ ਧਨ ਵਾਸ਼ਨਾ ਸਭ ਤੋਂ ਗੰਦੀ ਵਾਸ਼ਨਾ ਹੈ ਜੋ ਆਦਮੀ ਤੋਂ ਅਨੇਕਾਂ ਕਰਮ ਕਰਾਉਂਦੀ ਹੈ। ਸਰੀਰ ਛੱਡ ਕੇ ਜਦੋਂ ਜੀਵ ਜਾਂਦਾ ਹੈ ਤਾਂ ਧਨ ਦੀ ਪ੍ਰਾਪਤੀ ਵਾਸਤੇ ਕੀਤੇ ਕਰਮ ਸਾਮ੍ਹਣੇ ਆ ਜਾਂਦੇ ਹਨ। ਉਸ ਵੇਲੇ ਜੀਵ ਰੋਂਦਾ ਹੈ, ਫੇਰ ਕੋਈ ਵੀ ਉਸ ਦੀ ਬਾਂਹ ਨਹੀਂ ਫੜ੍ਹਦਾ ਜਿਵੇਂ ਕਿ –

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464*

ਸੋ ਇਹ ਆਸ਼ਾਵਾਂ ਉਨ੍ਹਾਂ ਅਨੇਕਾਂ ਆਸਾਂ ਵਿਚੋਂ ਇਕ ਹੈ ਜਿਸ ਨੂੰ ਆਸ਼ਾਵਾਂ ਅੰਦੇਸ਼ਾ ਦੋਵੇਂ ਪਟ ਜੜ੍ਹੇ ਕਰਕੇ ਦਸਿਆ ਹੈ ਕਿ ਭਾਈ! ਇਹ ਵਾਸ਼ਨਾਵਾਂ ਵਾਹਿਗੁਰੂ ਦੇ ਮਿਲਾਪ ਵਿਚ ਬਹੁਤ ਹੀ ਵਿਘਨਕਾਰੀ ਹਨ।

ਦੂਸਰੀ ਮਲੀਨ ਵਾਸ਼ਨਾ ਪੁੱਤਰ ਵਾਸ਼ਨਾ ਹੋਇਆ ਕਰਦੀ ਹੈ।

ਪੁੱਤਰ ਵਾਸ਼ਨਾ ਵੀ ਬਹੁਤ ਹੀ ਭਿਆਨਕ ਵਾਸ਼ਨਾ ਹੈ। ਆਦਮੀ ਨੂੰ ਹਰ ਸਮੇਂ ਇਹ ਧੁਨ ਲੱਗੀ ਰਹਿੰਦੀ ਹੈ ਕਿ ਕਿਸੇ ਤਰੀਕੇ ਨਾਲ ਮੇਰੇ ਵੀ ਪੁੱਤਰ ਹੋਣਾ ਚਾਹੀਦਾ ਹੈ। ਪੁੱਤਰ ਪ੍ਰਾਪਤੀ ਦੇ ਲਈ ਆਦਮੀ ਆਪਣਾ ਧਰਮ ਵੀ ਗੁਆ ਬੈਠਦਾ ਹੈ। ਜਦੋਂ ਸੰਤਾਨ ਨਹੀਂ ਹੁੰਦੀ ਤਾਂ ਮਾਤਾ ਪਿਤਾ ਬੜੇ ਦੁਖੀ ਹੁੰਦੇ ਹਨ। ਮੜ੍ਹੀਆਂ ਮਸਾਣੀਆਂ ਕਬਰਾਂ ਮਨਾਉਂਦੇ ਫਿਰਦੇ ਹਨ। ਪਾਖੰਡੀ ਤਾਂਤਰੀਆਂ ਕੋਲ ਜਾਂਦੇ ਹਨ। ਆਪਣਾ ਧਰਮ ਛੱਡ ਕੇ ਦੂਸਰੇ ਦੇ ਧਰਮ ਦੇ ਮੁਤਾਬਿਕ ਮਾਨਤਾ ਕਰਦੇ ਹਨ। ਵਿਚਾਰ ਸਾਗਰ ਵਿਚ ਆਉਂਦਾ ਹੈ –

*ਜਾਂਕੋ ਹਿੰਦੂ ਕਬਹੁੰ ਨਹਿ ਮਾਂਨੇ॥*
*ਪੁਤ੍ਰ ਹੇਤ ਤਹਿ ਇਸ਼੍ਰ ਪਛਾਨੇ॥*
*ਸੱਯਦ ਖਵਾਜਾ ਪੀਰ ਫਕੀਰਾ॥*
*ਮਾਨਤ ਜੋਰਤ ਹਾਥ ਅਧੀਰਾ॥*
*ਭੈਰਉ ਭੂਤ ਮਨਾਵਤ ਨਾਨਾ॥*
*ਧਰਤ ਸ਼ਿਵਾਬਲ ਭੂਮੀ ਮਸ਼ਾਨਾ॥*
*ਔਰ ਯੰਤ੍ਰ ਤਾਵੀਦ ਘਨੇਰੇ॥*
*ਲਿਖ ਮੜ੍ਹਵਾਵੇ ਪੂਰ ਗਲ ਗੇਰੇ॥ ਵਿਚਾਰ ਸਾਗਰ*

ਧਾਰਮਕ ਇਤਿਹਾਸ ਵਿਚ ਇਕ ਬਹੁਤ ਹੀ ਪ੍ਰਸਿੱਧ ਕਥਾ ਆਉਂਦੀ ਹੈ ਕਿ ਇਕ ਰਾਜਾ ਸੀ ਜਿਸ ਦਾ ਨਾਮ ਚਿਤ੍ਰ ਕੇਤੂ ਸੀ। ਉਸ ਨੇ ਬਹੁਤ ਹੀ ਸ਼ਾਦੀਆਂ ਕਰਾਈਆਂ ਅਤੇ ਇਹ ਆਸਾ ਰਖਦਾ ਸੀ ਕਿ ਮੇਰੇ ਘਰ ਪੁੱਤਰ ਹੋਵੇ ਪਰ ਕਿਸੇ ਵੀ ਰਾਣੀ ਦੇ ਪੁੱਤਰ ਨਾ ਹੋਇਆ। ਰਾਜਾ ਦੁਖੀ ਰਹਿਣ ਲੱਗਿਆ ਹਰ ਸਮੇਂ ਉਸ ਦੇ ਮਨ ਵਿਚ ਰਿਹਾ ਕਰੇ ਕਿ ਮੇਰਾ ਕਿੱਡਾ ਵਿਸ਼ਾਲ ਰਾਜ ਹੈ, ਕੌਣ ਇਸ ਨੂੰ ਸੰਭਾਲੇਗਾ, ਮੈਂ ਇਸ ਨੂੰ ਹਾਸਲ ਕਰਨ ਵਾਸਤੇ ਕਿੰਨੇ ਯੁੱਧ ਲੜੇ ਹਨ। ਪਰ ਹੇ ਪ੍ਰਭੂ! ਮੈਨੂੰ ਤੂੰ ਪੁੱਤਰ ਦੀ ਦਾਤ ਨਹੀਂ ਦਿਤੀ। ਉਸ ਨੇ ਅਨੇਕਾਂ ਜਗਰਾਤੇ ਕਰਾਏ ਅਤੇ ਹਰ ਜਗਰਾਤੇ ਵਿਚ ਮਹਾਤਮਾ ਨੂੰ ਕਹਿੰਦਾ ਸੀ ਕਿ ਤੁਸੀਂ ਅਰਦਾਸ ਕਰੋ ਕਿ ਮੇਰੇ ਘਰ ਪੁੱਤਰ ਹੋ ਜਾਵੇ। ਪਰ ਅਨੁਭਵੀ ਮਹਾਤਮਾ ਨਾਂਹ ਕਰ ਦਿੰਦੇ ਸਨ ਕਿ ਤੇਰੇ ਘਰ ਪੁੱਤਰ ਨਹੀਂ ਹੋਣਾ, ਤੇਰੇ ਲੇਖ ਬਿਲਕੁਲ ਸੁੰਨੇ ਹਨ।

ਜਿਉਂ-ਜਿਉਂ ਸਮਾਂ ਲੰਘਦਾ ਗਿਆ ਤਿਉਂ-ਤਿਉਂ ਪੁੱਤਰ ਵਾਸ਼ਨਾ ਵਧਦੀ ਗਈ। ਅਨੇਕਾਂ ਰਿਸ਼ੀਆਂ-ਮੁਨੀਆਂ ਨੇ ਸਮਝਾਇਆ ਕਿ ਜੋ ਸੰਸਾਰ ਵਿਚ ਵਰਤਣ ਹੋ ਰਿਹਾ ਹੈ ਉਸ ਅਨੁਸਾਰ ਪਹਿਲਾਂ ਤੂੰ ਅਜਿਹੇ ਕਰਮ ਕੀਤੇ ਹਨ ਜਿਸ ਦੇ ਸਦਕਾ ਤੇਰੇ ਓਲਾਦ ਨਹੀਂ ਹੋਣੀ। ਪਰ ਉਹ ਬਾਰ-ਬਾਰ ਇਕੋ ਗੱਲ ਕਹਿੰਦਾ ਸੀ ਕਿ ਰਿਸ਼ੀਆਂ-ਮੁਨੀਆਂ, ਸੰਤਾਂ ਵਿਚ ਤਾਂ ਸ਼ਕਤੀ ਹੁੰਦੀ ਹੈ ਕਿ ਉਹ ਰੇਖ ਵਿਚ ਮੇਖ ਮਾਰ ਕੇ ਲੇਖ ਬਦਲ ਦਿਆ ਕਰਦੇ ਹਨ। ਮੇਰੇ ਘਰ ਪੁੱਤਰ ਹਰ ਹਾਲਤ ਵਿਚ ਹੋਣਾ ਚਾਹੀਦਾ ਹੈ। ਉਸ ਨੂੰ ਵੱਡੇ ਮਸ਼ਹੂਰ ਰਿਸ਼ੀਆਂ ਨੇ ਵੀ ਸਮਝਾਇਆ ਪਰ ਰਾਜੇ ਦੀ ਪੁੱਤਰ ਵਾਸ਼ਨਾ ਦੂਰ ਨਾ ਹੋਈ।

ਇਕ ਦਿਨ ਨਾਰਦ ਜੀ, ਅੰਗਰਾ ਰਿਸ਼ੀ ਅਤੇ ਹੋਰ ਰਿਸ਼ੀਆਂ ਨਾਲ ਘੁੰਮਦੇ-ਘੁੰਮਦੇ ਇਸ ਚਿਤ੍ਰ ਕੇਤੂ ਰਾਜੇ ਦੇ ਸ਼ਹਿਰ ਵਿਚ ਆਏ। ਰਾਜੇ ਨੇ ਉਨ੍ਹਾਂ ਪਾਸ ਆਪਣਾ ਦੁਖ ਰੋ-ਰੋ ਕੇ ਸੁਣਾਇਆ। ਉਨ੍ਹਾਂ ਨੇ ਅਨੇਕ ਤਰੀਕਿਆਂ ਨਾਲ ਸਮਝਾਇਆ ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸ ਦੇ ਰੋਮ-ਰੋਮ ਵਿਚ ਪੁੱਤਰ ਵਾਸ਼ਨਾ ਘਰ ਕਰ ਗਈ ਹੈ, ਇਹ ਸਮਝਾਇਆ ਹੋਇਆ ਵੀ ਕਿਸੇ ਤਰ੍ਹਾਂ ਨਹੀਂ ਸਮਝਦਾ। ਉਸ ਸਮੇਂ ਇਨ੍ਹਾਂ ਰਿਸ਼ੀਆਂ ਨੇ ਕਿਹਾ ਕਿ ਰਾਜਨ! ਅਸੀਂ ਮੰਤਰ ਬਲ ਨਾਲ ਤੇਰੇ ਘਰ ਪੁੱਤਰ ਪੈਦਾ ਕਰਾ ਦੇਵਾਂਗੇ ਪਰ ਉਹ ਛੇਤੀ ਹੀ ਮਰ ਜਾਵੇਗਾ। ਤੈਨੂੰ ਇਸ ਤੋਂ ਵੀ ਵੱਧ ਦੁੱਖ ਹੋਵੇਗਾ। ਉਸ ਵੇਲੇ ਰਾਜੇ ਨੇ ਕਿਹਾ ਕਿ ਐ ਮਹਾਂਰਿਸ਼ੀਓ! ਮੁਨਵਰੋ! ਮੈਂ ਪੁੱਤਰ ਦਾ ਮੂੰਹ ਦੇਖਣਾ ਚਾਹੁੰਦਾ ਹਾਂ। ਇਕ ਛਿਨ ਵਾਸਤੇ ਮੈਂ ਉਹ ਖੁਸ਼ੀ ਮਾਨਣੀ ਚਾਹੁੰਦਾ ਹਾਂ ਜੋ ਪਿਤਾ ਨੂੰ ਪੁੱਤਰ ਦਾ ਮੂੰਹ ਦੇਖ ਕੇ ਹੁੰਦੀ ਹੈ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਰਾਜਨ! ਸੁੱਖ ਤੋਂ ਬਾਦ ਜੋ ਦੁੱਖ ਹੁੰਦਾ ਹੈ ਉਹ ਬਹੁਤ ਭਿਆਨਕ ਹੁੰਦਾ ਹੈ। ਜੇ ਪਹਿਲਾਂ ਦੁੱਖ ਆ ਜਾਵੇ ਅਤੇ ਫੇਰ ਸੁੱਖ ਆ ਜਾਵੇ ਤਾਂ ਦੁਖ ਦੀ ਯਾਦ ਮਨ ਵਿਚੋਂ ਨਿਕਲ ਜਾਂਦੀ ਹੈ ਤੇ ਆਦਮੀ ਸੁਖੀ ਰਹਿੰਦਾ ਹੈ। ਪਰ ਜੇ ਪਹਿਲਾਂ ਸੁੱਖ ਹੋਵੇ ਅਤੇ ਫੇਰ ਦੁਖ ਆ ਜਾਵੇ ਤਾਂ ਸੁਖ ਦੀ ਸਿਮ੍ਰਤੀ ਮਨ ਵਿਚੋਂ ਨਾ ਨਿਕਲਣ ਕਰਕੇ ਆਦਮੀ ਬਹੁਤ ਦੁਖੀ ਹੁੰਦਾ ਹੈ। ਉਸ ਨੇ ਕਿਹਾ ਕਿ ਤੁਸੀਂ ਇਸ ਗੱਲ ਦੀ ਪ੍ਰਵਾਹ ਨਾ ਕਰੋ ਮੈਂ ਤਾਂ ਪੁੱਤਰ ਦਾ ਮੂੰਹ ਦੇਖ ਕੇ ਐਨਾ ਸੁਖੀ ਹੋ ਜਾਵਾਂਗਾ ਕਿ ਉਹ ਸੁੱਖ ਦੁਖ ਦਾ ਢਾਹਿਆ ਨਹੀਂ ਢਹਿਣਾ। ਉਸ ਦੀ ਦ੍ਰਿੜ੍ਹ ਵਾਸ਼ਨਾ ਦੇਖ ਕੇ ਉਨ੍ਹਾਂ ਨੇ ਫਲ ਤੇ ਮੰਤਰ ਉਚਾਰਨ ਕਰਕੇ ਦੇ ਦਿਤਾ। ਤਾਂ ਉਨ੍ਹਾਂ ਨੇ ਕਿਹਾ ਕਿ ਇਹ ਫਲ ਰਾਣੀ ਨੂੰ ਖਲਾ ਦੇਣਾ। ਸਮਾਂ ਪਾ ਕੇ ਤੇਰੇ ਘਰ ਪੁੱਤਰ ਹੋਵੇਗਾ।

ਰਾਜਾ ਬਹੁਤ ਪ੍ਰਸੰਨ ਹੋਇਆ ਫਲ ਰਾਣੀ ਨੂੰ ਖੁਆ ਦਿਤਾ ਅਤੇ ਅਖੀਰ ਰਾਣੀ ਨੇ ਇਕ ਪੁੱਤਰ ਨੂੰ ਜਨਮ ਦਿਤਾ। ਰਾਜੇ ਨੇ ਉਸ ਪੁੱਤਰ ਨੂੰ ਰਾਣੀ ਪਾਸੋਂ ਲੈ ਕੇ ਆਪਣੀ ਗੋਦ ਵਿਚ ਬਿਠਾਇਆ, ਉਸ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਦਾਨ ਪੁੰਨ ਕਰਨ ਲਈ ਖਜ਼ਾਨਿਆਂ ਦੇ ਮੂੰਹ ਖੋਲ੍ਹ ਦਿਤੇ। ਦਿਲ ਅਨੰਦ ਨਾਲ ਭਰ ਗਿਆ। ਉਸ ਰਾਜੇ ਦੇ ਬਹੁਤ ਰਾਣੀਆਂ ਸਨ ਉਨ੍ਹਾਂ ਵਿਚੋਂ ਪ੍ਰਮੁੱਖ ਰਾਣੀਆਂ ਨੇ ਇਕੱਤਰਤਾ ਕੀਤੀ ਕਿ ਇਸ ਦੇ ਪੁੱਤਰ ਹੋ ਗਿਆ, ਅਸੀਂ ਹਜ਼ਾਰਾਂ ਰਾਣੀਆਂ ਹੁਣ ਬੇਕਦਰੀ ਦਾ ਜੀਵਨ ਜੀਵਾਂਗੀਆਂ ਕਿਉਂਕਿ ਇਸ ਨੇ ਹੀ ਪਟਰਾਣੀ ਕਹਾਉਣਾ ਹੈ। ਉਹ ਰਾਣੀਆਂ ਈਰਖਾ ਵਿਚ ਆ ਕੇ ਅੰਨ੍ਹੀਆਂ ਹੋ ਗਈਆਂ, ਉਨ੍ਹਾਂ ਨੂੰ ਭਲੇ ਬੁਰੇ ਦੀ ਸੋਝੀ ਜਾਂਦੀ ਰਹੀ। ਉਨ੍ਹਾਂ ਨੇ ਗੋਲੀਆਂ ਨੂੰ ਆਪਣੇ ਵਿਸ਼ਵਾਸ਼ ਵਿਚ ਲਿਆ ਕੇ ਰਾਜੇ ਦੇ ਪੁੱਤਰ ਨੂੰ ਜ਼ਹਿਰ ਦੁਆ ਦਿਤੀ। ਰਾਜੇ ਦੀਆਂ ਧਾਹਾਂ ਨਿਕਲ ਗਈਆਂ। ਬਹੁਤ ਵਿਰਲਾਪ ਕਰਨ ਲੱਗਿਆ। ਕਿਸੇ ਦਾ ਸਮਝਾਇਆ ਹੋਇਆ ਨਾ ਸਮਝੇ, ਰੋਂਦਾ ਰਹੇ। ਮਹਾਂਰਿਸ਼ੀ ਅੰਗਰਾ ਅਤੇ ਨਾਰਦ ਮੁਨੀ ਨੂੰ ਖਬਰ ਹੋਈ। ਉਹ ਫੇਰ ਉਚੇਚੇ ਤੌਰ ਤੇ ਰਾਜੇ ਪਾਸ ਆਏ। ਉਨ੍ਹਾਂ ਨੇ ਰਾਜੇ ਨੂੰ ਬਹੁਤ ਸਮਝਾਇਆ। ਰਾਜੇ ਨੇ ਰਾਜ ਛੱਡ ਦਿਤਾ ਅਤੇ ਵਣਾਂ ਵਿਚ ਚਲਿਆ ਗਿਆ ਪਰ ਉਸ ਦਾ ਚਿਤ ਬਿਲਕੁਲ ਸ਼ਾਂਤ ਨਾ ਹੋਇਆ। ਬਹੁਤ ਸਾਧਨਾ ਕੀਤੀਆਂ ਤਾਂ ਵੀ ਕੋਈ ਸ਼ਾਂਤੀ ਨਾ ਆਈ ਅਤੇ ਪੁੱਤਰ ਦੇ ਚਿਹਰੇ ਨੂੰ ਬਾਰ-ਬਾਰ ਮਨ ਵਿਚ ਚਿਤਵਦਾ ਹੈ। ਇਸ ਤਰ੍ਹਾਂ ਹਰ ਸਮੇਂ ਪੁੱਤਰ ਦੀ ਯਾਦ ਵਿਚ ਨੇਤਰਾਂ 'ਚੋਂ ਹੰਝੂ ਚਲਦੇ ਰਹਿੰਦੇ ਸੀ। ਉਸ ਨੇ ਆਪਣਾ ਜਨਮ ਪੁੱਤਰ ਦੀ ਯਾਦ ਵਿਚ ਹੀ ਸਮਾਪਤ ਕਰ ਦਿਤਾ।

ਸਾਸ਼ਤਰਾਂ ਵਿਚ ਆਉਂਦਾ ਹੈ ਕਿ ਜਦੋਂ ਸੰਤਾਨ ਨਹੀਂ ਹੁੰਦੀ ਤਾਂ ਮਾਤਾ ਪਿਤਾ ਸੰਤਾਨ ਨਾ ਹੋਣ ਦੇ ਪੱਖ ਵਿਚ ਸਭ ਕੁਝ ਹੁੰਦਿਆਂ ਹੋਇਆਂ ਵੀ ਹਉਕੇ ਲੈਂਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਜੀਵਨ ਉਜੜੇ ਬਾਗ ਵਰਗਾ ਹੋਇਆ ਕਰਦਾ ਹੈ। ਜੇ ਪੁੱਤਰ ਦੀ ਆਸ ਹੋ ਜਾਵੇ ਅਤੇ ਉਹ ਗਰਭ ਵਿਚ ਗਿਰ ਜਾਵੇ ਜਿਵੇਂ ਕਿ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

***ਕਈ ਜਨਮ ਸੈਲ ਗਿਰਿ ਕਰਿਆ॥***
***ਕਈ ਜਨਮ ਗਰਭ ਹਿਰਿ ਖਰਿਆ॥***
***ਕਈ ਜਨਮ ਸਾਖ ਕਰਿ ਉਪਾਇਆ॥***
***ਲਖ ਚਉਰਾਸੀਹ ਜੋਨਿ ਭ੍ਰਮਾਇਆ॥*** ***ਪੰਨਾ - 176***

ਤਾਂ ਕਿੰਨਾ ਦੁੱਖ ਹੁੰਦਾ ਹੈ ਉਸ ਦੁਖ ਨੂੰ ਓਹੀ ਜਾਣ ਸਕਦਾ ਹੈ। ਪੁੱਤਰ ਨੂੰ ਜਨਮ ਦੇਣ ਸਮੇਂ ਮਾਤਾ ਨੂੰ ਕਿੰਨਾ ਦੁੱਖ ਹੁੰਦਾ ਹੈ, ਕਈ ਵਾਰੀ ਪੇਟ ਦਾ ਓਪਰੇਸ਼ਨ ਕਰਕੇ ਪੁੱਤਰ ਨੂੰ ਪੇਟ ਵਿਚੋਂ ਕੱਢਣਾ ਪੈਂਦਾ ਹੈ ਅਤੇ ਕਈ ਵਾਰੀ ਮਾਤਾਵਾਂ ਆਪਣੀ ਜਾਨ ਦੇ ਬੈਠਦੀਆਂ ਹਨ। ਜੇ ਪੁੱਤਰ ਨੂੰ ਜਨਮ ਉਪਰੰਤ ਪੋਲੀਓ ਹੋ ਜਾਵੇ ਤਾਂ ਵੀ ਕਿੰਨਾ ਦੁੱਖ ਹੁੰਦਾ ਹੈ। ਜੇ ਪੁੱਤਰ ਥੋੜ੍ਹਾ ਜੁਆਨ ਹੋ ਜਾਵੇ ਤੇ ਮਰ ਜਾਵੇ ਤਾਂ ਮਾਤਾ ਪਿਤਾ ਨੂੰ ਕਿੰਨਾ ਦੁਖ ਹੁੰਦਾ ਹੈ। ਜੇ ਪੁੱਤਰ ਰੋਗੀ ਹੋ ਜਾਵੇ

ਉਸ ਦਾ ਇਲਾਜ ਕਰਾਇਆਂ ਇਲਾਜ ਨਾ ਹੋ ਸਕਿਆ, ਫੇਰ ਵੀ ਮਨ ਦੁਖੀ ਹੋ ਜਾਂਦਾ ਹੈ। ਜੇ ਪੁੱਤਰ ਨੂੰ ਕੋਈ ਅਸਾਧ ਰੋਗ ਲਗ ਜਾਵੇ ਤਾਂ ਸਦਾ ਦਾ ਦੁੱਖ ਮਾਤਾ ਪਿਤਾ ਨੂੰ ਖੜ੍ਹਾ ਹੋ ਜਾਂਦਾ ਹੈ। ਜੇ ਮਾਤਾ ਨਿਕਲ ਆਵੇ ਤਾਂ ਗਧਿਆਂ ਦੇ ਉਪਰ ਲਾਲ ਕਪੜਾ ਪਾ ਕੇ ਉਨ੍ਹਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਮੇਰੇ ਪੁੱਤਰ ਨੂੰ ਰਾਜ਼ੀ ਕਰ ਦੇ। ਅਨੇਕਾਂ ਪੀਰਾਂ ਫਕੀਰਾਂ ਨੂੰ ਪੂਜਿਆ ਜਾਂਦਾ ਹੈ। ਜੇ ਪੁੱਤਰ ਨਸ਼ੇ ਖਾਣ ਲਗ ਜਾਵੇ ਤਾਂ ਮਾਤਾ ਪਿਤਾ ਨੂੰ ਬਹੁਤ ਦੁਖ ਮਹਿਸੂਸ ਹੁੰਦਾ ਹੈ ਭਾਵੇਂ ਕਰੋੜਾਂ ਰੁਪੈ ਬੈਂਕਾਂ ਵਿਚ ਜਮ੍ਹਾਂ ਭੀ ਹੋਣ।

ਜੇ ਪੁੱਤਰ ਨੂੰ ਪੜ੍ਹਨ ਪਾ ਦਿਤਾ, ਇੰਜਨੀਅਰ, ਡਾਕਟਰ ਬਣਾ ਲਿਆ। ਉਸ ਦੇ ਵਾਸਤੇ ਉਸ ਤਰ੍ਹਾਂ ਦੀ ਲੜਕੀ ਤਲਾਸ਼ ਕਰਕੇ ਵਿਆਹ ਕਰ ਦਿਤਾ ਤਾਂ ਮਾਤਾ ਪਿਤਾ ਨੇ ਉਸ ਉਪਰ ਬਹੁਤ ਆਸਾਂ ਰੱਖੀਆਂ ਪਰ ਪੁੱਤਰ ਮਾਤਾ ਪਿਤਾ ਨੂੰ ਐਉਂ ਛੱਡ ਗਿਆ ਜਿਵੇਂ ਕੁਝ ਲਗਦਾ ਹੀ ਨਾ ਹੋਵੇ। ਆਪਣੀ ਐਸ਼ੋ-ਇਸ਼ਰਤ ਵਿਚ ਪੈ ਕੇ ਮਾਤਾ ਪਿਤਾ ਨੂੰ ਪੂਰੀ ਤਰ੍ਹਾਂ ਭੁੱਲ ਜਾਂਦਾ ਹੈ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਾ ਲਓ ਕਿ ਮਾਤਾ ਪਿਤਾ ਨੂੰ ਇਸ ਦਾ ਕਿੰਨਾ ਦੁੱਖ ਹੋਵੇਗਾ।

ਅੱਜ ਕਲਜੁਗ ਦਾ ਜ਼ਮਾਨਾ ਹੈ, ਅੱਜਕਲ੍ਹ ਪਹਿਲਾਂ ਹੀ ਮਾਤਾ ਪਿਤਾ ਤੋਂ ਬੱਚੇ ਅਲੱਗ ਹੋ ਜਾਂਦੇ ਹਨ। ਮਾਤਾ ਪਿਤਾ ਤਾਂ ਬੱਚਿਆਂ ਨੂੰ ਪਿਆਰ ਕਰਦੇ ਹਨ ਪਰ ਪੁੱਤਰ, ਧੀਆਂ ਆਪਣੇ ਮਾਤਾ ਪਿਤਾ ਨੂੰ ਪਿਆਰ ਨਹੀਂ ਕਰਦੇ, ਉਹ ਆਪਣੇ ਆਪ ਵਿਚ ਮਸਤ ਰਹਿੰਦੇ ਹਨ। ਮਾਤਾ ਪਿਤਾ ਹਉਕੇ ਲੈ ਕੇ ਆਪਣਾ ਜੀਵਨ ਲੰਘਾਉਂਦੇ ਹਨ। ਉਸ ਸਮੇਂ ਉਨ੍ਹਾਂ ਨੂੰ ਸਤਿਤਾ ਦੀ ਸੋਝੀ ਆਉਂਦੀ ਹੈ ਕਿ ਨਾਮ ਤੋਂ ਬਗੈਰ ਕੋਈ ਚੀਜ਼ ਸਾਥ ਨਹੀਂ ਦਿੰਦੀ। ਮਰਨ ਤੋਂ ਪਿਛੋਂ ਸਾਥ ਦੇਣ ਵਾਲਾ ਪ੍ਰਭੂ ਦਾ ਨਾਮ ਹੀ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਪੰਨਾ - 264*

ਸੋ ਇਕੋ ਇਕ ਸਾਥੀ ਜੋ ਹੈ ਉਹ ਪ੍ਰਭੂ ਦਾ ਨਾਮ ਹੈ। ਸੋ ਇਸ ਮਲੀਨ ਵਾਸ਼ਨਾ ਵਿਚ ਪੈ ਕੇ ਕੋਈ ਚੰਗਾ ਕੰਮ ਨਾ ਕੀਤਾ, ਨਾ ਸੰਤਾਂ ਦੀ ਸੇਵਾ ਕੀਤੀ, ਨਾ ਸੰਤਾਂ ਦੇ ਸਤਿਸੰਗ ਸੁਣੇ ਅਤੇ ਆਪਣਾ ਜੀਵਨ ਵਾਸ਼ਨਾਵਾਂ ਵਿਚ ਗੁਆ ਕੇ ਸੰਸਾਰ ਤੋਂ ਰੋਂਦਾ-ਕੁਰਲਾਉਂਦਾ ਚਲਿਆ ਜਾਂਦਾ ਹੈ। ਜਿਸ ਤਰ੍ਹਾਂ ਧਨ ਵਾਸ਼ਨਾ ਨਾਲ ਇਕੱਠਾ ਕੀਤਾ ਧਨ ਇਥੇ ਹੀ ਰਹਿ ਜਾਂਦਾ ਹੈ ਇਵੇਂ ਹੀ ਇਹ ਪੁੱਤਰ ਧੀਆਂ ਸੰਸਾਰ ਵਿਚ ਰਹਿ ਜਾਂਦੇ ਹਨ। ਔਲਾਦ ਮਾਤਾ ਪਿਤਾ ਨੂੰ ਆਪਣੇ ਕੀਤੇ ਕਰਮਾਂ ਦੇ ਕਾਰਨ ਦੁੱਖ ਪਹੁੰਚਾਉਂਦੀ ਹੈ ਜਿਵੇਂ ਕਿ ਰਹਿਤਨਾਮੇ ਵਿਚ ਆਉਂਦਾ ਹੈ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥*
*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥*

ਨਲਾਇਕ ਪੁੱਤਰ ਹਜ਼ਾਰਾਂ ਕੁਲਾਂ ਦਾ ਨਾਸ਼ ਕਰ ਦਿੰਦਾ ਹੈ। ਨਰਕਾਂ ਵਿਚ ਭੇਜਣ ਦਾ ਕਾਰਨ ਬਣਦਾ ਹੈ ਇਸ ਕਰਕੇ-

*ਜਨਨੀ ਜਨੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ।।*
*ਨਹੀ ਤਾਂ ਜਨਨੀ ਬਾਂਝ ਰਹਿ ਕਾਹੇ ਗਵਾਵੈ ਨੂਰ॥*
*(ਤੁਲਸੀ ਦਾਸ ਜੀ)*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ॥*
*ਜਨਮਤ ਕਸ ਨ ਮੁਓ ਅਪਰਾਧੀ॥ ਪੰਨਾ - 328*

ਅਜਕਲ੍ਹ ਸਰਵਣ ਪੁੱਤਰ ਕੋਈ ਨਹੀਂ ਹੁੰਦਾ। ਪੁੱਤਰ ਮਾਤਾ ਪਿਤਾ ਨੂੰ ਇਕ ਬਹੁਤ ਵੱਡਾ ਬੋਝ ਸਮਝਦੇ ਹਨ। ਇਹ ਤਾਂ ਇਕ ਸ੍ਰਵਣ ਪੁੱਤਰ ਹੀ ਸੀ ਜਿਸ ਦੀ ਕਥਾ ਅੱਜ ਵੀ ਸੰਸਾਰ ਨੂੰ ਸੇਧ ਦਿੰਦੀ ਹੈ। ਇਸ ਤਰ੍ਹਾਂ ਦੇ ਨਾਲ ਇਹ ਪੁੱਤਰ ਵਾਸ਼ਨਾ ਵੀ ਜੀਵ ਨੂੰ ਨਰਕਾਂ ਵਿਚ ਧਕੇਲ ਦਿੰਦੀ ਹੈ।

ਇਥੇ ਅਸੀਂ ਵਾਸ਼ਨਾ ਦੀ ਗੱਲ ਕਰਦੇ ਹਾਂ ਆਦਮੀ ਪੈਸਾ ਵੀ ਕਮਾਉਂਦੇ ਹਨ, ਔਲਾਦ ਵੀ ਹੁੰਦੀ ਹੈ ਪਰ ਵਾਸ਼ਨਾ ਕਰਨੀ ਬਹੁਤ ਬੁਰੀ ਗੱਲ ਹੈ ਕਿਉਂਕਿ ਧਨ ਦੀ ਪ੍ਰਾਪਤੀ ਪਰਾਲਬਧ ਕਰਮਾਂ ਨਾਲ ਹੋਇਆ ਕਰਦੀ ਹੈ ਜਿਵੇਂ ਕਿ ਫੁਰਮਾਨ ਹੈ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*
*ਪੰਨਾ - 134*

ਆਦਮੀ ਧਨ ਦੀ ਪ੍ਰਾਪਤੀ ਵਾਸਤੇ ਬਹੁਤ ਯਤਨ ਕਰਦਾ ਹੈ ਪਰ ਧਨ ਓਹੀ ਮਿਲਦਾ ਹੈ ਜੋ ਇਸਦੇ ਪ੍ਰਾਲਬਧ ਕਰਮ ਵਿਚ ਧੁਰ ਦਰਗਾਹ ਤੋਂ ਲਿਖਿਆ ਹੁੰਦਾ ਹੈ -

*ਸੰਪੈ ਕਉ ਈਸਰੁ ਧਿਆਈਐ॥*
*ਸੰਪੈ ਪੁਰਬਿ ਲਿਖੇ ਕੀ ਪਾਈਐ॥*
*ਸੰਪੈ ਕਾਰਣਿ ਚਾਕਰ ਚੋਰ॥*
*ਸੰਪੈ ਸਾਥਿ ਨ ਚਾਲੈ ਹੋਰ॥ ਪੰਨਾ - 937*

ਧਨ ਕਮਾਉਣ ਵਾਸਤੇ ਬੇਅੰਤ ਕਿਸਮ ਦੇ ਪਾਪ ਕਰਨੇ, ਛਲ ਕਰਨੇ, ਧੋਖੇ ਕਰਨੇ, ਮਿਲਾਵਟਾਂ ਕਰਨੀਆਂ, ਰਿਸ਼ਵਤਾਂ ਲੈਣੀਆਂ, ਦੁਨੀਆਂ ਨੂੰ ਦੁਖੀ ਕਰਨਾ; ਇਹ ਅਜਿਹੇ ਮਾੜੇ ਕਰਮ ਹਨ ਕਿ ਐਸੇ ਆਦਮੀ ਨੂੰ ਕਦੇ ਵੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਿਆ ਕਰਦੀ ਕਿਉਂਕਿ ਪਾਪਾਂ ਨਾਲ ਕਮਾਈ ਹੋਈ ਮਾਇਆ ਅਨੇਕਾਂ ਉਲਝਣਾਂ ਜ਼ਿੰਦਗੀ ਵਿਚ ਪੈਦਾ ਕਰਕੇ ਰਖਦੀ ਹੈ। ਜਦੋਂ ਆਦਮੀ ਇਸ ਥਾਂ ਤੋਂ ਜਾਂਦਾ ਹੈ, ਸੱਚੀ ਦਰਗਾਹ ਵਿਚ ਜਾ ਕੇ ਕਟਹਿੜੇ ਵਿਚ ਖੜ੍ਹਾ ਕਰਾ ਕੇ ਉਸ ਤੋਂ ਜਵਾਬ ਮੰਗਿਆ ਜਾਂਦਾ ਹੈ, ਉਸ ਥਾਂ ਉਸ ਨੂੰ ਕੁਝ ਵੀ ਨਹੀਂ ਸੁਝਦਾ ਮਾਇਆ ਪ੍ਰਾਪਤੀ ਵਾਸਤੇ ਕੀਤੇ ਅਨੇਕਾਂ ਛਲ, ਕਪਟ ਇਸ ਜੀਵ ਨੂੰ ਸਜ਼ਾ ਦੇ ਭਾਗੀ ਬਣਾਉਂਦੇ ਹਨ ਅਤੇ ਅਨੇਕਾਂ ਜੂਨਾਂ ਵਿਚ ਭ੍ਰਮਣ ਕਰਾ ਕੇ ਲੇਖੇ ਨਬੇੜਦੇ ਹਨ, ਐਸਾ ਵੀ ਫੁਰਮਾਨ ਹੈ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*

*ਪੰਨਾ - 315*

ਦੱਸਾਂ ਨੌਂਹਾਂ ਦੀ ਕਿਰਤ ਕਰਕੇ ਮਾਇਆ ਕਮਾ ਲੈਣੀ, ਫੇਰ ਪੂਰੇ ਜ਼ਬਤ ਨਾਲ ਰਹਿ ਕੇ ਵਪਾਰ ਕਰਨਾ, ਮਿਹਨਤ ਕਰਨੀ ਇਸਦੇ ਬਦਲੇ ਜੋ ਘਰ ਵਿਚ ਧਨ ਆਉਂਦਾ ਹੈ ਉਸ ਨੂੰ ਜੇ ਅਸੀਂ ਪੂਰੀ ਸਾਸ਼ਤਰ ਮਰਿਆਦਾ ਦੇ ਮੁਤਾਬਿਕ ਵਰਤਦੇ ਹਾਂ ਤਾਂ ਅਸਾਨੂੰ ਮਾਇਆ ਦਾ ਕੋਈ ਦੋਸ਼ ਨਹੀਂ ਲਗਦਾ ਅਤੇ ਨਾ ਹੀ ਕੋਈ ਵਾਸ਼ਨਾ ਜਾਪਦੀ ਹੈ। ਜਦੋਂ ਆਦਮੀ ਸ਼ੁਭ ਕੰਮਾਂ ਦੇ ਵਾਸਤੇ ਆਪਣੀ ਕਮਾਈ ਵਿਚੋਂ ਮਾਇਆ ਦਿੰਦਾ ਹੈ ਉਸ ਵੇਲੇ ਉਸ ਦਾ ਮੋਹ ਮਾਇਆ ਨਾਲੋਂ ਟੁੱਟ ਰਿਹਾ ਹੁੰਦਾ ਹੈ। ਜੋ ਮਾਇਆ ਉਸ ਨੂੰ ਸ਼ੁਭ ਵਣਜ ਵਪਾਰ ਕਰਕੇ, ਨੌਂਕਰੀ ਚਾਕਰੀ ਕਰਕੇ ਪ੍ਰਾਪਤ ਹੁੰਦੀ ਹੈ, ਉਹ ਸ਼ਾਂਤੀ ਬਖਸ਼ਦੀ ਹੈ ਅਤੇ ਦਰਗਾਹ ਵਿਚ ਜਾ ਕੇ ਵੀ ਓਹ ਮਾਇਆ ਸਹਾਇਤਾ ਕਰਦੀ ਹੈ ਜਿਵੇਂ ਕਿ ਫੁਰਮਾਨ ਹੈ -

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥*

*ਪੰਨਾ - 472*

*ਘਾਲ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥* *ਪੰਨਾ - 1245*

ਇਸ ਤਰ੍ਹਾਂ ਇਹ ਮਾਇਆ ਦਰਗਾਹ ਦੇ ਵਿਚ ਸਹਾਇਤਾ ਕਰਿਆ ਕਰਦੀ ਹੈ ਅਤੇ ਸਵਰਗ ਦੇ ਅਨੇਕ ਸੁੱਖ ਇਸ ਦੇ ਬਦਲੇ ਪ੍ਰਾਪਤ ਹੋ ਜਾਇਆ ਕਰਦੇ ਹਨ। ਜੇ ਅਸੀਂ ਵਿਚਾਰ ਕਰੀਏ ਤਾਂ ਅਸਾਨੂੰ ਇਹ ਮੰਨਣਾ ਪਵੇਗਾ ਕਿ ਸੰਸਾਰ ਵਿਚ ਕੁਝ ਐਸੇ ਦੇਸ਼ ਹਨ ਜੋ ਮਾਇਆ ਦੀ ਅਨੇਕ ਰੂਪਾਂ ਵਿਚ ਪੂਜਾ ਕਰਦੇ ਹਨ ਅਤੇ ਇਸ ਨੂੰ ਦੇਵੀ ਦੇਵਤਿਆਂ ਦਾ ਦਰਜਾ ਦਿੰਦੇ ਹਨ। ਮਾਇਆ ਦੀ ਪੂਜਾ ਕਰਨ ਵਾਲੇ ਹਮੇਸ਼ਾ ਇਹ ਚਾਹੁੰਦੇ ਹਨ ਕਿ ਅਸਾਡਾ ਘਰ ਮਾਇਆ ਨਾਲ ਭਰ ਜਾਵੇ, ਅਸੀਂ ਰਾਤੋਂ ਰਾਤ ਅਮੀਰ ਹੋ ਜਾਈਏ। ਅਜਿਹੇ ਪੁਰਸ਼ਾਂ ਨੂੰ ਮਾਇਆ ਕਮਾਉਣ ਲਈ ਢੰਗ ਕੁਢੰਗ ਵਰਤਣ ਵਿਚ ਕੋਈ ਸੰਕੋਚ ਨਹੀਂ ਹੋਇਆ ਕਰਦਾ ਕਿਉਂਕਿ ਮਾਇਆ ਉਨ੍ਹਾਂ ਨੇ ਆਪਣੀ ਇਸ਼ਟ ਬਣਾਈ ਹੋਈ ਹੈ।

ਇਸੇ ਤਰ੍ਹਾਂ ਨਾਲ ਪੁੱਤਰ ਪ੍ਰਾਪਤੀ ਦਾ ਮੋਹ ਅਸਾਡੇ ਵਿਚ ਬਹੁਤ ਹੋਇਆ ਕਰਦਾ ਹੈ ਕਿਉਂਕਿ ਅਸਾਡੇ ਸਾਸ਼ਤਰਾਂ ਦਾ ਮਤ ਹੈ ਕਿ ਸਰੀਰ ਛਡ ਕੇ ਜੋ ਰੂਹ ਸਵਰਗਾਂ ਵਿਚ ਜਾ ਕੇ ਸਥਿਤ ਹੋ ਗਈ ਹੈ ਉਸ ਦੇ ਨਮਿਤ ਲਾਇਕ ਪੁੱਤਰਾਂ ਨੂੰ ਪੁੰਨ ਦਾਨ ਕੱਢਣਾ ਪੈਂਦਾ ਹੈ। ਇਸ ਨੂੰ ਪਿਤਰ ਦੰਡ ਆਖਿਆ ਜਾਂਦਾ ਹੈ। ਉਨ੍ਹਾਂ ਦੀਆਂ ਬਰਸੀਆਂ ਮਨਾਉਣੀਆਂ, ਉਨ੍ਹਾਂ ਦੇ ਜੀਵਨ ਚਰਿੱਤਰ ਤੇ ਝਾਤ ਮਾਰ ਕੇ ਆਪਣਾ ਪੱਥ ਪ੍ਰਦਰਸ਼ਕ ਕਰਨਾ ਇਕ ਸੁਲਝਿਆ ਹੋਇਆ ਕਦਮ ਹੈ ਪਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਜੇ ਤੂੰ ਸੱਚੇ ਦਿਲੋਂ ਪਿਤਰਾਂ ਦਾ ਸਤਿਕਾਰ ਨਹੀਂ ਕਰਦਾ ਅਤੇ ਰਸਮਾਂ ਵਿਚ ਪੈ ਕੇ ਸ਼ਰਾਧ ਵਗੈਰਾ ਕਰਦਾ ਹੈਂ, ਇਹ ਇਕ ਲੋਕ ਲਾਜ ਰਖਣ ਦਾ ਹੀ ਕਾਰਜ ਹੈ, ਪਿਤਰਾਂ ਨਾਲ ਤੇਰਾ ਕੋਈ ਸਨੇਹ ਨਹੀਂ ਹੈ। ਬਾਣੀ ਵਿਚ ਵਿਅੰਗ ਭਾਵ ਨਾਲ ਇਸ ਤਰ੍ਹਾਂ ਦਸਿਆ ਗਿਆ ਹੈ-

*ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥*
*ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥*

*ਪੰਨਾ - 332*

ਪਰ ਜੇ ਪੂਰੀ ਸ਼ਰਧਾ ਦੇ ਨਾਲ ਲਾਇਕ ਪੁੱਤਰ ਆਪਣੀ ਨੇਕ ਕਮਾਈ ਦੇ ਵਿਚੋਂ ਆਪਣੇ ਪਿਤਰਾਂ ਵਾਸਤੇ ਕੁਝ ਕਢਦਾ ਹੈ ਤਾਂ ਜਨਮ ਸਾਖੀ ਵਿਚ ਐਸੀਆਂ ਸਾਖੀਆਂ ਆਉਂਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਪਿਤਰਾਂ ਨੂੰ ਪੁੰਨ ਪਹੁੰਚ ਜਾਇਆ ਕਰਦਾ ਹੈ।

ਇਕ ਪੁਰਾਤਨ ਕਥਾ ਹੈ ਕਿ ਦਸਰਥ ਰਾਜੇ ਦਾ ਪਿਤਾ ਇਕ ਦਿਨ ਸੁਪਨ ਵਿਚ ਆਇਆ, ਪਰਤੱਖ ਰੂਪ ਵਿਚ ਕਿਹਾ ਕਿ ਪੁੱਤਰ ਦੁਨੀਆਂ ਵਿਚ ਰਾਜਾ ਤ੍ਰਿਸ਼ੰਕੂ ਮੇਰੇ ਅਧੀਨ ਰਾਜਾ ਸੀ ਪਰ ਉਸ ਨੇ ਕੀਤੇ ਪੁੰਨਾਂ ਦੇ ਅਧਾਰ ਤੇ ਮੈਥੋਂ ਉਚਾ ਸਵਰਗ ਪ੍ਰਾਪਤ ਕਰ ਲਿਆ ਹੈ। ਤੂੰ ਮੇਰੇ ਨਮਿਤ ਯੱਗ ਕਰਕੇ ਓਹਨਾਂ ਦਾ ਫਲ ਮੇਰੇ ਨਮਿਤ ਦੇਹ ਤਾ ਕਿ ਮੈਨੂੰ ਉਚਾ ਸਵਰਗ ਮਿਲ ਸਕੇ। ਦਸਰਥ ਜੀ ਨੇ ਯੱਗ ਕੀਤਾ ਤੇ ਉਸ ਨੇ ਫਿਰ ਸੁਪਨੇ ਵਿਚ ਆ ਕੇ ਕਿਹਾ ਕਿ ਹੁਣ ਮੈਂ ਉਸ ਤੋਂ ਉਚਾ ਹੋ ਗਿਆ ਹਾਂ।

ਗੁਰੂ ਨਾਨਕ ਪਾਤਸ਼ਾਹ ਲਾਹੌਰ ਵਿਚ ਸੇਠ ਦੁਨੀਚੰਦ ਜੀ ਦੇ ਗ੍ਰਿਹਿ ਵਿਚ ਸ਼ਰਾਧ ਸਮੇਂ ਬੁਲਾਏ ਹੋਏ ਗਏ। ਉਸ ਵੇਲੇ ਸਾਰੇ ਸਾਧੂਆਂ, ਬ੍ਰਾਹਮਣਾਂ ਨੇ ਯੱਗ ਦਾ ਅੰਨ ਛਕਿਆ, ਬਹੁਤ ਵਧੀਆ-ਵਧੀਆ ਭੋਜਨ ਛਕੇ ਅਤੇ ਅਰਦਾਸ ਕੀਤੀ ਕਿ ਇਸ ਯੱਗ ਦਾ ਫਲ ਦੁਨੀਚੰਦ ਦੇ ਪਿਤਾ ਨੂੰ ਪਹੁੰਚ ਜਾਵੇ।

ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਗਈ ਕਿ ਮਹਾਰਾਜ! ਹੋਰ ਤਾਂ ਸਭ ਨੇ ਭੋਜਨ ਛਕ ਲਿਆ ਹੈ, ਤੁਸੀਂ ਵੀ ਭੋਜਨ ਛਕੋ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ ਦੁਨੀਚੰਦ! ਤੈਨੂੰ ਕਿੰਨੇ ਸਾਲ ਸਰਾਧ ਕਰਦਿਆਂ ਨੂੰ ਹੋ ਗਏ? ਉਸ ਨੇ ਦਸਿਆ ਕਿ ਮਹਾਰਾਜ! ਇਹ ਦੂਜਾ, ਤੀਜਾ ਸਰਾਧ ਹੈ। ਗੁਰੂ ਮਹਾਰਾਜ ਨੇ ਕਿਹਾ ਕਿ ਦੁਨੀਚੰਦ! ਤੇਰੇ ਪਿਤਾ ਨੂੰ ਤਾਂ ਇਸ ਸਰਾਧ ਦਾ ਕੋਈ ਵੀ ਫਲ ਨਹੀਂ ਪਹੁੰਚਿਆ। ਤੂੰ ਜਾਣਦਾ ਹੈਂ ਤੇਰਾ ਪਿਤਾ ਕਿਥੇ ਹੈ? ਉਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਮੇਰਾ ਪਿਤਾ ਬਹੁਤ ਨੇਕ ਸੀ, ਧਰਮ ਕਾਰਜਾਂ ਲਈ ਮਾਇਆ ਦਾ ਚੌਖਾ ਹਿੱਸਾ ਕੱਢਿਆ ਕਰਦਾ ਸੀ। ਧਾਰਮਕ ਪੁਸਤਕਾਂ ਦਾ ਪਾਠ ਕਰਿਆ ਕਰਦਾ ਸੀ ਉਹ ਪਿਤਰ ਲੋਕ ਜਾਂ ਸਵਰਗ ਲੋਕ ਵਿਚ ਹੋਵੇਗਾ। ਗੁਰੂ ਮਹਾਰਾਜ ਨੇ ਕਿਹਾ ਕਿ ਆ ਅੱਜ ਤੈਨੂੰ ਤੇਰੇ ਪਿਤਾ ਦੇ ਦਰਸ਼ਨ ਕਰਾਈਏ। ਤੂੰ ਐਉਂ ਕਰ ਭੋਜਨ ਦਾ ਇਕ ਥਾਲ ਚੁੱਕ ਲੈ ਅਤੇ ਰਾਵੀ ਦੇ ਖੱਬੇ ਕੰਢੇ ਹੌਲੀ-ਹੌਲੀ ਝੱਲ ਵਿਚ ਤੁਰਿਆ ਜਾਹ, ਚਾਰ ਮੀਲ ਲੰਘਣ ਪਿਛੋਂ ਇਕ ਸੰਘਣਾ ਝੁੰਡ ਆਵੇਗਾ ਉਥੇ ਤੂੰ ਆਪਣੇ ਪਿਤਾ ਨੂੰ ਹਾਕ ਮਾਰੀਂ, ਤੂੰ ਡਰਨਾ ਨਹੀਂ। ਉਹ ਬਘਿਆੜ ਰੂਪ ਵਿਚ ਤੇਰੇ ਸਾਮ੍ਹਣੇ ਆਵੇਗਾ ਅਤੇ ਮਨੁੱਖੀ ਬੋਲੀ ਵਿਚ ਤੈਨੂੰ ਸਭ ਕੁਝ ਸਮਝਾ ਦੇਵੇਗਾ। ਤੂੰ ਸਾਡੇ ਹੱਥ ਦਾ ਛੋਹਿਆ ਹੋਇਆ ਪ੍ਰਸ਼ਾਦ ਉਸ ਦੇ ਅੱਗੇ ਰੱਖ ਦੇਵੀਂ, ਉਸ ਦਾ ਸਰੀਰ ਸ਼ਾਂਤ ਹੋ ਜਾਵੇਗਾ ਅਤੇ ਦੇਵ ਲੋਕਾਂ ਵਿਚ ਜੋ

ਵਰਤਾਰਾ ਹੋ ਰਿਹਾ ਹੈ ਉਹ ਤੈਨੂੰ ਸਮਝਾ ਦੇਵੇਗਾ।

ਉਸ ਨੇ ਇਸੇ ਤਰ੍ਹਾਂ ਕੀਤਾ। ਉਸ ਬਘਿਆੜ ਨੇ ਪਵਿੱਤਰ ਪ੍ਰਸ਼ਾਦ ਦੀਆਂ ਦੋ ਕੁ ਗਰਾਹੀਆਂ ਖਾਧੀਆਂ ਅਤੇ ਉਹ ਧਰਤੀ ਤੇ ਗਿਰ ਗਿਆ। ਉਸ ਦੇ ਨਾਲ ਇਕ ਕਾਲੇ ਰੰਗ ਦੀ ਰੂਹ ਨਿਕਲੀ ਜੋ ਦੇਖਦੇ-ਦੇਖਦੇ ਪ੍ਰਕਾਸ਼ਮਈ ਹੋ ਗਈ। ਦੁਨੀਚੰਦ ਨੇ ਇਨ੍ਹਾਂ ਖਾਕੀ ਨਿਗ੍ਹਾ ਦੇ ਨਾਲ, ਗੁਰੂ ਦੀ ਬਖਸ਼ੀ ਦ੍ਰਿਸ਼ਟੀ ਨਾਲ ਆਪਣੇ ਪਿਤਾ ਨੂੰ ਪਛਾਣ ਲਿਆ ਅਤੇ ਕਹਿਣ ਲੱਗਿਆ ਕਿ ਪਿਤਾ ਜੀ! ਤੁਹਾਡੀ ਕੀ ਦਸ਼ਾ ਹੋ ਗਈ? ਮੈਂ ਤਾਂ ਤੁਹਾਡੇ ਨਮਿਤ ਸਰਾਧ ਕੀਤਾ ਹੈ? ਕੀ ਤੁਹਾਨੂੰ ਸ਼ਰਾਧ ਦਾ ਕੋਈ ਫਲ ਪ੍ਰਾਪਤ ਨਹੀਂ ਹੋਇਆ? ਤਾਂ ਉਸ ਨੇ ਕਿਹਾ, "ਪੁਤਰ! ਮੈਨੂੰ ਫਲ ਸਿਰਫ ਹੁਣ ਪ੍ਰਾਪਤ ਹੋਇਆ ਹੈ, ਅੱਜ ਤੋਂ ਪਹਿਲਾਂ ਤੂੰ ਜੋ ਸਰਾਧ ਕੀਤੇ ਹਨ ਉਹ ਤਾਂ ਕਾਵਾਂ ਤੇ ਕੁੱਤਿਆਂ ਨੇ ਹੀ ਖਾ ਲਏ ਹਨ। ਮੇਰੇ ਤਕ ਉਸ ਪੁੰਨ ਦੀ ਕੋਈ ਅੰਸ ਨਹੀਂ ਪਹੁੰਚੀ।" ਦੁਨੀਚੰਦ ਨੇ ਪੁਛਿਆ, "ਪਿਤਾ ਜੀ! ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਵਿਧੀਪੂਰਵਕ ਸਰਾਧ ਕਰਾਏ ਹੋਏ ਕਿਉਂ ਪਿਤਰਾਂ ਵਾਸਤੇ ਫਲ ਨਹੀਂ ਪਹੁੰਚਾਉਂਦੇ? ਉਸ ਵੇਲੇ ਉਸ ਨੇ ਕਿਹਾ ਕਿ ਹੇ ਪੁੱਤਰ! ਤੇਰੇ ਘਰ ਅੱਜ ਸਾਖਸ਼ਾਤ ਪ੍ਰਭੂ ਆਏ ਹੋਏ ਹਨ, ਉਹ ਮੈਨੂੰ ਗਿਆਨ ਬਖਸ਼ ਰਹੇ ਹਨ, ਉਨ੍ਹਾਂ ਦੀ ਸੱਤਾ ਨਾਲ ਮੈਂ ਤੇਰੇ ਨਾਲ ਗੱਲ ਕਰ ਰਿਹਾ ਹਾਂ, ਤੇਰੇ ਪ੍ਰਸ਼ਨ ਦਾ ਉਤਰ ਵੀ ਮੈਂ ਉਨ੍ਹਾਂ ਦੀ ਸੱਤਾ ਨਾਲ ਹੀ ਦੇ ਰਿਹਾ ਹਾਂ। ਉਹ ਇਸ ਤਰ੍ਹਾਂ ਹੈ ਕਿ ਦਾਨ, ਅੱਗੇ ਓਹੀ ਪਹੁੰਚਦਾ ਹੈ ਜੋ ਪ੍ਰਭੂ ਦੇ ਪਿਆਰਿਆਂ ਰਾਹੀਂ ਕੀਤਾ ਜਾਵੇ ਜਿਨ੍ਹਾਂ ਨੂੰ ਅਭਿਆਗਤ ਆਖਦੇ ਹਨ। ਅੱਜ ਸਾਰੇ ਵਿਹਲੜ ਅਭਿਆਗਤ ਬਣੇ ਫਿਰਦੇ ਹਨ, ਉਹ ਪ੍ਰਭੂ ਤੋਂ ਟੁੱਟੇ ਹੋਏ ਹਨ। ਉਨ੍ਹਾਂ ਨੂੰ ਦੇਣਾ ਜਾਂ ਕਾਵਾਂ ਕੁੱਤਿਆਂ ਨੂੰ ਖੁਆ ਦੇਣਾ ਕੋਈ ਬਹੁਤਾ ਫਰਕ ਨਹੀਂ ਦਿੰਦਾ। ਅਜੇ ਕਈ ਹਾਲਤਾਂ ਵਿਚ ਕਾਵਾਂ ਕੁੱਤਿਆਂ ਨੂੰ ਖਲਾਇਆ ਕਿਤੇ ਜ਼ਿਆਦਾ ਫਲ ਦਿੰਦਾ ਹੈ ਉਹ ਇਸ ਕਰਕੇ ਇਹ ਬੰਦੇ ਦ੍ਵੈਤ ਦੇ ਭਰੇ ਹੋਏ ਪ੍ਰਾਣੀ ਹਨ ਜਿਨ੍ਹਾਂ ਦੇ ਮਨ ਵਿਚ ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਰਾਗ, ਦ੍ਵੈਸ਼ ਦੇ ਅਵਗੁਣ ਭਰੇ ਹੋਏ ਹਨ। ਉਹ ਪ੍ਰਭੂ ਨਾਲੋਂ ਟੁੱਟੇ ਹੋਏ ਹਨ ਉਨ੍ਹਾਂ ਦਾ ਖਾਧਾ ਉਨ੍ਹਾਂ ਦੇ ਸਰੀਰ ਨੂੰ ਹੀ ਪੀੜਤ ਕਰਦਾ ਹੈ। ਕਿਸੇ ਨੂੰ ਹੋਰ ਫਲ ਨਹੀਂ ਦੇ ਸਕਦਾ। ਇਕ ਤਰ੍ਹਾਂ ਇਹ ਇਕ ਵਹਿਮ ਹੈ ਜਿਸਦੇ ਅੰਦਰ ਪਿਆਂ ਸੰਸਾਰ ਖੁਆਰ ਹੋ ਰਿਹਾ ਹੈ। ਇਕ ਰਸਮ ਹੈ ਜੋ ਲੋਕ ਲਾਜ ਨੂੰ ਅੱਗੇ ਰੱਖ ਕੇ ਪੂਰੀ ਕੀਤੀ ਜਾ ਰਹੀ ਹੈ। ਉਸ ਨੇ ਕਿਹਾ, "ਬੇਟਾ! ਉਹ ਅਭਿਆਗਤ ਜਿਨ੍ਹਾਂ ਦੇ ਚਿਤ ਵਿਚ ਕੋਈ ਭਰਮ ਨਹੀਂ ਹੈ, ਜੋ ਹਰ ਘਟ ਵਿਚੋਂ ਪ੍ਰਭੂ ਜੋਤ ਨੂੰ ਦੇਖਦੇ ਹਨ। ਅੰਦਰ ਬਾਹਰ ਇਕੋ ਦੇਖਦੇ ਹਨ, ਪਉਣ, ਪਾਣੀ, ਬੈਸੰਤਰ, ਸਾਰੇ ਜੀਵ ਜੰਤੂਆਂ ਵਿਚ ਉਸ ਪ੍ਰਭੂ ਨੂੰ ਦੇਖਦੇ ਹਨ ਉਨ੍ਹਾਂ ਨੂੰ ਜੇ ਭੋਜਨ ਛਕਾ ਦਿਤਾ ਜਾਵੇ ਤਾਂ ਉਸ ਦਾ ਫਲ ਬਹੁਤ ਹੋਇਆ ਕਰਦਾ ਹੈ" -

*ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥*
*ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ॥*
*ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ॥*
*ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ॥*
*ਪੰਨਾ - 949*

*ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ॥*
*ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ॥*
*ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ॥*
*ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥*
*ਪੰਨਾ - 1413*

ਦਸ਼ਮੇਸ਼ ਪਿਤਾ ਭੀ ਇਵੇਂ ਫੁਰਮਾਉਂਦੇ ਹਨ -

*ਸੇਵ ਕਰੀ ਇਨਹੀ ਕੀ ਭਾਵਤ,*
*ਅਉਰ ਕੀ ਸੇਵ ਸੁਹਾਤ ਨ ਜੀ ਕੋ।*
*ਦਾਨ ਦਯੋ ਇਨਹੀ ਕੋ ਭਲੋ,*
*ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ,*
*ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥ ਪਾਤਸ਼ਾਹੀ ੧੦*

ਸੋ ਬੇਟਾ! ਭੋਜਨਾਂ ਦੇ ਵੱਖਰੇ ਸੁਆਦ ਚੱਖਣ ਵਾਲੇ, ਸਾਧੂ ਨਹੀਂ ਹੋਇਆ ਕਰਦੇ ਸਗਮਾਂ ਇਹ ਤਾਂ ਸੁਆਦੂ ਹੋਇਆ ਕਰਦੇ ਹਨ ਇਨ੍ਹਾਂ ਨੂੰ ਛਕਾਇਆ ਹੋਇਆ ਇਨ੍ਹਾਂ ਦੀ ਦੇਹ ਤੋਂ ਅੱਗੇ ਕੋਈ ਪੁੰਨ ਪੈਦਾ ਨਹੀਂ ਕਰਦਾ ਪਰ ਮੈਂ ਤੈਨੂੰ ਦਸਦਾ ਹਾਂ ਕਿ ਅਜਿਹੇ ਪੁਰਸ਼ ਆਪਣੀ ਦੇਹ ਨੂੰ ਰੋਗ ਲਾ ਬੈਠਦੇ ਹਨ ਜਿਵੇਂ ਕਿ ਫੁਰਮਾਨ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥ ਪੰਨਾ - 1256*

ਪਿਤਰਾਂ ਨੂੰ ਸਿਰਫ ਓਹੀ ਅੰਨ ਪਹੁੰਚਦਾ ਹੈ ਜੋ ਸਚਮੁਚ ਅਭਿਆਗਤ ਨੂੰ ਭੇਟਾ ਕੀਤਾ ਜਾਂਦਾ ਹੈ। ਸੋ ਇਸ ਤਰ੍ਹਾਂ ਨਾਲ ਪਿਤਰਾਂ ਦੇ ਨਮਿਤ ਕੀਤੇ ਜਾਣ ਵਾਲੇ ਕਰਮਾਂ ਨੂੰ ਪਿਤਰ ਦੰਡ ਦੀ ਪੂਰਤੀ ਆਖਿਆ ਜਾਂਦਾ ਹੈ। ਇਹ ਕੋਈ ਲਾਇਕ ਬੱਚੇ ਹੀ ਭਰਦੇ ਹਨ। ਅੱਜਕਲ੍ਹ ਕਲਯੁਗ ਦਾ ਸਮਾਂ ਹੈ। ਬੱਚੇ ਮਾਂ ਬਾਪ ਨੂੰ ਛਡ ਕੇ ਆਪਣੇ ਹੀ ਪਰਿਵਾਰ ਵਿਚ ਪਰਚ ਜਾਂਦੇ ਹਨ। ਉਨ੍ਹਾਂ ਦਾ ਕੀਤਾ ਹੋਇਆ ਕਰਮ ਧਰਮ ਕੋਈ ਫਲ ਨਹੀਂ ਦਿੰਦਾ ਜਿਵੇਂ ਕਿ ਭਾਈ ਗੁਰਦਾਸ ਜੀ ਨੇ ਅੰਕਿਤ ਕੀਤਾ ਹੈ -

*ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦ ਨ ਜਾਣੈ ਕਥਾ ਕਹਾਣੀ।*
*ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।*
*ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।*
*ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣ ਵਾਣੀ।*
*ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।*
*ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ।*
*ਗੁਰੁ ਪਰਮੇਸਰੁ ਸਾਰੁ ਨ ਜਾਣੀ॥*
*ਭਾਈ ਗੁਰਦਾਸ ਜੀ, ਵਾਰ 37/13*

ਜਿਹੜਾ ਪੁਤਰ ਮਾਪਿਆਂ ਨੂੰ ਤਿਆਗ ਕੇ ਧਰਮ ਗ੍ਰੰਥਾਂ ਨੂੰ ਸੁਣਦਾ ਹੈ ਉਸ ਨੂੰ ਧਰਮ ਗ੍ਰੰਥਾਂ ਦੇ ਗੋਹਜ ਸਿਧਾਂਤਾਂ ਦਾ ਕੋਈ ਗਿਆਨ ਨਹੀਂ ਹੁੰਦਾ। ਇਹ ਵਾਹਿਗੁਰੂ ਜੀ ਦੀ ਨੇਤ ਹੈ, ਜਿਹੜਾ ਪੁੱਤਰ ਮਾਂ ਪਿਓ ਨੂੰ ਛੱਡ ਜਾਂਦਾ ਹੈ ਉਨ੍ਹਾਂ ਦੀ ਆਗਿਆ ਲਏ ਤੋਂ ਬਗੈਰ ਹੀ ਕਿਸੇ ਜੰਗਲ ਵਿਚ ਜਾ ਕੇ ਤਪ ਕਰਦਾ ਹੈ, ਉਹ ਜੰਗਲਾਂ ਵਿਚ ਭੁਲਿਆ ਹੀ ਫਿਰਦਾ ਹੈ ਕਿਉਂਕਿ ਮਾਤਾ ਪਿਤਾ ਦੀ ਅਸੀਸ ਉਸਨੇ ਪ੍ਰਾਪਤ ਨਹੀਂ ਕੀਤੀ। ਜੇ ਕੋਈ ਮਾਪਿਆਂ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ

ਪੂਜਾ ਕਰਦਾ ਹੈ ਉਸ ਦੀ ਸੇਵਾ ਨੂੰ ਦੇਵੀ ਦੇਵਤੇ ਪ੍ਰਵਾਨ ਨਹੀਂ ਕਰਦੇ ਕਿਉਂਕਿ ਮਾਂ ਪਿਓ ਹੀ ਦੇਵੀ ਦੇਵ ਹਨ ਜਿਨ੍ਹਾਂ ਨੇ ਅਨੇਕ ਕਸ਼ਟ ਸਹਿ ਕੇ ਪੁੱਤਰ ਨੂੰ ਪੜ੍ਹਾਇਆ ਲਿਖਾਇਆ ਅਤੇ ਸ਼ਾਦੀ ਕੀਤੀ, ਉਸਦੀਆਂ ਕਾਮਨਾਵਾਂ ਪੂਰੀਆਂ ਕਰਨ ਲਈ ਥਾਂ-ਥਾਂ ਮੱਥੇ ਨਿਵਾਉਂਦੇ ਰਹੇ। ਅਜਿਹੇ ਪੁੱਤਰ ਜਦੋਂ ਮਾਂ-ਬਾਪ ਦਾ ਸਤਿਕਾਰ ਨਹੀਂ ਕਰਦੇ ਉਨ੍ਹਾਂ ਦੀ ਪੂਜਾ ਥਾਂ ਨਹੀਂ ਪਿਆ ਕਰਦੀ। ਮਾਤਾ ਪਿਤਾ ਨੂੰ ਵਿਸਾਰ ਕੇ ਜਿਹੜੇ ਪੁਤਰ ਅਠਾਹਠ ਤੀਰਥਾਂ ਤੇ ਇਸ਼ਨਾਨ ਕਰਨ ਲਈ ਪੁਜਦੇ ਹਨ, ਮਾਂ-ਬਾਪ ਦਾ ਸਤਿਕਾਰ ਨਹੀਂ ਕਰਦੇ, ਨਾ ਉਨ੍ਹਾਂ ਦੀ ਭਾਵਨਾ ਨੂੰ ਸਮਝਣ ਦਾ ਜਤਨ ਕਰਦੇ ਹਨ, ਅਜਿਹੇ ਪੁੱਤਰਾਂ ਨੂੰ ਕੋਈ ਫਲ ਪ੍ਰਾਪਤ ਨਹੀਂ ਹੁੰਦਾ ਸਗਮਾਂ ਐਵੇਂ ਘੁੰਮਣ ਘੇਰੀਆਂ ਵਿਚ ਗੋਤੇ ਖਾਂਦੇ ਹਨ। ਗਰੀਬ ਮਾਂ ਬਾਪ ਕਪੜੇ ਲਈ ਤਰਸਦੇ ਹਨ, ਰੋਟੀ ਲਈ ਤਰਸਦੇ ਹਨ ਅਜਿਹਾ ਪੁੱਤਰ ਜੇ ਦਾਨ ਕਰਦਾ ਹੈ ਤਾਂ ਉਹ ਪੁੱਤਰ ਅਗਿਆਨੀ ਅਤੇ ਬੇਇਮਾਨ ਹੈ। ਕਿਉਂਕਿ ਮਾਤਾ ਪਿਤਾ ਦਾ ਪਹਿਲਾ ਹੱਕ ਹੋਇਆ ਕਰਦਾ ਹੈ ਦਾਨ ਲੈਣ ਵਾਲਿਆਂ ਦਾ ਪਿਛੋਂ ਹੁੰਦਾ ਹੈ। ਮਾਤਾ ਪਿਤਾ ਦਾ ਤਿਆਗ ਕਰਕੇ ਜਿਹੜਾ ਪੁੱਤਰ ਵਰਤ ਆਦਿ ਅਨੇਕਾਂ ਢੌਂਗ ਰਚਦਾ ਹੈ ਉਹ ਪੁੱਤਰ 84 ਲੱਖ ਜੂਨਾਂ ਦੇ ਚੱਕਰ ਵਿਚ ਭਰਮ ਦਾ ਮਾਰਿਆ ਫਿਰਦਾ ਹੈ ਅਜਿਹੇ ਪੁੱਤਰਾਂ ਨੇ ਗੁਰੂ ਤੇ ਪ੍ਰਮੇਸ਼ਰ ਦੀ ਸਾਰ ਨਹੀਂ ਜਾਣੀ।

ਮਾਤਾ ਪਿਤਾ ਨੇ ਪੁੱਤਰ ਉਪਰ ਬਹੁਤ ਉਪਕਾਰ ਕੀਤੇ ਹਨ, ਜਦੋਂ ਪੁੱਤਰ ਮਾਤਾ ਦੇ ਗਰਭ ਵਿਚ ਨਿਵਾਸ ਰਖਦਾ ਹੈ, ਮਾਤਾ ਸਭ ਕਿਸਮ ਦੇ ਰਸ-ਰਸ ਖਾਣੇ ਬੰਦ ਕਰ ਦਿੰਦੀ ਹੈ। ਉਹ ਬਹੁਤ ਪੀੜਾ ਸਹਿ ਕੇ ਪੁੱਤਰ ਨੂੰ ਜਨਮ ਦਿੰਦੀ ਹੈ। ਮਾਂ ਬੜੀ ਸਾਵਧਾਨੀ ਨਾਲ ਪੁੱਤਰ ਦੀ ਪਾਲਣਾ ਕਰਦੀ ਹੈ। ਉਹ ਅਜਿਹੀ ਚੀਜ਼ ਨਹੀਂ ਖਾਂਦੀ ਜਿਸ ਕਰਕੇ ਉਸ ਦੇ ਦੁੱਧ ਵਿਚ ਉਸ ਚੀਜ਼ ਦਾ ਅਸਰ ਚਲਿਆ ਜਾਵੇ ਅਤੇ ਉਸ ਦੇ ਪੁੱਤਰ ਨੂੰ ਤਕਲੀਫ ਹੋਵੇ ਜਿਵੇਂ ਕਿ ਜਿਹੜੀਆਂ ਮਾਤਾਵਾਂ ਦੁੱਧ ਪੀਣ ਵਾਲੇ ਬਾਲਕ ਦੇ ਹੁੰਦਿਆਂ ਬਹੁਤ ਮਿੱਠਾ ਖਾਂਦੀਆਂ ਹਨ ਉਨ੍ਹਾਂ ਦੇ ਪੁੱਤਰਾਂ ਨੂੰ ਬਹੁਤ ਪੀੜਾ ਹੁੰਦੀ ਹੈ ਉਨ੍ਹਾਂ ਦੇ ਮਿੱਠੇ ਲੜਨੇ ਸ਼ੁਰੂ ਹੋ ਜਾਂਦੇ ਹਨ। ਸਿਆਣੇ ਉਸ ਨੂੰ ਵਰਜਦੇ ਹਨ ਕਿ ਤੂੰ ਮਿੱਠਾ ਨਾ ਖਾਹ। ਜੇ ਉਹ ਖੁਸ਼ਕ ਰੋਟੀਆਂ ਖਾਂਦੀਆਂ ਹਨ, ਛੋਲਿਆਂ ਆਦਿ ਦਾ ਜ਼ਿਆਦਾ ਪ੍ਰਯੋਗ ਕਰਦੀਆਂ ਹਨ ਉਸ ਦੇ ਪੁੱਤਰ ਨੂੰ ਕਬਜ਼ ਹੋ ਜਾਂਦੀ ਹੈ। ਇਸ ਕਰਕੇ ਉਸ ਨੂੰ ਆਪਣੀ ਜੀਭ ਦੇ ਸਾਰੇ ਸੁਆਦ ਛੱਡਣੇ ਪੈਂਦੇ ਹਨ। ਆਪ ਪਹਿਨਣਾ ਛਡ ਦਿੰਦੀ ਹੈ ਪਰ ਪੁੱਤਰ ਲਈ ਚੰਗੇ ਤੋਂ ਚੰਗੇ ਵਸਤਰ ਲਿਆਉਂਦੀ ਹੈ ਅਤੇ ਚੰਗੀ ਤੋਂ ਚੰਗੀ ਖੁਰਾਕ ਦਿੰਦੀ ਹੈ। ਮਾਤਾ ਪਿਤਾ ਆਪਣਾ ਖਾਣਾ ਪੀਣਾ ਘਟਾ ਦਿੰਦੇ ਹਨ, ਪੂਰੀ ਤਰ੍ਹਾਂ ਨਾਲ ਦੁੱਧ ਨਹੀਂ ਪੀਂਦੇ, ਪੂਰੀ ਤਰ੍ਹਾਂ ਨਾਲ ਮੱਖਣ ਆਦਿ ਦਾ ਪ੍ਰਯੋਗ ਨਹੀਂ ਕਰਦੇ ਕਿਉਂਕਿ ਓਹੀ ਧਨ ਬਚਾ ਕੇ ਪੁੱਤਰ ਲਈ ਚੰਗੇ ਤੋਂ ਚੰਗੇ ਪਦਾਰਥ ਲਿਆ ਕੇ ਉਸ ਨੂੰ ਪਾਲਦੇ ਹਨ। ਮਾਤਾ ਪਿਤਾ ਚੰਗੇ ਤੋਂ ਚੰਗੇ ਸਕੂਲ ਵਿਚ ਆਪਣੇ ਵਿਤ ਅਨੁਸਾਰ ਉਸ ਨੂੰ ਪੜ੍ਹਾਉਂਦੇ ਹਨ। ਆਪਣਾ ਕਮਾਇਆ ਹੋਇਆ ਧਨ ਪੁੱਤਰ ਨੂੰ ਪੜ੍ਹਾਈ ਕਰਾਉਣ ਲਈ ਖਰਚਦੇ ਹਨ। ਮਾਪੇ ਇਸ ਤਰ੍ਹਾਂ ਦੇ ਨਾਲ ਆਪਣੇ ਸਿਰ ਤੇ ਪੁਤਰ ਵਲੋਂ ਜੋ ਪਾਇਆ ਹੋਇਆ ਕਰਜ਼ ਹੈ ਉਹ ਉਤਾਰ ਕੇ ਸੁਰਖਰੂ ਹੋ ਜਾਂਦੇ ਹਨ।

*ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ॥*
*ਰਸ ਕਸ ਖਾਇ ਨ ਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ॥*
*ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।*
*ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।*
*ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।*
*ਛਾਦਨੁ ਭੋਜਨੁ ਪੋਖਿਆ ਭੰਡਨ ਮੰਗਨ ਪੜ੍ਹਨ ਚਿਤਾਰੇ।*
*ਪਾਂਧੇ ਪਾਸ ਬਹਾਲਿਆ ਖਟਿ ਲੁਟਾਇ ਹੋਇ ਸੁਚਿਆਰੇ।*
*ਅਰਿਣਿਤ ਹੋਏ ਭਾਰੁ ਉਤਾਰੇ॥*

***ਭਾਈ ਗੁਰਦਾਸ ਜੀ, ਵਾਰ 37/10***

ਜਦੋਂ ਪੁੱਤਰ ਪੜ੍ਹ ਲਿਖ ਜਾਂਦਾ ਹੈ ਤਾਂ ਮਾਤਾ ਪਿਤਾ ਦੇ ਮਨ ਵਿਚ ਪੂਰੀ ਤਰ੍ਹਾਂ ਨਾਲ ਇਹ ਗੱਲ ਸਮਾਈ ਹੁੰਦੀ ਹੈ ਕਿ ਸਾਡਾ ਪੁੱਤਰ ਬਹੁਤ ਲਾਇਕ ਹੋ ਗਿਆ ਹੈ। ਇਸ ਨੂੰ ਚੰਗੇ ਤੋਂ ਚੰਗੇ ਘਰ ਵਿਚ ਮੰਗੀਏ, ਵਿਆਹੀਏ। ਜਦੋਂ ਵਿਆਹ ਹੋ ਜਾਂਦਾ ਹੈ ਤਾਂ ਸਭ ਤੋਂ ਵੱਧ ਖੁਸ਼ੀ ਮਾਤਾ-ਪਿਤਾ ਨੂੰ ਹੁੰਦੀ ਹੈ। ਉਨ੍ਹਾਂ ਦੇ ਮਨ ਵਿਚ ਬਹੁਤ ਆਸ਼ਾਵਾਂ ਹੁੰਦੀਆਂ ਹਨ ਕਿ ਸਾਡਾ ਪੁੱਤਰ ਸਾਡੇ ਨਾਲ ਮਿਲ ਕੇ ਕਮਾਈ ਕਰੇਗਾ। ਪੁੱਤਰ, ਪੋਤਰੀਆਂ ਹੋਣਗੀਆਂ। ਸਾਡਾ ਪੁੱਤਰ ਸਾਇੰਸਦਾਨ, ਪ੍ਰੋਫੈਸਰ ਬਣ ਗਿਆ ਹੈ ਸੋ ਬਹੁਤ ਐਸੀਆਂ ਆਸ਼ਾਵਾਂ ਉਨ੍ਹਾਂ ਨੂੰ ਪ੍ਰਸੰਨਤਾ ਬਖਸ਼ਦੀਆਂ ਹਨ। ਜਦੋਂ ਮਾਂ ਆਪਣੇ ਪੁੱਤਰ ਦੇ ਅਤੇ ਨੂੰਹ ਵਿਚ ਹੁੰਦਾ ਪਿਆਰ ਦੇਖਦੀ ਹੈ ਤਾਂ ਉਹ ਪ੍ਰਭੂ ਕੋਲ ਅਰਦਾਸ ਕਰਦੀ ਹੈ ਕਿ ਹੇ ਪ੍ਰਭੂ! ਇਸ ਛੋਟੇ ਜਿਹੇ ਪਰਿਵਾਰ ਨੂੰ ਤੂੰ ਕਦੇ ਦੁਖ ਨਾ ਦੇਈਂ। ਪਰ ਹੁੰਦਾ ਕੀ ਹੈ ਨੂੰਹ ਸਿਖੀ ਸਿਖਾਈ ਘਰ ਆਉਂਦੀ ਹੈ, ਮਾਂ ਬਾਪ ਤੋਂ ਪਤੀ ਨੂੰ ਵੱਖਰਾ ਕਰ ਦਿੰਦੀ ਹੈ। ਸੱਸ ਨਾਲ ਲੜਦੀ ਹੈ, ਪਤੀ ਨੂੰ ਸਿਖਾ ਦਿੰਦੀ ਹੈ। ਚੁਗਲੀਆਂ ਦਾ ਅਸਰ ਪੁੱਤਰ ਤੇ ਹੋ ਜਾਂਦਾ ਹੈ ਉਹ ਮਾਤਾ ਪਿਤਾ ਨਾਲ ਗੱਲ ਕਰਨੀ ਬੰਦ ਕਰ ਦਿੰਦਾ ਹੈ। ਮਾਤਾ ਪਿਤਾ ਸਿਕਦੇ ਹੀ ਰਹਿੰਦੇ ਹਨ ਕਿ ਇਹ ਕੀ ਹੋਇਆ ਸਾਡੀ ਸੋਚਣੀ ਉਪਰ ਪਾਣੀ ਫਿਰ ਗਿਆ। ਹੇ ਵਾਹਿਗੁਰੂ! ਇਸ ਪੁੱਤਰ ਨੂੰ ਸੁਮੱਤ ਦੇਹ। ਮਾਂ ਆਪਣੇ ਮੁਖ ਤੋਂ ਪੁੱਤਰ ਨੂੰ ਕਦੇ ਵੀ ਬੁਰਾ ਸ਼ਬਦ ਨਹੀਂ ਕਹਿੰਦੀ। ਨੂੰਹ ਪੁੱਤਰ ਦੋਨੋਂ ਮਾਤਾ ਪਿਤਾ ਤੋਂ ਆਕੀ ਹੋ ਕੇ ਉਨ੍ਹਾਂ ਨੂੰ ਬੋਲ ਕਬੋਲ ਬੋਲਦੇ ਹਨ ਜੋ ਉਨ੍ਹਾਂ ਨੂੰ ਸਹਿਣੇ ਔਖੇ ਹੋ ਜਾਂਦੇ ਹਨ। ਮਾਪਿਆਂ ਨਾਲ ਝਗੜਾ ਕਰਦੇ ਹਨ ਇਥੋਂ ਤਕ ਦੇਖਿਆ ਗਿਆ ਹੈ ਕਿ ਮਾਤਾ ਪਿਤਾ ਆਪਣੇ ਪੁੱਤਰਾਂ ਦੀ ਸਹੂਲਤ ਵਾਸਤੇ ਕੋਠੀਆਂ ਬਣਾਉਂਦੇ ਹਨ, ਜਾਇਦਾਦ ਖਰੀਦਦੇ ਹਨ, ਆਪਣੇ ਨਾਮ ਕੁਝ ਨਹੀਂ ਲਵਾਉਂਦੇ, ਆਪਣੇ ਪੁੱਤਰ ਦੇ ਨਾਂ ਲਵਾਉਂਦੇ ਹਨ ਪਰ ਉਸ ਪੁੱਤਰ ਨੂੰ ਉਸ ਦੀ ਪਤਨੀ ਆਪਣੇ ਸੱਸ ਤੇ ਸਹੁਰੇ ਦੇ ਖਿਲਾਫ ਕਰ ਦਿੰਦੀ ਹੈ। ਇਥੋਂ ਤਕ ਵੀ ਮੈਂ ਦੇਖਿਆ ਹੈ ਕਿ ਅਜਿਹੇ ਪਿਆਰ ਭਰੇ ਬਜ਼ੁਰਗਾਂ ਨੂੰ ਆਦੇਸ਼ ਮਿਲਦੇ ਜਾਂਦੇ ਹਨ ਕਿ ਘਰ ਸਾਡੇ ਨਾਮ ਹੈ, ਜਾਇਦਾਦ ਸਾਡੇ ਨਾਂ ਹੈ। ਪੁੱਤਰ ਕਹਿੰਦਾ ਹੈ ਜਾਂ ਘਰ ਖਾਲੀ ਕਰੋ ਜਾਂ ਕਿਰਾਇਆ ਦੇਵੋ, ਮੈਂ ਮੁਫਤ ਤੁਹਾਨੂੰ ਇਸ ਘਰ ਵਿਚ ਨਹੀਂ ਰਖ ਸਕਦਾ। ਮਾਤਾ ਪਿਤਾ ਦੇ ਉਪਕਾਰ ਨੂੰ ਭੁੱਲ ਜਾਂਦਾ ਹੈ। ਉਸ ਵੇਲੇ ਸਰਵਣ ਪੁੱਤਰ ਯਾਦ ਆਉਂਦਾ ਹੈ ਪਰ ਸਰਵਣ ਪੁੱਤਰ ਤਾਂ ਕੋਈ ਹੁੰਦਾ ਹੀ ਨਹੀਂ -

*ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।*

*ਰਹਸੀ ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਹੋਈ।*
*ਵਿਗਸੀ ਪੁਤ੍ਰ ਵਿਆਹਿਐ ਘੋੜੀ ਲਾਵਾਂ ਗਾਵ ਭਲੋਈ।*
*ਸੁਖਾਂ ਸੁਖੈ ਮਾਵੜੀ ਪੁਤੁ ਨੂੰਹ ਦਾ ਮੇਲ ਅਲੋਈ।*
*ਨੁਹੁ ਨਿਤ ਕੰਤ ਕੁਮੰਤ ਦੇਇ ਵਿਹਰੇ ਹੋਵਨਿ ਸਸੁ ਵਿਗੋਈ।*
*ਲਖ ਉਪਕਾਰੁ ਵਿਸਾਰਕੈ ਪੁਤ ਕੁਪੁਤ ਚਕੀ ਉਠਿ ਝੋਈ।*
*ਹੋਵੈ ਸਰਵਣ ਵਿਰਲਾ ਕੋਈ॥*

*ਭਾਈ ਗੁਰਦਾਸ ਜੀ, ਵਾਰ 37/11*

ਅੱਜਕਲ੍ਹ ਆਮ ਪਰਿਵਾਰਾਂ ਵਿਚ ਦੇਖਿਆ ਗਿਆ ਹੈ ਕਿ ਜਦੋਂ ਪੁੱਤਰ ਦਾ ਵਿਆਹ ਹੁੰਦਾ ਹੈ ਉਸ ਵੇਲੇ ਉਨ੍ਹਾਂ ਦੀ ਨੂੰਹ ਪਹਿਲਾਂ ਹੀ plan ਕਰਕੇ ਆਈ ਹੁੰਦੀ ਹੈ ਕਿ ਮਾਤਾ ਦੇ ਉਤੇ ਜਾਦੂ ਕਰ ਦੇਣਾ ਹੈ, ਕੁਝ ਖਲਾ ਦੇਣਾ ਹੈ ਜਿਸ ਨਾਲ ਉਨ੍ਹਾਂ ਨੂੰ ਕੋਈ ਨਾ ਕੋਈ ਬਿਮਾਰੀ ਲਗ ਜਾਵੇ।

ਇਸ ਪੁੱਤਰ ਨੇ ਵਿਆਹ ਕਰਾ ਕੇ ਸਭ ਤੋਂ ਪਹਿਲਾਂ ਪ੍ਰਭੂ ਨੂੰ ਭੁਲਾ ਦਿਤਾ ਅਤੇ ਫੇਰ ਮਾਪਿਆਂ ਨੂੰ ਵਿਸਾਰ ਦਿਤਾ। ਮਾਪਿਆਂ ਨੇ ਸੁੱਖਾਂ ਸੁੱਖ ਕੇ ਵਿਆਹ ਕੀਤਾ ਸੀ। ਮਾਂ, ਨੂੰਹ ਪੁੱਤਰ ਦੇ ਮਿਲਾਪ ਲਈ ਸਦਾ ਅਰਦਾਸਾਂ ਕਰਦੀ ਸੀ ਪਰ ਨੂੰਹ ਆਪਣੇ ਪਤੀ ਨੂੰ ਨਿਤ ਖੋਟੀ ਮਤ ਦਿੰਦੀ ਹੈ, ਜਿਸ ਕਰਕੇ ਪੁੱਤਰ ਮਾਪਿਆਂ ਨੂੰ ਛੱਡ ਕੇ ਵੱਡੇ ਹਤਿਆਰਿਆਂ (ਪਾਪੀਆਂ) ਵਾਲਾ ਕੰਮ ਕਰਦਾ ਹੈ। ਇਸ ਖੋਟੀ ਮਤ ਦਾ ਅਸਰ ਇਹ ਹੁੰਦਾ ਹੈ ਕਿ ਪੁੱਤਰ ਆਪਣੀ ਪਤਨੀ ਨੂੰ ਲੈ ਕੇ ਅਲੱਗ ਹੋ ਜਾਂਦਾ ਹੈ, ਪੁੱਤਰ ਦਾ ਇਹ ਕਰਮ ਬਹੁਤ ਖੋਟੀ ਚਾਲ ਵਾਲਾ ਹੁੰਦਾ ਹੈ।

*ਕਾਮਣਿ ਕਾਮਣਿਆਰੀਐ ਕੀਤੋ ਕਾਮਣ ਕੰਤ ਪਿਆਰੇ।*
*ਜੰਮੇ ਸਾਈਂ ਵਿਸਾਰਿਆ ਵੀਵਾਹਿਆਂ ਮਾਂ ਪਿਉ ਵਿਸਾਰੇ।*
*ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗ ਵਿਚਾਰਿ ਵਿਚਾਰੇ॥*
*ਪੁਤ ਨੂਹੈਂ ਦਾ ਮੇਲੁ ਵੇਖਿ ਅੰਗ ਨ ਮਾਵਨਿ ਮਾਂ ਪਿਉ ਵਾਰੇ।*
*ਨੂੰਹੁ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ।*
*ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ।*
*ਲੋਕਾਚਾਰਿ ਹੁਇ ਵਡੇ ਕੁਚਾਰੇ।*

*ਭਾਈ ਗੁਰਦਾਸ ਜੀ, ਵਾਰ 37/12*

ਇਸ ਤਰ੍ਹਾਂ ਦੇ ਨਾਲ ਜੋ ਪੁੱਤਰ ਵਾਸ਼ਨਾ ਹੈ ਪੁੱਤਰ ਪ੍ਰਾਪਤੀ ਲਈ ਬੜੇ ਨਖਿੱਧ ਕਰਮ ਕੀਤੇ ਜਾਂਦੇ ਹਨ। ਜਦੋਂ ਪੁੱਤਰ ਕੋਈ ਵੀ ਧਿਆਨ ਨਹੀਂ ਦਿੰਦਾ ਉਸ ਵੇਲੇ ਮਾਂ ਬਾਪ ਨੂੰ ਕਿੰਨਾ ਦੁਖ ਹੁੰਦਾ ਹੋਵੇਗਾ ਇਸ ਦਾ ਅੰਦਾਜ਼ਾ ਓਹੀ ਲਾ ਸਕਦੇ ਹਨ।

ਇਕ ਵਾਰੀ ਮੇਰੇ ਦੀਵਾਨ ਇਕ ਪਿੰਡ ਵਿਚ ਲੱਗੇ ਹੋਏ ਸਨ। ਅਚਾਨਕ ਰੌਲਾ ਪੈ ਗਿਆ ਕਿ ਦੱਸ ਮਹੀਨੇ ਦਾ ਬੱਚਾ ਖੇਲ੍ਹਦਾ-ਖੇਲ੍ਹਦਾ ਗੁੰਮ ਹੋ ਗਿਆ। ਜਦੋਂ ਮੈਨੂੰ ਪਤਾ ਲੱਗਿਆ ਤਾਂ ਮੈਂ ਸਭ ਨੂੰ ਕਿਹਾ ਕਿ ਮੀਲ ਦੋ ਮੀਲ ਅੰਦਰ ਘੇਰਾ ਪਾ ਲਵੋ ਅਤੇ ਉਸ ਘੇਰੇ ਨੂੰ ਛੋਟਾ ਕਰਦੇ ਤੁਰੇ ਆਓ। ਫਸਲਾਂ, ਖਰਲੇ, ਜੰਗਲ, ਬੇਲੇ ਸਭ ਦੇਖ ਲਓ ਇਸ ਤਰ੍ਹਾਂ ਕਰਦੇ-ਕਰਦੇ ਜਦੋਂ ਘੇਰਾ ਬਹੁਤ ਛੋਟਾ ਹੋ ਗਿਆ ਤਾਂ ਕੀ ਦੇਖਿਆ ਕਿ ਨਾਲ ਲਗਦੇ ਫਾਰਮ ਵਿਚ ਜੋ ਡੇਰਾ ਸੀ, ਉਸ ਦੀ ਜਦੋਂ ਤਲਾਸ਼ੀ ਲਈ ਗਈ ਤਾਂ ਬੱਚੇ ਦਾ ਮੂੰਹ ਬੰਨ੍ਹ ਕੇ ਮੰਜੇ ਦੇ ਹੇਠਾਂ ਸੁੱਟ ਕੇ ਭਾਰੀ ਚੀਜ਼ ਨਾਲ ਬੰਨ੍ਹਿਆ ਹੋਇਆ ਸੀ ਮੰਜੇ ਦੇ ਉਤੇ double bed ਦੀ ਚਾਦਰ ਪਾਈ ਹੋਈ ਸੀ। ਜਦੋਂ ਸਾਡੇ ਸਿੰਘਾਂ ਨੇ ਚਾਦਰ ਚੁਕੀ ਤਾਂ ਬੱਚਾ ਪੂਰੇ ਜ਼ੋਰ ਨਾਲ ਰੋ ਰਿਹਾ ਸੀ। ਪਰ ਉਸ ਦੀ ਅਵਾਜ਼ ਬਾਹਰ ਨਹੀਂ ਆ ਰਹੀ ਸੀ। ਉਸੇ ਘਰ ਦੇ ਸਾਮ੍ਹਣੇ ਇਕ ਮਾਈ ਜੋ ਤੰਤਰ ਵਿਦਿਆ ਦੀ ਜਾਣੂੰ ਸੀ, ਬੈਠੀ ਹੱਥ ਵਿਚ ਮਾਲਾ ਲਈ ਭਜਨ ਕਰਦੀ ਐਉਂ ਪ੍ਰਤੀਤ ਦਿੰਦੀ ਸੀ ਜਿਵੇਂ ਕੋਈ ਪ੍ਰਮੇਸ਼ਰ ਦੀ ਪਿਆਰੀ ਬੈਠੀ ਹੋਵੇ। ਉਸ ਨੂੰ ਵੀ ਨਾਲ ਹੀ ਫੜ ਲਿਆ ਜਦੋਂ ਉਸ ਨੂੰ ਚਾਹਟਾ ਛਕਾਇਆ ਗਿਆ ਤਾਂ ਉਸ ਨੇ ਦੱਸਿਆ ਕਿ ਇਨ੍ਹਾਂ ਦੇ ਘਰ ਓਲਾਦ ਨਹੀਂ ਸੀ ਤਾਂ ਮੈਂ ਇਨ੍ਹਾਂ ਨੂੰ ਕਿਹਾ ਕਿ ਕਿਸੇ ਦਾ ਜੇਠਾ ਪੁੱਤਰ ਲਿਆਓ। ਮੈਂ ਮੰਤਰ ਪੜ੍ਹ ਕੇ ਉਸ ਦੇ ਹੱਥ, ਪੈਰ, ਬਾਹਵਾਂ, ਲੱਤਾਂ ਕੱਟਾਂਗੀ ਅਤੇ ਸ਼ਾਹ ਰਗ ਕੱਟ ਕੇ ਖੂਨ ਦਾ ਬਰਤਨ ਭਰਾਂਗੀ। ਉਸ ਖੂਨ ਨੂੰ ਪਾਣੀ ਦੀ ਬਾਲਟੀ ਵਿਚ ਪਾ ਕੇ ਮੰਤਰੇ ਹੋਏ ਜਲ ਨਾਲ ਤੂੰ ਇਸ਼ਨਾਨ ਕਰ ਲਵੇਂਗੀ ਤਾਂ ਤੇਰੇ ਘਰ ਉਸੇ ਪੁੱਤਰ ਦੀ ਰੂਹ ਆ ਕੇ ਜਨਮ ਲਵੇਗੀ।

ਅਜਿਹੇ ਕੇਸ ਇਕ ਨਹੀਂ ਹੁੰਦੇ ਸੈਂਕੜੇ ਹੁੰਦੇ ਹਨ ਅਤੇ ਅਜਿਹੇ ਅਪਰਾਧ ਹੁੰਦੇ ਹੀ ਰਹਿੰਦੇ ਹਨ। ਸੋ ਅਜਿਹਾ ਕਰਮ ਕਰਕੇ ਵੀ ਪੁੱਤਰ ਪ੍ਰਾਪਤ ਕਰਨ ਤੋਂ ਸੰਕੋਚ ਨਹੀਂ ਕੀਤਾ ਜਾਂਦਾ ਪਰ ਪੁੱਤਰ ਇਕ ਸੈਕਿੰਡ ਵਿਚ ਆਪਣੀ ਪਤਨੀ ਦੇ ਸਿੱਖੇ ਸਿਖਾਏ ਮਾਤਾ ਪਿਤਾ ਨੂੰ ਛੱਡ ਦਿੰਦਾ ਹੈ। ਕੈਸਾ ਅਕ੍ਰਿਤਘਣ ਪੁਤਰ ਹੈ।

ਦੁਨੀਚੰਦ ਦਾ ਪਿਤਾ ਕਹਿਣ ਲੱਗਿਆ ਕਿ ਬੇਟਾ! ਤੂੰ ਨੇਕ ਪੁੱਤਰ ਹੈਂ, ਮੇਰੇ ਨਮਿਤ ਸਰਾਧ ਕਰਦਾ ਸੀ। ਭਾਵੇਂ ਤੈਨੂੰ ਨਹੀਂ ਪਤਾ ਸੀ ਕਿ ਮੈਨੂੰ ਤੇਰਾ ਕੀਤਾ ਹੋਇਆ ਸਰਾਧ ਪਹੁੰਚਦਾ ਹੈ ਜਾਂ ਨਹੀਂ ਪਹੁੰਚਦਾ ਪਰ ਤੂੰ ਪਿਤਰ ਦੰਡ ਭਰਦਾ ਹੀ ਰਿਹਾ ਹੈਂ। ਗੁਰੂ ਨਾਨਕ ਪਾਤਸ਼ਾਹ ਤੈਨੂੰ ਸੁਮੱਤ ਬਖਸ਼ਣਗੇ। ਤੇਰੇ ਘਰ ਪ੍ਰਭੂ ਆਪ ਆਏ ਹੋਏ ਹਨ ਤੂੰ ਉਨ੍ਹਾਂ ਦਾ ਹੁਕਮ ਮੰਨੀਂ।

ਦੁਨੀਚੰਦ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆਇਆ। ਆਪ ਨੇ ਕਿਹਾ ਕਿ ਪਿਤਰਾਂ ਦੇ ਨਮਿਤ ਓਹੀ ਅੰਨ ਪਹੁੰਚਦਾ ਹੈ ਜੋ ਭਜਨ ਕਰਨ ਵਾਲੇ ਨਿਸ਼ਕਾਮ ਪੁਰਸ਼ ਦੇ ਮੁੱਖ ਵਿਚ ਪਹੁੰਚਦਾ ਹੈ। ਅੱਜਕਲ੍ਹ ਦੇ ਅਜਿਹੇ ਪੁੱਤਰ ਹਨ ਜੋ ਆਪਣੇ ਮਾਤਾ ਪਿਤਾ ਦੇ ਨਮਿਤ ਕੁਝ ਨਹੀਂ ਕਰਦੇ।

ਸੋ ਇਹ ਬਚਨ ਇਸ ਲਈ ਲਿਖੇ ਹਨ ਕਿ ਪੁੱਤਰ ਵਾਸ਼ਨਾ ਆਦਮੀ ਨੂੰ ਕਿੰਨਾ ਨੀਵਾਂ ਲੈ ਜਾਂਦੀ ਹੈ ਅਤੇ ਪੁੱਤਰ ਪ੍ਰਾਪਤੀ ਤੋਂ ਬਾਅਦ ਜੋ ਦੁਖ ਪਹੁੰਚਦਾ ਹੈ ਉਸ ਦਾ ਕੋਈ ਅੰਦਾਜ਼ਾ ਹੀ ਨਹੀਂ ਲਗ ਸਕਦਾ। ਕਿਉਂਕਿ ਨਾ ਤਾਂ ਮਾਤਾ ਪਿਤਾ ਪੁੱਤਰ ਉਪਰ ਕੋਈ ਕਾਨੂੰਨੀ ਕਾਰਵਾਈ ਕਰ ਸਕਦੇ ਹਨ, ਨਾ ਆਪਣੇ ਪੁੱਤਰ ਨੂੰ ਕੋਈ ਨੁਕਸਾਨ ਪਹੁੰਚਾ ਸਕਦੇ ਹਨ। ਉਹ ਆਪ ਦੁਖੀ ਰਹਿ ਕੇ ਵੀ ਆਪਣੇ ਪੁੱਤਰਾਂ ਦਾ ਭਲਾ ਹੀ ਮੰਗਦੇ ਹਨ।

ਪੁੱਤਰ ਵਾਸ਼ਨਾ ਵਿਚ ਕੋਈ ਸੁਖ ਨਹੀਂ ਹੈ। ਇਸਦਾ ਇਹ ਮਤਲਬ ਨਹੀਂ ਕਿ ਅਸਾਡੇ ਪੁੱਤਰ ਪਰਿਵਾਰ ਦਾ ਵਾਧਾ ਹੀ ਨਾ ਹੋਵੇ। ਜੇ ਵਾਹਿਗੁਰੂ ਜੀ ਸੁਮੱਤ ਦੇ ਦੇਣ ਅਤੇ ਪੁੱਤਰ ਆਪਣੇ ਫਰਜ਼ ਪਹਿਚਾਣ ਲੈਣ ਤਾਂ ਮਾਤਾ ਪਿਤਾ ਵੀ ਸੁਖੀ ਰਹਿੰਦੇ ਹਨ ਅਤੇ ਪਰਿਵਾਰ ਵੀ ਸੁਖੀ ਰਹਿੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਰਿਸ਼ਤੇਦਾਰ, ਪੁੱਤਰ, ਧੀਆਂ ਇਹ ਸਭ ਪਿਛਲੇ ਜਨਮਾਂ ਦੇ ਸੰਜੋਗੀ ਹੋਇਆ ਕਰਦੇ ਹਨ ਪਰ ਆਪਣਾ-ਆਪਣਾ ਜੀਵਨ ਲੰਘਾਉਣ ਪਿਛੋਂ ਇਸ ਤਰ੍ਹਾਂ ਅੱਡ-

ਅੱਡ ਹੋ ਜਾਂਦੇ ਹਨ ਜਿਸ ਤਰ੍ਹਾਂ ਹੜ੍ਹ ਆਉਣ ਤੇ ਘੁੰਮਣ ਘੇਰੀਆਂ ਵਿਚ ਆਇਆ ਰੇਤਾ ਇਕ ਥਾਂ ਤੋਂ ਉਠ ਕੇ ਮੀਲਾਂ ਦੂਰ ਜਾ ਟਿਕਦਾ ਹੈ।

*ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥*
*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥*

*ਪੰਨਾ - 700*

ਹੁਣ ਤਕ ਦੋ ਵਾਸ਼ਨਾਵਾਂ ਦਾ ਜ਼ਿਕਰ ਕੀਤਾ ਹੈ – ਪੁੱਤਰ ਅਤੇ ਧਨ ਵਾਸ਼ਨਾ ਦਾ। ਇਨ੍ਹਾਂ ਨੂੰ ਮਲਨ ਵਾਸ਼ਨਾ ਆਖਿਆ ਜਾਂਦਾ ਹੈ। ਇਨ੍ਹਾਂ ਵਾਸ਼ਨਾਵਾਂ ਕਰਕੇ ਜੀਵ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਉਹ ਆਪਣੇ ਆਪ ਨੂੰ ਪਛਾਣਦਾ ਹੀ ਨਹੀਂ ਹੈ ਕਿਉਂਕਿ ਇਹ ਜੀਵ ਵਾਹਿਗੁਰੂ ਦੀ ਅੰਸ ਹੈ ਇਹ ਸਰੀਰ ਨਹੀਂ ਹੈ ਇਹ ਵੀ ਜੀਵ ਵਾਸ਼ਨਾ ਕਰਕੇ ਆਪਣੇ ਸਰੂਪ ਨੂੰ ਭੁੱਲ ਗਿਆ ਹੈ।

ਬਹੁਤ ਸਾਰਿਆਂ ਨੂੰ ਸਾਸ਼ਤਰ ਵਾਸ਼ਨਾ ਹੋ ਜਾਂਦੀ ਹੈ ਅਤੇ ਉਹ ਦੁਨੀਆਂ ਭਰ ਦੀਆਂ ਪੁਸਤਕਾਂ ਪੜ੍ਹਦੇ ਰਹਿੰਦੇ ਹਨ। ਉਨ੍ਹਾਂ ਦੇ ਮਨ ਵਿਚ ਇਹ ਖਿਆਲ ਹੁੰਦਾ ਹੈ ਕਿ ਮੈਂ ਸਭ ਤੋਂ ਵੱਡਾ ਵਿਦਵਾਨ ਹੋਵਾਂ ਅਤੇ ਮੇਰਾ ਨਾਮ ਦੁਨੀਆਂ ਉਤੇ ਮਸ਼ਹੂਰ ਹੋਵੇ। ਲੋਕ ਵਾਸ਼ਨਾ ਅਨੁਸਾਰ ਹਰ ਵਕਤ ਮਨ ਵਿਚ ਸਮਾਇਆ ਰਹਿੰਦਾ ਹੈ ਕਿ ਲੋਕੀ ਮੇਰੀ ਉਸਤਤ ਕਰਨ ਅਤੇ ਮੇਰੀ ਨਿੰਦਿਆ ਨਾ ਕਰਨ ਅਤੇ ਮੈਨੂੰ ਸਾਰੇ ਬਹੁਤ ਚੰਗਾ ਕਹਿਣ ਪਰ ਕੁਦਰਤ ਦਾ ਐਸਾ ਅਸੂਲ ਹੈ ਕਿ ਨਾ ਹੀ ਸਾਰੇ ਲੋਕ ਕਿਸੇ ਨੂੰ ਬਹੁਤ ਚੰਗਾ ਆਖਦੇ ਹਨ, ਨਾ ਹੀ ਸਾਰੇ ਲੋਕ ਕਿਸੇ ਨੂੰ ਬੁਰਾ ਆਖਦੇ ਹਨ। ਆਪੋ ਆਪਣੇ ਖਿਆਲ ਹੋਇਆ ਕਰਦੇ ਹਨ। ਵਾਹਿਗੁਰੂ ਜੀ ਨੇ ਸੰਸਾਰ ਵਿਚ ਕੋਈ ਐਸਾ ਨਿਯਮ ਨਹੀਂ ਬਣਾਇਆ ਕਿ ਸਾਰੇ ਲੋਕ ਹੀ ਉਸਤਤ ਕਰਨ, ਐਸਾ ਵੀ ਨਹੀਂ ਹੈ ਕਿ ਸਾਰੇ ਲੋਕ ਨਿੰਦਿਆ ਕਰਨ। ਗੁਰੂ ਮਹਾਰਾਜ ਜੀ ਨੇ ਨਿੰਦਿਆ ਤੇ ਉਸਤਤ ਦੋਹਾਂ ਨੂੰ ਤਿਆਗ ਕੇ ਨਿਰਵਾਣ ਪਦ ਦੀ ਖੋਜ ਕਰਨ ਲਈ ਤਾਕੀਦ ਕੀਤੀ ਹੈ –

*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*

*ਪੰਨਾ - 219*

ਜੋ ਸਤਿਪੁਰਸ਼ ਹੋਇਆ ਕਰਦੇ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਦੀ ਜੋਤ ਇਕ ਰਸ ਜਗਦੀ ਹੈ ਅਤੇ ਜਿਨ੍ਹਾਂ ਦੇ ਅੰਦਰ ਅਨਹਦ ਸ਼ਬਦਾਂ ਦੀ ਧੁਨਕਾਰ ਗੂੰਜ਼ਾਰਾਂ ਪਾਉਂਦੀ ਹੈ, ਉਨ੍ਹਾਂ ਦੀ ਪ੍ਰਭੂ ਨਾਲ ਬਣ ਆਉਂਦੀ ਹੈ ਉਹ ਉਸਤਤ, ਨਿੰਦਾ ਦੇ ਚੱਕਰ ਵਿਚ ਨਹੀਂ ਪੈਂਦੇ। ਭਾਵੇਂ ਸਾਰੇ ਲੋਕ ਉਨ੍ਹਾਂ ਦੀ ਨਿੰਦਾ ਕਰਨ ਤਾਂ ਉਨ੍ਹਾਂ ਨੂੰ ਦਾ ਕੁਝ ਘਟਦਾ ਨਹੀਂ, ਭਾਵੇਂ ਸਾਰੇ ਲੋਕ ਉਨ੍ਹਾਂ ਦੀ ਉਸਤਤਿ ਕਰਨ ਤਾਂ ਉਨ੍ਹਾਂ ਦਾ ਕੁਝ ਵਧਦਾ ਨਹੀਂ। ਜੇ ਲੋਕ ਉਨ੍ਹਾਂ ਨੂੰ ਸਲਾਹੁੰਦੇ ਹਨ ਤਾਂ ਕੀ ਵਡੱਤਣ ਹੈ ਜੇ ਲੋਕ ਨਿੰਦਦੇ ਹਨ ਤਾਂ ਕੀ ਘਟਦਾ ਹੈ। ਘਟਦਾ ਉਸ ਸਮੇਂ ਹੈ ਜਦੋਂ ਪ੍ਰਭੂ ਦੀ ਪ੍ਰਕਾਸ਼ਮਈ ਜੋਤ ਅੰਦਰ ਮੱਧਮ ਪੈ ਜਾਵੇ ਤਾਂ ਜਿੰਨਾਂ ਦੁਖ ਉਸਦਾ ਹੁੰਦਾ ਹੈ ਉਸ ਦਾ ਕੋਈ ਵਰਣਨ ਨਹੀਂ ਕਰ ਸਕਦਾ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਪੰਨਾ - 708*

ਇਸ ਕਰਕੇ ਸੰਤ ਉਸਤਤ ਤੇ ਨਿੰਦਿਆਂ ਤੋਂ ਉਤੇ ਹੁੰਦੇ ਹਨ। ਉਨ੍ਹਾਂ ਦਾ ਤਾਂ ਇਕੋ ਨਿਸ਼ਾਨਾ ਹੁੰਦਾ ਹੈ ਕਿ ਉਸਤਤਿ ਤੇ ਨਿੰਦਾ ਦੋਨੋਂ ਬਹੁਤ ਭਾਰੀਆਂ ਰੁਕਾਵਟਾਂ ਹਨ। ਉਸਤਤਿ ਆਦਮੀ ਅੰਦਰ ਅਭਿਮਾਨ ਪੈਦਾ ਕਰਦੀ ਹੈ ਅਤੇ ਨਿੰਦਾ ਹੀਣਤਾ ਪੈਦਾ ਕਰਦੀ ਹੈ। ਇਹ ਦੋਨੋਂ ਘਟੀਆ ਕਿਸਮ ਦੇ ਜੀਵਨ ਹਨ। ਸੰਤਾਂ ਨੂੰ ਸੋਝੀ ਹੁੰਦੀ ਹੈ। ਉਹ ਸਿਰਫ ਅੰਦਰ ਤਕਦੇ ਹਨ ਕਿ ਕੀ ਪ੍ਰਭੂ ਨਾਲ ਬਣੀ ਹੋਈ ਹੈ ਜਾਂ ਲਿਵ ਟੁੱਟ ਗਈ ਹੈ। ਉਨ੍ਹਾਂ ਨੂੰ ਪ੍ਰਭੂ ਨਾਲੋਂ ਲਿਵ ਟੁੱਟਣ ਦਾ ਦੁੱਖ ਹੋਇਆ ਕਰਦਾ ਹੈ ਕਿਉਂਕਿ ਜੀਵਨ ਉਨਾਂ ਚਿਰ ਹੀ ਹੈ ਜਦੋਂ ਤਕ ਪ੍ਰਭੂ ਨਾਲ ਬਣ ਆਵੇ ਜੇ ਵਿਸਰ ਜਾਵੇ ਤਾਂ ਉਨ੍ਹਾਂ ਨੂੰ ਸਾਰਾ ਖਾਣਾ, ਪੀਣਾ ਹਰਾਮ ਲਗਦਾ ਹੈ। ਸੰਸਾਰ ਵਿਚ ਉਹੀ ਜੀਉਂਦਾ ਹੈ ਜਿਸ ਦੇ ਅੰਦਰ ਪ੍ਰਕਾਸ਼ ਹੋ ਗਿਆ। ਮਰਿਆ ਓਹੀ ਹੈ ਜਿਸ ਦੇ ਅੰਤਰ ਆਤਮੇ ਜੋਤ ਵਿਗਾਸ ਨਹੀਂ ਹੈ –

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥* *ਪੰਨਾ - 142*

ਸੋ ਲੋਕ-ਵਾਸ਼ਨਾ ਦਾ ਸਾਧੂਆਂ ਉਪਰ ਕੋਈ ਵੀ ਅਸਰ ਨਹੀਂ ਹੁੰਦਾ ਉਹ ਤਾਂ ਇਹੋ ਹੀ ਕਹਿੰਦੇ ਹਨ ਕਿ –

*ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥*
*ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥*

*ਪੰਨਾ - 528*

ਪਹਿਲਾਂ ਹੀ ਇਸ ਲਾਈਨ ਤੇ ਖੜ੍ਹੇ ਹੋ ਜਾਂਦੇ ਹਨ ਜਿਸ ਤੋਂ ਅੱਗੇ ਕੁਝ ਕਿਹਾ ਹੀ ਨਹੀਂ ਜਾ ਸਕਦਾ। ਜੋ ਇਸ ਤਰ੍ਹਾਂ ਕਰਦੇ ਹਨ ਉਨਾਂ ਨੂੰ ਆਪਣੇ ਮਿਤਰਾਂ ਦੀ ਸ਼੍ਰੇਣੀ ਵਿਚ ਗਿਣਦੇ ਹਨ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥*

*ਪੰਨਾ - 1364*

ਇਕ ਵਾਰੀ ਐਸਾ ਜ਼ਿਕਰ ਆਉਂਦਾ ਹੈ ਨਾਮਦੇਵ ਜੀ ਭਜਨ ਬੰਦਗੀ ਤੋਂ ਵਿਹਲੇ ਹੋ ਕੇ ਮਾਨਵਤਾ ਦੇ ਭਲੇ ਹਿਤ ਜਿਥੇ ਆਪਣੇ ਪ੍ਰਵਚਨਾਂ ਨਾਲ ਰੂਹਾਨੀਅਤ ਦੇ ਪਾਂਧੀਆਂ ਨੂੰ ਸੇਧ ਦਿੰਦੇ ਸਨ, ਨਾਮ ਜਪਾਉਂਦੇ ਸਨ, ਪ੍ਰਭੂ ਨਾਲ ਮਿਲਾਪ ਦੀ ਜੁਗਤੀ ਦਸਦੇ ਸਨ ਉਥੇ ਆਪ ਗੁਰਬਾਣੀ ਦੇ ਅਨੁਸਾਰ–

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*

*ਪੰਨਾ - 62*

ਆਪਣੇ ਇਰਦ ਗਿਰਦ ਦੇ ਰਹਿਣ ਵਾਲੇ ਬੱਚਿਆਂ ਨੂੰ ਵਿਦਿਆ ਵੀ ਦੇ ਦਿਆ ਕਰਦੇ ਹਨ। ਪਹਿਲੇ ਸਮਿਆਂ ਵਿਚ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਵਿਚ ਰੂਹਾਨੀ ਵਿਦਿਆ ਦਿਤੀ ਜਾਂਦੀ ਸੀ ਅਤੇ ਰੂਹਾਨੀ ਉਪਦੇਸ਼ਾਂ ਨੂੰ ਅੱਛੀ ਤਰ੍ਹਾਂ ਸਮਝਿਆ, ਸਮਝਾਇਆ ਜਾਂਦਾ ਸੀ, ਉਸ ਪੜ੍ਹਾਈ ਦਾ ਅਸਰ ਬੱਚਿਆਂ ਉਤੇ ਜੀਵਨ ਭਰ ਰਹਿੰਦਾ ਸੀ। ਉਨ੍ਹਾਂ ਨੂੰ ਰੂਹਾਨੀ

ਸੂਝ ਪ੍ਰਾਪਤ ਹੋਣ ਕਰਕੇ ਸੁਖ ਸ਼ਾਂਤੀ ਪ੍ਰਾਪਤ ਹੋਇਆ ਕਰਦੀ ਸੀ। ਅੱਜਕਲ੍ਹ ਦੇ ਗੁਸਤਾਖ ਬੱਚੇ ਜੋ ਮਾਂ ਬਾਪ ਦੀ ਇਜ਼ਤ ਨਹੀਂ ਕਰਦੇ ਇਹ ਚਲਨ ਉਸ ਸਮੇਂ ਦੇ ਬੱਚਿਆਂ ਵਿਚ ਨਹੀਂ ਸੀ ਹੁੰਦੇ। ਜਦੋਂ ਅਸੀਂ ਰੂਹਾਨੀ ਸਿਧਾਂਤਾਂ ਨੂੰ ਸਮਝ ਜਾਂਦੇ ਹਾਂ ਤਾਂ ਕਿਸੇ ਮਜ਼ਹਬ ਦਾ ਆਪਸ ਵਿਚ ਵੈਰ ਵਿਰੋਧ ਨਹੀਂ ਰਹਿੰਦਾ। ਬੋਲੀ ਦਾ ਫਰਕ ਹੋਵੇ ਤਾਂ ਹੋਵੇ ਪਰ ਪ੍ਰਭੂ ਨੂੰ ਮਿਲਣ ਦਾ ਜੋ ਰਸਤਾ ਹੈ ਉਹ ਇਕੋ ਹੈ। ਹਰੇਕ ਅੰਦਰ ਇਕੋ ਜਿਹਾ ਹੀ ਅਸਰ ਹੁੰਦਾ ਹੈ। ਜਗਿਆਸੂ ਜਦੋਂ ਸੰਤਾਂ ਦੇ ਦਰਸ਼ਨ ਕਰਕੇ ਪ੍ਰਭੂ ਨੂੰ ਮਿਲਣ ਦੀ ਲੋਚਾ ਕਰਦੇ ਹਨ ਤਾਂ ਸੰਤ ਉਸ ਨੂੰ ਮੰਤਰ ਦਿੰਦੇ ਹਨ ਅਤੇ ਉਸ ਨੂੰ ਅਭਿਆਸ ਦੇ ਸੁਖੈਨ ਤਰੀਕਿਆਂ ਦੀ ਜਾਣਕਾਰੀ ਕਰਾਉਂਦੇ ਹਨ। ਉਹ ਮੰਤਰ ਭਾਵੇਂ ਵੱਖੋ-ਵੱਖਰੇ ਹੋਣ ਪਰ ਉਨ੍ਹਾਂ ਦਾ ਅਸਰ ਇਕੋ ਜਿਹਾ ਹੀ ਹੁੰਦਾ ਹੈ। ਮੰਤਰ ਪ੍ਰਭੂ ਦਾ ਹੀ ਹੈ, ਬੋਲੀ ਆਪੋ ਆਪਣੀ ਹੈ। ਜਦੋਂ ਲਿਵ ਲਗਦੀ ਹੈ ਅਤੇ ਜੋਤਿ ਵਿਗਾਸ ਹੁੰਦੀ ਹੈ ਤਾਂ ਹਿੰਦੂ, ਈਸਾਈ, ਮੁਸਲਮਾਨ, ਸਿੱਖ ਦੇ ਅੰਦਰ ਇਕੋ ਜੇਹੀ ਅਨਹਦ ਝੁਨਕਾਰ, ਇਕੋ ਜੇਹੀ ਜੋਤਿ, ਇਕੋ ਜੇਹਾ ਵਿਸਮਾਦ ਹੁੰਦਾ ਹੈ। ਇਕੋ ਜਿਹੇ ਸਤਿ ਬਚਨ ਹੁੰਦੇ ਹਨ। ਕਟੜਾਂ, ਦੋਖੀਆਂ ਨੂੰ ਇਕੋ ਜਿਹੇ ਬੁਰੇ ਲਗਦੇ ਹਨ। ਐਨੀ ਕਟਰਤਾ ਦਾ ਦੁਖ ਮਹਿਸੂਸ ਕਰਦੇ ਹਨ। ਸਾਤਿਪੁਰਸ਼ਾਂ ਨੂੰ ਪੱਥਰ ਮਾਰ ਕੇ ਮਾਰ ਦਿੰਦੇ ਹਨ, ਖਲੜੀਆਂ ਉਤਾਰ ਦਿੰਦੇ ਹਨ। ਖੋਪਰੀਆਂ ਲਾਹ ਦਿੰਦੇ ਹਨ, ਚਰਖੜੀਆਂ ਤੇ ਚਾੜ੍ਹ ਦਿੰਦੇ ਹਨ। ਮਹਾਂਪੁਰਸ਼ ਅਤਿ ਦੇ ਸਬਰ, ਅਨੁਸ਼ਾਸ਼ਨ ਵਿਚ ਰਹਿੰਦੇ ਕੋਈ ਸਰਾਪ ਨਹੀਂ ਦਿੰਦੇ। ਸਦਾ ਹੀ ਉਨ੍ਹਾਂ ਦੀ ਅਰਦਾਸ ਹੁੰਦੀ ਹੈ ਹੇ ਪ੍ਰਭੂ! ਤੇਰਾ ਨਾਮ ਇਨ੍ਹਾਂ ਅੰਧਿਆਂ ਨੂੰ ਪ੍ਰਾਪਤ ਹੋਵੇ ਜਿਸ ਤੋਂ ਸਰਬੱਤ ਦਾ ਭਲਾ ਹੋਵੇ। ਰੱਬ ਭੀ ਇਕੋ ਹੈ ਉਸ ਦੇ ਪਿਆਰੇ ਭੀ ਇਕੋ ਅਨੁਭਵ ਰਖਦੇ ਹਨ।

ਜਿਵੇਂ ਕਿ ਇਕ ਸੇਠ ਆਪਣੇ ਕਰਮਚਾਰੀਆਂ ਨੂੰ ਕਹਿਣ ਲੱਗਿਆ ਕਿ ਮੈਂ ਮਾਰੂਥਲਾਂ ਵਲ ਜਾ ਰਿਹਾ ਹਾਂ ਉਥੇ ਤਰਬੂਜ਼ਾਂ ਦੀ ਕਾਸ਼ਤ ਹੁੰਦੀ ਹੈ। ਤੁਸੀਂ ਦੱਸੋ ਮੈਂ ਤੁਹਾਡੇ ਵਾਸਤੇ ਕਿਹੜਾ ਫਲ ਲੈ ਕੇ ਆਵਾਂ? ਉਸ ਵੇਲੇ ਆਪੋ ਆਪਣੀ ਬੋਲੀ ਵਿਚ ਕਿਹਾ ਕਿ ਮੇਰੇ ਵਾਸਤੇ ਤਰਬੂਜ਼ ਲੈ ਆਉਣਾ, ਦੂਸਰੇ ਨੇ ਕਿਹਾ ਕਿ ਮੈਂ ਤਾਂ ਮਤੀਰਾ ਮੰਗਾਉਣਾ ਹੈ, ਤੀਸਰੇ ਨੇ ਕਿਹਾ ਕਿ ਮੈਨੂੰ water melon ਚਾਹੀਦਾ ਹੈ। ਚੌਥੇ ਨੇ ਕਿਹਾ ਕਿ ਮੈਨੂੰ ਹਿੰਦਵਾਣਾ ਚਾਹੀਦਾ ਹੈ। ਇਸ ਤਰ੍ਹਾਂ ਅੱਡੋ-ਅੱਡ ਬੋਲੀਆਂ ਵਾਲਿਆਂ ਨੇ ਨਾਮ ਲਿਖਾ ਦਿਤੇ ਤੇ ਇਸੇ ਖਿਆਲ ਵਿਚ ਰਹੇ ਕਿ ਸੇਠ ਜੀ ਅੱਡੋ-ਅੱਡ ਫਲ ਲਿਆ ਕੇ ਦੇਣਗੇ। ਪਰ ਜਦੋਂ ਮਤੀਰਾ ਆ ਗਿਆ ਉਸ ਵੇਲੇ ਸਾਰੇ ਹੈਰਾਨ ਹੋ ਗਏ ਕਿ ਪਹਿਲਾਂ ਤਾਂ ਅਸੀਂ ਸਮਝਦੇ ਸੀ ਕਿ ਸਾਰੇ ਫਲ ਅੱਡੋ-ਅੱਡ ਹੋਣਗੇ। ਪਰ ਇਹ ਤਾਂ ਇਕੋ ਫਲ ਦੇ ਵੱਖਰੇ-ਵੱਖਰੇ ਨਾਮ ਹਨ।

ਇਸ ਤਰ੍ਹਾਂ ਨਾਲ ਚਾਹੇ ਕੋਈ ਇਸਲਾਮ ਧਰਮ ਦਾ ਬੰਦਾ ਹੈ, ਚਾਹੇ ਹਿੰਦੂ ਧਰਮ ਦਾ ਹੈ, ਚਾਹੇ ਕੋਈ ਸੰਤ ਮਤ ਨੂੰ ਧਾਰਨ ਕਰਨ ਵਾਲਾ ਹੈ, ਚਾਹੇ ਉਹ ਵੇਦਾਂ ਦੇ ਮਤ ਨੂੰ ਧਾਰਨ ਕਰਨ ਵਾਲਾ ਹੈ ਪਰ ਜੋ ਸਮਰੱਥ ਗੁਰੂ ਮੰਤਰ ਦਿੰਦਾ ਹੈ ਉਸ ਦੇ ਜਾਪ ਦਾ ਅਸਰ ਜੋ ਹੈ ਉਹ ਇਕੋ ਹੀ ਹੁੰਦਾ ਹੈ। ਗੁਰ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ -

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥ ਪੰਨਾ - 1168***

ਸੋ ਜਦੋਂ ਅਸੀਂ ਮੰਤਰ ਦੀ ਆਰਾਧਨਾ ਕਰਦੇ ਹਾਂ ਤਾਂ ਅਸਾਡੇ ਅੰਦਰ ਧੁਨ ਪੈਦਾ ਹੁੰਦੀ ਹੈ ਤਾਂ ਉਸ ਧੁਨ ਦੇ ਪਿਛੇ ਵਾਹਿਗੁਰੂ ਜੀ ਦੀ ਹਸਤੀ ਦਾ ਪੂਰਨ ਵਿਸ਼ਵਾਸ਼ ਹੋਇਆ ਕਰਦਾ ਹੈ। ਭਾਵੇਂ ਉਸ ਨੂੰ ਕੋਈ ਅੱਲਾਹ ਕਹਿੰਦਾ ਹੈ, ਚਾਹੇ ਰਾਮ ਕਹਿੰਦਾ, ਚਾਹੇ ਰਹੀਮ ਕਹਿੰਦਾ ਹੈ, ਚਾਹੇ ਵਾਹਿਗੁਰੂ ਕਹਿੰਦਾ ਹੈ, ਚਾਹੇ ਕੁਝ ਵੀ ਕਹੇ ਉਹ ਹਸਤੀ ਇਕੋ ਹੀ ਹੈ, ਜਿਸ ਦਾ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ। ਪਰ ਉਹ ਸਦਾ ਹੈ ਜਿਸ ਦਾ ਪਰਾਪੂਰਬਲਾ ਨਾਮ 'ਸਤਿਨਾਮ' ਹੈ। ਸਭਨਾਂ ਅੰਦਰ ਇਕੋ ਜਿਹੀ ਜੋਤ ਜਗਦੀ ਹੈ, ਇਕੋ ਜਿਹੀਆਂ ਧੁਨਾਂ ਸੁਣਾਈ ਦਿੰਦੀਆਂ ਹਨ, ਜਦੋਂ ਅਗਿਆਨ ਦਾ ਨਾਸ਼ ਹੁੰਦਾ ਹੈ ਉਸ ਸਮੇਂ ਇਕੋ ਇਕ ਅਨੁਭਵ ਸਭ ਨੂੰ ਪ੍ਰਾਪਤ ਹੁੰਦਾ ਹੈ ਭਾਵੇਂ ਉਹ ਸੂਫੀ ਪੀਰ ਹੋਵੇ, ਸੰਤ ਹੋਵੇ, ਸੰਨਿਆਸੀ ਹੋਵੇ, ਆਚਾਰੀਆ ਹੋਵੇ, ਉਦਾਸੀ ਹੋਵੇ, ਨਿਰਮਲਾ ਹੋਵੇ, ਕੁਝ ਵੀ ਹੋਵੇ ਅੰਦਰਲੀ ਪ੍ਰਾਪਤੀ ਇਕੋ ਹੋਇਆ ਕਰਦੀ ਹੈ। ਸੋ ਸੰਤ ਉਪਰਲੀ ਵਾਹ-ਵਾਹ ਨੂੰ ਪਸੰਦ ਨਹੀਂ ਕਰਿਆ ਕਰਦੇ ਕਿਉਂਕਿ ਇਹ ਧੋਖਾ ਦਿੰਦੀ ਹੈ। ਅੰਨੇ ਬੰਦੇ ਸੰਤਾਂ ਦਾ ਸਤਿਕਾਰ ਕਰਦੇ ਹਨ ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਇਸ ਨੂੰ ਸੰਤ ਦਾ ਪਦ ਪ੍ਰਾਪਤ ਹੋ ਗਿਆ ਹੈ ਜਾਂ ਐਵੇਂ ਢੌਂਗ ਕਰਿਆ ਹੋਇਆ ਹੈ। ਉਨ੍ਹਾਂ ਦੇ ਨੇਤਰ ਅੰਨੇ ਹਨ ਉਹ ਨਹੀਂ ਜਾਣ ਸਕਦੇ ਕਿ ਇਸ ਦੇ ਅੰਦਰੋਂ ਅਗਿਆਨ ਦਾ ਲੇਸ਼ ਮਾਤਰ ਵੀ ਖਤਮ ਹੋ ਗਿਆ ਹੈ, ਕੀ ਇਸ ਦੇ ਅੰਨੇ ਨੇਤਰ ਇਕੋ ਪ੍ਰਭੂ ਨੂੰ ਵੇਖ ਰਹੇ ਹਨ? ਸੰਤ ਨੂੰ ਜੋ ਪ੍ਰਭੂ ਵਲੋਂ ਦਾਤ ਮਿਲਦੀ ਹੈ ਉਹ ਹੈ ਕਿ ਉਹ ਆਪਣਾ ਸਰੂਪ ਹਿਰਦੇ ਵਿਚ ਵਸਾ ਦਿੰਦਾ ਹੈ। ਉਸ ਦੇ ਅੰਦਰ ਆਤਮਕ ਅਨੰਦ ਦੀਆਂ ਲਹਿਰਾਂ ਵਜਦ ਪੈਦਾ ਕਰਦੀਆਂ ਹਨ। ਉਸ ਦੇ ਅੰਦਰ ਆਤਮ ਅਨੰਦ ਦਾ ਸੰਗੀਤ ਮਹਿਵੀਅਤ (ਲਿਵ) ਦੇ ਮੰਡਲ ਵਿਚ ਲੈ ਜਾਂਦਾ ਹੈ। ਸੋ ਅਸਲੀ ਸਾਧੂਆਂ ਨੂੰ ਨਿੰਦਿਆਂ, ਉਸਤਤ ਦੀ ਕੋਈ ਪ੍ਰਵਾਹ ਨਹੀਂ ਹੋਇਆ ਕਰਦੀ।

ਨਾਮਦੇਵ ਜੀ ਬੱਚਿਆਂ ਨੂੰ ਰੂਹਾਨੀ ਤਾਲੀਮ ਦੇ ਰਹੇ ਸਨ। ਉਸ ਸਮੇਂ ਰਿਵਾਜ਼ ਸੀ ਕਿ ਬੱਚਿਆਂ ਨੂੰ ਬੀਬੀਆਂ ਵਾਂਗੂੰ ਗਹਿਣਿਆਂ ਨਾਲ ਸਜਾ ਦਿੰਦੇ ਸਨ। ਮੈਂ ਵੀ ਦੇਖਿਆ ਹੈ ਕਿ ਸਾਡੇ ਮਾਤਾ ਪਿਤਾ ਹੱਥਾਂ ਪੈਰਾਂ ਵਿਚ ਛਣਕਣ ਵਾਲੇ ਸ਼ੁਕਲੇ ਅਤੇ ਪੰਜੇਬਾਂ ਆਦਿ ਗਹਿਣੇ ਪਾ ਦਿਆ ਕਰਦੇ ਸਨ ਅਤੇ ਸਿਰ ਉਤੇ ਵੀ ਸੋਨੇ ਦੇ ਗਹਿਣੇ ਗੁੰਦ ਦਿਆ ਕਰਦੇ ਸਨ।

ਸੋ ਇਸ ਤਰ੍ਹਾਂ ਦੇ ਨਾਲ ਗਹਿਣਿਆਂ ਨਾਲ ਸਜਾਇਆ ਹੋਇਆ ਬੱਚਾ, ਸੇਠ ਨਾਮਦੇਵ ਜੀ ਪਾਸ ਲੈ ਕੇ ਆਇਆ। ਤਾਂ ਨਾਮਦੇਵ ਜੀ ਨੂੰ ਬੇਨਤੀ ਕੀਤੀ ਕਿ ਆਪ ਕ੍ਰਿਪਾ ਕਰਕੇ ਇਸ ਬੱਚੇ ਨੂੰ ਰੂਹਾਨੀ ਸੂਝ ਬਖਸ਼ੋ। ਉਸ ਵੇਲੇ ਨਾਮਦੇਵ ਜੀ ਪ੍ਰਭੂ ਧਿਆਨ ਵਿਚ ਪੂਰਨ ਤੌਰ ਤੇ ਮਸਤ ਸਨ, ਉਨ੍ਹਾਂ ਨੇ ਸੁਭਾਵਿਕ ਹੀ ਕਹਿ ਦਿਤਾ ਸੇਠ ਜੀ! ਛੱਡ ਜਾਓ। ਜਦੋਂ ਸੇਠ ਆਪਣੇ ਬੱਚੇ ਨੂੰ ਛੱਡ ਕੇ ਚਲਿਆ ਗਿਆ ਤਾਂ ਥੋੜ੍ਹੀ ਦੇਰ ਪਿਛੋਂ ਨਾਮਦੇਵ ਜੀ ਨੇ ਬੱਚੇ ਵਲ ਧਿਆਨ ਦਿਤਾ ਤਾਂ ਦੇਖਿਆ ਕਿ ਇਸ ਨੇ ਤਾਂ ਗਹਿਣੇ ਪਾਏ ਹੋਏ ਹਨ। ਜਦੋਂ ਇਹ ਵਾਪਸ ਜਾਣ ਸਮੇਂ ਇਕੱਲਾ ਹੋਵੇਗਾ ਤਾਂ ਇਸ ਨੂੰ ਕੋਈ ਫੜ ਕੇ ਹੀ ਨਾ ਲੈ ਜਾਵੇ ਅਤੇ ਗਹਿਣੇ ਉਤਾਰ ਕੇ ਇਸ ਨੂੰ ਕਿਸੇ ਖੂਹ ਵਿਚ ਹੀ ਨਾ ਸੁੱਟ ਦੇਵੇ। ਇਸੇ ਆਸ਼ੇ ਨਾਲ ਆਪ ਨੇ ਬੱਚੇ ਨੂੰ ਪਾਸ ਬੁਲਾਇਆ ਅਤੇ ਬੜਾ ਪਿਆਰ ਦਿਤਾ ਅਤੇ

ਆਹਿਸਤਾ-ਆਹਿਸਤਾ ਗਹਿਣੇ ਲਾਹ ਕੇ ਪੋਟਲੀ ਬੰਨ੍ਹ ਲਈ।

ਜਦੋਂ ਛੁਟੀ ਹੋਈ ਤਾਂ ਉਹ ਬੱਚਾ ਹੋਰ ਬੱਚਿਆਂ ਨਾਲ ਘਰ ਚਲਿਆ ਗਿਆ। ਜਦੋਂ ਉਸ ਦੀ ਮਾਂ ਨੇ ਦੇਖਿਆ ਕਿ ਇਸ ਦੇ ਤਾਂ ਗਹਿਣੇ ਨਹੀਂ ਹਨ ਤਾਂ ਉਸ ਨੇ ਦੂਸਰੇ ਬੱਚਿਆਂ ਨੂੰ ਪੁਛਿਆ ਕਿ ਇਸ ਦੇ ਗਹਿਣੇ ਕਿਥੇ ਗਏ? ਤਾਂ ਉਨ੍ਹਾਂ ਨੇ ਦੱਸਿਆ ਕਿ ਭਗਤ ਜੀ ਨੇ ਲਾਹ ਲਏ ਹਨ। ਸੋ ਬਿਨਾਂ ਵਿਚਾਰੇ ਉਸ ਦੀ ਮਾਂ ਨੇ ਪੜੌਸਣ ਨੂੰ ਜਾ ਕੇ ਕਹਿ ਦਿਤਾ ਕਿ ਭੈਣ! ਨਾਮਦੇਵ ਨੂੰ ਸਾਰੇ ਭਗਤ-ਭਗਤ ਕਹਿੰਦੇ ਹਨ, ਪਰ ਉਹ ਭਗਤ ਨਹੀਂ ਉਹ ਤਾਂ ਠਗਤ ਹੈ, ਜਦੋਂ ਕਿਸੇ ਨਾਲ ਵਾਹ ਪੈਂਦਾ ਹੈ ਤਾਂ ਪਤਾ ਲਗਦਾ ਹੈ ਕਿ ਕੋਈ ਕਿਹੋ ਜਿਹਾ ਹੈ। ਉਸ ਨੇ ਮੇਰੇ ਬੱਚੇ ਦੇ ਸਾਰੇ ਕੀਮਤੀ ਗਹਿਣੇ ਲਾਹ ਲਏ ਹਨ। ਮੈਨੂੰ ਤਾਂ ਪੂਰਾ ਸ਼ੱਕ ਹੈ ਕਿ ਹੁਣ ਉਸ ਨੇ ਗਹਿਣੇ ਵਾਪਸ ਨਹੀਂ ਕਰਨੇ। ਪੜੌਸਣ ਨੇ ਗੱਲ ਸੁਣੀ ਤਾਂ ਉਸ ਦੇ ਢਿੱਡ ਵਿਚ ਇਹ ਗੱਲ ਪਚੀ ਨਾ, ਉਸ ਨੇ ਦੂਜੀ ਪੜੌਸਣ ਕੋਲ ਜਾ ਕੇ ਦੱਸਿਆ। ਉਸ ਨੇ ਹੋਰ ਅੱਗੇ ਗੱਲ ਕਰ ਦਿਤੀ, ਇਸ ਤਰ੍ਹਾਂ ਸ਼ਾਮ ਤਕ ਸਾਰੇ ਸ਼ਹਿਰ ਵਿਚ ਇਹ ਗੱਲ ਧੁੰਮ ਗਈ ਕਿ ਨਾਮਦੇਵ ਜੀ ਭਗਤ ਨਹੀਂ ਹਨ ਉਹ ਤਾਂ ਠੱਗ ਹੈ, ਸੇਠ ਦੇ ਬੱਚੇ ਦੇ ਗਹਿਣੇ ਉਨ੍ਹਾਂ ਨੇ ਲਾਹ ਲਏ ਹਨ।

ਜਦੋਂ ਸੇਠ ਘਰ ਆਇਆ ਤਾਂ ਉਸ ਦੀ ਪਤਨੀ ਨੇ ਰੋਟੀ ਪਾਣੀ ਕੁਝ ਨਹੀਂ ਬਣਾਇਆ ਸੀ ਅਤੇ ਅਫਸੋਸ ਵਿਚ ਬੈਠੀ ਹੈ। ਸੇਠ ਨੇ ਕਾਰਨ ਪੁਛਿਆ ਤਾਂ ਉਸ ਨੇ ਸੇਠ ਨੂੰ ਕਿਹਾ ਕਿ ਚੰਗਾ, ਤੁਸੀਂ ਮੇਰੇ ਬੱਚੇ ਨੂੰ ਉਸ ਠੱਗ ਪਾਸ ਪੜ੍ਹਨ ਲਾਇਆ ਹੈ ਉਸ ਨੇ ਮੇਰੇ ਬੱਚੇ ਦੇ ਸਾਰੇ ਗਹਿਣੇ ਲਾਹ ਲਏ ਹਨ, ਹੁਣ ਉਸ ਨੇ ਕੀ ਦੇਣੇ ਹਨ? ਸੇਠ ਨੇ ਕਿਹਾ ਕਿ ਤੂੰ ਆਪਣੇ ਮਨ ਨੂੰ ਕਾਇਮ ਰੱਖ ਮੈਂ ਸਵੇਰੇ ਨਾਮਦੇਵ ਕੋਲ ਜਾਵਾਂਗਾ ਤੇ ਗਹਿਣੇ ਲੈ ਕੇ ਆਵਾਂਗਾ। ਜੇ ਉਸ ਨੇ ਫੇਰ ਵੀ ਨਾ ਦਿਤੇ ਤਾਂ ਮੈਂ ਪੰਜ-ਦਸ ਬੰਦੇ ਪੰਚਾਇਤ ਦੇ ਰੂਪ ਵਿਚ ਲੈ ਕੇ ਨਾਮਦੇਵ ਨੂੰ ਮਿਲਾਂਗਾ। ਜੇ ਫੇਰ ਵੀ ਨਾ ਦਿਤੇ ਤਾਂ ਤੈਨੂੰ ਪਤਾ ਹੀ ਕਿ ਕਿੰਨੇ ਗੁੰਡੇ ਮੇਰੇ ਨਾਲ ਹਨ। ਜਦੋਂ ਤਕ ਉਹ ਗਹਿਣੇ ਨਹੀਂ ਦਿੰਦਾ ਮੈਂ ਵੀ ਉਸ ਦਾ ਪਿੱਛਾ ਛੱਡਣ ਵਾਲਾ ਨਹੀਂ।

ਦੂਸਰੇ ਦਿਨ ਸੇਠ ਨਾਮਦੇਵ ਜੀ ਕੋਲ ਗਿਆ। ਤਾਂ ਨਾਮਦੇਵ ਜੀ ਨੇ ਦੂਰੋਂ ਹੀ ਦੇਖ ਕੇ ਉਸ ਦੇ ਮਨ ਦੀ ਗੱਲ ਨੂੰ ਜਾਣ ਲਿਆ। ਆਪ ਦੂਰੋਂ ਹੀ ਕਹਿਣ ਲੱਗੇ ਕਿ ਸੇਠ ਜੀ! ਜੇ ਬੱਚੇ ਨੂੰ ਮੇਰੇ ਪਾਸ ਭੇਜਣਾ ਹੈ ਤਾਂ ਗਹਿਣੇ ਪਾ ਕੇ ਨਾ ਭੇਜਣਾ। ਤੁਹਾਨੂੰ ਪਤਾ ਹੀ ਹੈ ਕਿ ਕਿੰਨੇ ਚੋਰ, ਸਾਧੂਆਂ ਦੇ ਭੇਖ ਬਣਾ ਕੇ ਫਿਰਦੇ ਹਨ। ਜੇ ਉਹ ਤੁਹਾਡੇ ਪੁਤਰ ਨੂੰ ਚੁਕ ਕੇ ਲੈ ਗਏ ਅਤੇ ਗਹਿਣੇ ਲਾਹ ਕੇ ਕਿਤੇ ਮਾਰ ਕੇ ਸੁੱਟ ਦਿਤਾ ਫੇਰ ਇਸ ਦਾ ਜ਼ਿੰਮੇਵਾਰ ਕੌਣ ਹੋਵੇਗਾ? ਤੁਸੀਂ ਤਾਂ ਮੈਨੂੰ ਹੀ ਦੋਸ਼ ਦੇਣਾ ਹੈ। ਸੇਠ ਬਹੁਤ ਸ਼ਰਮਿੰਦਾ ਹੋਇਆ। ਨਾਮਦੇਵ ਜੀ ਨੇ ਕਿਹਾ ਕਿ ਆਹ ਲਓ, ਆਪਣੇ ਗਹਿਣੇ। ਹੁਣ ਸੇਠ ਢਿੱਲਾ ਜਿਹਾ ਹੋ ਗਿਆ। ਆਇਆ ਤਾਂ ਬੜੇ ਰੋਹਬ ਨਾਲ ਸੀ ਪਰ ਹੁਣ ਸ਼ਰਮਿੰਦਾ ਹੋਇਆ ਜਾਂਦਾ ਹੈ। ਜਾ ਕੇ ਘਰਵਾਲੀ ਨੂੰ ਕਿਹਾ ਕਿ ਤੂੰ ਐਵੇਂ ਰੌਲਾ ਪਾ ਦਿਤਾ। ਨਾਮਦੇਵ ਜੀ ਨੇ ਤਾਂ ਸਾਡੇ ਬੱਚੇ ਦੀ ਜਾਨ ਬਚਾਈ ਹੈ। ਉਸ ਨੇ ਜਦੋਂ ਸੇਠ ਦੀ ਸਾਰੀ ਗੱਲ ਸੁਣੀ ਤਾਂ ਉਹ ਉਸੇ ਵੇਲੇ ਪੜੋਸਣ ਕੋਲ ਗਈ ਉਸ ਨੂੰ ਜਾ ਕੇ ਕਹਿਣ ਲੱਗੀ ਕਿ ਭੈਣ! ਨਾਮਦੇਵ ਜੀ ਤਾਂ ਬਹੁਤ ਚੰਗੇ ਹਨ, ਉਨ੍ਹਾਂ ਨੇ ਤਾਂ ਸਾਡੇ ਬੱਚੇ ਦੀ ਜਾਨ ਬਚਾਈ ਹੈ। ਉਸ ਪੜੋਸਣ ਨੇ ਅਗਲੀ ਪੜੌਸਣ ਨੂੰ ਜਾ ਕੇ ਦਸਿਆ ਤਾਂ ਇਸ ਤਰ੍ਹਾਂ ਕਰਦੇ-ਕਰਦੇ ਸ਼ਾਮ ਤਕ ਸਾਰੀ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ ਕਿ ਨਾਮਦੇਵ ਜੀ ਤਾਂ ਬਹੁਤ ਚੰਗੇ ਹਨ। ਐਵੇਂ ਉਨ੍ਹਾਂ ਉਪਰ ਗਲਤ ਗੱਲ ਦਾ ਦੋਸ਼ ਲਾਇਆ ਹੈ।

ਇਹ ਗੱਲ ਕਿਸੇ ਪ੍ਰੇਮੀ ਨੇ ਨਾਮਦੇਵ ਜੀ ਨੂੰ ਆ ਕੇ ਦੱਸੀ ਕਿ ਪਰਸੋਂ ਤੁਹਾਡੀ ਬਹੁਤ ਨਿੰਦਿਆ ਹੁੰਦੀ ਸੁਣੀ ਸੀ ਪਰ ਅੱਜ ਆਪ ਨੂੰ ਸਾਰੇ ਭਗਤ ਆਖ ਰਹੇ ਹਨ। ਤਾਂ ਉਸ ਸਮੇਂ ਨਾਮਦੇਵ ਜੀ ਸੁਆਹ ਦੇ ਢੇਰ ਦੇ ਨੇੜੇ ਬੈਠੇ ਸਨ। ਦੋ ਮੁੱਠੀਆਂ ਭਰ ਲਈਆਂ। ਇਕ ਮੁੱਠੀ ਸੱਜੇ ਪਾਸੇ ਸੁੱਟ ਕੇ ਫੁਰਮਾਇਆ ਕਿ ਇਹ ਨਿੰਦਕਾਂ ਦੇ ਸਿਰ ਵਿਚ ਅਤੇ ਖੱਬੇ ਪਾਸੇ ਸੁੱਟ ਕੇ ਫੁਰਮਾਇਆ ਕਿ ਇਹ ਉਸਤਤਿ ਕਰਨ ਵਾਲਿਆਂ ਦੇ ਸਿਰ ਵਿਚ। ਨਾ ਨਿੰਦ ਸਾਨੂੰ ਡਰਾਉਂਦੀ ਹੈ, ਨਾ ਬੁਰੀ ਲਗਦੀ ਹੈ। ਨਿੰਦਕ ਸਾਡੇ ਕਪੜੇ ਧੋਂਦਾ ਹੈ। ਸਫਾਈ ਕਰਨ ਵਾਲਾ ਤਾਂ ਝਾੜੂ ਨਾਲ ਸਫਾਈ ਕਰਦਾ ਹੈ ਪਰ ਨਿੰਦਿਆ ਕਰਨ ਵਾਲਾ ਇਹ ਉਪਕਾਰ ਕਰਦਾ ਹੈ ਕਿ ਉਹ ਮੂੰਹ ਨਾਲ ਮੈਲ ਚੁਕਦਾ ਹੈ। ਐਸੇ ਉਪਕਾਰੀ ਨੂੰ ਕਿਵੇਂ ਬੁਰਾ ਕਹੀਏ। ਉਹ ਤਾਂ ਅਸਾਡਾ ਮਿਤਰ ਹੈ, ਉਹ ਤਾਂ ਅਸਾਡੇ ਜੀਵਨ ਦਾ ਪਹਿਰੇਦਾਰ ਹੈ।

*ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥*
*ਨਿੰਦਾ ਜਨ ਕਉ ਖਰੀ ਪਿਆਰੀ॥*
*ਨਿੰਦਾ ਬਾਪੁ ਨਿੰਦਾ ਮਹਤਾਰੀ॥ ਰਹਾਉ॥*
*ਨਿੰਦਾ ਹੋਇ ਤ ਬੈਕੁੰਠਿ ਜਾਈਐ॥*
*ਨਾਮੁ ਪਦਾਰਥੁ ਮਨਹਿ ਬਸਾਈਐ॥*
*ਰਿਦੈ ਸੁਧ ਜਉ ਨਿੰਦਾ ਹੋਇ॥*
*ਹਮਰੇ ਕਪਰੇ ਨਿੰਦਕੁ ਧੋਇ॥*
*ਨਿੰਦਾ ਕਰੈ ਸੁ ਹਮਰਾ ਮੀਤੁ॥*
*ਨਿੰਦਕ ਮਾਹਿ ਹਮਾਰਾ ਚੀਤੁ॥*
*ਨਿੰਦਕੁ ਸੋ ਜੋ ਨਿੰਦਾ ਹੋਰੈ॥*
*ਹਮਰਾ ਜੀਵਨੁ ਨਿੰਦਕੁ ਲੋਰੈ॥*
*ਨਿੰਦਾ ਹਮਰੀ ਪ੍ਰੇਮ ਪਿਆਰੁ॥*
*ਨਿੰਦਾ ਹਮਰਾ ਕਰੈ ਉਧਾਰੁ॥*
*ਜਨ ਕਬੀਰ ਕਉ ਨਿੰਦਾ ਸਾਰੁ॥*
*ਨਿੰਦਕੁ ਡੂਬਾ ਹਮ ਉਤਰੇ ਪਾਰਿ॥ ਪੰਨਾ - 339*

ਅਤੇ ਨਾਲ ਹੀ ਫੁਰਮਾਇਆ ਕਿ ਉਸਤਤਿ ਕਰਨ ਵਾਲਾ ਸਾਧੂਆਂ ਨੂੰ ਰਸਤੇ ਤੋਂ ਭਟਕਾਉਣ ਵਾਲਾ ਹੋਇਆ ਕਰਦਾ ਹੈ। ਜਗਿਆਸੂ ਅਜੇ ਆਪਣੇ ਮਾਰਗ ਤੇ ਪਹੁੰਚਿਆ ਨਹੀਂ ਹੁੰਦਾ ਉਹ ਉਸਤਤਿ ਦੇ ਢੇਰ ਲਾ ਦਿੰਦੇ ਹਨ। ਜਿਸ ਨਾਲ ਜਗਿਆਸੂ ਆਪਣੇ ਰਸਤੇ ਤੋਂ ਭਟਕ ਜਾਂਦਾ ਹੈ। ਫੋਕੀ ਵਡਿਆਈ ਉਸ ਨੂੰ ਕਿਸੇ ਕਿਨਾਰੇ ਤੇ ਪਹੁੰਚਣ ਨਹੀਂ ਦਿੰਦੀ। ਇਸੇ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਨਿੰਦਿਆ, ਉਸਤਤਿ ਦਾ ਤਿਆਗ ਕਰਕੇ ਨਿਰਵਾਣ ਪਦ ਦੀ ਪ੍ਰਾਪਤੀ ਕਰੋ। ਜਦੋਂ ਤਕ ਸਾਰੇ ਭਰਮਾਂ ਦਾ ਨਾਸ਼ ਨਹੀਂ ਹੁੰਦਾ, ਅੰਦਰ ਜੋਤ ਦਾ ਪ੍ਰਕਾਸ਼ ਨਹੀਂ ਹੁੰਦਾ ਉਦੋਂ ਤਕ ਲਗਨ ਨਾਲ ਅੱਗੇ ਵਧਦੇ ਤੁਰੇ ਜਾਓ। ਸੋ ਇਸ ਲੋਕ ਲਾਜ ਵਿਚ ਪ੍ਰਭੂ ਦੇ ਪਿਆਰੇ ਨਹੀਂ ਆਇਆ ਕਰਦੇ।

# ਅੱਠਵੇਂ ਰਤਨ
# ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ - 54)*

## ਗੁਰੂ ਪੰਥ ਦੀ ਸੇਵਾ

ਮਹਾਰਾਜਾ ਨਾਭਾ ਸ੍ਰੀ ਮਾਲਵਿੰਦਰ ਬਹਾਦਰ ਰਿਪਦਮਨ ਸਿੰਘ ਜੀ ਦੀ ਗ੍ਰਿਫਤਾਰੀ ਨੇ ਪੰਥ ਅੰਦਰ ਇਕ ਮਹਾਨ ਜਾਗ੍ਰਤ ਪੈਦਾ ਕਰ ਦਿਤੀ। ਉਨ੍ਹਾਂ ਦੀ ਰਿਹਾਈ ਨਮਿਤ ਅਖੰਡਪਾਠ ਜੈਤੋ ਅੰਦਰ ਰਖਿਆ ਗਿਆ ਜੋ ਕਿ ਪੁਲੀਸ ਨੇ ਜਬਰੀ ਬੰਦ ਕਰ ਦਿਤਾ। ਅਖੰਡਪਾਠ ਨੂੰ ਮੁੜ ਅਰੰਭ ਕਰਨ ਹਿਤ ਮੋਰਚਾ ਆਰੰਭ ਹੋ ਗਿਆ। ਪੰਜਾਬ ਦੇ ਹਰ ਹਿਸੇ ਵਿਚੋਂ ਜਥੇ ਟੁਰ ਕੇ ਦੌਰਾ ਕਰਦੇ ਹੋਏ ਜੈਤੋ ਵਲ ਜਾਂਦੇ ਹਨ। ਅੰਗਰੇਜ਼ ਦੀ ਅਮਲਦਾਰੀ ਅੰਦਰ ਘੱਟ ਪਰ ਰਿਆਸਤਾਂ ਤੇ ਖਾਸਕਰ ਸਿਖ ਰਿਆਸਤਾਂ ਅੰਦਰ ਇਸ ਸਮੇਂ ਕਾਫੀ ਸਖਤੀ ਸੀ। ਰਿਆਸਤ ਪਟਿਆਲੇ ਦੇ ਅਫਸਰ, ਦਰਬਾਰ ਦੇ ਹੁਕਮ ਨਾਲੋਂ ਹੋਰ ਅੱਗੇ ਵਧ ਚੜ੍ਹ ਕੇ ਹੱਥ ਪੈਰ ਮਾਰਦੇ ਸਨ। ਹਰ ਨਗਰ ਦੀ ਪੰਚਾਇਤ ਤੇ ਸਰਕਾਰ ਦੇ ਆਦਮੀ ਪਹਿਲਾਂ ਹੀ ਸਦ ਲਏ ਜਾਂਦੇ ਕਿ ਕੋਈ ਆਦਮੀ ਜਥਿਆਂ ਨੂੰ ਪਾਣੀ ਨਾ ਪਲਾਵੇ। ਇਕ ਜੱਥਾ ਅਨੰਦਪੁਰ ਸਾਹਿਬ ਤੋਂ ਚਲ ਕੇ ਰਾਮਪੁਰ ਪੜਾਉ ਕਰਕੇ ਰਿਆਸਤ ਪਟਿਆਲੇ ਦੇ ਹਲਕੇ ਵਿਚੋਂ ਲੰਘ ਕੇ ਜਾਣਾ ਸੀ। ਰਿਆਸਤੀ ਕਾਰਿੰਦੇ ਤੇ ਵੱਡੇ ਅਹਿਲਕਾਰ ਨਗਰਾਂ ਵਿਚ ਭੱਜੇ ਫਿਰ ਰਹੇ ਸਨ ਕਿ ਕੋਈ ਵੀ ਨਗਰ ਕਿਸੇ ਜਗ੍ਹਾ ਵੀ ਜੱਥੇ ਨੂੰ ਰੋਟੀ ਆਦਿਕ ਨ ਦੇਵੇ। ਪਰ ਹੋਰ ਨਗਰਾਂ ਵਾਂਗ ਹੀ ਰਾਮਪੁਰਾ ਵਾਸੀ ਵੀ ਸਮਝਦੇ ਸਨ ਕਿ ਗੁਰੂ ਪੰਥ ਦੇ ਸਿਰਲੱਥ ਪੁੱਤਰ ਜਥੇ ਲੈ ਕੇ ਜਾ ਰਹੇ ਹਨ, ਇਨ੍ਹਾਂ ਦੀ ਸੇਵਾ ਕਰਨਾ ਹਰ ਸਿੱਖ ਮਾਤਰ ਦਾ ਕਰਮ ਧਰਮ ਹੈ। ਉਹ ਵਿਚਾਰੇ ਸਰਕਾਰੀ ਕ੍ਰੋਪੀ ਤੋਂ ਵੀ ਡਰਦੇ ਸਨ ਤੇ ਸੇਵਾ ਤੋਂ ਪਿਛਾਂਹ ਵੀ ਨਹੀਂ ਰਹਿ ਸਕਦੇ ਸਨ। ਸੋ ਇਹ ਇਕੱਠੇ ਹੋ ਕੇ ਸੰਤ ਜੀ ਮਹਾਰਾਜ ਪਾਸ ਪੁਜੇ ਤੇ ਆਪਣੀ ਇੱਛਾ ਪ੍ਰਗਟ ਕੀਤੀ। ਸੰਤ ਜੀ ਮਹਾਰਾਜ ਨੇ ਫੁਰਮਾਇਆ, "ਘਰ ਅਸੀਂ ਛੱਡੀ ਬੈਠੇ ਹਾਂ ਖੋਹਣ ਲਈ ਸਾਡੇ ਪਾਸ ਕੁਝ ਹੈ ਹੀ ਨਹੀਂ ਫਿਰ ਅਸੀਂ ਪੰਥ ਕੀ ਖੁਸ਼ੀ ਹੀ ਕਿਉਂ ਨ ਪ੍ਰਾਪਤ ਕਰੀਏ। ਸੋ ਸਾਰੀ ਹੀ ਸੰਗਤ ਨੇ ਸਾਰੀ ਰਸਦ ਤੇ ਦੁਧ ਘਿਉ ਗੁਰਦਵਾਰੇ ਪਹੁੰਚਾ ਦਿਤਾ। ਸੰਤ ਜੀ ਨੇ ਲੰਗਰ ਤਿਆਰ ਕਰਵਾ ਕੇ ਢੇਰ ਲਗਾ ਦਿਤੇ ਤੇ ਸਵੇਰੇ ਤੋਂ ਹੀ ਲੰਗਰ ਵਰਤਣ ਲਗ ਪਿਆ। ਸਾਰੀ ਸੰਗਤ ਨੇ ਪ੍ਰਸ਼ਾਦਿ ਛਕ ਕੇ ਅਰਦਾਸ ਕੀਤੀ, ਸੰਤ ਜੀ ਮਹਾਰਾਜ ਨੇ ਇਕ ਪੁਸ਼ਾਕ ਤੇ 125/-ਰੁਪੈ ਜਥੇ ਦੀ ਭੇਟਾ ਵੀ ਕੀਤੇ ਕਿ ਇਹ ਦਰਸ਼ਨ ਭੇਟ ਹੈ। ਸੋ ਜਥੇ ਦੇ ਜਾਣ ਉਪਰੰਤ ਸਰਕਾਰੀ ਕਰਮਚਾਰੀ ਔਖੇ ਭਾਰੇ ਹੋਏ ਪਰ ਹਜ਼ੂਰ ਨੇ ਇਕੋ ਗੱਲ ਕਹੀ ਸੀ ਕਿ ਇਹ ਸਭੋ ਕੁਝ ਜੋ ਵੀ ਸਾਡੇ ਅੰਦਰ ਹੈ ਕਿਸੇ ਰਾਜੇ ਦਾ ਨਹੀਂ ਸਗੋਂ ਕੌਮ ਦੀ ਅਮਾਨਤ ਹੈ। ਫਿਰ ਲੰਗਰ ਦਾ ਪ੍ਰਸ਼ਾਦਿ ਤੇ ਘਰ ਆਈ ਸੰਗਤ ਦੀ ਸੇਵਾ ਸਾਡਾ ਫਰਜ਼ ਹੈ। ਨਿਭਾਉਂਦਿਆਂ ਜੋ ਵੀ ਕੁਰਬਾਨੀ ਕਰਨੀ ਪਵੇ ਅਸੀਂ ਉਸ ਤੋਂ ਕਦੇ ਵੀ ਪਿਛਾਂਹ ਹਟਣ ਨੂੰ ਤਿਆਰ ਨਹੀਂ ਹਾਂ। ਇਹ ਗੱਦੀਆਂ ਤੇ ਮਹੰਤੀਆਂ ਗੁਰੂ ਪੰਥ ਦੇ ਸਿਰ ਤੋਂ ਵਾਰ ਕੇ ਸੁੱਟੀਆਂ ਜਾ ਸਕਦੀਆਂ ਨੇ। ਇਹ ਸਰਦਾਰੀਆਂ ਹੈ ਹੀ ਖਵਾਰੀ ਦਾ ਮੁਢ, ਫਿਰ ਇਨ੍ਹਾਂ ਦੀ ਅਸਾਂ ਸੰਭਾਲ ਹੀ ਕਾਹਨੂੰ ਕਰਨੀ ਹੈ। ਸਰਕਾਰ ਤੰਗ ਕਰੇਗੀ ਅਸੀਂ ਕਿਧਰੇ ਹੋਰ ਜਾ ਚੌਂਕੜੀ ਮਾਰਾਂਗੇ। ਉਨ੍ਹਾਂ ਦੀ ਨਜ਼ਰ ਵਿਚ ਜਿਸ ਸਾਧੂ ਦੇ ਕੌਲ ਤੇ ਕਰਮ ਵਿਚ ਫਰਕ ਹੈ, ਜੋ ਕਹਿੰਦੇ ਹੋਰ ਤੇ ਕਰਦੇ ਹੋਰ ਹਨ, ਉਹ ਸਾਧ ਨਹੀਂ ਕੇਵਲ ਸਾਧਾਂ ਦੇ ਵਸਤਰ ਧਾਰ ਕੇ ਭੇਖ ਧਾਰੀ ਹੀ ਹਨ।

ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜੀਵਨ ਹਰ ਪੱਖ ਤੋਂ ਰੋਸ਼ਨ ਤੇ ਉਤਮ ਸੀ ਫਿਰ ਬ੍ਰਹਮ ਗਿਆਨੀ ਦੀ ਆਤਮਾ ਪਾਰਦਰਸ਼ੀ ਹੋਣ ਦੇ ਨਾਲ ਹੀ ਮਨੁਖਤਾ ਦਾ ਇਕ ਮਹਾਨ ਉਸਰਈਆ ਹੋਣ ਦਾ ਦਰਜਾ ਵੀ ਰੱਖਦੀ ਸੀ। ਅਭਿਆਸ ਸਮੇਂ ਉਹ ਯੋਗੀ, ਕਰਮ ਸਮੇਂ ਉਹ ਕਿਸਾਨ, ਸੇਵਾ ਸਮੇਂ ਉਹ ਧਰਮ ਸੇਵਕ ਤੇ ਮਰਿਆਦਾ ਦੀ ਸਖਤ ਪਹਿਰੇਦਾਰੀ ਕਰਦੇ ਸਮੇਂ ਕਲਗੀਧਰ ਪਿਤਾ ਦੇ ਪਿਆਰੇ ਗੁਰਸਿੱਖ ਸਨ। ਉਹ ਨਮਕ ਨਹੀਂ ਵਰਤਦੇ ਸਨ ਤੇ ਫੁਰਮਾਉਂਦੇ ਸਨ, ਭਾਈ ਅੰਗਰੇਜ਼ ਦਾ ਲੂਣ ਖਾ ਕੇ ਵੀਹ ਸਾਲ ਉਸ ਦੀ ਰਫਲ ਮੋਢੇ ਧਰ ਕੇ ਫਿਰਦੇ ਰਹੇ ਹਾਂ। ਹੁਣ ਹੋਰ ਕੀਹਦਾ-ਕੀਹਦਾ ਬੋਝ ਚੁੱਕੀ ਫਿਰੀਏ। ਉਹ ਜੀਵਨ ਨੂੰ ਇਕ ਅਗਿਆਕਾਰੀ ਗੁਰਸਿੱਖ ਤੇ ਆਗਿਆਕਾਰੀ ਸੇਵਕ ਹੋਣ ਦੀ ਸ਼ਕਲ ਵਿਚ ਸਾਹਿਬ ਬਾਬਾ ਕਰਮ ਸਿੰਘ ਜੀ ਦੀ ਹਰ ਆਗਿਆ ਨੂੰ ਧੁਰ ਦਾ ਫੁਰਮਾਨ ਮੰਨਦੇ ਸਨ। ਉਹ ਸਫਲ ਯਾਤਰੂ ਵਾਂਗ ਜੀਵਨ ਮਾਰਗ ਨੂੰ ਇਕ ਸਫਲ ਜੀਵਨ ਪ੍ਰਦਾਨ ਕਰਨਹਾਰ ਸਨ।

ਹਜ਼ੂਰ ਸਾਹਿਬ ਦੀ ਯਾਤਰਾ ਕਰਨ ਸਮੇਂ ਉਨ੍ਹਾਂ ਦੇ ਸਾਹਵੇਂ ਕੇਵਲ ਇਕੋ ਹੀ ਆਦਰਸ਼ ਸੀ ਕਿ ਕੋਈ ਧੁਰ ਦਾ ਪਾਂਧੀ ਹੋਵੇ ਤਦ ਅਗਲੀ ਤਿਆਰੀ ਦੀ ਗੱਲ ਕਰੀਏ। ਉਥੇ ਉਸ ਸਮੇਂ ਬਾਬਾ ਨਿਧਾਨ ਸਿੰਘ ਜੀ ਲੰਗਰ ਦੀ ਸੇਵਾ ਕਰ ਰਹੇ ਸਨ ਪਰ ਫਿਰ ਵੀ ਬਾਬਾ ਜੀ ਨੇ ਵੱਡੇ ਲੰਗਰ ਤੇ ਬਾਬਾ ਜੀ ਦੇ ਲੰਗਰ ਦੋਹਾਂ ਨੂੰ ਇਕੋ ਜਿਹੀ ਮਾਇਆ ਲੰਗਰ ਹਿਤ ਬਖਸ਼ੀ। ਬਾਬਾ ਜੀ ਦੇ ਲੰਗਰ ਹੋ ਗਿਆ। ਪਰ ਦਰਬਾਰ ਵਾਲੇ ਢਿੱਲ ਮੱਠ ਕਰਨ ਲੱਗੇ ਤਦ ਬਾਬਾ ਜੀ ਜਲਾਲ ਵਿਚ ਆ ਗਏ ਤੇ ਫੁਰਮਾਇਆ, "ਅਸਾਂ ਇਹ ਪੈਸੇ ਕਿਸੇ ਤੋਂ ਮੰਗ ਕੇ ਜਾਂ ਫਿਰ ਸ਼ਾਹੀ ਖਜ਼ਾਨੇ ਵਿਚੋਂ ਦਾਨ ਲੈ ਕੇ ਨਹੀਂ ਬਣਾਏ। ਇਹ ਦਸਾਂ ਨਹੁੰਆਂ ਦੀ ਕਿਰਤ ਤੇ ਸੰਗਤ ਦੀ ਹਿੰਮਤ ਉਤਸ਼ਾਹ ਤੇ ਕਲਗੀਧਰ ਜੀ ਨਾਲ ਪਿਆਰ ਵਜੋਂ ਬਣੇ ਹਨ। ਸਾਡੀ ਹਰ ਦਮੜੀ ਖੂਨ ਪਸੀਨੇ ਦੀ ਕਮਾਈ ਤੋਂ ਬਣੀ ਹੈ, ਅਸਾਂ ਉਸ ਨੂੰ ਐਵੇਂ ਹੀ ਨਹੀਂ ਸੁਟ ਕੇ, ਤੁਹਾਨੂੰ ਖਾਣ ਦੇਣੀ।" ਆਖਰ ਪੁਜਾਰੀ ਝੁਕ ਗਏ ਤੇ ਸੰਗਤ ਲਈ ਲੰਗਰ ਬਣਾ ਕੇ ਵਰਤਾ ਦਿਤਾ।

ਇਥੇ ਆਪ ਜੀ ਨੇ ਮਾਤਾ ਦੇ ਗੁਰਦਵਾਰੇ ਦੀ ਯਾਤਰਾ ਕੀਤੀ। ਬਾਬਾ ਮਿਤ ਸਿੰਘ ਜੀ ਨਿਹੰਗ ਸਿੰਘ ਦੇ ਦਰਸ਼ਨ ਕੀਤੇ। ਬਉਲੀ ਦੀ ਨੀਂਹ ਰੱਖੀ ਤੇ ਪੰਜ ਸੌ ਦਮੜੇ ਮਦਦ ਵੀ ਕੀਤੀ। ਉਸੇ ਹੀ ਸਾਲ ਆਪ ਜੀ ਵਿਸਾਖੀ ਸਮੇਂ ਦਮਦਮੇ ਸਾਹਿਬ ਗੁਰੂ ਕੀ ਕਾਸ਼ੀ ਗਏ ਸਨ। ਰਸਤੇ ਵਿਚ ਆਪ ਜੀ

ਮਸਤੂਆਣੇ ਰਹੇ ਤੇ ਅਕਾਲ ਬੂੰਗੇ ਸੰਤ ਅਤਰ ਸਿੰਘ ਜੀ ਦੇ ਨਿਜੀ ਅਸਥਾਨ ਪਰ ਟਿਕੇ। ਇਥੋਂ ਹੀ ਆਪ ਪਹਿਲਾਂ ਕਾਂਜਲੇ ਸੰਤ ਬਿਸ਼ਨ ਸਿੰਘ ਜੀ ਪਾਸ ਵੀ ਗਏ। ਦਮਦਮਾ ਜੋ ਅੱਜਕਲ੍ਹ ਪੰਜਵਾਂ ਤਖਤ ਸਥਾਪਿਤ ਹੋ ਗਿਆ ਹੈ ਤਦੋਂ ਵੀ ਤਖਤ ਕਰਕੇ ਹੀ ਪੂਜਿਆ ਜਾਂਦਾ ਸੀ। ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਜਿਨ੍ਹਾਂ ਦੀ ਪ੍ਰਭੂਤਾ ਉਸ ਸਮੇਂ ਅਰਸ਼ਾਂ ਨੂੰ ਛੋਹ ਰਹੀ ਸੀ ਤਲਾਬ ਦੀ ਸੇਵਾ ਕਰਵਾ ਰਹੇ ਸਨ। ਉਨ੍ਹਾਂ ਸੇਵਾ ਕਰਦਿਆਂ ਉਠ ਕੇ ਪੂਰਨ ਸਤਿਕਾਰ ਨਾਲ ਬਾਬਾ ਅਤਰ ਸਿੰਘ ਜੀ ਦਾ ਸਵਾਗਤ ਕੀਤਾ ਤੇ ਸੰਗਤਾਂ ਨੂੰ ਮੁਖਾਤਬ ਕਰਕੇ ਫੁਰਮਾਇਆ, "ਆਓ ਸਾਧ ਸੰਗਤ! ਤੁਹਾਨੂੰ ਪਰਮ ਹੰਸਾਂ ਦੇ ਦਰਸ਼ਨ ਕਰਾਈਏ।" ਇਸ ਤਰ੍ਹਾਂ ਆਤਮਦਰਸ਼ਤਾ ਗਿਆਨ ਤੇ ਹੋਰ ਵਿਚਾਰਾਂ ਕਰਕੇ ਦੋਵੇਂ ਮਹਾਂਪੁਰਖ ਅੱਡ ਹੋ ਗਏ। ਤੁਰਨ ਸਮੇਂ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਨੇ ਕਿਹਾ, "ਤੁਸੀਂ ਆਪਣੇ ਘਰ ਕਦੋਂ ਚਲਣਾ ਹੈ?" ਅਗੋਂ ਸੰਤ ਮਸਤੂਆਣਾ ਕਹਿਣ ਲੱਗੇ, "ਆਪ ਜਦੋਂ ਵੀ ਸਦੋਗੇ ਚਲਾਂਗੇ ਪਰ ਤੁਸਾਂ ਦਸ ਦਿਨ ਪਹਿਲਾਂ ਸੰਦੇਸ਼ ਭੇਜਣਾ। ਫਿਰ ਇਥੇ ਦੇਰ ਨਹੀਂ ਲਗੇਗੀ।" ਸੰਤ ਅਤਰ ਸਿੰਘ ਜੀ ਮਹਾਰਾਜ ਇਸੇ ਹੀ ਸਾਲ ਫਿਰ ਹਰਿਦਵਾਰ ਤੇ ਹੋਰ ਸਥਾਨੋਂ ਤੇ ਹੋ ਕੇ ਸੈਦੂ ਪੁਜ ਗਏ ਜਿਥੇ ਵੱਡੇ ਸਾਹਿਬ ਬਾਬਾ ਕਰਮ ਸਿੰਘ ਜੀ ਦਾ ਸਰੀਰ ਅੰਤਮ ਸੰਸਕਾਰ ਕਰਕੇ ਪ੍ਰਵਾਹ ਕਰ ਦਿਤਾ ਸੀ। ਇਥੇ ਆਪ ਸਰਦੀਆਂ ਵਿਚ ਗਏ ਸਨ। ਬਾਬਾ ਬਿਸ਼ਨ ਸਿੰਘ ਜੀ ਦਸਦੇ ਹਨ ਕਿ ਆਪ ਜੀ ਬਰਫ ਦੀ ਵਰਖਾ ਵਿਚ ਇਸ ਤਰ੍ਹਾਂ ਬੈਠੇ ਰਹਿੰਦੇ ਸਨ ਜਿਸ ਤਰ੍ਹਾਂ ਕੋਈ ਮਨੁੱਖ ਗਰਮੀਆਂ ਸਮੇਂ ਦਰਖਤ ਹੇਠਾਂ ਬੈਠਾ ਹੁੰਦਾ ਹੈ। ਜਦੋਂ ਬਰਫ ਦਾ ਭਾਰ ਵੱਧ ਜਾਂਦਾ, ਆਪ ਮੋਢੇ ਛੰਡ ਕੇ ਫਿਰ ਉਸੇ ਤਰ੍ਹਾਂ ਅਭਿਆਸ ਵਿਚ ਲਗ ਜਾਂਦੇ ਸਨ।

ਇਥੇ ਆਪ ਜੀ ਕਿਉਂ ਆਏ ਸਨ? ਕੋਈ ਨਹੀਂ ਜਾਣਦਾ ਸੀ, ਪਰ ਇਹ ਗੱਲ ਉਨ੍ਹਾਂ ਸੇਵਕਾਂ ਨੇ ਦਸੀ ਕਿ ਉਹ ਦਰਿਆਏ ਸਿੰਧ ਵਿਚ, ਜਿਥੇ ਕਿ ਵੱਡੇ ਸਾਹਿਬਾਂ ਦਾ ਅੰਗੀਠਾ ਹੈ, ਨੌਂ ਮਾਘ ਨੂੰ ਨਦੀ ਵਿਚ ਖੜੋ ਕੇ ਹੀ ਆਪਣੀ ਇੱਛਾ ਅਨੁਸਾਰ ਸਰੀਰ ਛੱਡ ਦੇਣਗੇ, ਜਲ ਪ੍ਰਵਾਹ ਆਪ ਹੀ ਹੋ ਜਾਵੇਗਾ। ਕਿਉਂਕਿ ਜਦੋਂ ਸਰੀਰ ਅੰਦਰੋਂ ਉਹ ਆਪ ਉਡ ਜਾਣਗੇ ਫਿਰ ਜਲ ਦੇ ਪ੍ਰਵਾਹ ਨੂੰ ਕੌਣ ਰੋਕੇਗਾ?

ਇਸੇ ਹੀ ਅਸਥਾਨ ਪਰ ਇਕ ਹਿੰਦੂ ਸਹਿਜਧਾਰੀ ਸੱਜਣ ਵਸਤਰਾਂ ਦੀ ਸੇਵਾ ਲਈ ਹਾਜ਼ਰ ਹੋਇਆ। ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, ਭਾਈ ਦੋ ਕਫ਼ਨੀਆਂ ਤੇ ਬਾਕੀ ਛੇ ਕਲੀਏ ਕੁੜਤੇ ਲਈ ਆਉਣੇ ਪਰ ਜਦੋਂ ਉਹ ਹਾਜ਼ਰ ਹੋਇਆ ਤਦ ਕਫਨੀਆਂ ਚਾਰ ਸਨ। ਦੋ ਹੋਰ ਸੇਵਕਾਂ ਨੇ ਵੀ ਕਫਨੀਆਂ ਬਣਵਾਈਆਂ ਸਨ। ਪਰ ਬਾਬਾ ਜੀ ਨੇ ਫੁਰਮਾਇਆ, "ਅਸਾਂ ਤਾਂ ਆਪਣੇ ਸਾਧ ਨੂੰ ਇਕ ਕਫਨੀ ਪਾਉਣੀ ਹੈ ਜਿਸ ਦੀ ਲਾਜ ਵੀ ਨਿਭਾਉਣੀ ਹੈ। ਪਰ ਹੋਰ ਜੋ ਵੀ ਪਾਣਾ ਚਾਹੇ ਚੰਗਾ ਹੈ ਉਸ ਅੰਦਰ ਸਾਡੀ ਕੀ ਜ਼ੁੰਮੇਂਦਾਰੀ ਹੈ?" ਕਫਨੀ ਲੈ ਕੇ ਆਪ ਜੀ ਗੁਰਦਵਾਰੇ ਗਏ ਤੇ ਬਾਬਾ ਕਰਮ ਸਿੰਘ ਜੀ ਦੀ ਯਾਦਗਾਰ ਸਾਹਵੇਂ ਖਲੋ ਕੇ ਇਸ ਤਰ੍ਹਾਂ ਅਰਦਾਸ ਕੀਤੀ ਸੀ।

"ਹੇ ਸੱਚੇ ਪਾਤਸ਼ਾਹ, ਹੇ ਸਰਬ ਸ਼ਕਤੀਮਾਨ, ਅਸੀਂ ਅੱਜ ਇਸ ਬੱਚੇ ਨੂੰ ਬਾਬਾ ਕਰਮ ਸਿੰਘ ਜੀ ਦੇ ਚਰਣ ਸ਼ਰਣ ਵਿਚ ਲਗਾਇਆ ਹੈ। ਇਹ ਬਿਰਦ ਬਾਣੇ ਦੀ ਲਾਜ ਤੁਸਾਂ ਆਪ ਹੀ ਨਿਭਾਹੁਣੀ। ਹੇ ਗਰੀਬ ਨਿਵਾਜ! ਐਸੀ ਮੇਹਰ ਕਰੋ ਜੋ ਸਾਡੀ ਸੰਪ੍ਰਦਾਏ ਤੇ ਵਡੇਰਿਆਂ ਦੇ ਨਾਮ ਨੂੰ ਇਹ ਬੱਚਾ ਚੌਹਾਂ ਕੂੰਟਾਂ ਵਿਚ ਰੋਸ਼ਨ ਕਰ ਸਕੇ।" ਨਮਸਕਾਰ ਕਰਕੇ ਕਫਨੀ ਸੰਤ ਈਸ਼ਰ ਸਿੰਘ ਜੀ ਦੇ ਗਲ ਪਾ ਦਿਤੀ ਤੇ ਸਿਰ ਪਰ ਹੱਥ ਧਰ ਕੇ ਕਿਹਾ, "ਲੈ ਬਈ ਸਾਧ, ਅਸਾਂ ਆਪਣੇ ਵਲੋਂ ਤੈਨੂੰ ਪੂਰਾ ਬਲ, ਸਤਾ ਤੇ ਸ਼ਕਤੀ ਸਹਿਤ ਸਾਧ ਬਣਾ ਦਿਤਾ ਹੈ। ਜਾਹ, ਤੇਰੀ ਜਾਗੀਰ ਚੌਂਹੀ ਕੂੰਟੀ ਹੋਵੇਗੀ। ਦੁਨੀਆਂ ਤੇਰੀ ਹਾਜ਼ਰੀ ਭਰਨ ਹਿਤ ਤਰਸਿਆ ਕਰੇਗੀ।"

ਸੰਗਤ ਦੇ ਜ਼ੋਰ ਦੇਣ ਪਰ ਆਪ ਜੀ ਫਿਰ ਰਾਮਪੁਰ ਆ ਗਏ। ਪਰ ਇਹ ਚਰਚਾ ਆਮ ਹੋ ਗਈ ਕਿ ਆਪ ਫਿਰ ਚਲੇ ਜਾਣਗੇ। ਸੋ ਨਗਰ ਦੀ ਸੰਗਤ ਨੇ ਇਕੱਠੇ ਹੋ ਕੇ ਕਾਰਨ ਜਾਨਣਾ ਚਾਹਿਆ। ਸੰਤ ਜੀ ਮਹਾਰਾਜ ਨੇ ਸਾਫ ਕਿਹਾ, "ਸਾਡੇ ਵੱਡਿਆਂ ਦੇ ਅੰਗੀਠੇ ਦਰਿਆ ਸਿੰਧ ਵਿਚ ਹਨ। ਅਸੀਂ ਸਰੀਰ ਉਥੇ ਹੀ ਛੱਡਣਾ ਚਾਹੁੰਦੇ ਹਾਂ। ਕੋਈ ਸੱਜਣ ਇਹ ਜ਼ਿੰਮੇਂਦਾਰੀ ਚੁੱਕੇ ਕਿ ਸਾਡਾ ਸਰੀਰ ਉਥੇ ਪੁਜਾ ਦਿਤਾ ਜਾਵੇਗਾ ਤਦ ਅਸੀਂ ਨਹੀਂ ਜਾਂਦੇ।" ਸਰਦਾਰ ਬਖਤਾਵਰ ਸਿੰਘ ਜੀ ਨੇ ਇਹ ਗੱਲ ਆਪਣੇ ਜ਼ੁੰਮੇਂ ਲੈ ਲਈ। ਇਸ ਤਰ੍ਹਾਂ ਆਪ ਜੀ ਨੇ ਫਿਰ ਉਥੇ ਉਸੇ ਤਰ੍ਹਾਂ ਸਾਧਨ ਆਰੰਭ ਦਿਤਾ। ਪਰ ਇਸ ਤਰ੍ਹਾਂ ਕਿ ਹਰ ਚੀਜ਼ ਵਲੋਂ ਸੰਬੰਧ ਤੋੜ ਦਿਤਾ। ਜਿਉਂ-ਜਿਉਂ ਸਰਦੀਆਂ ਨੇੜੇ ਪੁਜਦੀਆਂ ਗਈਆਂ ਆਪ ਜੀ ਦੀ ਵੇਦਨਾ ਤੇ ਪ੍ਰਭੂ ਮਿਲਾਪ ਦੀ ਉਮੰਗ ਵੀ ਵਧਦੀ ਜਾਂਦੀ ਸੀ। ਆਪ ਰੋਜ਼ ਹੀ ਸ਼ਾਮ ਦੇ ਕੀਰਤਨ ਸਮੇਂ ਬੈਰਾਗਮਈ ਦਸ਼ਾ ਅੰਦਰ ਆ ਕੇ ਕੀਰਤਨ ਕਰਦੇ ਸਨ। ਘੋੜੇ ਪਰ ਚੜ੍ਹਕੇ ਬਾਹਰੋਂ ਆਉਂਦੇ ਹੋਏ, "ਸਚਖੰਡ ਜਾਣ ਵਾਲਿਆਂ ਕਲਗੀ ਵਾਲੇ ਨੂੰ ਸੰਦੇਸ਼ਾ ਮੇਰਾ ਦੇਵੀਂ, "ਭਾਈ ਨਿਰਾਸੀ ਬਹੁਤ ਦਿਨ ਲਾਗੈ" ਇਸ ਤਰ੍ਹਾਂ ਮੋਨ ਧਾਰ ਕੇ ਸਾਧਨਾ ਦੀ ਦਸ਼ਾ ਅੰਦਰ ਹਰ ਸਮਾਂ ਕੱਟਦੇ ਸਨ। ਸੇਵਕ ਵੀ ਹਰ ਸਮੇਂ ਨਿਰਾਸ਼ ਹੁੰਦੇ ਜਾ ਰਹੇ ਸਨ ਉਧਰੋਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਸਰੀਰਕ ਦਸ਼ਾ ਕਾਫੀ ਚਿੰਤਾਜਨਕ ਸੀ, ਉਨ੍ਹਾਂ ਦੇ ਪੈਰ ਦਾ ਜ਼ਖਮ ਬਹੁਤ ਹੀ ਵਿਗੜ ਚੁੱਕਾ ਸੀ। ਓਪਰੇਸ਼ਨ ਤੇ ਹੋਰ ਕੋਈ ਦਵਾ ਦਾਰੂ ਅਸਰ ਨਹੀਂ ਸੀ ਕਰ ਰਹੀ। ਫਿਰ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਦਾ ਇਹ ਅਡੋਲ ਨਿਸ਼ਚਾ ਸੀ ਕਿ ਉਹ ਮਸਤੂਆਣੇ ਵਾਲੇ ਸੰਤਾਂ ਤੋਂ ਕੀਤੇ ਹੋਏ ਕਿਸੇ ਵਾਅਦੇ ਅਨੁਸਾਰ ਦਸ ਦਿਨ ਪਹਿਲਾਂ ਸਚਖੰਡ ਜਾਣਗੇ। ਇਹ ਬਚਨ ਉਹ ਕਈ ਵਾਰੀ ਕਰ ਚੁੱਕੇ ਸਨ ਕਿ ਦਮਦਮੇ ਸਾਹਿਬ ਜਦੋਂ ਉਨ੍ਹਾਂ ਕਿਹਾ ਸੀ, "ਆਓ ਹੁਣ ਆਪਣੇ ਘਰ ਚਲੀਏ ਹੁਣ ਬਹੁਤ ਸੇਵਾ ਹੋ ਚੁੱਕੀ ਹੈ, ਆਰਾਮ ਤਾਂ ਆਪਣੇ ਹੀ ਘਰ ਜਾ ਕੇ ਹੈ।" ਤਦ ਮਸਤੂਆਣੇ ਵਾਲੇ ਮਹਾਂਪੁਰਖਾਂ ਨੇ ਇਹ ਵਾਅਦਾ ਦਿਤਾ ਸੀ ਕਿ ਮਹਾਂਪੁਰਖੋ! ਤੁਸਾਂ ਦਸ ਦਿਨ ਪਹਿਲਾਂ ਚਲਣਾ ਅਸੀਂ ਪਿਛੋਂ ਪੁਜ ਜਾਵਾਂਗੇ।" ਸੋ ਭਾਵ ਤਾਂ ਸਾਫ ਸੀ ਕਿ ਅਸੀਂ ਹਰ ਸਮੇਂ ਹੀ ਨਿਜ ਧਾਮ ਲਈ ਤਿਆਰ ਹਾਂ, ਪਰ ਤੁਸੀਂ ਪੁਜੋਗੇ ਤਦ ਸਾਡੀ ਤਿਆਰੀ ਵੀ ਮੁਕੰਮਲ ਹੀ ਹੋ ਜਾਏਗੀ।

**ਅੰਤਮ ਕੂਚ ਦੀਆਂ ਤਿਆਰੀਆਂ**

ਅਸੀਂ ਉਪਰ ਦਸ ਆਏ ਹਾਂ ਕਿ ਆਪ ਜੀ ਸੈਦੂ ਤੋਂ ਵਾਪਸ ਆ ਕੇ ਆਪਣੇ ਨਿਜ ਧਾਮ ਨੂੰ ਜਾ ਰਹੇ ਸਨ, ਸੋ ਆਪ ਜੀ ਨੇ ਆਖਰੀ ਸਫਰ ਤੋਂ ਪਹਿਲਾਂ ਹੀ ਤਿਆਰੀਆਂ

ਅਰੰਭ ਦਿਤੀਆਂ। ਗੋਖੇ ਦੀ ਛਪੜੀ ਪਰ ਬੈਠਣਾ ਬੰਦ ਕਰ ਦਿਤਾ। ਆਪ ਜੀ ਕਿਹਾ ਕਰਦੇ ਸਨ ਕਿ ਜਦੋਂ ਦੇਹ ਨਾਲੋਂ ਨਾਤਾ ਬੰਦ ਕਰਨ ਵਾਲੇ ਹਾਂ ਤਦ ਇਸ ਦੇ ਸਾਰੇ ਹੋਰ ਨਾਤੇ ਵੀ ਤੋੜ ਦੇਣੇ ਹਨ। ਹੋਰ-ਹੋਰ, ਵਖਰੀ-ਵਖਰੀ ਜਗ੍ਹਾ ਰੋਜ਼ ਬੈਠਣਾ ਅਰੰਭ ਕਰ ਦਿਤਾ ਸੀ। ਕਿਹਾ ਕਰਦੇ ਸਨ, "ਇਹ ਜਗ੍ਹਾ ਵੀ ਯਾਦ ਕਰਿਆ ਕਰੇਗੀ ਕਿ ਏਥੇ ਕੋਈ ਬੈਠਿਆ ਕਰਦਾ ਸੀ।" ਸੰਤ ਈਸ਼ਰ ਸਿੰਘ ਜੀ ਦੇ ਨਾਲ ਹੀ ਹੁਣ ਪਟਿਆਲੇ ਤੋਂ ਸੰਤ ਕਿਸ਼ਨ ਸਿੰਘ ਜੀ ਵੀ ਆ ਸ਼ਾਮਲ ਹੋਏ ਸਨ। ਇਨ੍ਹਾਂ ਦਿਨਾਂ ਵਿਚ ਅਨੇਕ ਕੌਤਕ ਵਰਤਾਏ। ਕੋਈ ਵੀ ਮਨੁੱਖ ਇਨ੍ਹਾਂ ਦਿਨਾਂ ਵਿਚ ਆਪ ਜੀ ਤੋਂ ਨਿਰਾਸ਼ ਨਹੀਂ ਗਿਆ। ਹਰ ਕਿਸੇ ਦੀ ਹਰ ਤਰ੍ਹਾਂ ਦਿਲਜੋਈ ਕਰਦੇ ਸਨ। ਆਪ ਜੀ ਨੇ ਆਪਣੇ ਸੁਹਿਰਦ ਸੇਵਕਾਂ ਨੂੰ 7 ਮਾਘ 1884 ਬਿਕਰਮੀ ਨੂੰ ਪਾਸ ਸਦਿਆ ਤੇ ਇਹ ਗੱਲ ਕਹੀ ਭਾਈ! ਕਲ੍ਹ ਨੂੰ ਇਕ ਸੰਦੇਸ਼ ਦੇਣਾ ਹੈ ਸਾਰੇ ਹਾਜ਼ਰ ਰਹੋ। 7 ਮਾਘ ਦੀ ਸਵੇਰ ਸਮੇਂ ਹੀ ਆਪ ਜੀ ਨੇ ਨਗਰ ਤੇ ਹੋਰ ਆਸ ਪਾਸ ਦੇ ਸੇਵਕਾਂ ਨੂੰ ਕਿਹਾ ਕਿ ਉਹ ਇਕ ਖਾਸ ਕਾਰਜ ਕਰਨ। ਨਗਰ ਤੋਂ ਗੁਰਦਵਾਰੇ ਨੂੰ ਜਾ ਰਿਹਾ ਰਸਤਾ ਇਕ ਛੱਪੜ ਪੈਣ ਕਾਰਨ ਬਹੁਤ ਹੀ ਖਰਾਬ ਸੀ, ਸੋ ਆਪ ਜੀ ਨੇ ਉਸ ਨੂੰ ਸਾਰੀ ਸੰਗਤ ਲਗਾ ਕੇ ਸਾਰਾ ਦਿਨ ਖੜੇ ਰਹਿ ਕੇ ਠੀਕ ਕਰਵਾਇਆ। ਫਿਰ ਆਪ ਜੀ ਨੇ ਫਿਰ ਕੇ ਰਾਹ ਦੀਆਂ ਰੋੜੀਆਂ ਠੀਕ ਕਰਵਾਈਆਂ ਕਿ ਭਾਈ! ਸੰਗਤ ਨੂੰ ਲੰਘਣ ਸਮੇਂ ਬਹੁਤ ਹੀ ਤਕਲੀਫ ਹੋਵੇਗੀ। ਫਿਰ ਸ਼ਾਮ ਸਮੇਂ ਹੀ ਆਪ ਜੀ ਡੇਰੇ ਆ ਕੇ ਛੋਟੀ ਜਿਹੀ ਮੰਜੀ ਪਰ ਬੈਠ ਗਏ ਤੇ ਬਾਹਰ ਨਹੀਂ ਗਏ ਕਿ ਭਾਈ ਤਕਲੀਫ ਜੇਹੀ ਹੈ। ਸੋ ਪਿਛਲੇ ਕਾਫੀ ਲੰਬੇ ਅਰਸੇ ਪਿਛੋਂ ਇਹ ਪਹਿਲਾ ਹੀ ਸਮਾਂ ਸੀ ਜਦੋਂ ਕਿ ਸੰਤ ਜੀ ਮਹਾਰਾਜ ਬਾਹਰ ਨਹੀਂ ਗਏ ਸਨ। ਵਰਨਾ ਉਹ ਸਖਤ ਬੁਖਾਰ ਹੋਣ ਪਰ ਵੀ ਬਾਹਰ ਜਾਣੋਂ ਨਹੀਂ ਰੁਕੇ ਸਨ। ਇਹ ਰਾਤ ਸਾਰੀ ਲੰਘ ਗਈ। ਹਰ ਪਾਸੇ ਸਿਮਰਨ ਤੇ ਬਾਣੀ ਦਾ ਪ੍ਰਵਾਹ ਚਲ ਰਿਹਾ ਸੀ। ਸਵੇਰੇ ਡਾਕਟਰ ਵੀ ਆ ਗਿਆ। ਉਸ ਨੇ ਸ਼ਾਮ ਸਮੇਂ ਰਾਏ ਦਿਤੀ ਕਿ ਮਹਾਰਾਜ ਦੀ ਸਲਾਹ ਤਾਂ ਕੁਝ ਹੋਰ ਹੀ ਹੈ ਫਿਰ ਤੁਸੀਂ ਕੁਝ ਹੋਰ ਕਰਨਾ ਹੈ, ਤਦ ਸੋਚ ਸਮਝ ਲਵੋ, ਕਲ੍ਹ ਨੂੰ ਮੈਨੂੰ ਦੋਸ਼ ਨਾ ਦੇਣਾ। ਡੇਰੇ ਵਾਲੇ ਲੋਕ ਪਾਠ ਰੱਖਣਾ ਚਾਹੁੰਦੇ ਸਨ। ਪਰ ਮਹਾਰਾਜ ਜੀ ਨੇ ਫੁਰਮਾਇਆ ਹੱਛਾ ਭਾਈ ਅੱਜ ਦੀ ਰਾਤ ਹੋਰ ਕੁਝ ਨ ਕਰੋ ਕਲ੍ਹ ਨੂੰ ਤੁਹਾਡੀ ਹੀ ਗੱਲ ਮੰਨ ਲਵਾਂਗੇ। ਰਾਤ ਸਮੇਂ ਆਪ ਜੀ ਨੇ ਸਾਰੀ ਸੰਗਤ ਪਾਸੋਂ ਕੋਈ ਗੱਲ ਕਰਨ ਜਾਂ ਫਿਰ ਕੁਝ ਮੰਗ ਕਰਨ ਲਈ ਪੁਛਿਆ। ਸੰਤ ਈਸ਼ਰ ਸਿੰਘ ਜੀ ਨੂੰ ਕਿਹਾ ਜੇਕਰ ਚਾਹੋ ਤਦ ਅਸੀਂ ਹਥੀਂ ਡੋਰਾਂ ਦੇ ਜਾਂਦੇ ਹਾਂ ਪਰ ਇਹ ਕਰੜਾ ਜਿਹਾ ਕਾਰਜ ਤੈਥੋਂ ਨਹੀਂ ਹੋਣ ਲੱਗਾ। ਫਿਰ ਸੰਤ ਕਿਸ਼ਨ ਸਿੰਘ ਜੀ ਨੂੰ ਆਗਿਆ ਕੀਤੀ, "ਭਾਈ ਤੁਸਾਂ ਇਕੱਠੇ ਰਹਿਣਾ। ਮਾਇਆ ਤੇ ਪਦਾਰਥਾਂ ਦੀ ਕੋਈ ਥੋੜ੍ਹ ਨਹੀਂ ਰਹੇਗੀ।" ਬਾਰ੍ਹਾਂ ਵਜੇ ਜੋ ਸਿੰਘ ਸੁਖਮਨੀ ਸਾਹਿਬ ਪੜ੍ਹ ਰਹੇ ਸਨ ਰੋਕ ਕੇ ਸੰਤ ਜੀ ਮਹਾਰਾਜ ਨੇ ਸੰਗਤ ਨੂੰ ਕਿਹਾ, "ਸੁਣੋ ਸਾਧ ਸੰਗਤ! ਅੱਜ ਮੈਂ ਇਸ ਸੰਸਾਰ ਤੋਂ ਜਾ ਰਿਹਾ ਹਾਂ। ਇਸ ਧਰਤੀ ਪਰ ਰਹਿੰਦਿਆਂ ਅਸਾਂ ਸੰਸਾਰ ਵਿਚੋਂ ਜੋ ਦੁਖ ਕਲੇਸ਼ ਤੇ ਕਲ੍ਹਾ ਦਾ ਘਰ ਹੈ, ਅਲੱਗ ਹੀ ਰਹਿਣ ਦਾ ਯਤਨ ਕੀਤਾ ਹੈ। ਪਰ ਫਿਰ ਵੀ ਜੇਕਰ ਕਿਸੇ ਸਮੇਂ ਕਿਸੇ ਦੇ ਮਨ ਪਰ ਕੋਈ ਬੁਰਾ ਅਸਰ ਪਿਆ ਹੋਵੇ ਤਦ ਉਸ ਨੂੰ ਭੁਲਾ ਦਿਓ।" ਫਿਰ ਹਸ ਕੇ ਕਹਿਣ ਲੱਗੇ, "ਇਹ ਬਾਬਾ ਕਰਮ ਸਿੰਘ ਦਾ ਦਰਬਾਰ ਹੈ ਅਸੀਂ ਊਣੇ ਤੇ ਘਾਟ ਵਾਲੇ ਲੋਕਾਂ ਦੇ ਸੇਵਕ ਨਹੀਂ ਹਾਂ। ਸ਼ਕਤੀ ਸਹਿਤ ਭਗਤੀ ਵਾਲੇ ਸਤਿਗੁਰਾਂ ਦੇ ਮੁਰੀਦ ਹਾਂ। ਗੁਰੂ ਦਾ ਖਜ਼ਾਨਾ ਅਸਾਂ ਰੱਜ ਕੇ ਵਰਤਿਆ ਹੈ ਪਰ ਫਿਰ ਵੀ ਜੇਕਰ ਕਿਸੇ ਨੂੰ ਕੋਈ ਘਾਟ ਰਹੀ ਹੈ, ਜੇਕਰ ਕਿਸੇ ਲੋੜਵੰਦ ਦੀ ਲੋੜ ਰਹਿ ਗਈ ਹੈ, ਤਦ ਹੁਣੇ ਹੀ ਮੰਗ ਲਵੋ। ਹੁਣ ਅਸਾਨੂੰ ਕੋਈ ਖਾਸ ਮਿਹਨਤ ਤੇ ਸਿਮਰਨ ਸਾਧਨ ਦੀ ਲੋੜ ਨਹੀਂ ਸੀ ਪਰ ਫਿਰ ਵੀ ਇਹ ਕੇਵਲ ਆਪਣੇ ਸੇਵਕਾਂ ਖਾਤਰ ਹੀ ਕਰਦੇ ਰਹੇ ਹਾਂ।" ਸੰਤ ਈਸ਼ਰ ਸਿੰਘ ਜੀ ਨੂੰ ਕਿਹਾ, "ਇਸ ਸਾਧ ਬਾਰੇ ਜ਼ਰੂਰ ਸੋਚਦੇ ਹਾਂ, ਇਸ ਦੀ ਲਾਜ ਹੁਣ ਬਾਬਾ ਕਰਮ ਸਿੰਘ ਦੇ ਹੱਥ ਹੈ।"

ਫਿਰ ਸੰਗਤ ਨੂੰ ਹੁਕਮ ਹੋਇਆ, 'ਹੁਣ ਜਾ ਰਹੇ ਹਾਂ, ਕੋਈ ਨਾ ਬੁਲਾਵੇ।' ਇਹ ਕਹਿ ਕੇ ਮਹਾਰਾਜ ਜੀ ਨੇ ਸੁਆਸ ਖਿਚਿਆ ਤੇ ਫਿਰ ਦੂਸਰਾ ਸੁਆਸ ਬਾਹਰ ਨਹੀਂ ਆਇਆ। ਲੋਕਾਂ ਤਕਿਆ ਪਰਮ ਅਭਿਆਸੀ ਮਹਾਂਪੁਰਖ ਦਸਮ ਦੁਆਰ ਫੋੜ ਕੇ ਸਰੀਰ ਛੱਡ ਕੇ ਚਲੇ ਗਏ। ਦਸਮ ਦੁਆਰ ਦੇ ਉਪਰ ਇਕ ਖੂਨ ਦੀ ਬੂੰਦ ਬਾਹਰ ਆਈ ਤੇ ਸੁਆਸਾਂ ਦੇ ਬਾਹਰ ਜਾਣ ਦੀ ਆਵਾਜ਼ ਵੀ ਹੋਈ ਸੀ। ਪਰ ਇਹ ਅੰਤਿਮ ਕਿਰਿਆ ਜਦੋਂ ਕਿ ਸਮਾਪਤ ਨਹੀਂ ਸੀ ਹੋਈ ਉਸ ਤੋਂ ਪਹਿਲਾਂ ਇਕ ਦੋ ਖਾਸ ਗੱਲਾਂ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਨੀਆਂ ਉਤਨੀਆਂ ਜ਼ਰੂਰੀ ਹਨ ਜਿੰਨਾਂ ਕਿ ਕੋਈ ਮਹਾਨ ਕਾਰਜ ਲਿਖਣਾ ਅਤੀ ਜ਼ਰੂਰੀ ਹੈ।

ਉਸ ਸਮੇਂ ਜਦੋਂ ਕਿ ਸੰਤ ਜੀ ਮਹਾਰਾਜ ਨੇ ਸੰਗਤ ਨੂੰ ਹੋਰ ਗੱਲ ਨਾ ਕਰਨ ਦੀ ਆਗਿਆ ਕੀਤੀ ਸੀ ਪਰ ਆਪ ਜੀ ਨੇ ਉਠ ਕੇ ਸਾਵਧਾਨ ਹੋ ਕੇ ਚੌਂਕੜਾ ਮਾਰਕੇ ਇਹ ਸ਼ਬਦ ਪੜ੍ਹਿਆ ਸੀ –

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ***
***ਸਰਬ ਜੀਆ ਕਾ ਦਾਤਾ ਰੇ॥ ਪੰਨਾ - 612***

ਤੇ ਆਖਰੀ ਤੁਕ

***ਗੁਰੁ ਨਾਨਕੁ ਜਿਨ ਸੁਣਿਆ ਪੇਖਿਆ***
***ਸੇ ਫਿਰਿ ਗਰਭਾਸਿ ਨ ਪਰਿਆ ਰੇ॥ ਪੰਨਾ - 612***

ਦੋ ਤਿੰਨ ਵਾਰੀ ਪੜ੍ਹਿਆ ਸੀ। ਫਿਰ ਸਿਰ ਝੁਕਾਇਆ ਸੀ ਮਾਨੋਂ ਸਤਿਗੁਰੂ ਜੀ ਦੀ ਆਗਿਆ ਪਾ ਕੇ ਹੀ ਚਲਣ ਲਗੇ ਹਨ। ਇਹੀ ਕਹਿਕੇ ਹੀ ਆਪ ਜੀ ਸੁਆਸਾਂ ਨੂੰ ਜ਼ੋਰ ਨਾਲ ਖਿਚਿਆ ਸੀ। ਫਿਰ ਸੁਆਸ ਖਿਚੇ ਤੱਕ ਕੇ ਇਕ ਸੇਵਕ ਨੇ ਚੀਕ ਮਾਰੀ ਤੇ ਕਿਹਾ ਸਾਨੂੰ ਕਿਸ ਦੇ ਲੜ ਲਾ ਚਲੇ ਹੋ। ਇਹ ਦਰਦ ਭਰੀ ਆਵਾਜ਼ ਸੁਣ ਕੇ ਆਪ ਜੀ ਨੇ ਫਿਰ ਨੇਤਰ ਖੋਹਲ ਦਿਤੇ ਤੇ ਫੁਰਮਾਇਆ, "ਭਾਈ ਤੁਸਾਂ ਸਾਨੂੰ ਧੁਰ ਤੋਂ ਬੁਲਾ ਲਿਆ ਹੈ। ਜੋ ਕਾਬਲ ਹੋਵੇਗਾ ਉਹ ਸੰਗਤ ਨੂੰ ਸੰਭਾਲ ਲਵੇਗਾ, ਸਾਨੂੰ ਕਿਸ ਨੇ ਪਗੜੀ ਬੱਧੀ ਸੀ? ਉਹ ਉਸ ਮਾਲਕ ਦੀ ਦੇਣ ਹੈ ਜੋ ਕਹਿਣ ਤੇ ਸੁਣਨ ਅਥਵਾ ਮਹੰਤੀਆਂ ਗੱਦੀਆਂ ਤੋਂ ਵੀ ਉਚਾ ਹੈ।"

ਇਹ ਕਹਿ ਕੇ ਹੀ ਫਿਰ ਸੁਆਸ ਖਿੱਚ ਕੇ ਸਰੀਰ ਛੱਡ ਦਿਤਾ ਸੀ। ਸੰਤ ਜੀ ਮਹਾਰਾਜ ਦੇ ਸਰੀਰ ਦਾ ਜਲੂਸ ਉਸੇ ਹੀ ਰਸਤੇ ਨਹਿਰ ਕੋਲ ਪੁੱਜਾ, ਜਿਸ ਨੂੰ ਆਪ ਜੀ ਨੇ ਪਹਿਲੇ ਦਿਨ ਸਾਫ ਕਰਵਾਇਆ ਸੀ। ਫਿਰ ਨਗਰ ਦੇ ਲੋਕ ਇਹ ਜਾਣ ਸਕੇ ਸਨ ਕਿ ਸੰਤ ਜੀ ਮਹਾਰਾਜ ਕਿੰਨਾਂ ਸੰਗਤਾਂ ਦਾ ਫ਼ਿਕਰ ਕਰਦੇ ਸਨ ਕਿ ਉਹ ਆਉਣਗੀਆਂ ਤੇ ਤਕਲੀਫ

(ਬਾਕੀ ਪੰਨਾ 42 ਤੇ)

# ਆਲਮੇ ਰੌਸ਼ਨ ਜ਼ਿ ਗੁਰੁ ਗੋਬਿੰਦ ਸਿੰਘ
# ਜਾਨਿ ਦਿਲ ਗੁਲਸ਼ਨ ਜ਼ਿ ਗੁਰੁ ਗੋਬਿੰਦ ਸਿੰਘ

**(ਸਤਿਗੁਰੂ ਜੀ ਤੋਂ ਸੰਸਾਰ ਵਿਚ ਚਾਨਣ ਹੋਇਆ ਹੈ, ਦੇਹ ਅਤੇ ਆਤਮਾ ਵੀ ਸਤਿਗੁਰੂ ਜੀ ਤੋਂ ਅਨੰਦਤ ਹੋਏ ਹਨ)**

**(ਖਾਲਸਾ ਆਦਰਸ਼)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ***

'ਅਰਬਦ ਨਰਬਦ ਧੁੰਧੂਕਾਰਾ' ਵਿਆਪਕ ਰਿਹਾ। ਆਤਮਾ ਸਤਿ ਚਿੱਤ ਅਨੰਦ ਦੇ ਰੂਪ ਵਿਚ ਏਕੰਕਾਰ 'ਚੋਂ ਪ੍ਰਕਾਸ਼ਿਤ ਹੋਈ ਅਤੇ ਪਸਾਰਾ ਆਰੰਭ ਹੋ ਗਿਆ। ਇਹ ਸਤਿ ਸ਼ਕਤੀ ਵੀ ਸੰਸਾਰ ਦੀ ਕਲਪਨਾ ਨਹੀਂ ਕਰਦੀ ਸੀ। ਸੰਸਾਰ ਹੈ ਹੀ ਨਹੀਂ ਸੀ। ਅੱਗੇ ਦਸਦੇ ਹਨ ਕਿ ਉਸ ਪ੍ਰਮੇਸ਼ਰ ਨੇ ਪਹਿਲਾਂ ਇਨ੍ਹਾਂ ਪੰਜਾਂ ਮਹਾਂ ਭੂਤਾਂ ਨੂੰ ਪ੍ਰਗਟ ਕੀਤਾ ਅਤੇ ਖੁਦ ਹੀ ਅਗੰਮ ਅਗੋਚਰ ਅਵਸਥਾ ਵਿਚੋਂ ਪ੍ਰਗਟ ਹੋ ਕੇ ਉਸ ਪ੍ਰਭੂ ਨੇ ਅਨੇਕ ਪ੍ਰਕਾਰ ਦੀ ਸ੍ਰਿਸ਼ਟੀ ਸਾਜਣ ਤੋਂ ਪਹਿਲਾਂ ਆਪਣੀ ਦੇਹ ਤੋਂ ਪਉਣ ਦੀ ਰਚਨਾ ਕੀਤੀ, ਪਵਨ ਤੋਂ ਜਲ ਹੋਇਆ ਜਲ ਤੋਂ ਤ੍ਰਿਭਵਣ ਸਾਕਾਰ ਹੋਇਆ ਅਤੇ ਉਸ ਵਿਚ ਸ਼ਕਤੀ ਰੂਪੀ ਬੀਜ ਪਾ ਦਿਤਾ। ਇਸ ਤਰ੍ਹਾਂ ਭਾਈ ਗੁਰਦਾਸ ਜੀ ਦਸਦੇ ਹਨ ਕਿ ਪਹਿਲੇ ਪਹਿਲ ਜਦੋਂ ਸਾਹ ਤੇ ਮਾਸ ਕੁਝ ਵੀ ਨਹੀਂ ਸੀ, ਅੰਧ ਧੁੰਦ ਹਨੇਰ ਘੁੰਮ ਘੇਰ ਸੀ, ਕੁਝ ਸੋਝੀ ਨਹੀਂ ਪੈਂਦੀ ਸੀ। ਮਾਤਾ ਦੇ ਲਹੂ ਤੇ ਪਿਤਾ ਦੇ ਵੀਰਜ਼ ਦੀ ਦੇਹ ਬਣਾ ਕੇ ਉਸ ਨੇ ਪੰਜਾਂ ਤੱਤਾਂ ਦਾ ਜੜਾਉ ਜੜ ਦਿਤਾ। ਵਾਯੂ, ਪਾਣੀ, ਅੱਗ ਤੇ ਚੌਥੀ ਧਰਤੀ, ਪੰਜਵਾਂ ਅਕਾਸ਼ ਕਰਕੇ, ਛੇਵਾਂ ਆਪਣੇ ਆਪ ਗੁਪਤ ਰੂਪ ਵਿਚ ਹੋ ਕੇ ਰਿਦੇ ਵਿਚ ਬੈਠ ਗਿਆ। ਇਸ ਲਈ ਕਿ ਸਾਰੇ ਜੜ੍ਹ ਸਰੀਰ ਨੂੰ ਸੱਤਾ ਦੇ ਕੇ ਚਲਾਵੇ। ਪੰਜ ਤੱਤ ਤੇ 25 ਪ੍ਰਕ੍ਰਿਤੀਆਂ ਜਿਹੜੀਆਂ ਆਪਸ ਵਿਚ ਸ਼ਤਰੂ ਸਨ, ਮਿਤਰ ਬਣਾ ਕੇ ਦੇਹ ਬਣਾ ਦਿਤੀ। ਅੱਗ, ਪਾਣੀ, ਮਿਟੀ ਜਿਹੜੇ ਆਪਸ ਵਿਚ ਸ਼ੀਂਹ ਬੱਕਰੀ ਵਾਂਗੂੰ ਸਨ, ਇਕੱਠੇ ਕਰ ਦਿਤੇ। ਚਾਰ ਖਾਣੀਆਂ – ਅੰਡਜ, ਜੇਰਜ, ਸੇਤਜ, ਉਤਭੁਜ ਤੇ ਚਾਰ ਬਾਣੀਆਂ (ਪਰਾ, ਪਸੰਤੀ, ਮਧਮਾ, ਬੈਖਰੀ) ਇਨ੍ਹਾਂ ਦਾ ਚਲਾਉ ਕਰਕੇ ਆਵਾਗੌਣ ਦਾ ਚਰਿਤਰ ਦਿਖਾਇਆ। ਇਸ ਤਰ੍ਹਾਂ ਨਾਲ ਚੌਰਾਸੀ ਲੱਖ ਜੂਨਾਂ ਰਚ ਦਿਤੀਆਂ।

ਇਸ ਤਰ੍ਹਾਂ ਸਿਆਣੇ ਦਸਦੇ ਹਨ ਕਿ ਇਹ ਅਨਾਦੀ ਸੰਸਾਰ ਚਲਿਆ ਆਉਂਦਾ ਹੈ। ਬੋਹੜ ਦੇ ਬੀਜ ਵਾਂਗੂੰ ਇਹ ਨਹੀਂ ਪਤਾ ਲਗਦਾ ਕਿ ਬੋਹੜ ਪਹਿਲਾਂ ਸੀ ਕਿ ਬੀਜ, ਇਸੇ ਤਰ੍ਹਾਂ ਪਤਾ ਨਹੀਂ ਲਗਦਾ ਕਿ ਪਹਿਲਾਂ ਕਰਮ ਸੀ ਕਿ ਸਰੀਰ, ਇਹ ਜਿਸ ਨੇ ਸੰਸਾਰ ਨੂੰ ਸਾਜਿਆ ਹੈ ਓਹੀ ਜਾਣਦਾ ਹੈ। ਜਪੁਜੀ ਸਾਹਿਬ ਵਿਚ ਆਉਂਦਾ ਹੈ –

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***
***ਪੰਨਾ - 4***

ਭਾਰਤ ਵਿਚ ਖੱਟ ਸਾਸ਼ਤਰ ਹਨ ਉਨ੍ਹਾਂ ਦੇ ਸ੍ਰਿਸ਼ਟੀ ਰਚਨਾ ਬਾਰੇ ਆਪਣੇ-ਆਪਣੇ ਮਤ ਹਨ। ਨਿਯਾਯ ਵਾਲੇ ਪ੍ਰਮਾਣੂਆਂ ਤੋਂ, ਸ਼ਾਂਖ ਸਾਸ਼ਤਰ ਵਾਲੇ ਪ੍ਰਧਾਨ ਤਿੰਨ ਗੁਣਾਂ ਦੀ ਸਮਾਨ ਅਵਸਥਾ ਤੋਂ, ਵੇਦਾਂਤ ਵਾਲੇ ਮਾਇਆ ਤੋਂ ਜਗਤ ਦੀ ਉਤਪਤੀ ਮੰਨਦੇ ਹਨ। ਐਸਾ ਵੀ ਮੰਨਦੇ ਹਨ ਕਿ ਸ੍ਵਯੰਭੂਮਨ -ਨਰ ਤੇ ਸਤਰੂਪਾ ਉਸ ਦੀ ਇਸਤ੍ਰੀ ਬਣੀ, ਉਨ੍ਹਾਂ ਦੀ ਰਕਤਬਿੰਦ ਤੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ। ਕਿਉਂ ਜੋ ਘੋੜਾ ਘੋੜੀ ਆਦਿ ਸਾਰੀ ਚੌਰਾਸੀ ਦਾ ਨਰ ਮਾਦਾ ਓਹ ਦੋਵੇਂ ਬਣ ਜਾਂਦੇ ਹਨ, ਪ੍ਰੰਤੂ ਇਹ ਸਾਰੇ ਖਿਆਲ ਹਨ, ਗੁਰਮਤਿ ਦੇ ਸਿਧਾਂਤ ਮੁਤਾਬਿਕ ਸ੍ਰਿਸ਼ਟੀ ਦੇ ਕਰਨ ਕਾਰਨ ਵਾਲਾ ਇਕੋ ਵਾਹਿਗੁਰੂ ਹੈ ਜਿਸ ਨੇ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਪੰਨਾ - 3***

ਉਸ ਨੇ ਆਪਣੀ ਸ਼ਕਤੀ ਨਾਲ ਇਕੋ ਫੁਰਨਾ ਕਰਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਰ ਦਿਤੀ। ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥***
***ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥***
***ਪੰਨਾ - 276***

ਸੰਸਾਰ ਵਿਚ ਜੋ ਸੁੰਨ ਸੀ ਉਸ ਨੂੰ ਦੇਖਣ ਵਾਲਾ ਆਤਮਾ ਸੀ, ਉਸ ਆਤਮਾ ਤੋਂ ਹੀ ਸਾਰੇ ਸੰਸਾਰ ਦਾ ਪਸਾਰਾ ਹੋਇਆ ਹੈ ਜਿਵੇਂ ਕਿ ਫੁਰਮਾਨ ਹੈ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਆਤਮਾ ਨੇ ਹੀ ਪੰਜਾਂ ਤੱਤਾਂ ਦੀਆਂ ਦੇਹਾਂ ਰਚ ਕੇ ਸ੍ਰਿਸ਼ਟੀ ਰਚੀ ਹੈ। ਇਸੇ ਪ੍ਰਕਾਰ ਪ੍ਰਮਾਣੂ, ਪ੍ਰਧਾਨ ਕਰਮ, ਆਦਿ, ਕਾਰਣ ਸਾਰੇ ਜੜ੍ਹ ਹਨ। ਚੇਤਨ ਆਤਮਾ ਦੀ ਸੱਤਾ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ। ਸੋ ਇਸ ਕਰਕੇ ਉਹ ਵਿਚਾਰ ਨਿਰਮੂਲ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਪ੍ਰਿਥਮੈ ਸਾਸ ਨ ਮਾਸ ਸਨ ਅੰਧ ਧੁੰਧ ਕਛੁ ਖਬਰ ਨ ਪਾਈ।***
***ਰਕਤਬਿੰਦ ਕੀ ਦੇਹਿ ਰਚਿ, ਪਾਂਚ ਤਤ ਕੀ ਜੜਤ ਜੜਾਈ।***
***ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।***
***ਪੰਚਮਿ ਵਿਚਿ ਆਕਾਸ ਕਰਿ ਕਰਤਾ ਛਟਮੁ ਅਦਿਸਟੁ ਸਮਾਈ।***
***ਪੰਚ ਤਤ ਪੰਚੀਸਿ ਗੁਨਿ ਸਤ੍ਰੁ ਮਿਤ੍ਰੁ ਮਿਲਿ ਦੇਹਿ ਬਣਾਈ।***
***ਬਾਣੀ ਬਾਣੀ ਚਲਿਤ ਕਰਿ ਆਵਾਗਉਣੁ ਚਰਿਤ੍ਰੁ ਦਿਖਾਈ।***
***ਚਉਰਾਸੀ ਲਖ ਜੋਨਿ ਉਪਾਈ॥***
***ਭਾਈ ਗੁਰਦਾਸ ਜੀ, ਵਾਰ 1/2***

ਅਤੇ ਹੋਰ ਫੁਰਮਾਨ ਹੈ –

***ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।***

*ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।*
*ਭਾਈ ਗੁਰਦਾਸ ਜੀ, ਵਾਰ 1/4*

ਵਾਹਿਗੁਰੂ ਜੀ ਨੇ ਇਕ ਬਚਨ ਤੋਂ ਰੂਪਮਾਨ ਹੋ ਕੇ ਸਾਰਾ ਪਸਾਰਾ ਕਰ ਦਿਤਾ। ਪੰਜਾਂ ਤੱਤਾਂ ਤੋਂ ਸਾਰੇ ਬ੍ਰਹਿਮੰਡ ਰਚ ਕੇ, ਆਪ ਘਟ ਘਟ ਵਿਚ ਰਚ ਕੇ, ਹਰੇਕ ਸਰੀਰ ਵਿਚ ਪ੍ਰਵੇਸ਼ ਕਰਕੇ ਸੱਤਾ ਦੇ ਰਿਹਾ ਹੈ। ਮੱਕੜੀ ਵੀ ਆਪਣੇ ਵਿਚੋਂ ਜਾਲਾ ਤਣਦੀ ਹੈ ਪਰ ਉਹ ਜਾਲੇ ਵਿਚ ਵਿਆਪਕ ਨਹੀਂ ਹੁੰਦੀ, ਉਹ ਇਕ ਕਿਨਾਰੇ ਹੋ ਕੇ ਬੈਠ ਜਾਂਦੀ ਹੈ। ਜਾਲਾ ਤਣਨ ਪਿਛੋਂ ਉਸ ਨੂੰ ਜਾਲੇ ਨਾਲ ਕੋਈ ਹਿਤ ਨਹੀਂ ਹੁੰਦਾ, ਉਸ ਨੂੰ ਐਨਾ ਹੁੰਦਾ ਹੈ ਕਿ ਇਸ ਵਿਚ ਕੋਈ ਮੱਖੀ ਮੱਛਰ ਫਸੇ ਤਾਂ ਮੈਂ ਉਸ ਨੂੰ ਆਪਣੀ ਖੁਰਾਕ ਬਣਾਵਾਂ। ਵਾਹਿਗੁਰੂ ਜੀ ਨੇ ਇਸ ਤਰ੍ਹਾਂ ਦਾ ਪਸਾਰਾ ਨਹੀਂ ਕੀਤਾ। ਉਨ੍ਹਾਂ ਨੇ ਆਪਣਾ ਪਸਾਰਾ ਆਪਣੇ ਆਪ ਤੋਂ ਹੀ ਕੀਤਾ ਅਤੇ ਆਪ ਹੀ ਵਿਆਪਕ ਹੁੰਦਾ ਹੋਇਆ ਨਿਰਲੇਪ ਰੂਪ ਵਿਚ ਆਪਣੀ ਮਹਿਮਾ ਸਹਿਤ ਆਪਣੀ ਰਚਨਾ ਵਿਚ ਆਪ ਸਥਿਤ ਹੈ। ਇਹ ਗੱਲ ਸਮਝਣੀ ਔਖੀ ਹੈ। ਮਿਸਾਲ ਨਾਲ ਗੱਲ ਸਮਝ ਵਿਚ ਆ ਜਾਵੇਗੀ। ਉਹ ਪ੍ਰਕ੍ਰਿਤੀ ਦੀ ਮਿਸਾਲ ਹੋਣ ਕਰਕੇ ਅਧੂਰੀ ਹੈ। ਪਰ ਗੱਲ ਸਮਝ ਆ ਜਾਵੇਗੀ ਉਹ ਇਸ ਤਰ੍ਹਾਂ ਹੈ ਕਿ ਕ੍ਰੋੜਾਂ ਬਰਤਨਾਂ ਵਿਚ ਸਮੁੰਦਰ ਦਾ ਪਾਣੀ ਭਰਿਆ ਪਿਆ ਹੈ, ਵੱਡੀਆਂ-ਵੱਡੀਆਂ ਝੀਲਾਂ ਵਿਚ ਵੀ ਪਾਣੀ ਹੈ। ਛੋਟੇ ਤੋਂ ਛੋਟੇ ਬਰਤਨ ਵਿਚ ਵੀ ਪਾਣੀ ਹੈ ਅਤੇ ਸਮੁੰਦਰ ਵਿਚ ਵੀ ਪਾਣੀ ਹੈ। ਸੂਰਜ ਜਦੋਂ ਚਮਕਦਾ ਹੈ ਉਸ ਦਾ ਪ੍ਰਤੀਬਿੰਬ (ਪਰਛਾਵਾਂ) ਸਾਰੇ ਪਾਣੀਆਂ ਵਿਚ ਪੈਂਦਾ ਹੈ, ਇਕ ਨਿਕੇ ਜਿਹੇ ਪਾਣੀ ਦੇ ਚੂੰਘੜੇ ਨੂੰ ਦੇਖ ਕੇ ਜੇ ਕੋਈ ਇਹ ਖਿਆਲ ਕਰੇ ਕਿ ਇਸ ਵਿਚ ਸੂਰਜ ਬੰਦ ਹੋ ਗਿਆ ਤਾਂ ਇਹ ਨਿਰਮੂਲ ਹੈ, ਇਹ ਤਾਂ ਪਰਛਾਵਾਂ ਹੈ, ਹਵਾ ਦੇ ਨਾਲ ਪਾਣੀ ਹਿਲਦਾ ਹੈ ਜਾਂ ਭਾਂਡੇ ਦੇ ਹੱਥ ਲਾਇਆਂ ਪਾਣੀ ਹਿਲਦਾ ਹੈ, ਲਗਦਾ ਇਸ ਤਰ੍ਹਾਂ ਹੈ ਕਿ ਸੂਰਜ ਹਿਲ ਰਿਹਾ ਹੈ। ਸੂਰਜ ਤਾਂ ਨਿਰਲੇਪ ਹੈ, ਅਲੱਗ-ਥਲੱਗ ਕਰੋੜਾਂ ਮੀਲ ਦੀ ਦੂਰੀ ਤੇ ਸਥਿਤ ਹੈ। ਇਸ ਤਰ੍ਹਾਂ ਵਾਹਿਗੁਰੂ ਜੀ ਦਾ ਪ੍ਰਤੀਬਿੰਬ ਇਸ ਸਰੀਰ ਵਿਚ ਪੈਂਦਾ ਹੈ ਜੋ ਇਸ ਜੜ੍ਹ ਚਿਤ ਨੂੰ ਚੇਤਨਾ ਦਿੰਦਾ ਹੈ। ਸੂਰਜ ਅਤੇ ਵਾਹਿਗੁਰੂ ਜੀ ਵਿਚ ਫਰਕ ਹੈ, ਸੂਰਜ ਪਾਣੀ ਦੀ ਹਾਲਤ ਨੂੰ ਨਹੀਂ ਜਾਣ ਸਕਦਾ ਪਰ ਵਾਹਿਗੁਰੂ ਜੀ ਚੇਤਨ ਰੂਪ ਹੋ ਕੇ ਘਟ-ਘਟ ਵਿਚ ਵਿਆਪਕ ਹਨ। ਸਾਰੀਆਂ ਸ਼ਕਤੀਆਂ ਹੁਕਮ ਦੇ ਮੁਤਾਬਿਕ ਸੰਸਾਰ ਨੂੰ ਚਲਾਉਣ ਲਈ ਆਪੋ ਆਪਣਾ ਕੰਮ ਕਰਦੀਆਂ ਹਨ। ਇਸ ਤਰ੍ਹਾਂ ਇਕ ਹੋਰ ਉਦਾਹਰਣ ਹੈ। ਤੁਸੀਂ ਇਕ ਵੱਡਾ ਸੌ ਫੁੱਟ ਦਾ ਸ਼ੀਸ਼ਾ ਲਓ, ਇਕ ਪਾਸੇ ਹੋ ਕੇ ਦੇਖੋ, ਅਸਮਾਨ ਵਿਚ ਚਮਕ ਰਿਹਾ ਸੂਰਜ ਇਸ ਵਿਚ ਨਜ਼ਰ ਆਵੇਗਾ। ਸੂਰਜ ਉਸ ਵਿਚ ਇਕੋ ਹੋਵੇਗਾ ਪਰ ਜੇ ਹਥੌੜਾ ਲੈ ਕੇ ਉਸ ਦੇ ਐਨੇ ਟੁਕੜੇ ਕਰ ਦਿਓ ਕਿ ਛੋਟਾ ਟੁਕੜਾ ਐਨਾ ਛੋਟਾ ਹੋਵੇ ਜਿਸਨੂੰ ਮੁਸ਼ਕਲ ਨਾਲ ਚੁਕ ਸਕੀਏ ਤਾਂ ਜਦੋਂ ਉਸ ਵਿਚ ਧਿਆਨ ਦੇਵਾਂਗੇ ਤਾਂ ਉਸ ਵਿਚ ਵੀ ਸੂਰਜ ਉਸੇ ਤਰ੍ਹਾਂ ਉਨਾਂ ਵੱਡਾ ਹੀ ਨਜ਼ਰ ਆਵੇਗਾ ਜਿੰਨਾਂ ਵੱਡਾ ਸੀਸ਼ੇ ਵਿਚ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਵਾਹਿਗੁਰੂ ਜੀ ਆਪਣੇ ਰਚੇ ਹੋਏ ਸੰਸਾਰ ਦੇ ਕਣ-ਕਣ ਵਿਚ ਵਿਆਪਕ ਹੁੰਦੇ ਹੋਏ ਹਰ ਘਟ ਦੀ ਅਵਸਥਾ ਨੂੰ ਸਮਝਦੇ ਹਨ ਪਰ ਉਹ ਟੁਕੜੇ ਹੋ ਕੇ ਇਨ੍ਹਾਂ ਟੁਕੜਿਆਂ ਵਿਚ ਨਹੀਂ ਰਚੇ ਉਹ ਇਕ ਦੇ ਇਕ ਹਨ।

ਕਾਦਰ ਕਿਸੇ ਨੇ ਦੇਖਿਆ ਨਹੀਂ ਪਰ ਕੁਦਰਤ ਨੂੰ ਦੇਖ ਕੇ ਆਪਣਾ ਅਨੁਮਾਨ ਲਾ ਸਕਦੇ ਹਾਂ। ਭਾਈ ਗੁਰਦਾਸ ਜੀ ਲਿਖਦੇ ਹਨ -

*ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।*
*ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।*
*ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।*
*ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।*
*ਰੋਮ ਰੋਮ ਵਿਚਿ ਰਖਿਓਨਿ ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ।*
*ਇਕਸ ਇਕਸ ਬ੍ਰਹਿਮੰਡਿ ਵਿਚਿ ਦਸ ਦਸ ਕਰਿ ਅਵਤਾਰ ਉਤਾਰਾ।*
*ਕੇਤੇ ਬੇਦ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ।*
*ਕੁਦਰਤਿ ਇਕੁ ਏਤਾ ਪਾਸਾਰਾ॥*
*ਭਾਈ ਗੁਰਦਾਸ ਜੀ, ਵਾਰ 1/4*

ਹੁਣ ਉਹ ਸਮੇਂ ਦੀ ਵਿਚਾਰ ਕਰਦੇ ਹੋਏ ਦਸਦੇ ਹਨ ਕਿ ਕੋਈ ਸਮਾਂ ਸੀ ਜਦੋਂ ਇਹ ਮਨੁੱਖ ਪੂਰਨ ਤੌਰ ਤੇ ਪਵਿਤਰ ਸੀ ਅਤੇ ਪਰਮੇਸ਼ਰ ਦਾ ਰੂਪ ਹੀ ਗਿਣਿਆ ਜਾਂਦਾ ਸੀ ਕਿਉਂਕਿ ਜਦੋਂ ਅਸੀਂ ਅਗਿਆਨ ਰਹਿਤ ਹੋ ਜਾਈਏ ਤਾਂ ਸਾਡੇ ਭਰਮ ਦੇ ਪਰਦੇ ਨਸ਼ਟ ਹੋ ਜਾਂਦੇ ਹਨ। ਅਗਿਆਨ ਦੇ ਬੱਦਲ ਉਡ ਜਾਣ ਤਾਂ ਅਸੀਂ ਕੀ ਦੇਖਦੇ ਹਾਂ ਕਿ ਇਥੇ ਵਾਹਿਗੁਰੂ ਜੀ ਬਿਨਾਂ ਹੋਰ ਕੋਈ ਹੈ ਹੀ ਨਹੀਂ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*
*ਪੰਨਾ - 272*

ਉਸ ਵੇਲੇ ਉਸ ਜੁਗ ਦੇ ਬੰਦਿਆ ਨੂੰ ਪੂਰਨ ਗਿਆਨ ਸੀ ਅਤੇ ਸੋਹੰ ਬ੍ਰਹਮ ਦੇ ਧਿਆਨ ਰਾਹੀਂ ਸਦਾ ਹੀ ਵਾਹਿਗੁਰੂ ਜੀ ਨਾਲ ਜੁੜੇ ਰਹਿੰਦੇ ਸਨ, ਇਕੋ ਬ੍ਰਹਮ ਦਸਦੇ ਸਨ। ਮੋਹ ਮਾਇਆ ਦੀ ਕੋਈ ਮੁਹਤਾਜੀ ਨਹੀਂ ਸੀ, ਬਹੁਤ ਹੀ ਸਾਦਾ ਜੀਵਨ ਗੁਜ਼ਾਰਦੇ ਸਨ, ਭਾਵੇਂ ਉਮਰਾਂ ਲੱਖਾਂ ਵਰ੍ਹਿਆਂ ਦੀਆਂ ਸਨ, ਪੂਰਨ ਗਿਆਨਵਾਨ ਸੀ। ਉਸ ਵੇਲੇ ਦੇ ਹੀ ਰਿਸ਼ੀਆਂ-ਮੁਨੀਆਂ ਦਾ ਜ਼ਿਕਰ ਕਰਦੇ ਹੋਏ ਫੁਰਮਾਨ ਹੈ -

*ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥*
*ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥*
*ਪੰਨਾ - 692*

ਅਤੇ ਫੁਰਮਾਨ ਇਸ ਤਰ੍ਹਾਂ ਵੀ ਹੈ -

*ਚਾਰਿ ਜੁਗਿ ਕਰਿ ਥਾਪਨਾ ਸਤਿਜੁਗ ਤ੍ਰੇਤਾ ਦੁਆਪਰੁ ਸਾਜੇ।*
*ਚਉਥਾ ਕਲਿਜੁਗੁ ਥਾਪਿਆ ਚਾਰਿ ਵਰਨਿ ਚਾਰੋਂ ਕੇ ਰਾਜੇ।*
*ਬ੍ਰਹਮਣ, ਛਤ੍ਰੀ, ਵੈਸ, ਸੂਦ੍ਰ, ਜੁਗੁ ਜੁਗੁ ਏਕੋ ਵਰਨ ਬਿਰਾਜੇ।*
*ਸਤਿਜੁਗ ਹੰਸ ਅਉਤਾਰੁ ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੇ।*
*ਏਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ।*
*ਕਰਨਿ ਤਪਸਿਆ ਬਨਿ ਵਿਖੈ ਵਖਤ ਗੁਜਾਰਨਿ ਪਿੰਨੀ ਸਾਗੇ।*
*ਲਖ ਵਰ੍ਹਿਆਂ ਦੀ ਆਰਜਾ ਕੋਟੇ ਕੋਟਿ ਨ ਮੰਦਿਰ ਸਾਜੇ।*
*ਇਕ ਬਿਨਸੈ ਇਕ ਅਸਥਿਰੁ ਗਾਜੇ।*
*ਭਾਈ ਗੁਰਦਾਸ ਜੀ, ਵਾਰ 1/5*

ਮਹਾਂਪੁਰਸ਼ਾਂ ਦੇ ਅਨੁਭਵ ਮੁਤਾਬਿਕ ਇਹ 17 ਲੱਖ 28 ਹਜ਼ਾਰ ਸਾਲ ਦਾ ਸਮਾਂ ਬੀਤਿਆਂ, ਬੀਤਣ ਉਪਰੰਤ ਖਿਆਲ ਬਦਲ ਗਏ, ਆਦਮੀ ਦੇ ਸੁਭਾਅ ਵਿਚ ਪਰਿਵਰਤਨ ਆ

ਗਿਆ, ਖਿਆਲ ਦੇ ਪਰਿਵਰਤਨ ਨਾਲ ਨੌਂ ਹਿੱਸੇ ਉਮਰ ਘਟ ਗਈ, ਦੱਸ ਹਜ਼ਾਰ ਸਾਲ ਉਮਰ ਰਹਿ ਗਈ। ਮਾਇਆ ਦਾ ਅਸਰ ਹੋ ਕੇ ਅਗਿਆਨ ਦੇ ਅੰਸ ਉਭਰ ਆਏ, ਮੋਹ ਪੈਦਾ ਹੋ ਗਿਆ, ਅਪਣੱਤ ਦਾ ਅਹੰਭਾਵ ਪੈਦਾ ਹੋ ਕੇ ਆਪਣੇ ਆਪ ਨੂੰ ਉਸ ਬ੍ਰਹਮ ਤੋਂ ਅੱਡਰਾ ਜਾਣਿਆ ਗਿਆ। ਇਹ ਜੁਗ 12 ਲੱਖ 64 ਹਜ਼ਾਰ ਸਾਲ ਦੀ ਆਯੂ ਵਾਲਾ ਸੀ। ਪਰ ਇਸ ਜੁਗ ਵਿਚ ਹਉਮੈ ਨੇ ਆ ਕੇ ਹਿਰਦੇ ਵਿਚ ਨਿਵਾਸ ਕਰ ਲਿਆ ਅਤੇ ਉਹ ਜੋ ਘਟ-ਘਟ ਵਿਚ ਵਿਆਪਕ ਵਾਹਿਗੁਰੂ ਜੀ ਨੂੰ ਜਾਣਦੇ ਹੋਏ ਆਪ ਹੀ ਪ੍ਰਮੇਸ਼ਰ ਦਾ ਰੂਪ ਕਹਿੰਦੇ ਸਨ ਜਿਸ ਨੂੰ ਸੋਹੰ ਕਿਹਾ ਗਿਆ ਹੈ, 'ਸੋ' ਦਾ ਮਤਲਬ 'ਉਹ'; 'ਹੰ' ਦਾ ਮਤਲਬ 'ਇਹ' (ਇਹ ਹਸਤੀ ਪਾਰਬ੍ਰਹਮ ਹੀ ਹੈ) ਪਰ ਤ੍ਰੇਤੇ ਅਤੇ ਦੁਆਪਰ ਵਿਚ ਇਹ ਵਿਚਾਰ ਮੱਧਮ ਪੈ ਗਏ। ਤ੍ਰੇਤੇ ਪਿਛੋਂ ਦੁਆਪਰ ਦਾ ਜੁਗ ਸ਼ੁਰੂ ਹੋ ਗਿਆ, ਜਿਸ ਦਾ ਸਮਾਂ 8 ਲੱਖ 64 ਹਜ਼ਾਰ ਸਾਲ ਗਿਣਿਆ ਗਿਆ ਹੈ। ਇਸ ਵਿਚ ਉਮਰ ਘਟ ਕੇ ਇਕ ਹਜ਼ਾਰ ਸਾਲ ਰਹਿ ਗਈ। ਉਸ ਸਮੇਂ ਦੇ ਆਰੀਅਨ ਲੋਕਾਂ ਵਿਚ ਇਹ ਖਿਆਲ ਸੀ ਕਿ ਦੁਆਪਰ ਵਿਚ ਕ੍ਰਿਸ਼ਨ ਮਹਾਰਾਜ ਸੋਲ੍ਹਾਂ ਕਲਾਂ ਸੰਪੂਰਨ ਹੋ ਕੇ ਰੂਪਧਾਰੀ ਹੋਏ, ਕਰਮ ਕਰਨ ਦੇ ਵੀ ਵੱਖਰੇ-ਵੱਖਰੇ ਤਰੀਕੇ ਸਨ, ਰਿਗਵੇਦ ਵਿਚ ਪੂਰਬ ਵਲ ਮੂੰਹ ਕਰਕੇ ਸਾਰੇ ਕਰਮ ਕੀਤੇ ਜਾਂਦੇ ਸਨ, ਉਹ ਬ੍ਰਾਹਮਣਾਂ ਦਾ ਜੁੱਗ ਸੀ। ਦੁਆਪਰ ਵਿਚ ਖਤਰੀਆਂ ਨੇ ਯਜੁਰਵੇਦ ਲੈ ਲਿਆ ਉਸ ਵਿਚ ਦੱਖਣ ਵਲ ਮੂੰਹ ਕਰਕੇ ਦਾਤੇ ਬਣ ਕੇ ਕਰਮ ਕਰਨ ਲੱਗੇ, ਉਹ ਇਹ ਜਾਨਣ ਲੱਗੇ ਕਿ ਦੱਖਣ ਦੇਸ਼ ਵਿਖੇ ਹਰੀ ਦਾ ਵਾਸਾ ਹੈ, ਵੈਸ਼ ਲੋਕ ਸਾਮਵੇਦ ਨੂੰ ਪੱਛਮ ਵਲ ਮੂੰਹ ਕਰਕੇ ਪ੍ਰਣਾਮ ਕਰਨ ਲੱਗੇ। ਰਿਗਵੇਦ ਨੀਲੇ ਕਪੜੇ, ਯਜੁਰਵੇਦ ਪੀਲੇ ਕਪੜੇ ਅਤੇ ਸਾਮਵੇਦ ਪੜ੍ਹਨ ਵੇਲੇ ਚਿੱਟੇ ਕਪੜੇ ਪਾ ਕੇ ਪਾਠ ਕਰਦੇ ਸਨ। ਰਾਮ ਕ੍ਰਿਸ਼ਨ ਜੀ ਤੇ ਹੰਸਾ ਅਵਤਾਰ ਦੇ ਉਪਾਸ਼ਕ ਹੋ ਕੇ ਆਪਣੇ ਆਪਣੇ ਕਰਮ ਕਰਦੇ ਸਨ। ਇਹ ਥੋੜ੍ਹਾ ਸੋਝੀ ਵਿਚ ਫਰਕ ਹੈ ਕਿਉਂਕਿ ਵਾਹਿਗੁਰੂ ਤਾਂ ਦੇਸ਼ ਕਾਲ ਵਸਤੂ ਤੋਂ ਨਿਆਰੇ ਹਨ, ਹਰ ਪਾਸੇ ਹੀ ਪੂਰਨ ਹਨ।

ਹੁਣ ਕਲਜੁਗ ਦਾ ਸਮਾਂ ਆਉਣ ਤੇ ਨੀਚ ਬਿਰਤੀ ਮਨੁੱਖ ਵਿਚ ਪੈਦਾ ਹੋ ਗਈ, ਉਮਰ ਘਟ ਗਈ, ਸੌ ਸਾਲ ਹੀ ਰਹਿ ਗਈ। ਸ੍ਰਿਸ਼ਟੀ ਮਾਇਆ ਨੇ ਮੋਹ ਲਈ ਅਤੇ ਕਲਜੁਗ ਵਿਚ ਕਲਾ ਕਲੇਸ਼ ਦੀ ਕ੍ਰਿਆ ਨੇ ਜਗਤ ਨੂੰ ਭਰਮਾ ਦਿਤਾ। ਜਗਤ ਵਿਚ ਗਿਲਾਨੀ ਪੈਦਾ ਹੋ ਗਈ, ਹਉਮੈ ਵਿਚ ਲੋਕ ਸੜਨ ਲੱਗੇ, ਉਚੇ ਤੇ ਨੀਵੇਂ ਦੀ ਤਮੀਜ਼ ਸਾਰੀ ਭੁੱਲ ਗਈ, ਰਾਜੇ ਅਨਿਆਈ ਹੋ ਕੇ ਕਲਜੁਗੀ ਕੈਂਚੀ ਵਾਂਗੂੰ ਸੰਸਾਰ ਨੂੰ ਪਾੜਨ ਲੱਗੇ। ਸਾਰੀ ਦੁਨੀਆਂ ਕਰਮ ਭ੍ਰਿਸ਼ਟ ਹੋ ਗਈ –

*ਕਲਿਜੁਗ ਚਉਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।*
*ਕਰਮ ਸੁ ਰਿਗਿ ਜੁਜਰ ਸਿਆਮ ਕੇ ਕਰੇ ਜਗਤੁ ਰਿਦਿ ਬਹੁ ਸੁਕਚਾਈ।*
*ਮਾਇਆ ਮੋਹੀ ਮੇਦਨੀ ਕਲਿ ਕਲਿ ਵਾਲੀ ਸਭਿ ਭਰਮਾਈ।*
*ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ।*
*ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।*
*ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।*
*ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ।*
*ਕਰਮ ਭ੍ਰਿਸਟਿ ਸਭਿ ਭਈ ਲੋਕਾਈ।*

*ਭਾਈ ਗੁਰਦਾਸ ਜੀ, ਵਾਰ 1/7*

ਕਲਜੁਗ ਦੀ ਸਾਧਨਾ ਨੂੰ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੁਣ ਕਰਮ ਧਰਮ, ਪੂਜਾ, ਜੱਗ ਇਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ। ਇਹ ਜੁਗ ਕੇਵਲ ਨਾਮ ਜਪਣ ਵਾਸਤੇ ਭਗਤੀ ਰਾਹੀਂ ਗਿਆਨ ਪ੍ਰਾਪਤ ਕਰਕੇ ਆਪਣੇ ਭਰਮ ਲਾਹ ਕੇ ਮੁਕਤ ਹੋਣ ਦਾ ਹੈ। ਪਿਛਲੇ ਜਨਮਾਂ ਵਿਚ ਜੋ ਜੀਵ ਨੇ ਕਮਾਈ ਕੀਤੀ ਹੈ ਉਸ ਦੇ ਫਲ ਨਾਲ ਹੀ ਇਸ ਦਾ ਛੁਟਕਾਰਾ ਹੋਣਾ ਹੈ। ਹੁਣ ਇਸ ਜੁਗ ਵਿਚ ਕਰਮ ਧਰਮ ਫਲ ਨਹੀਂ ਦਿੰਦੇ। ਇਸ ਜੁਗ ਵਿਚ ਪ੍ਰੇਮਾ ਭਗਤੀ ਜੋ ਪਿਛਲੇ ਜਨਮਾਂ ਵਿਚ ਕੀਤੇ ਸ਼ੁਭ ਕਰਮਾਂ ਕਰਕੇ ਪ੍ਰਾਪਤ ਹੋਣੀ ਹੈ ਉਹ ਸਫਲ ਹੈ। ਧਾਰਮਕ ਸੰਪਰਦਾਵਾਂ ਵਿਚ ਅੰਧਕਾਰ ਛਾ ਗਿਆ, ਪਾਖੰਡ ਚਲ ਪਏ। ਕਲਾ ਕਲੇਸ਼ ਵਧ ਗਿਆ, ਕੋਈ ਸਿਲਾ ਦੀ ਪੂਜਾ ਰਾਹੀਂ, ਕੋਈ ਮੜ੍ਹੀਆਂ ਨੂੰ ਪੂਜ ਕੇ, ਕੋਈ ਤੰਤਰ ਮੰਤਰ ਕਰਕੇ ਦੁਨੀਆਂ ਵਿਚ ਮਾਣ ਪ੍ਰਾਪਤ ਕਰਨ ਦੀ ਲਾਲਸਾ ਵਿਚ ਲੱਗਿਆ ਹੋਇਆ ਹੈ। ਸਾਰੀਆਂ ਸੰਪਰਦਾਵਾਂ ਵਿਚ ਕਲ੍ਹਾ ਤੇ ਕ੍ਰੋਧ ਵਧ ਗਿਆ। ਆਪੋ ਆਪਣੀਆਂ ਸੰਪਰਦਾਵਾਂ ਦੇ ਰਾਹ ਨਿਆਰੇ-ਨਿਆਰੇ ਕਰਕੇ ਚਲਾਏ, ਕੋਈ ਧਰਤੀ ਨੂੰ ਮੱਥੇ ਟੇਕਦਾ ਹੈ, ਕੋਈ ਪਾਣੀ ਦੀ ਪੂਜਾ ਕਰਦਾ ਹੈ, ਕੋਈ ਅੱਗ ਦੀ ਪੂਜਾ ਕਰਦਾ ਹੈ, ਫੋਕਟ ਧਰਮਾਂ ਦੇ ਵਿਚ ਸੰਸਾਰ ਭੁੱਲ ਗਿਆ, ਬੁੱਤ ਪ੍ਰਸਤੀ ਚਲ ਪਈ ਅਤੇ ਉਸ ਜੜ੍ਹ ਦੇ ਅੱਗੇ ਅਨੇਕਾਂ ਕਿਸਮਾਂ ਦੀਆਂ ਭੇਟਾਵਾਂ ਦਿੰਦੇ ਹਨ। ਇਸੇ ਕਰਕੇ ਆਪਣੇ ਮੰਤਵ ਵਲ ਪਿੱਠ ਕਰਨ ਨਾਲ ਵਾਹਿਗੁਰੂ ਦਾ ਪਿਆਰ ਹਿਰਦੇ ਵਿਚੋਂ ਨਿਕਲ ਗਿਆ। ਵਾਹਿਗੁਰੂ ਵਲੋਂ ਕੀਤੇ ਹੋਏ ਦੇਵੀ ਦੇਵ ਦੀ ਪੂਜਾ ਪ੍ਰਧਾਨ ਹੋ ਗਈ, ਗਿਲਾਨੀ ਹੀ ਗਿਲਾਨੀ ਫੈਲ ਗਈ। ਅੰਦਰੋਂ ਮਨੁੱਖ ਨਾਸਤਕ ਹੋ ਗਿਆ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

*ਕਲਿਜੁਗਿ ਬੌਧੁ ਅਉਤਾਰ ਹੈ ਬੋਧ ਅਬੋਧੁ ਨ ਦ੍ਰਿਸਟੀ ਆਵੈ।*
*ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।*
*ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜੀ ਪੁਜਾਵੈ।*
*ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧ ਬਹੁ ਵਾਦਿ ਵਧਾਵੈ।*
*ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ।*
*ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।*
*ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।*
*ਫੋਕਟਿ ਧਰਮੀ ਭਰਮਿ ਭੁਲਾਵੈ।*

*ਭਾਈ ਗੁਰਦਾਸ ਜੀ, ਵਾਰ 1/18*

ਕਿਥੇ ਤਕ ਦਸਿਆ ਜਾਵੇ। ਗੁਰੂ ਮਹਾਰਾਜ ਜੀ ਨੇ ਤਾਂ ਫੈਸਲਾ ਦਿੰਦਿਆਂ ਫੁਰਮਾਨ ਹੀ ਕਰ ਦਿਤਾ ਹੈ ਕਿ ਸੰਸਾਰ ਵਿਚ ਕੂੜ ਦਾ ਪਸਾਰਾ ਹੋ ਗਿਆ ਹੈ। ਸੰਸਾਰ ਫੋਕਟ ਕਰਮਾਂ ਵਿਚ ਫਸ ਗਿਆ ਅਤੇ ਵਾਹਿਗੁਰੂ ਜੀ ਦੇ ਸਿੱਧੇ ਰਾਹ ਆਤਮ ਮਾਰਗ ਨੂੰ ਭੁੱਲ ਕੇ ਅਨੇਕਾਂ ਹੀ ਦਿਸ਼ਾ ਰਹਿਤ ਕਰਮਾਂ ਵਿਚ ਪ੍ਰਵਿਰਤ ਹੋ ਗਿਆ। ਜਿਸ ਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ –

*ਕਈ ਅਗਨ ਹੋਤ ਕਰੰਤ॥ ਕਈ ਉਰਧ ਤਾਪ ਦੁਰੰਤ॥*
*ਕਈ ਉਰਧ ਬਹੁ ਸੰਨਿਆਸ॥ ਕਹੂੰ ਜੋਗ ਭੇਸ ਉਦਾਸ॥*
*ਕਹੂੰ ਨਿਵਲੀ ਕਰਮ ਕਰੰਤ॥ ਕਹੂੰ ਪਉਨ ਅਹਾਰ ਦੁਰੰਤ॥*
*ਕਹੂੰ ਤੀਰਥ ਦਾਨ ਅਪਾਰ॥ ਕਹੂੰ ਜੱਗ ਕਰਮ ਉਦਾਰ॥*
*ਕਹੂੰ ਅਗਨ ਹੋਤ੍ਰ ਅਨੂਪ॥ ਕਹੂੰ ਨਿਆਇ ਰਾਜ ਬਿਭੂਤ॥*

*ਕਹੂੰ ਸਾਸਤ੍ਰ ਸਿੰਮ੍ਰਿਤਿ ਰੀਤ॥ ਕਹੂੰ ਬੇਦ ਸਿਉ ਬਿਪ੍ਰੀਤ॥*
*ਕਈ ਦੇਸ ਦੇਸ ਫਿਰੰਤ॥ ਕਈ ਏਕ ਠੌਰ ਇਸਥੰਤ॥*
*ਕਹੂੰ ਕਰਤ ਜਲ ਮਹਿ ਜਾਪ॥ ਕਹੂੰ ਸਹਤ ਤਨ ਪਰਤਾਪ॥*
*ਕਹੂੰ ਬਾਸ ਬਨਹਿ ਕਰੰਤ॥ ਕਹੂੰ ਤਾਪ ਤਨਹਿ ਸਹੰਤ॥*
*ਕਹੂੰ ਗ੍ਰਿਹਸਤ ਧਰਮ ਅਪਾਰ॥ ਕਹੂੰ ਰਾਜ ਰੀਤ ਉਦਾਰ॥*
*ਕਹੂੰ ਰੋਗ ਰਹਤ ਅਭਰਮ॥ ਕਹੂੰ ਕਰਮ ਕਰਤ ਅਕਰਮ॥*
*ਕਹੂੰ ਸੇਖ ਬ੍ਰਹਮ ਸਰੂਪ॥ ਕਹੂੰ ਨੀਤ ਰਾਜ ਅਨੂਪ॥*
*ਕਹੂੰ ਰੋਗ ਸੋਗ ਬਿਹੀਨ॥ ਕਹੂੰ ਇਕ ਭਗਤਿ ਅਧੀਨ॥*
*ਕਹੂੰ ਰੰਕ ਰਾਜ ਕੁਮਾਰ॥ ਕਹੂੰ ਬੇਦ ਬਿਆਸ ਅਵਤਾਰ॥*
*ਕਈ ਬ੍ਰਹਮ ਬੇਦ ਰਟੰਤ॥ ਕਈ ਸੇਖ ਨਾਮ ਉਚਰੰਤ॥*
*ਬੈਰਾਗ ਕਹੂੰ ਸੰਨਿਆਸ॥ ਕਹੂੰ ਫਿਰਤ ਰੂਪ ਉਦਾਸ॥*
*ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥*
*ਬਿਨ ਏਕ ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥*
*ਅਕਾਲ ਉਸਤਤਿ*

ਭਾਰਤ ਵਰਸ਼ ਵਿਚ ਹਿੰਦੂ ਰਾਜੇ ਰਾਜ ਕਰਦੇ ਸਨ ਅਤੇ ਪਰੋਹਤ ਕਰਮਾਂ ਧਰਮਾਂ ਬਾਰੇ ਸੰਸਾਰ ਨੂੰ ਦਸਦੇ ਸਨ। ਵਾਹਿਗੁਰੂ ਨੂੰ ਛੱਡ ਕੇ ਸੰਸਾਰ ਫੋਕਟ ਧਰਮਾਂ ਵਿਚ ਪ੍ਰਵਿਰਤ ਹੋ ਗਿਆ, ਵੱਡੇ-ਵੱਡੇ ਮੰਦਰ ਬਣਾ ਲਏ, ਬਹੁਤ ਸੋਹਣੀਆਂ ਪ੍ਰਤਿਮਾ ਉਸ ਵਿਚ ਰੱਖ ਲਈਆਂ ਪਰ ਇਸ ਗੱਲ ਨੂੰ ਭੁੱਲ ਗਿਆ ਕਿ ਸਾਰੀ ਸ੍ਰਿਸ਼ਟੀ ਦੇ ਪਿਆਰੇ ਪ੍ਰਭੂ ਇਸ ਬੰਦੇ ਦੀ ਹਿਰਦਾ ਸੇਜਾ ਤੇ ਬਿਰਾਜਮਾਨ ਹੈ। ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥*
*ਪੰਨਾ - 1033*

ਇਸਲਾਮ ਦੇ ਮਹਾਨ ਅਚਾਰੀਆ ਮੁਹੰਮਦ ਸਾਹਿਬ ਜੀ ਸੰਸਾਰ ਦੇ ਰੰਗ ਮੰਚ ਉਤੇ ਪ੍ਰਗਟ ਹੋਏ। ਆਪ ਨੇ ਪ੍ਰਮੇਸ਼ਰ ਰਾਹੀਂ ਇਲਹਾਮ ਹੋਏ ਹੋਏ ਸਿਧਾਂਤ ਦੁਨੀਆਂ ਨੂੰ ਦਿਤੇ। ਆਪ ਨੇ ਦਸਿਆ ਕਿ ਅੱਲਾਹ ਇਕ ਹੀ ਹੈ। ਫਰਿਸ਼ਤੇ ਉਸ ਦੇ ਬਣਾਏ ਹੋਏ ਹਨ। ਫਰਿਸ਼ਤਿਆਂ ਨੂੰ ਛੱਡ ਕੇ ਅੱਲਾਹ ਨੂੰ ਪਿਆਰ ਕਰੋ, ਉਹ ਪਿਆਰ ਨਾਲ ਵਸ ਆਉਂਦਾ ਹੈ। ਇਨਸਾਨ ਸਭ ਭਰਾ-ਭਰਾ ਹਨ। ਪਰ ਸਮੇਂ ਦੇ ਫੇਰ ਨਾਲ ਜੋ ਇਸਲਾਮ ਤੇ ਅਕੀਦਾ ਨਹੀਂ ਸੀ ਰਖਦੇ ਉਨ੍ਹਾਂ ਨੂੰ ਕਾਫਰ ਆਖਿਆ ਗਿਆ। ਉਨ੍ਹਾਂ ਨਾਲ ਵਰਤਾਓ ਸਖਤ ਹੁੰਦਾ ਗਿਆ, ਇਸਲਾਮ ਦੇ ਸ਼ਕਤੀਸ਼ਾਲ ਰਾਜੇ, ਆਮ ਤੌਰ ਤੇ ਦਸਵੀਂ ਸਦੀ ਵਿਚ ਭਾਰਤ ਵਿਚ ਆਏ, ਉਸ ਸਮੇਂ ਭਾਰਤ ਵਿਚ ਬਹੁਦੇਵ ਪੂਜਾ ਪ੍ਰਚਲਤ ਸੀ, ਤੰਤ੍ਰ ਵਿਦਿਆ ਸਿਖਰਾਂ ਤੇ ਸੀ। ਸਿੱਧ, ਜੋਗੀ, ਨਾਥ, ਕਰਾਮਾਤਾਂ ਦਿਖਾ ਕੇ ਲੋਕਾਂ ਨੂੰ ਭਰਮਾਉਂਦੇ ਸਨ ਅਤੇ ਉਹ ਪੱਕਾ ਵਿਸ਼ਵਾਸ਼ ਰਖਦੇ ਸਨ ਕਿ ਗ੍ਰਹਿਸਤੀ ਹੋ ਕੇ ਸਿੱਧ ਨਾਥ ਜੋਗੀ ਨਹੀਂ ਬਣ ਸਕਦਾ। ਉਨ੍ਹਾਂ ਨੇ ਵੱਡੇ-ਵੱਡੇ ਰਾਜਿਆਂ ਨੂੰ ਤਖਤਾਂ ਤੋਂ ਲਾਹ ਕੇ ਮੁੰਦਰਾਂ ਪਾ ਕੇ ਗੁਫਾਫਾਂ ਵਿਚ ਬੰਦ ਕਰ ਦਿਤਾ ਅਤੇ ਬਰਫਾਂ ਭਰੇ ਪਰਬਤਾਂ ਦੀਆਂ ਕੰਦਰਾਂ ਵਿਚ ਉਹ ਛੁਪ ਗਏ। ਜੋਤਸ਼ ਦਾ ਪ੍ਰਭਾਵ ਵੱਧ ਗਿਆ, ਜੋਤਸ਼ਵਾਦ ਭਾਰਤ ਵਿਚ ਪਸਰ ਗਿਆ। ਆਦਮੀ ਆਪਣੀ ਮਰਜ਼ੀ ਨਾਲ ਕੋਈ ਵੀ ਕੰਮ ਨਹੀਂ ਸੀ ਕਰ ਸਕਦਾ। ਜੇ ਖੇਤ ਵਿਚ ਬੀਜ ਪਾਉਂਣਾ ਹੈ, ਜੇ ਨਾਮ ਰਖਣਾ ਹੈ, ਵਿਆਹ ਸ਼ਾਦੀ ਕਰਨੀ ਹੈ ਤਾਂ ਵੀ ਪੁੱਛ ਕੇ ਸ਼ੁਭ ਦਿਨ ਭਾਲਦੇ ਸਨ। ਜੇ ਪੂਰਬ ਵਲ ਸਫਰ ਤੇ ਜਾਣਾ ਹੁੰਦਾ ਤਾਂ ਵੀ ਪੁਛ ਕੇ ਜਾਇਆ ਜਾਂਦਾ ਸੀ। ਜੇ ਹੋਰਾਂ ਦਿਸ਼ਾਵਾਂ ਵਲ ਭੀ ਜਾਣਾ ਹੁੰਦਾ ਤਾਂ ਭੀ ਪੁਛ ਕੇ ਹੀ ਜਾਇਆ ਜਾਂਦਾ ਸੀ। ਵਿਆਹ ਸ਼ਾਦੀਆਂ ਸਾਰੀਆਂ ਲਗਨ ਕਢਾ ਕੇ ਕੀਤੀਆਂ ਜਾਂਦੀਆਂ ਸਨ। ਵਾਹਿਗੁਰੂ ਦੇ ਹੁਕਮ ਦੀ ਪਛਾਣ ਬਿਲਕੁਲ ਹੀ ਜਾਂਦੀ ਰਹੀ। ਇਥੋਂ ਤਕ ਹੋ ਗਿਆ ਕਿ ਮੈਂ ਹੀ ਸਭ ਕੁਝ ਕਰ ਸਕਦਾ ਹਾਂ। ਵਾਹਿਗੁਰੂ ਜੀ ਦੀ ਭਗਤੀ ਦੀ ਥਾਂ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਨੇ ਲੈ ਲਈ, ਭਾਰਤ ਵਿਚ ਗਿਲਾਨੀ ਫੈਲ ਗਈ, ਕੂੜ ਦਾ ਵਰਤਾਰਾ ਹੋ ਗਿਆ। ਇਸਲਾਮ ਵਾਲੇ ਭਾਰਤ ਵਿਚ ਆਏ। ਉਨ੍ਹਾਂ ਦੇ ਦੋ ਰੂਪ ਸਨ, ਇਕ ਤਾਂ ਬਹੁਤ ਉਚ ਕੋਟੀ ਦੇ ਪ੍ਰਭੂ ਨੂੰ ਪਿਆਰ ਕਰਨ ਵਾਲੇ, ਬਾਬਾ ਫਰੀਦ ਜੀ ਵਰਗੇ ਸੂਫੀ ਸਨ, ਮਯਊਦੀਨ, ਬੁਖਤਿਆਰ ਕਾਕੀ ਸਨ ਅਤੇ ਹੋਰ ਪ੍ਰਭੂ ਦੇ ਪਿਆਰੇ ਆਏ ਉਨ੍ਹਾਂ ਨੇ ਇਥੋਂ ਦਾ ਹਾਲ ਦੇਖਿਆ ਕਿ ਭਾਰਤ ਦੇ ਲੋਕ ਤਾਂ ਪ੍ਰਭੂ ਨੂੰ ਭੁੱਲ ਹੀ ਚੁੱਕੇ ਹਨ। ਉਨ੍ਹਾਂ ਨੇ ਇਕ ਅੱਲਾਹ ਦਾ ਸੰਦੇਸ਼ ਦਿਤਾ, ਬਹੁਤ ਸਾਰੇ ਲੋਕ ਇਸ ਨਵੇਂ ਮਤ ਵਿਚ ਸ਼ਾਮਲ ਹੋ ਗਏ ਪਰ ਦੂਜੇ ਰੂਪ ਵਾਲੇ ਇਸਲਾਮ ਨੂੰ ਮੰਨਣ ਵਾਲੇ ਜੋ ਆਏ, ਉਹ ਲਾਲਚੀ, ਲੁਟੇਰੇ, ਈਰਖਾਲੂ, ਅੰਧਕਾਰ ਵਿਚ ਫਸੇ ਹੋਏ ਰਾਜਿਆਂ ਦਾ ਸੀ। ਉਨ੍ਹਾਂ ਨੇ ਆ ਕੇ ਇਥੋਂ ਦੀ ਵਸੋਂ ਉਪਰ ਅਨਿਆਂ ਭਰੇ ਜ਼ੁਲਮ ਕੀਤੇ। ਦਸਵੀਂ ਸਦੀ ਤੋਂ ਲੈ ਕੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਤਕ ਹਿੰਦੂ ਜਨਤਾ ਦਾ ਸਾਹ ਸਤ ਹੀ ਖਤਮ ਹੋ ਗਿਆ ਸੀ। ਇਸ ਦੇ ਅਚਾਰੀਆ ਕੋਈ ਦਿਸ਼ਾ ਨਿਰਦੇਸ਼ ਨਹੀਂ ਦੇ ਰਹੇ ਸਨ। ਫੋਕਟ ਧਰਮਾਂ ਵਿਚ ਸੰਸਾਰ ਨੂੰ ਫਸਾ ਦਿਤਾ। ਵਾਹਿਗੁਰੂ ਜੀ ਦੇ ਪ੍ਰੇਮ ਤੋਂ ਹੀਣੇ ਹੋ ਕੇ ਸਾਹ ਸਤ ਗੁਆ ਕੇ ਇਥੋਂ ਤਕ ਆਪਣੀ ਹੋਂਦ ਤੋਂ ਨਿਰਾਸੇ ਹੋ ਗਏ ਕਿ ਅਸੀਂ ਤਾਂ ਭੇਡਾਂ ਹਾਂ, ਰਾਜਿਆਂ ਨੇ ਸਾਡੇ ਉਪਰੋਂ ਉੱਨ ਲਾਹੁਣੀ ਹੀ ਹੈ, ਚਾਹੇ ਇਸਲਾਮ ਦਾ ਰਾਜਾ ਆ ਜਾਵੇ, ਚਾਹੇ ਕੋਈ ਹੋਰ ਆ ਜਾਵੇ। ਇਹ ਭਾਰਤ ਦੀ ਰਾਜਨੀਤੀ ਤੋਂ ਬਿਲਕੁਲ ਅਲੱਗ ਥਲੱਗ ਹੋ ਕੇ ਸਾਹਸਹੀਣੇ ਹੋ ਗਏ। ਅਨੇਕ ਗਲਤ ਰੀਤੀਆਂ ਪ੍ਰਚਲਤ ਹੋ ਗਈਆਂ। ਵਿਧਵਾ ਇਸਤ੍ਰੀਆਂ ਲਈ ਇਸ ਸਮਾਜ ਵਿਚ ਕੋਈ ਥਾਂ ਨਹੀਂ ਸੀ। ਉਨ੍ਹਾਂ ਦਾ ਪਤੀ ਮਰ ਜਾਣ ਤੇ ਉਨ੍ਹਾਂ ਨੂੰ ਉਸ ਦੇ ਨਾਲ ਜਿਉਂਦੇ ਸੜਨਾ ਪੈਂਦਾ ਸੀ। ਉਸ ਨੂੰ ਗਲਤੀ ਨਾਲ ਸਤੀ ਆਖਿਆ ਜਾਂਦਾ ਸੀ। ਗੁਰੂ ਮਹਾਰਾਜ ਜੀ ਇਸ ਬਾਰੇ ਫੁਰਮਾਨ ਕਰਦੇ ਹਨ ਕਿ -

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥*
*ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥*
*ਪੰਨਾ - 787*

ਇਸਤ੍ਰੀ ਪੁਰਸ਼ ਦਾ ਪਿਆਰ ਪੈਸੇ ਦਾ ਪਿਆਰ ਹੋ ਗਿਆ। ਸੋ ਇਕ ਘਸਮਾਨ ਮਚ ਗਿਆ। ਭਾਈ ਗੁਰਦਾਸ ਜੀ ਇਸ

ਤਰ੍ਹਾਂ ਫੁਰਮਾਨ ਕਰਦੇ ਹਨ –

*ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।*
*ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧ ਪਸਾਰਾ।*
*ਰੋਜੇ, ਈਦ, ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।*
*ਪੀਰ ਪੈਕੰਬਰ ਅਉਲੀਏ ਗਉਸ ਕੁਤਬ ਬਹੁ ਭੇਖ ਸਵਾਰਾ।*
*ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤ ਉਸਾਰਾ।*
*ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।*
*ਕਾਫਰ ਮੁਲਹਿਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।*
*ਪਾਪੇ ਦਾ ਵਰਤਿਆ ਵਰਤਾਰਾ।*

*ਭਾਈ ਗੁਰਦਾਸ ਜੀ, ਵਾਰ 1/ 20*

ਹਿੰਦੂਆਂ ਅਤੇ ਮੁਸਲਮਾਨਾਂ ਵਿਚ ਟਾਕਰਾ ਹੋ ਗਿਆ। ਭਾਵੇਂ ਵਾਹਿਗੁਰੂ ਜੀ ਇਕ ਹਨ, ਹਿੰਦੂਆਂ ਦੇ ਸਾਸ਼ਤਰ ਵੀ ਇਸ ਨੂੰ ਇਕ ਹੀ ਆਖਦੇ ਹਨ। ਉਨ੍ਹਾਂ ਨੇ ਆਪਣੇ-ਆਪਣੇ ਰਾਹ ਨਿਯਤ ਕੀਤੇ ਹੋਏ ਹਨ। ਪਾਤੰਜਲ ਯੋਗ ਸਾਧਨਾ ਨਾਲ ਉਸ ਪ੍ਰਮੇਸ਼ਰ ਤਕ ਪਹੁੰਚਾਉਂਦਾ ਹੈ, ਵੇਦਾਂਤ ਗਿਆਨ ਨਾਲ, ਇਸਲਾਮ ਵਾਲੇ ਇਬਾਦਤ (ਭਗਤੀ) ਨਾਲ ਪਹੁੰਚਾਉਂਦੇ ਹਨ ਪਰ ਦੋਵੇਂ ਕੌਮਾਂ ਸ਼ਰਾ ਵਿਚ ਹੋਣ ਕਰਕੇ ਆਪਸ ਵਿਚ ਵੈਰ ਭਾਵ ਕਰਨ ਲੱਗੀਆਂ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ।*
*ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।*
*ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।*
*ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।*
*ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।*
*ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।*
*ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।*
*ਸਿਰੋ ਨ ਮਿਟੇ ਆਵਣ ਜਾਣੇ।।*

*ਭਾਈ ਗੁਰਦਾਸ ਜੀ, ਵਾਰ 1/21*

ਇਸ ਘੋਲ ਦੇ ਵਿਚ ਹਿੰਦੂਆਂ ਦੀ ਹਾਲਤ ਤਰਸਯੋਗ ਸੀ, ਇਕ ਤਾਂ ਉਹ ਫੋਕਟ ਰਸਮਾਂ ਵਿਚ ਪੈ ਗਏ ਸਨ, ਜਨੇਊ ਪਹਿਨ ਕੇ ਹੀ ਸੰਤੁਸ਼ਟ ਰਹਿੰਦੇ ਸਨ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਓ! ਸੱਚ ਦਾ ਤਾਂ ਕਾਲ ਹੀ ਪੈ ਗਿਆ। ਜੀਵ ਜਿਹੜੇ ਹਨ ਪਹਿਲਾਂ ਉਹ ਜੀਵ ਆਤਮਾ ਪਦ ਛੱਡ ਕੇ ਮਨੁੱਖ ਬਣੇ, ਸਰੀਰ ਨੂੰ ਆਪਣਾ ਆਪ ਜਾਣਿਆ। ਹੁਣ ਹੋਰ ਹੇਠਾਂ ਤਿਲਕ ਕੇ ਉਹ ਮਨੁੱਖ ਨਾ ਰਹੇ, ਭੂਤਨੇ ਬਣ ਗਏ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ।।*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ - 145*

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

*ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥*

*ਪੰਨਾ - 1242*

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।*
*ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।*
*ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।*
*ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।*
*ਵਰਤਿਆ ਪਾਪ ਸਭਸ ਜਗ ਮਾਂਹੀ॥*

*ਭਾਈ ਗੁਰਦਾਸ ਜੀ, ਵਾਰ 1/30*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥*

*ਪੰਨਾ - 468*

ਕਲਜੁਗ ਦੇ ਲਛਣ ਦਸਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ।।*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥*

*ਪੰਨਾ - 469*

ਐਸੇ ਬਿਖੜੇ ਸਮੇਂ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਦੇ ਉਧਾਰ ਲਈ ਸੱਚ ਦਾ ਪ੍ਰਕਾਸ਼ ਕੀਤਾ, ਆਪ ਨੇ ਏਮਨਾਬਾਦ ਦੇ ਯੁੱਧ ਵਿਚ ਪ੍ਰਤੱਖ ਰੂਪ ਵਿਚ ਤਬਾਹੀ ਦੇਖੀ। ਭਾਈ ਗੁਰਦਾਸ ਜੀ ਨੇ ਕਲਜੁਗ ਦੇ ਵਿਚ ਮੁਰਦਾਰ ਦਾ ਖਾਜਾ ਦਸਿਆ ਹੈ ਜਾਇਜ਼ ਨਜ਼ਾਇਜ਼ ਤਰੀਕੇ ਨਾਲ ਧਨ ਬਟੋਰਨਾ, ਜੋ ਕੁਝ ਵੀ ਹਾਸਲ ਹੋਵੇ ਉਸ ਨੂੰ ਆਪਣੇ ਲਈ ਵਰਤਣਾ ਮੁਰਦਾਰ ਦਾ ਖਾਜਾ ਹੋਇਆ ਕਰਦਾ ਹੈ। ਰਾਜਿਆਂ ਦੇ ਬਾਰੇ ਆਪ ਦਸਦੇ ਹਨ ਕਿ ਰਾਜੇ ਤਾਂ ਜੋ ਧਰਮ ਸਾਸ਼ਤਰਾਂ ਵਿਚ ਨਿਰੂਪਣ ਹੋਇਆ ਹੈ –

*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥*

*ਪੰਨਾ - 1240*

ਰਾਜੇ ਦਾ ਕੰਮ ਹੁੰਦਾ ਹੈ ਕਿ ਪਰਜਾ ਦੇ ਨਾਲ ਨਿਆਂ ਕਰੇ। ਉਸ ਨੂੰ ਬੇਅੰਤ ਸ਼ਕਤੀਆਂ ਦਿਤੀਆਂ ਹੁੰਦੀਆਂ ਹਨ। ਕਿਸੇ ਨੂੰ ਉਜਾੜ ਦੇਣਾ, ਕਿਸੇ ਨੂੰ ਵਸਾ ਦੇਣਾ ਉਸ ਦੀ ਸਮਰਥਾ ਵਿਚ ਹੁੰਦਾ ਹੈ। ਉਸ ਨੂੰ ਕੋਈ ਦੋਸ਼ ਨਹੀਂ ਲਗਦਾ ਕਿਉਂਕਿ ਉਸ ਨੂੰ ਪੁਛਣ ਵਾਲਾ ਉਸ ਤੋਂ ਵੱਡਾ ਕੋਈ ਹੋਰ ਨਹੀਂ ਹੁੰਦਾ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ ਕਿ ਪਿਆਰਿਆ! ਹੁਣ ਤੂੰ ਰਾਜ ਕਰਕੇ ਸਭ ਕੁਝ ਕਰ ਲਿਆ ਪਰ ਜਦੋਂ ਦਰਗਾਹ ਵਿਚ ਜਾ ਕੇ ਲੇਖਾ ਦੇਣਾ ਪਿਆ ਤਾਂ ਕੀ ਕਰੇਂਗਾ?

ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਏਮਨਾਬਾਦ ਦਾ ਯੁੱਧ ਹੋਇਆ, ਬਾਬਰ ਬਾਦਸ਼ਾਹ ਕਾਬਲ ਵਿਚ ਰਾਜ ਕਰਦਾ ਸੀ,

ਉਸ ਦਾ ਅਸਲੀ ਵਤਨ ਖੁਰਾਸਾਨ ਸੀ ਉਸ ਉਤੇ ਉਸ ਨੇ ਬਹੁਤ ਹਮਲੇ ਕੀਤੇ ਪਰ ਕਾਮਯਾਬੀ ਕੋਈ ਨਾ ਹੋਈ, ਉਸ ਨੇ ਫੇਰ ਭਾਰਤ ਵਰਸ਼ ਉਪਰ ਹਮਲਾ ਕੀਤਾ ਅਤੇ ਇਥੇ ਅਕਹਿ ਜ਼ੁਲਮ ਹੋਏ ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਅੱਖੀਂ ਦੇਖਿਆ। ਗੁਰੂ ਮਹਾਰਾਜ ਜੀ ਦੇ ਹਿਰਦੇ ਵਿਚ ਦੁਖੀਆਂ ਵਾਸਤੇ ਦਰਦ ਉਤਪੰਨ ਹੋਇਆ। ਉਸ ਨੇ ਬਹੁਤ ਸਾਰੇ ਬੰਦੇ ਫੜ ਕੇ ਕੈਦੀ ਬਣਾ ਲਏ ਅਤੇ ਚੱਕੀਆਂ ਪੀਸਣ ਤੇ ਲਾ ਦਿਤੇ ਕਿਉਂਕਿ ਫੌਜ ਵਾਸਤੇ ਰਾਸ਼ਨ ਦੀ ਲੋੜ ਸੀ, ਉਸ ਵਿਚ ਗੁਰੂ ਨਾਨਕ ਪਾਤਸ਼ਾਹ, ਭਾਈ ਬਾਲਾ ਤੇ ਮਰਦਾਨਾ ਵੀ ਫੜੇ ਗਏ। ਭਾਈ ਬਾਲਾ ਤੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਭਾਰੀਆਂ ਪੰਡਾਂ ਚੁਕਾ ਦਿਤੀਆਂ। ਮਰਦਾਨਾ ਜੀ ਨੂੰ ਚਾਰ ਘੋੜੇ ਫੜਾ ਦਿਤੇ, ਇਹ ਭਾਰੀਆਂ ਪੰਡਾਂ ਗੁਰੂ ਮਹਾਰਾਜ ਤੇ ਭਾਈ ਬਾਲੇ ਦੇ ਸੀਸ ਤੋਂ ਉਚੀਆਂ ਚਲ ਰਹੀਆਂ ਸਨ। ਜਿਵੇਂ ਬਾਬਾ ਫਰੀਦ ਜੀ ਤੋਂ ਜ਼ਬਰੀ ਵਗਾਰ ਲੈਣ ਸਮੇਂ ਉਸ ਸਮੇਂ ਦੇ ਰਾਜੇ ਨੇ ਆਪ ਨੂੰ ਇੱਟਾਂ ਢੋਣ ਲਾ ਦਿਤਾ ਸੀ, ਉਸ ਦਾ ਟੋਕਰਾ ਵੀ ਉਚਾ ਚਲ ਰਿਹਾ ਸੀ, ਇਹ ਕੋਈ ਐਸੀ ਗੱਲ ਨਹੀਂ ਜਿਸ ਉਪਰ ਕਿੰਤੂ ਕੀਤਾ ਜਾਵੇ।

ਤੁਹਾਡੇ ਮਾਤਾ ਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਲਾਇਲਪੁਰ ਜ਼ਿਲੇ ਵਿਚ ਮੁਰੱਬਿਆਂ ਵਿਚ ਰਿਹਾ ਕਰਦੇ ਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ ਜੋ ਇਕ ਮਹਾਨ ਸੰਤ ਅਤੇ ਦੇਸ਼ ਭਗਤ ਹੋਏ ਹਨ ਉਹ ਆਪਣੀ ਪੁਸਤਕ ਰੰਗਲੇ ਸੱਜਣ ਵਿਚ ਲਿਖਦੇ ਹਨ ਕਿ ਜਦੋਂ ਭਾਈ ਹੀਰਾ ਸਿੰਘ ਜੀ ਆਪਣੇ ਪਸ਼ੂਆਂ ਲਈ ਚਾਰਾ ਵੱਢ ਕੇ ਲਿਆਇਆ ਕਰਦੇ ਸਨ ਤਾਂ ਉਸ ਚਾਰੇ ਦਾ ਭਰ੍ਹਾ ਇੱਕ ਗਿੱਠ ਦੇ ਕਰੀਬ ਸੀਸ ਤੋਂ ਉਪਰ ਰਿਹਾ ਕਰਦਾ ਸੀ। ਸੀਸ ਨੂੰ ਨਹੀਂ ਛੋਹਿਆ ਕਰਦਾ ਸੀ। ਇਸੇ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੀਸ ਨਾਲ ਉਹ ਵਗਾਰ ਦੀ ਪੰਡ ਨਹੀਂ ਛੋਂਹਦੀ ਸੀ। ਗੁਰੂ ਮਹਾਰਾਜ ਜੀ ਆਪਣੀ ਮੌਜ ਵਿਚ ਆ ਕੇ ਭਾਈ ਮਰਦਾਨਾ ਜੀ ਨੂੰ ਕਹਿਣ ਲੱਗੇ ਕਿ ਮਰਦਾਨਿਆ! ਰਬਾਬ ਸੁਰ ਕਰ, ਬਾਣੀ ਆ ਰਹੀ ਹੈ। ਉਸ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਮੈਂ ਤਾਂ ਚਾਰ ਘੋੜੇ ਫੜੇ ਹੋਏ ਹਨ, ਮੁਗਲ ਪਿਛੇ-ਪਿਛੇ ਆ ਰਿਹਾ ਹੈ ਜੇ ਮੈਂ ਛੱਡ ਦਿਤੇ, ਉਹ ਮੈਨੂੰ ਮਾਰਨ ਨੂੰ ਦੌੜੇਗਾ। ਗੁਰੂ ਮਹਾਰਾਜ ਜੀ ਨੇ ਕਿਹਾ ਮਰਦਾਨਿਆ! ਆਪਾਂ ਪੰਡਾਂ ਚੁਕਣ ਤੇ ਘੋੜੇ ਫੜਨ ਲਈ ਨਹੀਂ ਆਏ ਹੋਏ, ਛੱਡ ਦੇਹ। ਘੋੜੇ ਛੱਡ ਦਿਤੇ, ਉਹ ਆਪੇ ਹੀ ਪਿਛੇ-ਪਿਛੇ ਤੁਰੀ ਗਏ।

ਉਸੇ ਤਰ੍ਹਾਂ ਚਲਦੇ ਚਲਦੇ ਆਪ ਕੈਦੀ ਕੈਂਪ ਵਿਚ ਪਹੁੰਚ ਜਾਂਦੇ ਹਨ। ਉਥੇ ਸਭ ਨੂੰ ਚੱਕੀਆਂ ਪੀਹਣ ਲਈ ਅਨਾਜ ਦੇ ਦਿਤਾ। ਭਾਈ ਮਰਦਾਨਾ ਜੀ ਰਬਾਬ ਵਜਾ ਰਹੇ ਹਨ ਅਤੇ ਗੁਰੂ ਮਹਾਰਾਜ ਜੀ ਕੀਰਤਨ ਕਰ ਰਹੇ ਹਨ। ਉਸ ਕੀਰਤਨ ਦਾ ਅਜਿਹਾ ਅਸਰ ਹੋਇਆ ਕਿ ਸਾਰੇ ਹੀ ਜਿਥੋਂ ਤਕ ਗੁਰੂ ਮਹਾਰਾਜ ਦੀ ਅਵਾਜ਼ ਪਹੁੰਚੀ, ਸੁਣਨ ਵਾਲੇ ਕਿਸੇ ਅਕਹਿ ਰਸ ਵਿਚ ਲੀਨ ਹੋ ਗਏ। ਨਾ ਕਿਸੇ ਦਾ ਹੱਥ ਚੱਕੀ ਦੇ ਹੱਥੇ ਨਾਲ ਰਿਹਾ, ਨਾ ਕਿਸੇ ਦੂਜੇ ਹੱਥ ਨਾਲ ਦਾਣੇ ਪਾਏ। ਸਭਨਾਂ ਦੀਆਂ ਚੱਕੀਆਂ ਆਪੇ ਚਲ ਰਹੀਆਂ ਹਨ ਅਤੇ ਆਟਾ ਹੇਠਾਂ ਬਰਤਨਾਂ ਵਿਚ ਗਿਰ ਰਿਹਾ ਹੈ। ਪਹਿਰੇਦਾਰ ਵੀ ਇਸੇ ਤਰ੍ਹਾਂ ਨਾਲ ਕਿਸੇ ਰਸ ਵਿਚ ਲੀਨ ਹੋ ਗਏ। ਇਕ ਪਹਿਰੇਦਾਰ ਨੇ ਜਾ ਕੇ ਬਾਬਰ ਨੂੰ ਖਬਰ ਦਿਤੀ। ਉਹ ਆਪ ਅੱਖੀਂ ਦੇਖਣ ਵਾਸਤੇ ਉਥੇ ਆਇਆ। ਗੁਰੂ ਨਾਨਕ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਹੇ ਫਕੀਰ ਸਾਂਈ! ਮੇਰੇ ਤੋਂ ਬੜੀ ਭੁੱਲ ਹੋਈ ਹੈ। ਆਪ ਨੂੰ ਨਾਲ ਲਿਜਾ ਕੇ ਬਹੁਤ ਆਦਰ ਵਾਲੇ ਥਾਂ ਬੈਠਾਇਆ, ਆਪ ਕੋਲ ਬੈਠਾ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਪੂਰਾ ਸ਼ਬਦ ਪੜ੍ਹਦਿਆਂ ਬਾਬਰ ਨੂੰ ਇਕ ਬਹੁਤ ਵੱਡਾ ਉਲਾਂਭਾ ਦਿਤਾ ਕਿ ਖੁਰਾਸਾਨ ਤੇ ਤਾਂ ਤੇਰਾ ਜ਼ੋਰ ਨਾ ਚਲਿਆ ਅਤੇ ਤੈਨੂੰ ਵਾਹਿਗੁਰੂ ਜੀ ਨੇ ਜਮ ਦਾ ਰੂਪ ਬਣਾ ਕੇ ਭਾਰਤ ਵਰਸ਼ ਉਤੇ ਚੜ੍ਹਾ ਦਿਤਾ। ਤੇਰੀਆਂ ਫੌਜਾਂ ਨੇ ਐਨੀ ਮਾਰ ਕੀਤੀ ਜੋ ਅਸਹਿ ਸੀ, ਤੂੰ ਮਨੁੱਖ ਹੈਂ, ਤੇਰੇ ਅੰਦਰ ਪ੍ਰਮੇਸ਼ਰ ਨੇ ਦਿਲ ਪਾਇਆ ਹੈ ਕੀ ਤੇਰੇ ਅੰਦਰ ਦਰਦ ਨਹੀਂ ਆਇਆ, ਐਨੀ ਕੁਰਲਾਹਟ ਸੁਣ ਕੇ, ਐਨੀ ਹਾਏ ਦੁਹਾਈ ਸੁਣ ਕੇ ਤੂੰ ਬੋਲਾ ਹੀ ਰਿਹਾ? ਹੇ ਵਾਹਿਗੁਰੂ ਜੀ! ਤੂੰ ਤਾਂ ਸਾਰਿਆਂ ਦਾ ਹੈਂ। ਫਿਰ ਬਾਬਰ ਨੂੰ ਕਿਹਾ ਕਿ ਜਦੋਂ ਤੁਹਾਡੀਆਂ ਫੌਜਾਂ ਮੈਦਾਨੇ ਜੰਗ ਵਿਚ ਲੜ ਰਹੀਆਂ ਸੀ ਉਸ ਵੇਲੇ ਤੁਸੀਂ ਰਾਜੇ ਭਿੜ ਰਹੇ ਸੀ ਤੁਸੀਂ ਦੋਵੇਂ ਸ਼ਕਤੀਸ਼ਾਲ ਸੀ, ਲੋਧੀਆਂ ਦੀਆਂ ਫੌਜਾਂ ਹਾਰ ਗਈਆਂ, ਉਸੇ ਵੇਲੇ ਤੂੰ ਇਸ ਦੇਸ਼ ਦਾ ਮਾਲਕ ਹੋ ਗਿਆ ਪਰ ਮਾਲਕ ਹੋ ਕੇ ਤੂੰ ਆਪਣੀਆਂ ਫੌਜਾਂ ਨੂੰ ਸ਼ਹਿਰ ਦੇ ਵਿਚ ਲੁੱਟ ਕਸੁੱਟ ਕਰਨ ਵਾਸਤੇ ਹੁਕਮ ਦੇ ਦਿਤਾ। ਤੂੰ ਯਾਦ ਰੱਖ ਕਿ ਇਸ ਸਾਰੇ ਵਿਨਾਸ਼ ਕਰਨ ਦਾ ਤੈਨੂੰ ਲੇਖਾ ਦੇਣਾ ਪਵੇਗਾ, ਦਰਗਾਹ ਵਿਚ ਪੁਛ ਹੋਵੇਗੀ। ਇਨ੍ਹਾਂ ਲੋਧੀ ਪਠਾਣਾਂ ਕੁੱਤਿਆਂ ਨੇ ਹੀਰੇ ਵਰਗੇ ਹਿੰਦੁਸਤਾਨ ਨੂੰ ਘੱਟੇ ਕੌਡੀ ਰੋਲ ਦਿਤਾ। ਕਿੰਨੀ ਵੱਡੀ ਫੌਜ ਇਨ੍ਹਾਂ ਦੇ ਪਾਸ ਸੀ। ਇਤਿਹਾਸ ਵਿਚ ਆਉਂਦਾ

ਹੈ ਕਿ 80,000 ਫੌਜੀ ਸਿਪਾਹੀ ਰਾਜਪੂਤ ਸੈਨਾ ਦੇ ਰਾਣਾ ਸਾਂਗਾ ਦੇ ਸਨ ਅਤੇ ਲੋਧੀਆਂ ਦੀ ਫੌਜ ਇਸ ਤੋਂ ਵਖਰੀ ਸੀ ਪਰ ਇਹ ਬਾਬਰ ਦੇ ਸਿਪਾਹੀਆਂ ਦੇ ਅੱਗੇ ਅੜੇ ਨਾ। ਗੁਰੂ ਮਹਾਰਾਜ ਕਹਿੰਦੇ ਹਨ ਕਿ ਰਤਨਾਂ ਵਰਗਾ ਕੀਮਤੀ ਦੇਸ਼ ਇਹ ਖੁਹਾ ਬੈਠਾ, ਮਰਨ ਪਿਛੋਂ ਇਨ੍ਹਾਂ ਨੂੰ ਕਿਸੇ ਨੇ ਚੇਤੇ ਵੀ ਨਹੀਂ ਕਰਨਾ। ਬਾਬਰ! ਜੇ ਕੋਈ ਵੱਡਾ ਨਾਉਂ ਧਰਾ ਕੇ ਮਨਮਰਜ਼ੀਆਂ ਕਰਦਾ ਹੈ, ਵਾਹਿਗੁਰੂ ਜੀ ਦੀ ਨਜ਼ਰ ਵਿਚ ਇਕ ਕੀੜਾ ਹੈ ਵਿਸ਼ਟਾ ਦਾ। ਇਥੇ ਮਹਾਰਾਜ ਜੀ ਹਉਮੈ ਵਲ ਇਸ਼ਾਰਾ ਕਰਦੇ ਹੋਏ ਸਤਿ ਦਾ ਫੁਰਮਾਨ ਕਰਦੇ ਫੁਰਮਾਉਂਦੇ ਹਨ ਕਿ ਆਪਾ ਭਾਵ ਤੋਂ ਮਰ ਕੇ ਅਸਲ ਜੀਵਨ ਜਿਉਂਆ ਜਾਵੇ। ਤਾਂ ਦਰਗਹ ਪ੍ਰਵਾਨ ਹੋਈਦਾ ਹੈ। ਹੰਕਾਰੀ ਲਈ ਦਰਗਹ ਵਿਚ ਕੋਈ ਥਾਂ ਨਹੀਂ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ –

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥*
*ਕਰਤਾ ਤੂੰ ਸਭਨਾ ਕਾ ਸੋਈ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥*
*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥*
*ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥*
*ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥*
*ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥*
*ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥*
*ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥*
*ਪੰਨਾ - 360*

ਇਸ ਸ਼ਬਦ ਵਿਚ ਗੁਰੂ ਮਹਾਰਾਜ ਜੀ ਦੇ ਬਚਨਾਂ ਨੂੰ ਪੜ੍ਹ ਸੁਣ ਕੇ ਅਸਾਡੇ ਵਿਦਵਾਨ ਇਹ ਕਹਿਣ ਤੋਂ ਸੰਕੋਚ ਨਹੀਂ ਕਰਦੇ ਕਿ ਗੁਰੂ ਨਾਨਕ ਪਾਤਸ਼ਾਹ ਨੇ ਰੱਬ ਨੂੰ ਉਲਾਂਭਾ ਦਿਤਾ ਸੀ। ਪਰ ਜਦੋਂ ਅਸੀਂ ਇਤਿਹਾਸ ਨੂੰ ਬਹੁਤ ਗਹੁ ਨਾਲ ਵਿਚਾਰਦੇ ਹਾਂ ਉਸ ਵੇਲੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਆਪ ਪਹਿਲੀ ਵਾਰੀ ਏਮਨਾਬਾਦ ਭਾਈ ਲਾਲੋ ਪਾਸ ਆਏ ਉਸ ਵੇਲੇ ਆਪ ਜੀ ਨੇ –

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ ਪੰਨਾ - 722*

ਦਾ ਸ਼ਬਦ 1569 ਵਿਚ ਉਚਾਰਨ ਕੀਤਾ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਜੋ ਭਵਿੱਖ ਵਿਚ ਆਉਣ ਵਾਲੀ ਘਟਨਾ ਦੇਖੀ ਸੀ ਉਸ ਦੇ ਮੁਤਾਬਿਕ ਆਪ ਨੇ ਫੁਰਮਾਨ ਕੀਤਾ –

*ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥*
*ਪੰਨਾ - 723*

ਸੋ ਸਾਰਾ ਸ਼ਬਦ ਜੋ ਉਸ ਸਮੇਂ ਉਚਾਰਨ ਹੋਇਆ, ਉਹ ਭਵਿੱਖ ਵਾਕ ਹਨ ਜਿਵੇਂ ਕਿ –

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥*
*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ*
*ਕੂੜੁ ਫਿਰੈ ਪਰਧਾਨੁ ਵੇ ਲਾਲੋ॥*
*ਕਾਜੀਆ ਬਾਮਣਾ ਕੀ ਗਲ ਥਕੀ*
*ਅਗਦੁ ਪੜੈ ਸੈਤਾਨੁ ਵੇ ਲਾਲੋ॥*
*ਮੁਸਲਮਾਨੀਆ ਪੜਹਿ ਕਤੇਬਾ*
*ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥*
*ਜਾਤਿ ਸਨਾਤੀ ਹੋਰਿ ਹਿਦਵਾਣੀਆ*
*ਏਹਿ ਭੀ ਲੇਖੈ ਲਾਇ ਵੇ ਲਾਲੋ॥*
*ਖੂਨ ਕੇ ਸੋਹਿਲੇ ਗਾਵੀਅਹਿ ਨਾਨਕ*
*ਰਤੁ ਕਾ ਕੁੰਗੂ ਪਾਇ ਵੇ ਲਾਲੋ॥*
*ਸਾਹਿਬ ਕੇ ਗੁਣ ਨਾਨਕੁ ਗਾਵੈ*
*ਮਾਸ ਪੁਰੀ ਵਿਚਿ ਆਖੁ ਮਸੋਲਾ॥*
*ਜਿਨਿ ਉਪਾਈ ਰੰਗਿ ਰਵਾਈ*
*ਬੈਠਾ ਵੇਖੈ ਵਖਿ ਇਕੇਲਾ॥*
*ਸਚਾ ਸੋ ਸਾਹਿਬੁ ਸਚੁ ਤਪਾਵਸੁ*
*ਸਚੜਾ ਨਿਆਉ ਕਰੇਗੁ ਮਸੋਲਾ॥*
*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ॥*
*ਆਵਨਿ ਅਠਤਰੈ ਜਾਨਿ ਸਤਾਨਵੈ*
*ਹੋਰੁ ਭੀ ਉਠਸੀ ਮਰਦ ਕਾ ਚੇਲਾ॥*
*ਸਚ ਕੀ ਬਾਣੀ ਨਾਨਕੁ ਆਖੈ*
*ਸਚੁ ਸੁਣਾਇਸੀ ਸਚ ਕੀ ਬੇਲਾ॥ ਪੰਨਾ - 722*

ਜਦੋਂ ਇਸ ਸ਼ਬਦ ਨੂੰ ਗਹੁ ਨਾਲ ਪੜ੍ਹਦੇ ਹਾਂ ਤਾਂ ਇਹ ਭਵਿੱਖ ਵਾਕ ਮਾਲੂਮ ਹੁੰਦੇ ਹਨ ਕਿਉਂਕਿ ਇਸ 'ਟੁਕ-ਟੁਕ ਹੋਸੀ' 'ਸੰਭਾਲਸੀ' 'ਉਠਸੀ' ਸਭ ਕਿਰਿਆ ਭਵਿੱਖਤ ਦੀ ਹੋਣੀ ਦਸ ਰਹੀਆਂ ਹਨ। ਸੋ ਇਹ ਸ਼ਬਦ ਦਸਦਾ ਹੈ ਕਿ ਬਾਬਰ ਦੇ ਕਾਬਲ ਤੋਂ ਤੁਰਨ ਤੋਂ ਪਹਿਲਾਂ ਦੇ ਇਹ ਵਾਕ ਹਨ –

*ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।*
*ਪੰਦਰਹਿ ਸੈ ਪੁਨ ਅਠਤਰੇ ਆਵਨ ਤਿਨ ਕੋ ਹੋਇ॥*
*ਚੌਪਈ॥ ਸੱਤ੍ਰਾਂ ਸੈ ਸਤਾਨਵੇ ਮਾਂਹੀ।*
*ਸਫਾ ਦੂਰ ਤਿਨ ਕੀ ਹ੍ਵੈ ਜਾਹੀ।*
*ਦੋਸੈ ਬਹੁਰੋ ਬਰਖ ਉਨੀਸੰ।*
*ਕਰਹਿੰ ਰਾਜ ਹੋਵਹਿ ਅਵਨੀਸ਼ੰ॥ ੩੮॥*
*ਨਰ ਅਵਤਾਰ ਹਮਾਰਾ ਹੋਇ।*
*ਚੇਲਾ ਤਾਂਹਿ ਖਾਲਸਾ ਜੋਇ।*
*ਦਸ ਪਤਿਸ਼ਾਹੀ ਕਰਿਹੋਂ ਜਬਹੀ।*
*ਪੀਛੈ ਹੋਇ ਖਾਲਸਾ ਤਬਹੀ॥ ੩੯॥*
*ਸਨੈ ਸਨੈ ਸੋ ਲੇਵਹਿ ਛੀਨੰ।*
*ਤਬ ਤੁਰਕਨ ਹੋਵਹਿ ਬਲ ਹੀਨੰ।*
*ਕਰਹਿੰ ਪਰਸਪਰ ਮੇਲ ਜਿ ਸੋਊ।*
*ਬਧੈ ਰਾਜ ਦੁਸ਼ਟਨ ਘਰ ਖੋਊ॥ ੪੦॥*
*ਆਪਸ ਮਹਿੰ ਜੇ ਕਰਹਿੰ ਲਰਾਈ।*
*ਰਿਸ ਬਸਿ ਹੁਇ ਕੈ, ਸੋ ਦੁਖ ਪਾਈਂ।*
*ਨਾਨਕ ਬਾਣੀ ਸੱਚ ਵਖਾਨਹਿ।*
*ਪਰਗਟ ਹ੍ਵੈ ਨਰ ਤਬਹੀ ਜਾਨਹਿੰ॥ ੪੧॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਜਦੋਂ ਗੁਰੂ ਮਹਾਰਾਜ ਜੀ ਨੂੰ ਸਾਰੀ ਲੀਲਾ ਦਾ ਪਤਾ ਸੀ ਫੇਰ ਵਾਹਿਗੁਰੂ ਜੀ ਨੂੰ ਉਲਾਂਭਾ ਦੇਣ ਦਾ ਤਾਂ ਸਵਾਲ

ਹੀ ਪੈਦਾ ਨਹੀਂ ਹੁੰਦਾ। ਗੁਰੂ ਮਹਾਰਾਜ ਜੀ ਆਪ ਅਕਾਲਪੁਰਖ ਪਰਮੇਸ਼ਰ ਦਾ ਰੂਪ ਸਨ, ਉਨ੍ਹਾਂ ਨੇ ਜੋ ਸਾਨੂੰ ਸਿਧਾਂਤ ਦਿਤਾ ਉਹ ਹੈ -

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***

*ਪੰਨਾ - 1*

ਗੁਰੂ ਨਾਨਕ ਦੇ ਸਿਧਾਂਤ ਵਿਚ ਉਨ੍ਹਾਂ ਦੇ ਅਨੁਆਈ ਹੁਕਮ ਨੂੰ ਪੂਰੀ ਤਰ੍ਹਾਂ ਮੰਨਦੇ ਹਨ, ਇਸਲਾਮ ਵਾਲੇ ਵੀ ਹੁਕਮ ਨੂੰ ਮੰਨਦੇ ਹਨ। ਸਾਡੇ ਵਿਦਵਾਨ ਜੋ ਇਹ ਅਰਥ ਕਰਦੇ ਹਨ ਕਿ ਰੱਬ ਨੂੰ ਉਲਾਂਭਾ ਦਿਤਾ ਚਾਹੇ ਮਿੱਠਾ ਦਿਤਾ, ਚਾਹੇ ਕੌੜਾ ਦਿਤਾ ਉਹ ਇਹ ਭੁੱਲ ਜਾਂਦੇ ਹਨ ਕਿ ਗੁਰੂ ਨਾਨਕ ਪਾਤਸ਼ਾਹ ਕੀ ਸੀ? ਇਸ ਤੋਂ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਉਸ ਕਤਲਾਮ ਨੂੰ ਦੇਖ ਕੇ ਹੁਕਮ ਦੀ ਕ੍ਰਿਆ 'ਚੋਂ ਹੁਕਮ ਦੇ ਮੰਡਲ ਤੋਂ, ਗੁਰੂ ਨਾਨਕ ਪਾਤਸ਼ਾਹ ਦੁਨਿਆਵੀ ਮੰਡਲ ਵਿਚ ਗੱਲ ਕਰਨ ਲੱਗੇ, ਇਹ ਕਦੇ ਵੀ ਨਹੀਂ ਹੋ ਸਕਦਾ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਜਿਨ੍ਹਾਂ ਨੇ ਹੁਕਮ ਨੂੰ ਪਛਾਣ ਲਿਆ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਦਰ ਸੁੱਝ ਜਾਂਦਾ ਹੈ।

***ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥੧॥***
***ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥***

*ਪੰਨਾ - 523*

***ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥***
***ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥***
***ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ॥***

*ਪੰਨਾ - 55*

***ਪਾਤਾਲ ਪੁਰੀਆ ਲੋਅ ਆਕਾਰਾ॥***
***ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥***
***ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ॥***

*ਪੰਨਾ - 1060*

***ਜੋ ਕਿਛੁ ਵਰਤੈ ਸਭ ਤੇਰਾ ਭਾਣਾ॥***
***ਹੁਕਮੁ ਬੂਝੈ ਸੋ ਸਚਿ ਸਮਾਣਾ॥*** *ਪੰਨਾ - 193*

ਸੋ ਇਹ ਇਨ੍ਹਾਂ ਪੜ੍ਹੇ ਲਿਖਿਆਂ ਦਾ ਨਿਰਮੂਲ ਖਿਆਲ ਹੈ ਕਿਉਂਕਿ ਇਹ ਸੁਤੰਤਰ ਅਰਥ ਕਰਦੇ ਹਨ, ਪ੍ਰਸੰਗਕ ਅਰਥ ਨਹੀਂ ਕਰ ਰਹੇ। ਸੋ ਇਹ ਸਾਰਾ ਕੁਝ ਲਿਖਣ ਤੋਂ ਇਹ ਭਾਵ ਹੈ ਕਿ ਉਸ ਸਮੇਂ ਭਾਰਤ ਵਰਸ਼ ਵਿਚ ਹਮਲਾਵਰ ਪੱਛਮ ਦੇਸ਼ਾਂ ਤੋਂ ਆ ਕੇ ਇਥੇ ਦੀ ਜਨਤਾ ਭਾਵੇਂ ਇਸਲਾਮ ਵਾਲੇ ਹੋਣ ਚਾਹੇ ਹਿੰਦੂ ਹੋਣ ਉਨ੍ਹਾਂ ਸਾਰਿਆਂ ਦੇ ਉਤੇ ਅਕਹਿ ਜ਼ੁਲਮ ਕੀਤੇ ਜਾਂਦੇ ਸਨ ਪਰ ਇਸਲਾਮ ਧਾਰਨ ਕਰਨ ਵਾਲਿਆਂ ਦਾ ਤਾਂ ਫੇਰ ਵੀ ਕੁਝ ਬਚਾਓ ਹੋ ਜਾਂਦਾ ਸੀ ਪਰ ਇਥੇ ਦੀ ਹਿੰਦੂ ਵਸੋਂ ਉਪਰ ਬਹੁਤ ਹੀ ਜ਼ੁਲਮ ਹੁੰਦੇ ਸਨ।

ਇਸਲਾਮ ਵਿਚ ਤਤ੍ਵ ਨੂੰ ਪਛਾਨਣ ਵਾਲੇ ਸੂਫੀ ਪੀਰ ਸਾਰੀ ਸ੍ਰਿਸ਼ਟੀ ਨੂੰ ਪਿਆਰ ਕਰਦੇ ਸਨ ਅਤੇ ਤੱਤ ਗਿਆਨ ਦਾ ਉਪਦੇਸ਼ ਦਿੰਦੇ ਸਨ, ਭਾਵ ਉਹ ਜੋਹਦ ਬਹੁਤ ਕਰਦੇ ਸਨ ਰਿਆਜ਼ਤ ਘੱਟ ਸੀ, ਕਿਉਂਕਿ ਇਸਲਾਮ ਵਿਚ ਪੀਰ ਪ੍ਰਸਤੀ ਉਪਰ ਬਹੁਤਾ ਜ਼ੋਰ ਨਹੀਂ ਦਿਤਾ ਗਿਆ, ਇਸ ਕਰਕੇ ਆਮ ਮੁਸਲਮਾਨ ਸ਼ਰਾ ਦੇ ਪਾਬੰਧ ਰਹਿੰਦੇ ਹੋਏ ਸ਼ਰੀਅਤ ਤੋਂ ਅੱਗੇ ਹਕੀਕਤ ਮਾਰਫਤ ਤਕ ਘੱਟ ਹੀ ਤਰੱਕੀ ਕਰਦੇ ਸਨ ਪਰ ਸੂਫੀ ਮਾਰਫਤ, ਹਕੀਕਤ 'ਚੋਂ ਹੁੰਦੇ ਹੋਏ ਸੱਤ ਵਾਦੀਆਂ, ਵਾਦੀ-ਏ-ਤਲਾਸ਼, ਵਾਦੀ-ਏ-ਇਸ਼ਕ, ਵਾਦੀ-ਏ-ਮਾਰਫਤ, ਵਾਦੀ-ਏ-ਮਹਿਵੀਅਤ, ਵਾਦੀ-ਏ-ਵਹਦੀਅਤਿ, ਵਾਦੀ-ਏ-ਨੂਰ ਪਾਰ ਕਰਕੇ ਵਾਦੀ-ਏ-ਫਨਾਹ ਫਿਨਾਹ ਫਿਲਾਹ ਤਕ ਪਹੁੰਚ ਕੇ ਰੱਬ ਦਾ ਰੂਪ ਹੋ ਜਾਇਆ ਕਰਦੇ ਸਨ, ਉਹ ਤਾਂ ਸੱਚ ਦਾ ਸੰਦੇਸ਼ਾ ਦਿੰਦੇ ਸਨ। ਮਜ਼੍ਹਬ ਦੀ ਤਬਲੀਗ ਜ਼ਬਰਦਸਤੀ ਨਹੀਂ ਸੀ ਕਰਦੇ ਪਰ ਇਸ ਦੇ ਵਿਪਰੀਤ ਖਲੀਫੇ ਦਾ ਇਹ ਫਰਜ਼ ਹੋਇਆ ਕਰਦਾ ਸੀ ਕਿ ਉਹ ਇਸਲਾਮ ਨੂੰ ਸਾਰੀ ਦੁਨੀਆਂ ਵਿਚ ਫੈਲਾਵੇ। ਜੋ ਇਸਲਾਮ ਨੂੰ ਨਹੀਂ ਸੀ ਮੰਨਦੇ ਉਨ੍ਹਾਂ ਨੂੰ ਕਾਫਰ ਕਿਹਾ ਜਾਂਦਾ ਸੀ। ਚਾਹੇ ਕੋਈ ਵੀ ਹੋਵੇ, ਜੋ ਮਨੁੱਖ ਮੁਹੰਮਦ ਸਾਹਿਬ ਜੀ ਉਪਰ ਅਕੀਦਾ ਨਹੀਂ ਲਿਆਉਂਦੇ ਉਨ੍ਹਾਂ ਨੂੰ ਵਾਰ-ਏ-ਗਾਹ ਖੁਦਾ ਵਿਚ ਥਾਂ ਨਹੀਂ ਮਿਲਣਾ। ਇਸ ਕਰਕੇ ਉਹ ਸਾਰੀ ਦੁਨੀਆਂ ਨੂੰ ਸਦਾ ਹੀ ਇਸਲਾਮ ਵਿਚ ਲਿਆਉਣ ਲਈ ਤਤਪਰ ਰਹਿੰਦੇ ਸਨ। ਇਨ੍ਹਾਂ ਖਲੀਫਿਆਂ ਵਿਚੋਂ ਬਗਦਾਦ ਦੇ ਖਲੀਫੇ ਬਹੁਤ ਹੀ ਤਤਪਰ ਸਨ। ਉਹ ਇਸਲਾਮ ਦੇ ਵਿਰੁੱਧ, ਇਸਲਾਮ ਦੇ ਅਕੀਦੇ ਤੋਂ ਇਧਰ ਉਧਰ ਕੋਈ ਵੀ ਗੱਲ ਨਹੀਂ ਸੀ ਸਹਿਨ ਕਰਿਆ ਕਰਦੇ। ਜੇ ਕੋਈ ਇਸਲਾਮ ਦੀ ਮਨੌਤ ਤੋਂ ਉਚੀ ਅਵਸਥਾ ਦਾ ਜ਼ਿਕਰ ਕਰੇ ਉਹ ਕਾਫਰ ਕਿਹਾ ਜਾਂਦਾ ਸੀ ਜਿਸ ਨੂੰ ਮਾਰ ਦੇਣਾ ਜਾਂ ਇਸਲਾਮ ਦੇ ਦਾਇਰੇ ਵਿਚ ਲੈ ਆਉਣਾ, ਮੁਲਾਂ, ਕਾਜ਼ੀਆਂ, ਉਲਮਾਵਾਂ ਦਾ ਪਰਮ ਮਨੋਰਥ ਅਤੇ ਰੂਹਾਨੀ ਫਰਜ਼ ਹੋਇਆ ਕਰਦਾ ਸੀ ਜੋ ਉਸ ਰਾਜ ਸ਼ਕਤੀ ਰਾਹੀਂ ਜਾਂ ਮਜ਼ਹਬੀ ਜਨੂੰਨੀ ਸ਼ਕਤੀ ਰਾਹੀਂ ਪੂਰਾ ਕਰਾਇਆ ਕਰਦੇ ਸਨ।

ਗੁਰੂ ਨਾਨਕ ਪਾਤਸ਼ਾਹ ਜਦੋਂ ਬਗਦਾਦ ਵਿਚ ਪਹੁੰਚਦੇ ਹਨ ਤਾਂ ਉਥੇ ਆਪ ਨੇ ਵਾਹਿਗੁਰੂ ਜੀ ਦੀ ਬੇਅੰਤਤਾਈ ਨੂੰ ਪ੍ਰਗਟ ਕਰਦੇ ਹੋਏ ਫੁਰਮਾਇਆ -

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥***
***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥***
***ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥***

*ਪੰਨਾ - 5*

ਅਤੇ ਰਬਾਬ ਵਜਾ ਕੇ ਕੀਰਤਨ ਕਰਿਆ ਜੋ ਬਗਦਾਦ ਦੇ ਵਿਚ ਮਨ੍ਹਾ ਸੀ। ਹਿੰਦੀ ਸਮਝਣ ਵਾਲੇ ਕਿਸੇ ਮੁਰੀਦ ਨੇ ਜੋ ਸੁਣ ਕੇ ਸਮਝਿਆ ਸੀ, ਨੇ ਜਾ ਕੇ ਪੀਰ ਦਸਤਗੀਰ ਨੂੰ ਇਹ ਗੱਲ ਕਹੀ ਕਿ ਬਗਦਾਦ ਵਿਚ ਕੋਈ ਕਾਫਰ ਆ ਕੇ ਕੁਫਰ ਤੋਲ ਰਿਹਾ ਹੈ। ਉਹ ਨਦੀ ਕਿਨਾਰੇ ਸਰੋਦ ਭੀ ਵਜਾ ਰਿਹਾ ਹੈ ਅਤੇ ਪਾਤਾਲਾ-ਪਾਤਾਲ ਕਹਿ ਰਿਹਾ ਹੈ। ਪੀਰ ਇਕ ਦਮ ਕ੍ਰੋਧਿਤ ਹੋ ਗਿਆ ਉਸ ਨੇ ਕਿਹਾ ਕਿ ਉਨ੍ਹਾਂ ਨੂੰ ਸੰਗਸਾਰ (ਪੱਥਰ ਮਾਰ ਕੇ ਮਾਰ ਦੇਣਾ) ਕਰ ਦਿਤਾ ਜਾਵੇ ਅਤੇ ਸਾਰੇ ਸ਼ਹਿਰ ਨੂੰ ਹੁਕਮ ਦੀ ਪਾਲਣਾ ਕਰਨ ਦਾ ਆਦੇਸ਼ ਦੇ ਦਿਤਾ।

ਗੁਰੂ ਨਾਨਕ ਪਾਤਸ਼ਾਹ ਪਾਸ ਜਾ ਕੇ ਉਹ ਇੱਟਾਂ ਵੱਟੇ ਨਾ ਮਾਰ ਸਕੇ, ਜੜ੍ਹ ਰੂਪ ਖੜ੍ਹੇ ਹੋ ਗਏ। ਅਖੀਰ ਪੀਰ ਨੇ ਜਦੋਂ ਹੋਸ਼ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਪਾਸ ਬੇਨਤੀ ਕੀਤੀ ਕਿ ਇਨ੍ਹਾਂ ਦੀ ਜੜ੍ਹਤਾ ਦੂਰ ਕਰੋ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਪੀਰ ਜੀ! ਤੁਹਾਨੂੰ ਇਤਰਾਜ਼ ਕਿਸ ਗੱਲ ਦਾ ਹੋਇਆ ਮੈਂ ਤਾਂ ਤੁਹਾਡਾ ਕੋਈ ਕਸੂਰ ਨਹੀਂ ਕਰਿਆ। ਅੱਲਾਹ ਤਾਲਾ

ਦੀ ਸਿਫਤ ਵਿਚ ਮੈਂ ਮਹੱਵ ਸੀ ਅਤੇ ਅਕਾਰਣ ਹੀ ਤੁਸੀਂ ਅਸਾਨੂੰ ਪੱਥਰ ਮਾਰ ਕੇ ਮਾਰਨ ਦਾ ਆਦੇਸ਼ ਦੇ ਦਿਤਾ। ਕੀ ਗੱਲ ਤੁਸੀਂ ਅੱਲਾਹ ਨੂੰ ਨਹੀਂ ਮੰਨਦੇ। ਉਸ ਦੀ ਵਡਿਆਈ ਵੀ ਸਹਿਨ ਨਹੀਂ ਕਰ ਸਕਦੇ। ਪੀਰ ਨੇ ਲੱਖਾਂ ਆਕਾਸ਼, ਲੱਖਾਂ ਪਾਤਾਲ ਦੀ ਗੱਲ ਕਰਕੇ ਕਿਹਾ ਕਿ ਸਾਡੇ ਯਕੀਦੇ ਵਿਚ ਸਿਰਫ ਸੱਤ ਪਾਤਾਲ ਸੱਤ ਅਕਾਸ਼ ਹਨ। ਗੁਰੂ ਮਹਾਰਾਜ ਜੀ ਨੇ ਕਿਹਾ ਪੀਰ ਜੀ! ਕਿਸੇ ਦੀ ਨਿਗ੍ਹਾ 200 ਗਜ਼, 400 ਗਜ਼ ਤਕ ਹੁੰਦੀ ਹੈ, ਕੋਈ ਮੀਲ ਡੇਢ ਮੀਲ ਤਕ ਦੇਖ ਸਕਦਾ ਹੈ, ਕਿਸੇ ਦੀ ਰੂਹਾਨੀ ਦ੍ਰਿਸ਼ਟੀ ਬੇਅੰਤ ਖੰਡ ਬ੍ਰਹਿਮੰਡ ਦੇਖ ਸਕਦੀ ਹੈ, ਕਿਸੇ ਦੀ ਸੱਤ ਹੀ ਦੇਖਦੀ ਹੈ ਇਸ ਵਿਚ ਕਿਸ ਗੱਲ ਦਾ ਰੌਲਾ? ਅੱਲਾਹ ਬੇਅੰਤ ਹੈ ਲਾ-ਮਹਿਦੂਦ ਹੈ। Infin-ity ਹੈ) ਤੁਹਾਨੂੰ ਸੱਤ ਅਕਾਸ਼-ਪਾਤਾਲ ਦਿਸਦੇ ਹਨ ਅਸਾਨੂੰ ਅਸੰਖ ਨਦਰੀਂ ਪੈ ਰਹੇ ਹਨ। ਪੀਰ ਦਸਤਗੀਰ ਨੇ ਕਿਹਾ ਕਿ ਕੀ ਵਿਖਾ ਸਕਦੇ ਹੋਂ। ਗੁਰੂ ਮਹਾਰਾਜ ਜੀ ਨੇ ਪੀਰ ਨੂੰ ਕਿਹਾ ਆਓ ਤੁਹਾਨੂੰ ਵਿਖਾਈਏ। ਪੀਰ ਬੁੱਢਾ ਸੀ ਆਪਣਾ ਲੜਕਾ ਬਹਿਲੋਲ ਸਾਥ ਲੈ ਜਾਣ ਲਈ ਕਿਹਾ। ਪੀਰ ਦੇ ਤਕਰਾਰ ਕਰਨ ਤੇ ਗੁਰੂ ਮਹਾਰਾਜ ਜੀ ਨੇ ਉਸ ਦੇ ਪੁਤਰ ਬਹਿਲੋਲ ਨੂੰ ਨਾਲ ਲਿਆ ਅਤੇ ਅੱਖ ਦੇ ਫੋਰ ਵਿਚ ਲੱਖਾਂ ਪਾਤਾਲ ਲੱਖਾਂ ਅਕਾਸ਼ ਦਿਖਾਏ ਹੀ ਨਹੀਂ ਸਗੋਂ ਇਕ ਕਚਕੌਲ ਵਿਚ ਹਰ ਥਾਂ ਤੋਂ ਪ੍ਰਸ਼ਾਦ ਲੈ ਕੇ ਜਦੋਂ ਫਿਰ ਦ੍ਰਿਸ਼ਟਮਾਨ ਹੋਏ ਤਾਂ ਉਸ ਦੇ ਬੇਟੇ ਨੇ ਕਿਹਾ ਕਿ ਅੱਬਾ ਜਾਨ! ਯਹ ਖੁਦਾਇ ਹੈ। ਭਾਈ ਗੁਰਦਾਸ ਜੀ ਲਿਖਦੇ ਹਨ-

*ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰ ਜਾਇ ਕੀਆ ਅਸਥਾਨਾ।*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।*
*ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।*
*ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*
*ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।*
*ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਿਹਾਨਾ?*
*ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।*
*ਧਰਤਿ ਆਕਾਸ ਚਹੂਦਿਸ ਜਾਨਾ॥*

*ਭਾਈ ਗੁਰਦਾਸ ਜੀ, ਵਾਰ 1/35*

*ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।*
*ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।*
*ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰੁ ਸੁਣਾਈ।*
*ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।*
*ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।*
*ਲਖ ਆਕਾਸ ਪਤਾਲ ਲਖ ਅਖਿ ਫੁਰੰਕ ਵਿਚਿ ਸਭਿ ਦਿਖਲਾਈ।*
*ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।*
*ਜਾਹਰ ਕਲਾ ਨ ਛਪੈ ਛਪਾਈ॥*

*ਭਾਈ ਗੁਰਦਾਸ ਜੀ, ਵਾਰ 1/36*

*ਗੜ ਬਗਦਾਦੁ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।*
*ਪਾਤਾਲ ਆਕਾਸ ਲਖ ਜੀਤੀ ਧਰਤੀ ਜਗਤੁ ਸਬਾਇਆ।*
*ਜੀਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।*
*ਦੇਵ ਦਾਨੋ ਰਾਕਸਿ ਦੈਤ ਸਭ ਚਿਤਿ ਗੁਪਤਿ ਸਭ ਚਰਨੀ ਲਾਇਆ।*
*ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।*
*ਭਇਆ ਅਨੰਦ ਜਗਤੁ ਵਿਚਿ ਕਲਿਤਾਰਨ ਗੁਰ ਨਾਨਕ ਆਇਆ।*
*ਹਿੰਦੂ ਮੁਸਲਮਾਣਿ ਨਿਵਾਇਆ॥*

*ਭਾਈ ਗੁਰਦਾਸ ਜੀ, ਵਾਰ 1/37*

ਉਪਰੋਕਤ ਲਿਖਣ ਤੋਂ ਭਾਵ ਹੈ ਕਿ ਖਲੀਫਾ ਇਸਲਾਮ ਦੇ ਪ੍ਰਚਾਰ ਦਾ ਜ਼ਿੰਮੇਵਾਰ ਹੋਇਆ ਕਰਦਾ ਸੀ। ਜਿਸ ਤਰ੍ਹਾਂ ਇਹ ਇਸਲਾਮ ਦੇ ਫੈਲਾਓ ਦਾ ਖਲੀਫੇ ਫਰਜ਼ ਪੂਰਾ ਕਰਿਆ ਕਰਦੇ ਸਨ, ਧਰਮ ਦੇ ਪਤਿਤ ਹੋਣ ਵਾਲੇ ਨੂੰ ਸਜ਼ਾ ਦੇਵੇ, ਕੁਫਰ ਨੂੰ ਖਤਮ ਕਰੇ ਅਤੇ ਗੈਰ ਮੁਸਲਮਾਨਾਂ ਨੂੰ ਆਪਣੀ ਥਾਂ ਬਹੁਤ ਨੀਵੇਂ ਤੇ ਰੱਖੇ, ਇਹ ਬਾਦਸ਼ਾਹਾਂ ਦਾ ਫਰਜ਼ ਹੋਇਆ ਕਰਦਾ ਸੀ। ਬਾਦਸ਼ਾਹਾਂ ਨੇ ਇਸਲਾਮ ਦੇ ਫੈਲਾਓ ਲਈ ਪ੍ਰਚਾਰ ਨਾਲੋਂ ਵਧੇਰੇ ਜ਼ੋਰ ਜ਼ਬਰ ਤੋਂ ਕੰਮ ਲਿਆ। ਗੈਰ ਮੁਸਲਮਾਂ ਨੂੰ ਆਪਣੇ ਜੀਉਣ ਲਈ ਜੇਜ਼ੀਏ ਦਾ ਅਸਹਿ ਟੈਕਸ ਦੇਣਾ ਪੈਂਦਾ ਸੀ, ਉਨ੍ਹਾਂ ਨੂੰ ਨੌਕਰੀਆਂ ਨਹੀਂ ਸੀ ਮਿਲਿਆ ਕਰਦੀਆਂ। ਖਲੀਫਾ ਹਜ਼ਰਤ ਉਮਰ 634-640 ਈ. ਵਿਚ ਹੋਇਆ ਹੈ ਉਸ ਨੇ ਮਿਸਰ, ਸ਼ਾਮ, ਇਰਾਨ ਉਤੇ ਅਧਿਕਾਰ ਜਮ੍ਹਾ ਕੇ ਇਕ ਮਹਾਨ ਸਾਮਰਾਜ ਵਿਚ ਬਦਲ ਦਿਤਾ, ਉਸ ਵੇਲੇ ਉਤਰੀ ਭਾਰਤ ਵਿਚ ਬਹੁਤ ਹੀ ਸ਼ਕਤੀਸ਼ਾਲੀ ਸਮਰਾਟ ਹਰਸ਼ ਵਰਧਨ ਹੋਇਆ ਕਰਦੇ ਸੀ। ਹਰਸ਼ ਵਰਧਨ ਇਕ ਸਫਲ, ਪ੍ਰਭਾਵਸ਼ਾਲੀ ਅਤੇ ਯੋਗਸ਼ਾਲੀ ਯੋਧਾ ਸੀ। ਹਜ਼ਰਤ ਉਮਰ ਤੇ ਹਰਸ਼ ਵਰਧਨ ਵਿਚ ਬਹੁਤ ਵੱਡਾ ਅੰਤਰ ਸੀ। ਸਮਰਾਟ ਹਰਸ਼ ਵਰਧਨ ਵੇਲੇ ਉਤਰੀ ਭਾਰਤ ਵਿਚ ਕਿਸੇ ਦੀ ਹਿੰਮਤ ਨਾ ਪਈ ਕਿ ਆ ਕੇ ਪੈਰ ਜਮਾਵੇ। ਇਸ ਦੀ ਰਾਜਧਾਨੀ ਕਨੌਜ ਸੀ। ਚਾਲੀ ਵਰ੍ਹੇ ਬਹੁਤ ਯੋਗਤਾ ਨਾਲ ਰਾਜ ਕਰਨ ਉਪਰੰਤ 648 ਈ. ਵਿਚ ਹਰਸ਼ ਵਰਧਨ ਦੀ ਮੌਤ ਹੋ ਗਈ। ਭਾਰਤ ਵਿਚ ਹਨ੍ਹੇਰਾ ਪ੍ਰਤੀਤ ਦੇਣ ਲੱਗਿਆ। ਇਕ ਮਹਾਨ ਯੋਧਾ ਸੰਸਾਰ ਰੰਗ ਮੰਚ ਤੋਂ ਅਲੋਪ ਹੋ ਗਿਆ। ਇਕ

ਬਹੁਤ ਹੀ ਵੱਡਾ ਸਾਮਰਾਜ ਛੋਟੇ-ਛੋਟੇ ਅਣਗਿਣਤ ਸੁਤੰਤਰ ਰਾਜਾਂ ਵਿਚ ਵੰਡ ਗਿਆ। 600 ਈ. ਤੋਂ 1000 ਈ. ਤਕ ਸਾਰਾ ਪੰਜਾਬ ਰਾਜਪੂਤਾਂ ਦੀਆਂ ਛੋਟੀਆਂ-ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ, ਇਹ ਰਾਜੇ ਆਪਣਾ ਹਿਤ ਦੇਖਦੇ ਸਨ ਇਨ੍ਹਾਂ ਨੂੰ ਭਾਰਤ ਨਾਲ ਕੋਈ ਬਹੁਤਾ ਸਨੇਹ ਨਹੀਂ ਸੀ ਅਤੇ ਇਕ ਦੂਜੇ ਤੋਂ ਵੱਧ ਹੋਣ ਲਈ ਪ੍ਰਸਪਰ ਈਰਖਾ ਅਤੇ ਫੁੱਟ ਦਾ ਸ਼ਿਕਾਰ ਹੋਈਆਂ। ਇਹ ਰਿਆਸਤਾਂ, ਦੇਸ਼ ਭਗਤੀ ਅਤੇ ਰਾਜਸੀ ਏਕਤਾ ਦੇ ਸਿਧਾਂਤਾਂ ਤੋਂ ਬਿਲਕੁਲ ਖਾਲੀ ਸਨ। ਇਹ 400 ਸਾਲ ਦਾ ਸਮਾਂ ਭਾਰਤ ਦੀ ਕਿਸਮਤ ਲਈ ਇਕ ਗੰਭੀਰ ਸਮਾਂ ਸੀ। ਇਸ ਦੀ ਰਾਸ਼ਟਰੀ ਭਾਵਨਾ ਘਟ ਗਈ ਸੀ। ਟੁੱਕੜੇ-ਟੁਕੜੇ ਹੋਏ ਭਾਰਤ ਨੂੰ ਸੰਕਟ ਵਿਚ ਪੁਆ ਦੇਣ ਦੀ ਨੀਤੀ ਇਨ੍ਹਾਂ ਛੋਟੇ-ਛੋਟੇ ਰਾਜਿਆਂ ਦੀ ਮਹਾਨ ਭੁੱਲ ਦੇ ਕਾਰਨ ਵਜੋਂ ਹੈ। 711 ਤੋਂ 714 ਤਕ ਇਕ ਅਰਬੀ ਜਰਨੈਲ ਮਹੁੰਮਦ ਬਿਨ ਕਾਸਮ ਥੋੜ੍ਹੀ ਜਿਹੀ ਫੌਜ ਨਾਲ ਸਿੰਧ ਅਤੇ ਮੁਲਤਾਨ ਉਤੇ ਅਧਿਕਾਰ ਜਮਾਂ ਬੈਠਾ। ਉਹ ਕਸ਼ਮੀਰ ਨੂੰ ਆਪਣੇ ਹੇਠਾਂ ਲਿਆਉਣਾ ਚਾਹੁੰਦਾ ਸੀ ਉਸ ਵੇਲੇ ਕਸ਼ਮੀਰ ਨੂੰ ਪੰਜ ਮਾਹੀਅਤ ਕਿਹਾ ਜਾਂਦਾ ਸੀ। ਇਸੇ ਤਰ੍ਹਾਂ ਇਕ ਹੋਰ ਖੁਰਾਸਾਨ ਦਾ ਗਵਰਨਰ ਅਰਬੀ ਜਰਨੈਲ ਕੁਤੈਬਾ ਕਾਬਲ ਦੇ ਨੇੜੇ ਤੇੜੇ ਅਰਬਾਂ ਦਾ ਰਾਜ ਸਥਾਪਿਤ ਕਰ ਰਿਹਾ ਸੀ। ਪੰਜਾਬ ਦੀ ਉਤਰੀ ਸਰਹੱਦ ਵਿਚ ਇਕ ਸ਼ਕਤੀਸ਼ਾਲੀ ਰਾਜ ਕਸ਼ਮੀਰ ਦਾ ਸੀ ਉਸ ਉਪਰ ਕਾਰਕੋਟ, ਉਤਪਲ ਫੇਰ ਰਾਜ ਘਰਾਣਿਆਂ ਨੇ ਰਾਜ ਕੀਤਾ। ਇਨ੍ਹਾਂ ਨੇ ਸਤਵੀਂ ਸਦੀ ਤੋਂ ਗਿਆਰ੍ਹਵੀਂ ਸਦੀ ਤਕ ਪੰਜਾਬ ਦੇ ਇਤਿਹਾਸ ਉਪਰ ਬਹੁਤ ਗਹਿਰਾ ਪ੍ਰਭਾਵ ਪਾਇਆ।

ਇਸ ਸਮੇਂ ਵਿਚ ਕਨੌਜ ਦਾ ਰਾਜਾ ਭੋਜ ਮਜ਼ਬੂਤੀ ਨਾਲ ਰਾਜ ਕਰ ਰਿਹਾ ਸੀ। ਰਾਜਾ ਭੋਜ ਦਾ ਉਤਰ ਅਧਿਕਾਰੀ ਮਹਿੰਦਰਪਾਲ ਵੀ ਮਜ਼ਬੂਤ ਰਾਜਾ ਸਿੱਧ ਹੋਇਆ। ਜਲੰਧਰ ਦੇ ਚੌਹਾਨ ਰਾਜ ਵਿਚ ਰਾਜਪੂਤਾਂ ਦਾ ਰਾਜ ਸੀ। ਲਾਹੌਰ ਦੇ ਚੌਹਾਨ ਰਾਜੇ ਗੱਖੜਾਂ ਤੋਂ ਭੈਭੀਤ ਰਹਿੰਦੇ ਸਨ। ਉਸ ਵੇਲੇ ਪੰਜਾਬ ਵਿਚ ਇਕ ਮਜ਼ਬੂਤ ਰਾਜਾ ਜੈ ਪਾਲ ਰੰਗਮੰਚ ਤੇ ਆਇਆ, ਉਸ ਦਾ ਰਾਜ ਸਰਹੰਦ ਤੋਂ ਲੈ ਕੇ ਮੁਲਤਾਨ ਕਸ਼ਮੀਰ ਤਕ ਸ਼ਕਤੀਸ਼ਾਲ ਰਾਜ ਸੀ। ਉਸ ਦੇ ਮੁਕਾਬਲੇ ਉਪਰ ਉਸ ਵੇਲੇ ਸੁਬਕਤਦੀਨ ਗਜ਼ਨੀ ਅੰਦਰ ਜਿਥੇ ਖਾਨਦਾਨ ਗੁਲਾਮਾਂ ਦਾ ਰਾਜ ਸੀ ਇਕ ਸ਼ਕਤੀਸ਼ਾਲੀ ਬਾਦਸ਼ਾਹ ਹੋਇਆ ਹੈ। ਜੈਪਾਲ ਦੇ ਗਜ਼ਨਵੀ ਰਾਜਿਆਂ ਦੇ ਨਾਲ ਬਹੁਤ ਕਰੜੇ ਘੋਲ ਹੋਏ। ਉਸ ਵੇਲੇ ਉਤਰੀ ਭਾਰਤ ਵਿਚ ਬਹੁਤ ਛੋਟੇ-ਛੋਟੇ ਰਾਜੇ ਸਨ ਜਿਸ ਸਮੇਂ ਮਹਿਮੂਦ ਬਹੁਤ ਵੱਡੀ ਫੌਜ ਲੈ ਕੇ ਭਾਰਤ ਉਪਰ ਹਮਲਾਵਰ ਹੋਇਆ ਤਾਂ ਰਾਜਾ ਜੈਪਾਲ ਨੇ ਰਾਜਪੂਤ ਰਾਜੇ ਇਕੱਠੇ ਕਰਕੇ ਉਸਦਾ ਮੁਕਾਬਲਾ ਕੀਤਾ। ਮਹਿਮੂਦ 22,000 ਅਸਵਾਰ ਮਰਵਾਉਣ ਪਿਛੋਂ ਵਾਪਸ ਚਲਿਆ ਗਿਆ।

ਸੁਬਕਤਦੀਨ ਅਤੇ ਗੌਰੀ ਬਾਦਸ਼ਾਹਾਂ ਨਾਲ ਕੇਵਲ ਜੈਪਾਲ ਲੜਦਾ ਰਿਹਾ, ਹੋਰ ਰਾਜਾ ਕੋਈ ਵੀ ਉਸ ਦੀ ਮਦਦ ਲਈ ਨਹੀਂ ਆਇਆ ਕਿਉਂਕਿ ਭਾਰਤ ਵਰਸ਼ ਦੇ ਰਾਜੇ ਇਕ ਦੂਜੇ ਨਾਲ ਬਹੁਤ ਹੀ ਈਰਖਾ ਰਖਦੇ ਸਨ। ਇਸ ਫੁੱਟ ਨੇ ਹਿੰਦੁਸਤਾਨ ਨੂੰ ਤੁਰਕਸਤਾਨ ਤਾਂ ਬਣਾ ਦੇਣਾ ਸੀ ਪਰ ਤੁਰਕ ਬਾਦਸ਼ਾਹ ਦੇ ਸੂਬੇ ਹੀ ਉਨ੍ਹਾਂ ਨੂੰ ਬਿਪਤਾ ਪਾਈ ਰਖਦੇ ਸਨ, ਇਕ ਦੋ ਹਮੇਸ਼ਾ ਹੀ ਵਿਗੜੇ ਰਹਿੰਦੇ ਸਨ। ਜਿਸ ਦਾ ਫਲ ਇਹ ਹੋਇਆ ਕਿ ਭਾਰਤ ਦਾ ਵੱਡਾ ਹਿੱਸਾ ਹਿੰਦੂ ਬਣਿਆ ਰਿਹਾ।

ਪੰਜਾਬ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਹਿੰਦੂ ਰਾਜਿਆਂ ਨੇ ਗਜ਼ਨਵੀ ਤੁਰਕਾਂ ਨਾਲ 910-1026 ਈ. ਤਕ ਬਹੁਤ ਕਰੜਾ ਘੋਲ ਲੜਿਆ। ਇਸ ਘੋਲ ਦਾ ਆਰੰਭ ਅਲਪਤਗੀਨ ਦੇ ਗਜ਼ਨੀ ਉਤੇ ਅਧਿਕਾਰ ਸਮੇਂ ਹੋਇਆ। ਅਲਪਤਗੀਨ ਨੇ ਗਜ਼ਨੀ ਉਤੇ ਅਧਿਕਾਰ ਪਿਛੋਂ ਹਿੰਦੂ ਰਾਜਿਆਂ ਨਾਲ ਲੜਾਈ ਲੜੀ। ਕਾਬਲ ਵਿਚ ਹਿੰਦੂ ਰਾਜਿਆਂ ਦਾ ਅਧਿਕਾਰ ਸੀ। ਕਾਬਲ ਦੀ ਲੜਾਈ ਹਿੰਦੂ ਰਾਜਿਆਂ ਦੀ ਅਲਪਤਗੀਨ ਨਾਲ ਪਹਿਲੀ ਟੱਕਰ ਸੀ।

ਹਿੰਦੂ ਰਾਜਿਆਂ ਨੇ ਗਜ਼ਨੀ ਨੂੰ ਫੇਰ ਜਿਤ ਲਿਆ ਸੀ। ਉਸ ਸਮੇਂ ਪੰਜਾਬ ਦੇ ਵਿਚ ਜੈਪਾਲ 965-1001 ਈ. ਤਕ ਰਿਹਾ ਜਿਥੇ ਉਸ ਨੂੰ ਪੱਛਮ ਵਲੋਂ ਤੁਰਕ ਰਾਜਿਆਂ ਦਾ ਡਰ ਸੀ ਉਥੇ ਕਨੌਜ ਦੇ ਰਾਜਿਆਂ ਵਲੋਂ ਵੀ ਉਸ ਨੂੰ ਸਦਾ ਹੀ ਚੌਕੰਨੇ ਰਹਿਣਾ ਪੈਂਦਾ ਸੀ। ਕਾਬਲ ਜੈਪਾਲ ਦੇ ਰਾਜ ਵਿਚ ਸ਼ਾਮਲ ਸੀ। ਜੈਪਾਲ ਨੇ ਬਹੁਤ ਸਫਲ ਤਰੀਕਿਆਂ ਨਾਲ ਹਮਲਾਵਰਾਂ ਤੋਂ ਭਾਰਤ ਦੀ ਰਾਖੀ ਕੀਤੀ ਪਰ ਬਾਰ-ਬਾਰ ਹਮਲਿਆਂ ਨੇ ਜੈਪਾਲ ਨੂੰ ਪਿਛੇ ਹਟਣ ਲਈ ਮਜ਼ਬੂਰ ਕਰ ਦਿਤਾ।

ਮਹਿਮੂਦ ਉਸ ਸਮੇਂ ਦੇ ਫੌਜੀ ਕਰਤਵਾਂ ਵਿਚ ਪੂਰੀ ਤਰ੍ਹਾਂ ਮਜ਼ਬੂਤ ਸੀ। ਉਹ 15 ਵਰ੍ਹਿਆਂ ਦਾ ਸੀ ਜਦੋਂ 986-87 ਈ. ਵਿਚ ਜੈਪਾਲ ਨਾਲ ਲੜਿਆ। ਜੈਪਾਲ ਭਾਵੇਂ ਬਿਰਧ ਹੋ ਚੁਕਿਆ ਸੀ ਪਰ ਉਸਦਾ ਹੌਸਲਾ ਉਸੇ ਤਰ੍ਹਾਂ ਕਾਇਮ ਸੀ। ਜੈਪਾਲ ਦਾ ਪੁੱਤਰ ਅਨੰਦਪਾਲ ਵੀ ਇਸੇ ਤਰ੍ਹਾਂ ਯੁੱਧ ਜੰਗਾਂ ਦੇ ਵਿਚ ਉਤਰੀ ਸਰਹੱਦ ਦੀ ਰਾਖੀ ਕਰਦਾ ਰਿਹਾ।

1002 ਤੋਂ 1012 ਤਕ ਜੈਪਾਲ ਦਾ ਪੁਤਰ ਅਨੰਦਪਾਲ ਪੂਰੀ ਤਰ੍ਹਾਂ ਨਾਲ ਪੰਜਾਬ ਦੀ ਰਾਖੀ ਕਰਦਾ ਰਿਹਾ। ਉਸ ਵੇਲੇ ਬਠਿੰਡੇ ਵਿਚ ਇਕ ਮਜ਼ਬੂਤ ਰਾਜਾ ਜਿਸ ਦਾ ਨਾਮ ਬਿਜੀਰਾਏ ਸੀ ਉਹ ਰਾਜ ਕਰਦਾ ਸੀ। ਉਹ ਮਹਿਮੂਦ ਤੋਂ ਹਾਰ ਗਿਆ ਅਤੇ ਉਸ ਨੇ ਆਤਮ ਹੱਤਿਆ ਕਰ ਲਈ। ਇਸ ਵਿਚ ਅਨੰਦਪਾਲ ਦਾ ਕਸੂਰ ਸੀ ਕਿ ਉਸ ਨੇ ਬਿਜੀਰਾਏ ਦੇ ਨਾਲ ਹੋ ਕੇ ਸਾਂਝਾ ਮੁਕਾਬਲਾ ਨਾ ਕੀਤਾ। ਮਹਿਮੂਦ ਦੇ ਨਾਲ ਅਨੰਦਪਾਲ ਪੇਸ਼ਾਵਰ ਵਿਚ ਜਾ ਕੇ ਲੜਿਆ, ਉਹ ਲੜਾਈ ਜਿੱਤ ਹੀ ਰਿਹਾ ਸੀ ਪਰ ਉਸ ਦੇ ਹਾਥੀ ਦੇ ਗੋਲਾ ਲੱਗਿਆ ਅਤੇ ਉਹ ਘੋੜੇ ਉਪਰ ਸਵਾਰ ਹੋ ਗਿਆ। ਫੌਜ ਨੇ ਉਸ ਨੂੰ ਮਰਿਆ ਸਮਝ ਕੇ ਜਿੱਤੀ ਹੋਈ ਲੜਾਈ ਵਿਚੋਂ ਭਜਣਾ ਸ਼ੁਰੂ ਕਰ ਦਿਤਾ। ਇਸ ਲੜਾਈ ਵਿਚ 30,000 ਖੋਖਰ (ਗੱਖੜ) ਅਨੰਦਪਾਲ ਨਾਲ ਰਲੇ ਹੋਏ ਸਨ ਪਰ ਹਾਥੀ ਦੇ ਜ਼ਖਮੀ ਹੋਣ ਕਾਰਨ ਜਿੱਤੀ ਲੜਾਈ ਹਾਰ ਗਏ। ਮਹਿਮੂਦ ਦੇ 5000 ਸਿਪਾਹੀ ਥੋੜ੍ਹੇ ਜਿਹੇ ਸਮੇਂ ਵਿਚ ਹੀ ਮਾਰ ਦਿਤੇ ਗਏ ਸਨ। ਹਾਰੀ ਹੋਈ ਫੌਜ ਵਾਹੋ ਦਾਹ ਜਿਧਰ ਨੂੰ ਮੂੰਹ ਹੋਇਆ ਉਧਰ ਨੂੰ ਭੱਜ ਗਈ। ਇਸ ਤਰ੍ਹਾਂ ਮਹਿਮੂਦ ਨੂੰ ਭਾਰਤ ਉਤੇ ਹਮਲੇ ਕਰਨ ਦਾ ਰਸਤਾ ਖੁਲ੍ਹ ਗਿਆ।

ਮਹਿਮੂਦ ਨੇ ਥਨੇਸਰ ਉਤੇ ਹਮਲਾ ਕੀਤਾ। ਅਨੰਦਪਾਲ ਉਸ ਨੂੰ ਰੋਕਣ ਵਿਚ ਸਫਲ ਨਾ ਹੋਇਆ। ਮਹਿਮੂਦ ਨੂੰ ਮੰਦਰਾਂ

ਵਿਚੋਂ ਬਹੁਤ ਧਨ ਹਾਸਲ ਹੋਇਆ, ਇਕ ਮੰਦਰ ਵਿਚੋਂ ਹੋਰ ਚੀਜ਼ਾਂ ਤੋਂ ਇਲਾਵਾ 70,000 ਮਣ ਸੋਨਾ ਪ੍ਰਾਪਤ ਹੋਇਆ। ਹੀਰੇ ਜਵਾਹਰਾਤਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ। ਇਸ ਲਈ ਉਸ ਨੇ ਮਸ਼ਹੂਰ ਮੰਦਰ ਤੋੜਨੇ ਸ਼ੁਰੂ ਕਰ ਦਿਤੇ। ਅਨੰਦਪਾਲ ਦੀ ਮੌਤ ਪਿਛੋਂ ਤ੍ਰਿਲੋਚਨਪਾਲ ਅਤੇ ਉਸ ਦਾ ਪੋਤਰਾ ਭੀਮਪਾਲ ਭਾਰਤ ਦੀ ਰਾਖੀ ਕਰਨ ਲੱਗੇ। ਮਹਿਮੂਦ ਨੇ 1013 ਵਿਚ ਅਚਾਨਕ ਤ੍ਰਿਲੋਚਨਪਾਲ ਉਪਰ ਹਮਲਾ ਕਰ ਦਿਤਾ ਉਹ ਪੂਰੀ ਤਰ੍ਹਾਂ ਉਸ ਸਮੇਂ ਯੁੱਧ ਲਈ ਤਿਆਰ ਨਹੀਂ ਸੀ। ਇਸ ਲਈ ਉਸ ਦੀ ਹਾਰ ਹੋ ਗਈ। ਕੁਝ ਗਲਤੀਆਂ ਦੇ ਕਾਰਨ ਤ੍ਰਿਲੋਚਨਪਾਲ ਨੂੰ ਆਪਣੀ ਰਾਜਧਾਨੀ ਸਰਹੰਦ ਕਾਇਮ ਕਰਨੀ ਪਈ, ਉਸ ਵੇਲੇ ਹਿੰਦੂ ਰਾਜੇ ਆਪਸ ਵਿਚ ਝਗੜ ਰਹੇ ਸੀ। ਮਹਿਮੂਦ ਨੂੰ ਮੌਕਾ ਮਿਲ ਗਿਆ ਕਿਉਂਕਿ ਤ੍ਰਿਲੋਚਨਪਾਲ ਚਾਂਦ ਰਾਏ ਨਾਲ ਯੁੱਧ ਕਰ ਰਿਹਾ ਸੀ। ਉਹ ਮਾਰੋ ਮਾਰ ਕਰਦਾ ਕਨੌਜ ਤਕ ਚਲਿਆ ਗਿਆ। 1018 ਵਿਚ ਉਸ ਨੇ ਜਮਨਾ ਨੂੰ ਪਾਰ ਕੀਤਾ, ਯੂ.ਪੀ. ਦੇ ਵਰਨ ਸ਼ਹਿਰ ਨੂੰ ਲੁਟਿਆ। ਉਸ ਥਾਂ ਦਾ ਰਾਜਾ ਹਰਦੱਤ 10,000 ਸਾਥੀਆਂ ਸਮੇਤ ਇਸਲਾਮ ਕਬੂਲ ਕਰਕੇ ਬਚਿਆ।

ਉਸ ਸਮੇਂ ਇਕ ਹੋਰ ਰਾਜਾ ਜਿਸ ਦਾ ਨਾਮ ਕੁਲ ਚੰਦ ਸੀ ਉਸ ਨੂੰ ਹਾਰ ਹੋਈ। ਉਸ ਨੇ ਆਪਣੀ ਇਜ਼ਤ ਬਚਾਉਣ ਲਈ ਆਪਣੀ ਰਾਣੀ ਦਾ ਕਤਲ ਕਰ ਲਿਆ ਅਤੇ ਪਿਛੋਂ ਆਪ ਆਤਮ ਹੱਤਿਆ ਕਰ ਲਈ। ਮਹਿਮੂਦ ਨੂੰ ਰਸਤਾ ਖੁਲ੍ਹ ਗਿਆ ਅਤੇ ਉਸ ਨੇ ਮਥੁਰਾ ਵਿਚ ਬਣੇ ਆਲੀਸ਼ਾਨ ਮੰਦਰ ਢਾਹ ਢੇਰੀ ਕਰ ਦਿਤੇ। ਕਨੌਜ ਦਾ ਰਾਜਾ ਲੜੇ ਬਿਨਾਂ ਹੀ ਨੱਠ ਗਿਆ। ਤ੍ਰਿਲੋਚਨਪਾਲ ਦੀ 1021-22 ਵਿਚ ਮੌਤ ਹੋ ਗਈ, ਪੰਜਾਬ ਉਤੇ ਗਜ਼ਨਵੀਆਂ ਦਾ ਅਧਿਕਾਰ ਹੋ ਗਿਆ। ਮਹਿਮੂਦ ਨੇ ਇਕ-ਇਕ ਕਰਕੇ ਭਾਰਤੀ ਰਾਜਿਆਂ ਨੂੰ ਹਾਰ ਦਿਤੀ। ਸੋਮਨਾਥ ਦੇ ਮੰਦਰ ਨੂੰ 1025-26 ਵਿਚ ਲੁੱਟਿਆ। ਇਸ ਸਮੇਂ ਵਿਚ ਪੱਛਮ ਵਲੋਂ ਇਕ ਤੋਂ ਬਾਦ ਦੂਜਾ ਲੁਟੇਰਾ ਭਾਰਤ ਉਤੇ ਹਮਲੇ ਕਰਦਾ ਰਿਹਾ ਅਤੇ ਇਥੇ ਰਾਜਪੂਤ ਤੇ ਹਿੰਦੂ ਰਾਜੇ ਇੰਨੇ ਕਮਜ਼ੋਰ ਹੋ ਗਏ ਸਨ ਕਿ ਬਹੁਤਿਆਂ ਨੇ ਡਰ ਕੇ ਇਸਲਾਮ ਕਬੂਲ ਕਰ ਲਿਆ। ਆਪਣੀਆਂ ਲੜਕੀਆਂ ਦੇ ਡੋਲੇ ਇਨ੍ਹਾਂ ਹਮਲਾਵਰਾਂ ਨੂੰ ਦੇ ਦਿਤੇ।

ਪ੍ਰਿਥਵੀ ਰਾਜ ਤੇ ਜੈਚੰਦ ਦੀ ਫੁੱਟ ਨੇ ਰਹਿੰਦੀ ਖੂੰਹਦੀ ਕਸਰ ਕੱਢ ਦਿਤੀ। ਰਾਜਪੂਤਾਂ ਨੇ ਸਿਰ ਤਲੀ ਤੇ ਰੱਖ ਕੇ ਯੁੱਧ ਕੀਤੇ ਪਰ ਆਪਸ ਵਿਚ ਇਕੱਠੇ ਨਾ ਹੋਣ ਕਰਕੇ ਹਾਰ ਦਾ ਮੂੰਹ ਦੇਖਦੇ ਰਹੇ। ਅਨੇਕਾਂ ਰਾਜੇ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਗਟ ਹੋਣ ਤੋਂ ਪਹਿਲਾਂ ਭਾਰਤ ਵਿਚ ਪੂਰੀ ਤਰ੍ਹਾਂ ਨਾਲ ਇਸਲਾਮ ਦੇ ਰਾਜੇ ਰਾਜ ਕਰ ਰਹੇ ਸਨ। ਉਸ ਵੇਲੇ ਲੋਧੀਆਂ ਦਾ ਰਾਜ ਸੀ। ਭਾਰਤ ਵਰਸ਼ ਵਿਚ ਬਹੁਤ ਮਜ਼ਬੂਤ ਰਾਜੇ ਹੋ ਚੁਕੇ ਹਨ ਜਿਵੇਂ ਬਿਕਰਮਾਜੀਤ ਨੇ ਤਾਤਾਰੀ ਲੋਕਾਂ ਨੂੰ ਭਾਰਤ ਵਿਚੋਂ ਬਾਹਰ ਕੱਢਿਆ। ਇਸੇ ਤਰ੍ਹਾਂ ਨਾਲ ਸੂਾਂਹੰਗ ਬਹੁਤ ਮਜ਼ਬੂਤ ਰਾਜਾ ਸੀ। ਇਸਲਾਮੀ ਰਾਜਿਆਂ ਨੇ ਦੋ ਕੰਮ ਬਹੁਤ ਸਖਤੀ ਨਾਲ ਕੀਤੇ। ਇਕ ਤਾਂ ਇਥੇ ਭਾਰਤ ਵਰਸ਼ ਵਿਚ ਹਿੰਦੂਆਂ ਦੇ ਮੰਦਰ ਤੋੜੇ, ਦੂਸਰਾ ਹਜ਼ਾਰਾਂ ਦੇਸ਼ ਵਾਸੀਆਂ ਨੂੰ ਕਾਫਰ ਕਹਿ ਕੇ ਕਤਲ ਕੀਤਾ। 1283 ਵਿਚ ਕੁਤਬਦੀਨ ਐਬਕ ਨੇ ਮੇਰਠ ਸ਼ਹਿਰ ਜਿਤਿਆ ਤਾਂ ਇਸ ਖੁਸ਼ੀ ਵਿਚ 700 ਮੰਦਰ ਤੋੜ ਕੇ ਮਸਜਿਦਾਂ ਬਣਾਈਆਂ। ਮੇਰਠ ਦਾ ਰਾਜਾ ਬੰਸ ਪਾਲ ਤਾਂ ਸ਼ਹੀਦ ਹੋ ਗਿਆ ਅਤੇ ਉਸਦੇ ਬੰਸ ਦਾ ਤਿੰਨ ਹਜ਼ਾਰ ਬੰਦਾ ਕਤਲ ਕਰਕੇ ਉਸਦੇ ਖ਼ੂਨ ਨਾਲ ਮੂਰਤੀਆਂ ਨੂੰ ਨਲ੍ਹਾਇਆ ਗਿਆ ਅਤੇ ਖ਼ੂਨ ਵਿਚ ਚੂਨਾ ਬਣਾ ਕੇ ਮਸਜਿਦਾਂ ਤਿਆਰ ਕਰਾਈਆਂ। ਕੋਇਲ ਸ਼ਹਿਰ ਦੀ ਰਾਣੀ ਜਗਦੇਈ ਨੇ ਮਰਦਾਨਾ ਭੇਸ ਧਾਰ ਕੇ ਬਹੁਤ ਬਹਾਦਰੀ ਨਾਲ ਯੁੱਧ ਕੀਤਾ। ਉਸ ਦੇ ਰਾਜ ਵਿਚ ਵੀ ਸਾਰੇ ਮੰਦਰ ਤੋੜ ਕੇ 23 ਮਸਜਿਦਾਂ ਤਿਆਰ ਕੀਤੀਆਂ ਗਈਆਂ। ਸ਼ਹਿਰ ਕਲੰਜਰ ਦੇ 113 ਮੰਦਰ ਤੁੜਵਾ ਕੇ ਮਸਜਿਦਾਂ ਬਣਾਈਆਂ ਅਤੇ 33,000 ਹਿੰਦੂ ਉਹ ਕਤਲ ਹੋਇਆ ਜਿਨ੍ਹਾਂ ਨੇ ਕਲਮਾਂ ਪੜ੍ਹਨ ਤੋਂ ਇਨਕਾਰ ਕਰ ਦਿਤਾ। 50 ਹਜ਼ਾਰ ਹਿੰਦੂ ਬੱਚੇ ਬੱਚੀਆਂ ਗੋਲੀਆਂ ਗੋਲੇ ਬਣਾ ਕੇ ਗਜ਼ਨੀ ਵਿਚ ਭੇਜੇ। ਜਿੰਨਾਂ ਇਸ ਜਬਰ ਜ਼ੁਲਮ ਤੋਂ ਡਰ ਕੇ ਇਸਲਾਮ ਮਤ ਧਾਰਨ ਕਰ ਲਿਆ ਉਨ੍ਹਾਂ ਦੀ ਕੋਈ ਗਿਣਤੀ ਨਹੀਂ। ਬਹੁਤ ਰਾਜੇ ਮੁਸਲਮਾਨ ਬਣ ਕੇ ਹਮਲਾਵਰਾਂ ਦਾ ਸਾਥ ਦੇਣ ਲੱਗੇ ਅਤੇ ਆਪਣੀ ਪਰਜਾ ਨੂੰ ਭੀ ਇਸਲਾਮ ਧਾਰਨ ਕਰਨ ਦਾ ਉਪਦੇਸ਼ ਦੇ ਕੇ ਮਸਾਂ ਜਿਉਂਦੇ ਰਹੇ।

ਤਵਾਰੀਖ ਅਲਾਈ ਵਿਚ ਅਮੀਰ ਖੁਸਰੋ ਲਿਖਦਾ ਹੈ ਕਿ ਫਿਰੋਜ਼ਸ਼ਾਹ ਖਿਲਜੀ ਨੇ ਦੱਖਣ ਦੇਸ਼ ਦੇ ਰਾਜਾ ਬੀਰ ਸੈਨ ਦਾ ਮੁਲਕ ਫਤਹਿ ਕਰਕੇ ਤਿੰਨ ਵਾਰੀ ਇਸਲਾਮੀਆਂ ਤੋਂ ਐਸਾ ਲੁਟਵਾਇਆ ਜੋ ਅੰਨ, ਵਸਤ੍ਰ ਕੁਛ ਨਾ ਛੱਡਿਆ, ਤਾਂ ਵੀ ਕਾਫਰਾਂ ਨੇ ਦੀਨ ਇਸਲਾਮ ਨੂੰ ਕਬੂਲ ਨਾ ਕੀਤਾ ਅਤੇ ਕਤਲ ਹੋ ਗਏ। ਉਸ ਵੇਲੇ ਸਾਰੇ ਭਾਰਤੀ ਮਿੱਟੀ ਦੇ ਮਾਧੋ ਨਹੀਂ ਸਨ ਉਨ੍ਹਾਂ ਵਿਚ ਅਣਖ ਸੀ। ਅਲਾਉਦੀਨ ਖਿਲਜੀ ਦਾ ਹਾਲ ਮੀਰ ਅਬਦੁੱਲਾ ਨੇ ਲਿਖਿਆ ਹੈ ਕਿ ਇਹ ਬਾਦਸ਼ਾਹ ਆਪਣੇ ਦੀਨ ਦੀ ਉਨਤੀ ਵਾਸਤੇ ਦੂਸਰਾ ਖਲੀਫਾ ਉਮਰ ਸੀ। ਉਸ ਨੇ ਸ਼ਹਿਰ ਖੰਭਾਤ ਸਮੇਤ ਉਸ ਦੇਸ਼ ਨੂੰ ਦੀਨ ਮਨਾਉਣ ਲਈ ਅਜਿਹੇ ਕਸ਼ਟ ਦਿਤੇ ਜਿਨ੍ਹਾਂ ਕਰਕੇ ਕਈ ਹਜ਼ਾਰ ਕਾਫਰ ਮਾਰੀ ਦਾ ਮਰ ਗਿਆ ਪਰ ਮੋਮਨ ਨਾ ਹੋਇਆ। ਓੜਕ ਲਸ਼ਕਰ ਨੂੰ ਇਸ ਰਾਜ ਦੇ ਸ਼ਹਿਰਾਂ ਨੂੰ ਲੁਟਣ ਦਾ ਹੁਕਮ ਦੇ ਦਿਤਾ, ਉਸ ਦੇਸ਼ ਦਾ ਸੋਨਾ, ਚਾਂਦੀ, ਹੀਰੇ ਮੋਤੀ, ਰੇਸ਼ਮੀ ਕਪੜੇ ਐਨੇ ਲੁੱਟੇ ਕਿ ਇਹ ਫੌਜੀ ਅਮੀਰ ਹੋ ਗਏ। ਇਹ ਬਾਦਸ਼ਾਹ ਦੀ ਨੌਕਰੀ ਛੱਡ ਕੇ ਦੋ ਚਾਰ ਲੜਕੇ ਲੜਕੀਆਂ ਲੈ ਕੇ ਆਪਣੇ ਦੇਸ਼ ਨੂੰ ਚਲੇ ਗਏ।

ਤਵਾਰੀਖ ਅਲਾਈ ਵਿਚ ਲਿਖਿਆ ਹੈ ਕਿ ਅਲਾਉਦੀਨ ਨੇ ਇਕ ਦਿਨ ਕਾਜ਼ੀ ਤੋਂ ਪੁਛਿਆ ਕਿ ਹਿੰਦੂ ਕਾਫਰਾਂ ਵਾਸਤੇ ਸ਼ਰ੍ਹਾ ਕੀ ਫੁਰਮਾਉਂਦੀ ਹੈ? ਤਾਂ ਕਾਜ਼ੀ ਨੇ ਅਰਜ਼ ਕੀਤੀ ਕਿ ਹਿੰਦੂ ਧਰਤੀ ਮਾਫਕ ਹਨ, ਇਨ੍ਹਾਂ ਤੋਂ ਮੋਮਨ ਚਾਂਦੀ ਮੰਗੇ ਤਾਂ ਇਹ ਸੋਨਾ ਕੱਢ ਕੇ ਦੇਣ। ਹਿੰਦੂ ਕਾਫਰ ਕਮਾਦ ਹਨ ਜਿਤਨੇ ਪੀੜੇ ਜਾਣ ਓਤਨਾ ਹੀ ਰਸ ਦਿੰਦੇ ਹਨ। ਜੇ ਮੋਮਨ ਥੁੱਕੇ ਤਾਂ ਹਿੰਦੂ ਖੁਸ਼ੀ ਨਾਲ ਮੂੰਹ ਖੋਲ੍ਹ ਕੇ ਲੈ ਲਵੇ, ਖੁਦਾਵੰਦ ਕਰੀਮ ਨੇ ਹਿੰਦੂ ਮੋਮਨਾਂ ਦੀ ਖਿਦਮਤ ਲਈ ਪੈਦਾ ਕੀਤੇ ਹਨ।

ਅਮੀਰ ਖੁਸਰੋ ਮੁਹੰਮਦ ਤੁਗਲਕ ਬਾਦਸ਼ਾਹ ਦੇ ਬਾਬਤ ਲਿਖਦਾ ਹੈ ਕਿ ਇਸ ਬਾਦਸ਼ਾਹ ਵਰਗਾ ਦਬਦਬਾ ਹੋਰ ਕਿਸੇ ਬਾਦਸ਼ਾਹ ਦਾ ਨਹੀਂ ਹੋਇਆ। ਜਦੋਂ ਉਹ ਚੜ੍ਹਾਈ ਕਰਦਾ ਸੀ ਤਾਂ ਸੌ-ਸੌ ਕੋਹ ਅਗੇ ਭਾਜੜਾਂ ਪੈ ਕੇ ਮੁਲਕ ਉਜਾੜ ਹੋ ਜਾਂਦਾ। ਦੋ ਸੌ ਜਲਾਦ ਇਸ ਨੇ ਰੱਖੇ ਹੋਏ ਸੀ ਅਤੇ ਇਕ ਹਜ਼ਾਰ ਹਿੰਦੂ ਲੋਥ ਇਸ ਦੇ ਦਰਵਾਜ਼ੇ ਅੱਗੇ ਹਰ ਵਕਤ ਪਈ ਰਹਿੰਦੀ ਸੀ। ਸੋ ਇਨ੍ਹਾਂ ਸਾਰੇ ਹਾਲਾਤ ਦਾ ਹਵਾਲਾ ਤਵਾਰੀਖ ਗੁਰੂ ਖਾਲਸਾ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਬਹੁਤ ਵਿਸਥਾਰ ਨਾਲ ਦਿਤਾ ਹੋਇਆ ਹੈ।

ਐਸੇ-ਐਸੇ ਤਸੀਹੇ ਦਿਤੇ ਜਾਂਦੇ ਸਨ ਜੋ ਪੜ੍ਹੇ ਜਾਣੇ ਵੀ ਬਹੁਤ ਔਖੇ ਹਨ, ਇਸ ਹਫੜਾ-ਦਫੜੀ ਵਿਚ ਹਿੰਦੂਆਂ ਦੀ ਬਾਂਹ ਫੜਨ ਵਾਲਾ ਕੋਈ ਨਾ ਰਿਹਾ।

ਗੁਰੂ ਨਾਨਕ ਪਾਤਸ਼ਾਹ ਜੀ ਜਦੋਂ ਸੰਸਾਰ ਵਿਚ ਪ੍ਰਗਟ ਹੋਏ, ਉਸ ਵੇਲੇ ਹਰ ਥਾਂ ਉਤੇ ਜ਼ੁਲਮ ਦਾ ਰਾਜ ਸੀ। ਗੁਰੂ ਨਾਨਕ ਪਾਤਸ਼ਾਹ ਨੇ ਸੱਚ ਦਾ ਢੰਡੋਰਾ ਦਿਤਾ ਅਤੇ ਬੇਹਿਸ ਹੋਈ ਹੋਈ ਪਰਜਾ ਦੀ ਹਾਲਤ ਦੇਖ ਕੇ ਉਚੀ ਅਵਾਜ਼ ਵਿਚ ਢੰਡੋਰਾ ਦੇ ਕੇ ਕਿਹਾ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਪੰਨਾ - 145***

ਰਾਜੇ ਕਸਾਈ ਹੋ ਗਏ, ਮਜ਼੍ਹਬ ਦੇ ਨਾਉਂ ਉਪਰ ਕਤਲੋ ਗਾਰਤ ਕਰਕੇ ਕਦੇ ਵੀ ਅੱਲਾਹ ਤਾਲਾਹ ਪ੍ਰਸੰਨ ਨਹੀਂ ਹੁੰਦਾ। ਉਨ੍ਹਾਂ ਨੇ ਬਾਬਰ ਨੂੰ ਜ਼ਾਬਰ ਕਿਹਾ ਅਤੇ ਭਾਰਤ ਵਰਸ਼ ਵਿਚ ਇਕ ਐਸੀ ਜਾਗਰਤੀ ਪੈਦਾ ਕਰ ਦਿਤੀ ਕਿ ਹਰ ਬੰਦੇ ਦੇ ਅੰਦਰ ਇਹ ਅਹਿਸਾਸ ਜਾਗਿਆ ਕਿ ਹੀਣੇ ਹੋਣ ਨਾਲੋਂ ਸਰੀਰ ਦਾ ਬਲੀਦਾਨ ਦੇ ਦੇਣਾ ਕਿਤੇ ਵਧ ਸੁਖਦਾਈ ਹੈ।

ਗੁਰੂ ਦੂਸਰੇ ਪਾਤਸ਼ਾਹ ਜੀ ਨੇ ਹਮਾਯੂੰ ਨੂੰ ਤਾੜਨਾ ਕੀਤੀ ਕਿ ਤੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਕੇ ਇਥੇ ਆ ਕੇ ਤਲਵਾਰ ਦਾ ਡਰ ਦਿੰਦਾ ਹੈਂ, ਕਿਥੇ ਗਈ ਸੀ ਤੇਰੀ ਬਹਾਦਰੀ ਜਦੋਂ ਤੂੰ ਸ਼ੇਰ ਸ਼ਾਹ ਸੂਰੀ ਤੋਂ ਹਾਰਿਆ?

ਗੁਰੂ ਤੀਜੇ ਤੇ ਚੌਥੇ ਪਾਤਸ਼ਾਹ ਵੇਲੇ ਅਕਬਰ ਦਾ ਨਿਆਏਕਾਰੀ ਰਾਜ ਆਇਆ ਅਤੇ ਪਰਜਾ ਨੂੰ ਕੁਝ ਸੁਖ ਦਾ ਸਾਹ ਮਿਲਿਆ। ਉਹ ਬਹੁਤ ਸ਼ਕਤੀਸ਼ਾਲ ਅਤੇ ਨਿਆਏਕਾਰੀ ਸੀ। ਉਸ ਨੇ ਸਾਰੀਆਂ ਸੰਪਰਦਾਵਾਂ ਦਾ ਆਦਰ ਕੀਤਾ ਅਤੇ ਨਜ਼ਾਇਜ਼ ਲੱਗੇ ਹੋਏ ਟੈਕਸ ਖਤਮ ਕਰ ਦਿਤੇ। ਉਹ ਸਚਮੁੱਚ ਹੀ ਪ੍ਰਜਾ ਪਾਲਕ ਬਾਦਸ਼ਾਹ ਸੀ ਪਰ ਛੇਤੀ ਹੀ ਉਸ ਦੇ ਜਾਣ ਪਿਛੋਂ ਜਹਾਂਗੀਰ ਤਖਤ ਤੇ ਬੈਠਾ। ਉਸ ਨੂੰ ਇਨਸਾਫ ਪਰਵਰ ਬਾਦਸ਼ਾਹ ਕਹਿੰਦੇ ਸੀ ਪਰ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਨੂੰ ਤਕਦਿਆਂ ਹੋਇਆਂ ਇਹ ਪਦਵੀ ਸ਼ੋਭਾ ਨਹੀਂ ਦਿੰਦੀ।

ਗੁਰੂ ਪੰਜਵੇਂ ਪਾਤਸ਼ਾਹ ਨੇ ਆਪਣਾ ਬਲੀਦਾਨ ਦੇ ਕੇ ਸਾਰੇ ਭਾਰਤ ਵਰਸ਼ ਦੇ ਵਾਸੀਆਂ ਵਿਚ ਜੀਵਨ ਦੀ ਨਵੀਂ ਰੌਂ ਪੈਦਾ ਕਰ ਦਿਤੀ। ਬੇਇਨਸਾਫੀ ਦੇ ਅੱਗੇ ਝੁਕਣ ਨਾਲੋਂ ਸ਼ਹੀਦੀ ਦੇਣੀ ਠੀਕ ਹੋਇਆ ਕਰਦੀ ਹੈ।

ਗੁਰੂ ਛੇਵੇਂ ਪਾਤਸ਼ਾਹ ਜੀ ਨੇ ਭਾਰਤੀ ਅਣਖ ਨੂੰ ਵੰਗਾਰਿਆ ਅਤੇ ਬਾਦਸ਼ਾਹ ਫੌਜਾਂ ਨਾਲ ਚਾਰ ਭਿਆਨਕ ਯੁੱਧ ਕਰਕੇ ਜਿੱਤ ਪ੍ਰਾਪਤ ਕੀਤੀ। ਕਈ ਲੇਖਕ ਇਸ ਗੱਲ ਉਪਰ ਕਿੰਤੂ ਕਰਦੇ ਹਨ ਕਿ ਗੁਰੂ ਨਾਨਕ ਕੇਵਲ ਰੂਹਾਨੀ ਆਗੂ ਸਨ, ਉਹ ਯੁੱਧ ਨਹੀਂ ਕਰਿਆ ਕਰਦੇ ਸੀ। ਪਰ ਗੁਰੂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਯੁੱਧ ਕੀਤੇ। ਇਸ ਵਿਚ ਕੋਈ ਐਸੀ ਗੱਲ ਨਹੀਂ ਜਿਸ ਉਤੇ ਟੀਕਾ ਟਿਪਣੀ ਕੀਤੀ ਜਾਵੇ ਜੇ ਕੋਈ ਪਰਿਵਾਰ ਅਮਨ ਅਮਾਨ ਨਾਲ ਵਸ ਰਿਹਾ ਹੈ ਉਹ ਆਪਣਾ ਯਥਾਸ਼ਕਤ ਦਾਨ ਪੁੰਨ ਵੀ ਕਰ ਰਿਹਾ ਹੈ। ਪਰ ਜੇ ਕੋਈ ਡਾਕੂ ਉਸ ਦੇ ਘਰ ਵਿਚ ਵੜ ਕੇ ਔਰਤਾਂ ਦੀ ਬੇਹੁਰਮਤੀ ਕਰੇ ਅਤੇ ਲੁਟੇ ਤਾਂ ਉਸ ਅੱਗੇ ਖਾਮੋਸ਼ ਹੋ ਕੇ ਰਹਿਣਾ ਕਿਵੇਂ ਜਾਇਜ਼ ਹੈ। ਇਹ ਇਕ ਨਿਪੁੰਸਕ ਕਾਇਰਤਾ ਹੋਇਆ ਕਰਦੀ ਹੈ। ਕ੍ਰਿਸ਼ਨ ਮਹਾਰਾਜ ਜੀ ਨੇ ਗੀਤਾ ਵਿਚ ਅਰਜਨ ਨੂੰ ਉਪਦੇਸ਼ ਦਿੰਦਿਆਂ ਇਸ ਗੱਲ ਦਾ ਪੂਰੀ ਤਰ੍ਹਾਂ ਨਿਰਣਾ ਕੀਤਾ ਕਿ ਖਤਰੀ ਦਾ ਧਰਮ ਅਨਿਆਈਆਂ ਤੋਂ ਧਰਮ ਦੀ ਰਾਖੀ ਕਰਨਾ ਹੋਇਆ ਕਰਦਾ ਹੈ। ਅਧਿਆਤਮਵਾਦ ਦੇਹ ਹੰਗਤਾ ਨੂੰ ਤੋੜਦਾ ਹੈ ਅਤੇ ਆਤਮ ਸਾਖਸ਼ਾਤਕਾਰ ਕਰਾਉਂਦਾ ਹੈ, ਉਸ ਦੇ ਸਾਰੇ ਕਾਰਜ ਹੁਕਮ ਵਿਚ ਹੁੰਦੇ ਹਨ। ਹੁਕਮ ਦੇ ਅਧੀਨ ਹੋ ਕੇ ਉਸ ਦਾ ਯੁੱਧ ਵਿਚ ਵੀਰਤਾ ਦਿਖਾਉਣਾ ਹੁਕਮ ਦੀ ਹੀ ਕ੍ਰਿਆ ਹੋਇਆ ਕਰਦੀ ਹੈ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਭਾਵੇਂ ਚਾਰ ਵਾਰੀ ਫੌਜਾਂ ਨੂੰ ਹਾਰ ਦਿਤੀ ਪਰ ਇਕ ਇੰਚ ਥਾਂ ਉਪਰ ਵੀ ਕਬਜ਼ਾ ਨਾ ਕੀਤਾ। ਜਿਨ੍ਹਾਂ ਹਮਲਾਵਰ ਫੌਜਾਂ ਦੇ ਸਿਪਾਹੀ ਜ਼ਖਮੀ ਹੋ ਜਾਇਆ ਕਰਦੇ ਸਨ ਉਨ੍ਹਾਂ ਸਾਰਿਆਂ ਨੂੰ ਪੂਰੀ ਤਰ੍ਹਾਂ ਨਾਲ ਰਾਜ਼ੀ ਕਰਕੇ ਬਾਦਸ਼ਾਹ ਦੇ ਪਾਸ ਕਿਸੇ ਜ਼ਿੰਮੇਵਾਰ ਦੀ ਕਮਾਂਡ ਵਿਚ ਭੇਜ ਦਿਆ ਕਰਦੇ ਸੀ। ਗੁਰੂ ਮਹਾਰਾਜ ਸੱਚ ਦਾ ਜੀਵਨ ਜੀਉਣ ਦੀ ਜਾਚ ਦਸ ਰਹੇ ਸਨ। ਜਿਸ ਵਿਚ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***
***ਪੰਨਾ - 1427***

ਦਾ ਉਚਾ ਇਨਸਾਨੀ ਫਰਜ਼ ਪੂਰਾ ਕੀਤਾ ਜਾਂਦਾ ਸੀ। ਗੁਰੂ ਸਤਵੇਂ ਪਾਤਸ਼ਾਹ ਔਰੰਗਜ਼ੇਬ ਦੇ ਬੁਲਾਉਣ ਉਪਰੰਤ ਵੀ ਦਿੱਲੀ ਨਹੀਂ ਆਏ ਅਤੇ ਨਾ ਹੀ ਕਿਸੇ ਕਿਸਮ ਦਾ ਭੈ ਖਾਧਾ। ਇਕ ਗੱਲ ਮੈਂ ਇਥੇ ਦਸ ਦੇਣੀ ਚਾਹੁੰਦਾ ਹਾਂ ਕਿ ਅਧਿਆਤਮਵਾਦ ਨਿਪੁੰਸਕਾਂ ਦਾ ਇਕੱਠ ਨਹੀਂ ਹੁੰਦਾ, ਉਨ੍ਹਾਂ ਵਿਚ ਦੋਨੋਂ ਕਿਸਮ ਦੀ ਸ਼ਕਤੀ ਹੁੰਦੀ ਹੈ, ਜ਼ਾਬਰ ਦਾ ਮੁਕਾਬਲਾ ਕਰ ਸਕਦੇ ਹਨ ਅਤੇ ਰੂਹਾਨੀ ਸ਼ਕਤੀ ਦਾ ਪ੍ਰਭਾਵ ਆਪ ਹੁਦਰੇ ਬੰਦਿਆਂ ਉਤੇ ਪਾ ਕੇ ਉਨ੍ਹਾਂ ਨੂੰ ਸਿੱਧੇ ਰਸਤੇ ਪਾ ਸਕਦੇ ਹਨ। ਗੁਰੂ ਮਹਾਰਾਜ ਜੀ ਦੇ ਸਿੱਖ ਬੇਅੰਤ ਸ਼ਕਤੀਆਂ ਦੇ ਭੰਡਾਰ ਸਨ, ਸਭ ਕੁਝ ਹੁੰਦੇ ਹੋਏ ਉਹ ਨਾਟਕ ਚੇਟਕ ਤੋਂ ਦੂਰ ਹੀ ਰਹਿੰਦੇ ਸਨ ਪਰ ਪਰਉਪਕਾਰ ਵਸ ਉਹ ਸਭ ਕੁਝ ਕਰ ਸਕਦੇ ਹਨ। ਨਾ ਉਨ੍ਹਾਂ ਨੂੰ ਕੋਈ ਚੜ੍ਹਿਆ ਹੋਇਆ ਦਰਿਆ ਰੋਕ ਸਕਦਾ ਸੀ, ਨਾ ਕੋਈ ਵੈਰੀ ਉਨ੍ਹਾਂ ਨੂੰ ਮਾਰ ਸਕਦਾ ਸੀ। ਭਾਈ ਮਤੀ ਦਾਸ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਜਦੋਂ ਆਖਿਆ ਕਿ ਹੁਕਮ ਦੇਵੋ ਕਿ ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦੇਵਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇਹ ਸ਼ਕਤੀ ਗੁਰਸਿਖਾਂ ਵਿਚ ਆਮ ਹੀ ਆ ਜਾਇਆ ਕਰਦੀ ਹੈ, ਤੇਰੇ ਵਾਸਤੇ ਕੋਈ ਔਖੀ ਗੱਲ ਨਹੀਂ ਤੂੰ ਇਸ ਤਰ੍ਹਾਂ ਕਰ ਸਕਦਾ ਹੈਂ ਪਰ ਆਪਾਂ ਇਹ ਰੂਹਾਨੀ ਸ਼ਕਤੀਆਂ ਵਰਤਣੀਆਂ ਨਹੀਂ ਹਨ। ਸਭ ਤੋਂ ਵੱਡੀ ਸ਼ਕਤੀ ਇਹ ਹੋਇਆ ਕਰਦੀ ਹੈ ਕਿ ਅੰਦਰ ਆਤਮ ਸ਼ਾਖਸ਼ਾਤਕਾਰ ਹੋ ਜਾਵੇ ਅਤੇ ਨਾਮ ਦੇ ਮੰਡਲ ਵਿਚ ਨਿਵਾਸ ਕਰਕੇ ਪ੍ਰਭੂ ਦੇ ਦੇਸ਼ ਵਿਚ ਵਾਸਾ ਪਾ ਲਈਏ। ਨਿਰਵਾਣ ਪਦ ਦੀ ਪ੍ਰਾਪਤੀ ਹੋ ਜਾਣੀ ਵੱਡੀ ਕਰਾਮਾਤ ਹੈ। ਗੁਰਬਾਣੀ ਵਿਚ ਆਉਂਦਾ ਹੈ -

***ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ***
***ਧਿਗੁ ਸਿਧੀ ਧਿਗੁ ਕਰਮਾਤਿ॥***
***ਸਾ ਸਿਧਿ ਸਾ ਕਰਮਾਤਿ ਹੈ***
***ਅਚਿੰਤੁ ਕਰੇ ਜਿਸੁ ਦਾਤਿ॥***
***ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ***
***ਏਹਾ ਸਿਧਿ ਏਹਾ ਕਰਮਾਤਿ॥*** ***ਪੰਨਾ - 650***

ਆਪ ਕਹਿਣ ਲੱਗੇ, "ਮਤੀਦਾਸ ਇਹ ਰਿਧੀਆਂ ਸਿੱਧੀਆਂ ਮਾਇਆ ਮੰਡਲ ਦੀਆਂ ਚੀਜ਼ਾਂ ਹਨ। ਆਤਮਾ ਅਮਰ ਹੈ ਇਹ ਨਾ ਕਦੀ ਕੱਟ ਹੁੰਦੀ ਹੈ, ਨਾ ਜਾਲੀ ਜਾਲ ਹੁੰਦੀ ਹੈ, ਨਾ ਸੂਰਜ ਇਸ ਨੂੰ ਸੁਕਾ ਸਕਦਾ ਹੈ, ਨਾ ਸਮੁੰਦਰ ਡਬੋ ਸਕਦਾ ਹੈ ਇਹ ਪ੍ਰਮ ਜੋਤੀ ਹੈ। ਸਰੀਰ ਨਾਸ਼ਵਾਨ ਹੈ ਅੱਜ ਤਕ ਕਿਸੇ ਦਾ ਵੀ ਸਰੀਰ ਨਹੀਂ ਰਿਹਾ ਆਪਾਂ ਪਰਜਾ ਦੇ ਦੁਖ ਦੂਰ ਕਰਨ ਵਾਸਤੇ ਅਤੇ ਸਾਸ਼ਕਾਂ ਨੂੰ ਸੁਮੱਤ ਦੇਣ ਵਾਸਤੇ ਆਪਣਾ ਬਲੀਦਾਨ ਹਸ-ਹਸ ਕੇ ਦੇਣਾ ਹੈ। ਪਰਜਾ ਵਿਚ ਪਿਆ ਹੋਇਆ ਡਰ ਅਤੇ ਬੇਦਿਲੀ ਮਹਾਂਪੁਰਸ਼ਾਂ ਦੀ ਦਿਤੀ ਹੋਈ ਸ਼ਹੀਦੀ ਤੋਂ ਬਿਨਾਂ ਨਹੀਂ ਨਿਕਲਿਆ ਕਰਦੀ। ਸੋ ਸਭ ਤੋਂ ਵੱਡੀ ਕਰਾਮਾਤ ਇਹ ਹੈ ਕਿ ਤੂੰ ਸਾਬਤ ਚਿਤ ਰਹਿੰਦਾ ਹੋਇਆ ਦੇਹ ਹੰਗਤਾ ਨੂੰ ਛੱਡ ਕੇ ਆਰੇ ਨਾਲ ਦੋ ਫਾੜ ਹੋ ਰਿਹਾ ਭੀ ਪ੍ਰਭੂ ਨਾਲ ਲਿਵ ਲਾ ਕੇ ਹੀ ਰੱਖੇਂ।" ਗੁਰਸਿਖਾਂ ਵਿਚ ਅਨੇਕਾਂ ਸ਼ਕਤੀਆਂ ਸਨ ਪਰ ਉਨ੍ਹਾਂ ਨੇ ਇਕ ਮਾਰਗ ਦਰਸ਼ਨ ਕਰਨਾ ਸੀ ਜਿਸ ਕਰਕੇ ਯੁਧਾਂ ਵਿਚ ਹਿੱਸਾ ਲੈਣਾ ਅਤੇ ਸ਼ਹੀਦੀਆਂ ਪ੍ਰਾਪਤ ਕਰਨੀਆਂ, ਅਗੰਮੀ ਹੁਕਮ ਦੀ ਇਸ ਸੰਸਾਰ ਮੰਚ ਉਤੇ ਇਕ ਖੇਡ ਸੀ। ਇਨ੍ਹਾਂ ਸਾਰੇ ਹਾਲਾਤ ਨੂੰ ਤਕਦਿਆਂ ਹੋਇਆਂ ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਕ ਬਹੁਤ ਵੱਡੀ ਕਰਾਮਾਤ ਕੀਤੀ ਜਿਸ ਨੂੰ ਸਮਝਣਾ ਬਹੁਤ ਹੀ ਔਖਾ ਹੈ। ਪਿਛਲੇ ਸਾਲ ਦੀ ਵਿਸਾਖੀ ਸਮੇਂ '**ਪੂਰੀ ਹੋਈ ਕਰਾਮਾਤ**' ਦੇ ਨਾਮ ਹੇਠਾਂ ਇਸ ਵਿਸ਼ੇ ਉਪਰ ਬਹੁਤ ਹੀ ਵਿਚਾਰ ਕੀਤੀ ਗਈ ਸੀ। ਭਾਰਤ ਵਿਚ ਕਰਮਕਾਂਡਾਂ ਦਾ ਹਨ੍ਹੇਰਾ ਜਾਤ ਵਰਨਾਂ ਦੀ ਅਗਿਆਨਤਾ, ਘੁੰਮ ਘੇਰ, ਧੁੰਦ ਦਾ ਰੂਪ ਧਾਰਨ ਕਰ ਗਈ ਸੀ। ਜਿਸ ਕਾਰਨ ਪਿਛਲੇ ਛੇ ਸੱਤ ਸੌ ਸਾਲਾਂ ਤੋਂ ਅਜਿਹੇ ਤਸੀਹੇ ਇਸ ਦੇਸ ਵਾਸੀਆਂ ਨੂੰ ਝਲਣੇ ਪਏ ਅਤੇ ਅਜਿਹੇ ਜ਼ਾਲਮ ਬਾਦਸ਼ਾਹਾਂ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ, ਉਹ ਗੱਲਾਂ ਨਾ ਤਾਂ ਲਿਖੀਆਂ ਜਾ ਸਕਦੀਆਂ ਹਨ ਅਤੇ ਨਾ ਹੀ ਲਿਖ ਕੇ ਪਾਠਕਾਂ ਦਾ ਮਨ ਖਰਾਬ ਕਰਨ ਦਾ ਸਾਡਾ ਕੋਈ ਇਰਾਦਾ ਹੈ। ਜਿਥੋਂ ਤਕ ਇਸਲਾਮ ਦਾ ਮਤ ਹੈ ਇਸਲਾਮ ਵਿਚ ਬਹੁਤ ਵੱਡੇ-ਵੱਡੇ ਨੇਕ ਬੰਦੇ ਪਰਉਪਕਾਰੀ ਵੀ ਹੋਏ ਹਨ। ਪਰ ਧਰਮ ਦੇ ਨਾਮ ਉਪਰ ਘੋਰ ਪਾਪ ਕਰਨ ਵਾਲੇ ਰਾਜੇ ਜੋ ਇਸ ਪਾਪ ਨੂੰ ਪੁੰਨ (ਸਵਾਬ) ਕਹਿੰਦੇ ਸਨ ਉਨ੍ਹਾਂ ਖੂਨ ਖੁਆਰ ਜ਼ਾਲਮ ਰਾਜਿਆਂ ਦੀ ਨਖੇਧੀ ਕਰਨੀ ਕੋਈ ਬੁਰੀ ਗੱਲ ਨਹੀਂ ਹੈ। ਉਹ ਦੋਸ਼ ਅਸਾਡਾ ਆਪਣਾ ਹੀ ਸੀ।

ਸਮਰਾਟ ਹਰਸ਼ ਵਰਧਨ ਪਿਛੋਂ ਦੇਸ਼ ਦਾ ਛੋਟੇ-ਛੋਟੇ ਟੁਕੜਿਆਂ ਵਿਚ ਵੰਡੇ ਜਾਣਾ, ਜਾਤ ਪਾਤ ਦੇ ਸੰਗਲ ਹੋਰ ਮਜ਼ਬੂਤ ਹੋ ਜਾਣੇ, ਆਮ ਜਨਤਾ ਦਾ ਪ੍ਰੋਹਤਾਂ ਤੇ ਜੋਤਸ਼ੀਆਂ ਦੇ ਵਸ ਵਿਚ ਪੈ ਜਾਣਾ, ਸਤੀ ਅਤੇ ਸ਼ੂਦਰਾਂ ਦਾ ਤ੍ਰਿਸਕਾਰ ਇਹ ਸਭ ਕਾਰਨ ਹਨ ਜਿਸ ਕਰਕੇ ਸਾਢੇ ਛੇ ਸੌ ਸਾਲ ਤੋਂ ਵੱਧ ਸਮਾਂ ਉਨ੍ਹਾਂ ਕਸ਼ਟਾਂ ਦਾ ਸਾਡੇ ਬਜ਼ੁਰਗਾਂ ਨੂੰ ਝਲਣਾ ਪਿਆ ਜਿਨ੍ਹਾਂ ਨੇ ਇਸ ਸਮੇਂ ਵਿਚ ਆਪਣਾ ਜੀਵਨ ਗੁਜ਼ਾਰਿਆ। ਅੱਜ ਦੇ ਸਮੇਂ ਨਾਲ ਜਦੋਂ ਅਸੀਂ ਦੇਖਦੇ ਹਾਂ ਤਾਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ ਹੁੰਦੀ ਸੁਣੀ ਜਾਂਦੀ ਹੈ, ਮਨੁੱਖ ਚੰਗੀ ਤਰ੍ਹਾਂ ਜੀਉਣ ਲਈ ਆਪਣਾ ਅਧਿਕਾਰ ਚਾਹੁੰਦਾ ਹੈ। ਅਗਾਹਾਂ ਵਧੂ ਰਾਜ ਉਨ੍ਹਾਂ ਨੂੰ ਇਸ ਅਧਿਕਾਰ ਤੋਂ ਵੰਚਿਤ ਨਹੀਂ ਕਰਦੇ ਪਰ ਉਸ ਸਮੇਂ ਜਦੋਂ ਖੂਨ ਦੀ ਨਦੀ ਵਗਾ ਕੇ ਪੁੰਨ ਸਮਝਿਆ ਜਾਂਦਾ ਸੀ ਤਾਂ ਮਨੁੱਖੀ ਅਧਿਕਾਰਾਂ ਦੀ ਗੱਲ ਕਿਵੇਂ ਹੋ ਸਕਦੀ ਸੀ। ਇਹ ਗੱਲ ਤਾਂ ਕੋਈ ਸੋਚ ਹੀ ਨਹੀਂ ਸਕਦਾ ਸੀ ਪਰਤੰਤਰ ਗੁਲਾਮਾਂ ਵਰਗਾ ਜੀਵਨ ਭਾਰਤ ਦੀ ਗੈਰ ਮੁਸਲਮ ਵਸੋਂ ਜਿਉਂਦੀ ਸੀ। ਗੁਰੂ ਨਾਨਕ ਜੀ ਦੀ ਪਰਮ ਪਾਵਨ ਜੋਤਿ ਦਸ ਸਰੀਰਾਂ ਵਿਚ ਹੋ ਕੇ ਵਰਤੀ ਉਸ ਨੇ ਪਹਿਲਾ ਕੰਮ ਇਹ ਕੀਤਾ ਕਿ ਚਾਰੇ ਵਰਣ ਬ੍ਰਾਹਮਣ, ਖਤਰੀ, ਵੈਸ਼, ਸ਼ੂਦਰ ਦਾ ਭੇਦ ਮਿਟਾ ਕੇ ਜਾਤ ਪਾਤ ਦੀ ਕੰਧ ਤੋੜ ਦਿਤੀ ਜੋ ਹਉਮੈ ਦੇ ਬਜਰ ਕਪਾਟਾਂ ਦੇ ਅਧਾਰ ਤੇ ਖੜੋਤੀ ਸੀ। ਮਨੁੱਖ ਦੀ ਜਾਤ ਇਕ ਜਣਾਇਆ ਅਤੇ ਦਸਿਆ ਕਿ ਇਕੋ ਆਤਮਾ, ਜਿਸ ਦਾ ਕੋਈ ਮਜ਼ਹਬ ਨਹੀਂ ਹੈ ਉਹ ਸਾਰਿਆਂ ਵਿਚ ਇਕ ਰਸ ਚੇਤਨਾ ਪ੍ਰਦਾਨ ਕਰਕੇ ਸਰੀਰ ਨੂੰ ਬੁੱਧੀ ਬਲ ਰਾਹੀਂ ਹਰਕਤ ਦੇ ਰਹੀ ਹੈ। ਖਾਕ, ਵਾਦ, ਆਤਸ਼, ਮਿਟੀ ਤੇ ਅਕਾਸ਼ ਦੇ ਰਲਾਉ ਤੋਂ ਸਭ ਦਾ ਸਰੀਰ ਬਣਿਆ ਹੋਇਆ ਪੱਚੀ ਪ੍ਰਕ੍ਰਿਤੀਆਂ ਤੋਂ ਸਾਰਿਆਂ ਸਰੀਰਾਂ ਦੇ ਗਿਆਨ ਇੰਦ੍ਰੇ ਬਣੇ ਹੋਏ ਹਨ। ਸਾਰਿਆਂ ਦੇ ਸਰੀਰ ਅੰਨ-ਪਾਣੀ ਦੇ ਆਸਰੇ ਚਲਦੇ ਹਨ, ਨਾ ਹੀ ਅੰਨ ਦੀ ਕੋਈ ਜਾਤ ਹੈ ਨਾ ਹੀ ਪਾਣੀ ਦੀ ਕੋਈ ਜਾਤ ਹੈ ਸਭ ਨੂੰ ਇਕੋ ਜਿਹੀ ਭੁੱਖ ਲਗਦੀ ਹੈ ਸਭ ਨੂੰ ਇਕੋ ਪ੍ਰਮੇਸ਼ਰ ਉਪਰ ਭਰੋਸਾ ਹੈ, ਕੋਈ ਉਸ ਨੂੰ ਰਾਮ ਕਹਿੰਦਾ ਹੈ, ਕੋਈ ਰਹੀਮ ਕਹਿੰਦਾ ਹੈ, ਚਾਰੇ ਵਰਣ ਮਨੁੱਖ ਦੀ ਅਗਿਆਨਤਾ ਦਾ ਪ੍ਰਤੀਕ ਹੈ, ਸਤਿ ਇਹ ਹੈ ਕਿ ਸੰਸਾਰ ਵਿਚ ਕੋਈ ਆਦਮ ਦੀ ਜਾਤਿ ਇਕੋ ਹੈ ਸੰਪਰਦਾਵਾਂ ਅਨੇਕ ਹਨ। ਦੇਹੁਰੇ ਅਤੇ ਮਸੀਤ ਦਾ ਕੀ ਝਗੜਾ। ਆਪ ਨੇ ਆਪਣੇ ਅਨਿਆਈਆਂ ਜਾਤ ਪਾਤ ਦਾ ਪੂਰਨ ਰੂਪ ਵਿਚ ਭੇਦ ਮਿਟਾ ਕੇ ਇਕ ਵਾਟੇ ਵਿਚ ਅੰਮ੍ਰਿਤ ਛਕਾ ਕੇ ਭਾਈ ਭਾਈ ਬਣਾ ਦਿਤੇ। ਜਿਸ ਤੋਂ ਇਕ ਜਿਉਂਦੀ ਜਾਗਦੀ ਇਨਸਾਨੀ ਭਾਵਨਾ ਦੀ ਹੋਂਦ ਵਜੂਦ ਵਿਚ ਆਈ। ਸਮੁੱਚੀ ਮਨੁਖਤਾ ਪਿਆਰ ਦੇ ਬੰਧਨ ਵਿਚ ਪਰੋਤੀ ਗਈ ਸਭਨਾਂ ਸੁੱਖ ਸਾਂਝੇ ਹੋ ਗਏ, ਦੁਖ ਸਾਂਝੇ ਹੋ ਗਏ, ਸੁਤੰਤਰਤਾ ਨਾਲ ਜਿਉਣ ਦੀ ਭਾਵਨਾ ਹਿਰਦਿਆਂ ਵਿਚ ਜਾਗ ਪਈ। ਇਕ ਜਾਗਰਤਾ ਭਰੀ ਉਲਾਂਘ ਪੁੱਟੀ ਜਿਸ ਨੇ ਆਪਣੇ ਬਲੀਦਾਨ ਦੇ ਦੇ ਕੇ ਕੱਟੜਤਾ ਅਤੇ ਗੁਲਾਮੀ ਦੇ ਸੰਗਲ ਤੋੜ ਦਿਤੇ। ਅਜਿਹੇ ਹਾਲਾਤ ਪੈਦਾ ਕਰਨ ਵਾਸਤੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਭਾਰਤ ਵਰਸ਼ ਦੀ ਗੁਆਚੀ ਹੋਈ ਸਭਿਅਤਾ ਮੁੜ ਸੁਰਜੀਤ ਕੀਤੀ, ਚਾਰ ਹਿੱਸੇ ਵਿਚ ਕੱਟਿਆ ਵੱਢਿਆਂ ਮਨੁੱਖ ਆਪ ਨੇ ਜੋੜ ਕੇ ਇਕ ਮੁਕੰਮਲ ਹਸਤੀ ਨੂੰ ਜਨਮ ਦਿਤਾ। ਸ਼ੂਦਰ ਅਤੇ ਬ੍ਰਾਹਮਣ ਦਾ ਫਰਕ ਮੇਟ ਦਿਤਾ ਕਿਉਂਕਿ ਸਾਰੇ ਟੁਕੜਿਆਂ ਨੂੰ ਜੋੜ ਕੇ ਇਕ ਪੂਰਨ ਮਨੁੱਖ ਦੀ ਹੋਂਦ ਕਾਇਮ ਕੀਤੀ। ਜੋ ਸੇਵਾ ਕਰਨ ਵਾਲੇ ਸ਼ੂਦਰ ਸੀ, ਦੇਸ਼ ਦੀ ਉਪਜ ਵਧਾਉਣ ਲਈ ਵੈਸ਼ ਸੀ ਅਤੇ ਸ਼ਸ਼ਤਰਧਾਰੀ ਹੋ ਕੇ ਦੇਸ਼ ਦੀ ਰਾਖੀ ਲਈ ਸਦਾ ਤਤਪਰ ਰਹਿਣ ਵਾਲੇ ਸ਼ਸ਼ਤਰਧਾਰੀ ਖਤਰੀ ਸੀ ਅਤੇ ਰੂਹਾਨੀ ਵਿਦਿਆ ਦਾ ਪ੍ਰਚਾਰ ਕਰਨ ਵਾਲਾ ਪੰਡਤ ਸੀ। ਇਸੇ ਮਨੁੱਖ ਨੂੰ ਗੁਰੂ ਮਹਾਰਾਜ ਜੀ ਨੇ ਨਾਮ ਦੀ ਸੋਝੀ ਦੇ ਕੇ ਜੋਗੀਸ਼ਰ ਬਣਾਇਆ, ਮੁਨੀਸ਼ਰ ਰਿਸ਼ੀ ਬਣਾਇਆ ਅਤੇ ਬ੍ਰਹਮ ਗਿਆਨ ਦਾ ਉਪਦੇਸ਼ ਦੇ ਕੇ ਸਤਿ ਦੀ ਪਛਾਣ ਕਰਾਈ। ਇਥੋਂ ਤਕ ਉਚਾ ਲੈ ਕੇ ਇਸ ਮੁਕੰਮਲ ਆਦਰਸ਼ ਨੂੰ ਇਹ ਕਹਿ ਕੇ ਸਤਿਕਾਰਿਆ ਕਿ ਇਹ ਮੇਰਾ ਹੀ ਰੂਪ ਹੈ ਜਿਸ ਤਰ੍ਹਾਂ ਕਿ ਸਰਬ ਲੋਹ ਗ੍ਰੰਥ ਵਿਚ ਫੁਰਮਾਨ ਹੈ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥*
*ਖ਼ਾਲਸਾ ਮੇਰੋ ਇਸ਼੍ਟ ਸੁਹਿਰਦ॥*

*ਖ਼ਾਲਸਾ ਮੇਰੋ ਕਹੀਅਤ ਬਿਰਦ॥*
*ਖ਼ਾਲਸਾ ਮੇਰੋ ਪਛ ਅਰ ਪਾਤਾ॥*
*ਖ਼ਾਲਸਾ ਮੇਰੋ ਸੁਖ ਅਹਿਲਾਦਾ॥*
*ਖ਼ਾਲਸਾ ਮੇਰੋ ਮਿੱਤਰ ਸਖਾਈ॥*
*ਖ਼ਾਲਸਾ ਮਾਤ ਪਿਤਾ ਸੁਖਦਾਈ॥*
*ਖ਼ਾਲਸਾ ਮੇਰੀ ਸੋਭਾ ਸੀਲਾ॥*
*ਖ਼ਾਲਸਾ ਬੰਧ ਸਖਾ ਸਦ ਡੀਲਾ॥ ਸਰਬ ਲੋਹ ਗ੍ਰੰਥ 'ਚੋਂ*

ਅੱਜ ਅਸੀਂ ਵਿਸਾਖੀ ਦੀ ਯਾਦ ਵਿਚ ਇਕੱਠੇ ਹੋ ਕੇ ਵਿਚਾਰਾਂ ਕਰ ਰਹੇ ਹਾਂ। ਅੱਜ ਸਾਰੀ ਮਾਨਵਤਾ ਨੂੰ ਇਸ ਗੱਲ ਉਪਰ ਮਾਣ ਕਰਨਾ ਚਾਹੀਦਾ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ (ਗੁਰੂ ਗੋਬਿੰਦ ਸਿੰਘ ਜੀ) ਨੇ ਮਨੁੱਖਤਾ ਨੂੰ ਉਸ ਦੇ ਹੱਕ ਦਵਾਏ ਅਤੇ ਆਤਮਕ ਤੌਰ ਉਪਰ ਐਨਾ ਉਚਾ ਕਰ ਦਿਤਾ ਜਿਸ ਦੀ ਮਹਿਮਾ ਨੂੰ ਕੋਈ ਜਾਣ ਨਹੀਂ ਸਕਦਾ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਹ ਰਾਜਾ ਹੈ ਜਿਸਦੇ ਹਿਰਦੇ ਵਿਚ ਵਾਹਿਗੁਰੂ ਜੀ ਦੀ ਸਿਫਤ ਸਲਾਹ ਦੇ ਫੁਹਾਰੇ ਚਲ ਰਹੇ ਹਨ, ਜਿਸਦੇ ਅੰਦਰ ਅਨਹਦ ਨਾਦ ਗੂੰਜ ਰਿਹਾ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਇਕਾਈ ਵਿਚ ਦੇਖ ਲਿਆ ਹੈ ਜਿਸ ਨੇ ਪਛਾਣ ਲਿਆ ਹੈ ਕਿ ਇਥੇ ਤਾਂ ਵਾਹਿਗੁਰੂ ਜੀ ਹੀ ਆਪਣੀ ਖੇਲ੍ਹ ਕਰ ਰਹੇ ਹਨ। ਇਹ ਸਾਰੀ ਸ੍ਰਿਸ਼ਟੀ ਮੇਰੀ ਹੈ ਅਤੇ ਸਾਰੀ ਸ੍ਰਿਸ਼ਟੀ ਮੈਂ ਹੀ ਹਾਂ, ਮੈਂ ਹੀ ਸੁਖਾਂ ਵਿਚ ਸੁਖੀ ਦੁਖਾਂ ਵਿਚ ਦੁਖੀ ਹਾਂ, ਮੇਰੇ ਅਨੇਕ ਰੂਪ ਹਨ, ਅਨੇਕਾਂ ਭਾਵ ਹਨ। ਜੋ ਕੁਝ ਦਿਸਦਾ ਹੈ ਉਹ ਸਾਰਾ ਪਸਾਰਾ ਮੇਰੇ ਵਿਚ ਹੀ ਹੈ ਅਤੇ ਮੈਂ ਪਸਾਰੇ ਵਿਚ ਹੀ ਹਾਂ।

ਅੱਜ ਦੁਨੀਆਂ ਨੇ ਜੀਉਣ ਵਾਸਤੇ ਬੇਅੰਤ ਸਹੂਲਤਾ ਪੈਦਾ ਕਰ ਲਈਆਂ ਹਨ। ਇਲੈਕਟ੍ਰਾਨਿਕ ਦੇ ਮੀਡੀਏ ਨੇ ਅਣਹੋਈਆਂ ਗੱਲਾਂ ਨੂੰ ਹੋਈਆਂ ਕਰ ਦਿਤਾ ਹੈ। ਅੱਜ ਇਹ ਮੈਗਜ਼ੀਨ ਇੰਟਰਨੈਟ ਤੇ ਜਾ ਕੇ ਸਾਰੀ ਦੁਨੀਆਂ ਵਿਚ ਬਿਨਾਂ ਮੋਖ ਤੋਂ ਪ੍ਰਾਪਤ ਹੋ ਰਿਹਾ ਹੈ। ਦੁਨੀਆਂ ਇਕ ਇਕਾਈ ਬਣ ਚੁਕੀ ਹੈ ਅਤੇ ਇਹ ਨਵਾਂ ਭਾਈਚਾਰਾ ਉਭਰ ਰਿਹਾ ਹੈ। ਜਾਬਰਾਂ ਦਾ ਸਮਾਂ ਨਹੀਂ ਰਿਹਾ ਸਰਬ ਸਾਂਝ ਦਾ ਸਮਾਂ ਸਾਮ੍ਹਣੇ ਆ ਰਿਹਾ ਹੈ। ਮਨੁੱਖ ਨੂੰ ਆਪਣੀ ਹੋਂਦ ਦਾ ਗਿਆਨ ਹੋ ਚੁਕਿਆ ਹੈ, ਪਰ ਅਜੇ ਸਮਾਂ ਲੱਗੇਗਾ ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਨੂੰ ਜੋ ਪੂਰੀ ਤਰ੍ਹਾਂ ਵਿਗਿਆਨਕ ਹਨ, ਨੂੰ ਅਪਣਾਅ ਕੇ ਪਰਮ ਸ਼ਾਂਤੀ ਪ੍ਰਾਪਤ ਕੀਤੀ ਜਾਵੇਗੀ ਅਤੇ ਬੇਗਮਪੁਰਾ, ਸੰਸਾਰ ਵਿਚ ਸਾਕਾਰ ਹੋਵੇਗਾ। ਜਿਸ ਵਿਚ ਕੋਈ ਦੁਖੀ ਨਹੀਂ ਹੋਵੇਗਾ। ਕਈ ਮਜ਼ਬੂਰ ਨਹੀਂ ਹੋਵੇਗਾ। ਸੰਸਾਰ ਵਿਚ ਕੋਈ ਹੱਦਾਂ ਕਾਇਮ ਕਰਕੇ ਧਰਤੀ ਨੂੰ ਵੰਡਿਆ ਨਹੀਂ ਜਾਵੇਗਾ। ਬੇਅੰਤ ਅਮੀਰੀ ਹੋਵੇਗੀ ਪਰ ਉਸ ਲਈ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ਾਂ ਨੂੰ ਸੁਣਿਆ ਜਾਵੇ, ਬੁੱਝਿਆ ਜਾਵੇ ਅਤੇ ਵਰਤੋਂ ਵਿਚ ਲਿਆਂਦਾ ਜਾਵੇ ਅਤੇ ਸੱਚੀ ਭਾਵਨਾ ਦੇ ਨਾਲ ਹਰ ਰੋਜ਼ ਹਿਰਦੇ ਵਿਚੋਂ ਇਕ ਤਰੰਗ ਉਠਾਂਦਿਆਂ, ਉਸ ਪਰਮ ਸ਼ਕਤੀ ਨਾਲ ਜੁੜ ਕੇ ਕਹਿ ਦਿਤਾ ਜਾਵੇ –

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

*ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥*
*ਪੰਨਾ - 97*

ਇਹ ਖਾਲਸਾ ਆਦਰਸ਼ ਹੈ ਖਾਲਸਾ ਆਦਰਸ਼ ਵਾਹਿਗੁਰੂ ਜੀ ਦੀ ਮੌਜ ਵਿਚ ਪ੍ਰਗਟ ਹੋਇਆ ਹੈ। ਅਕਾਲ ਪੁਰਖ ਦੀ ਫੌਜ ਹੈ ਜਿਸ ਨੇ ਅਨਿਆ, ਗਰੀਬੀ, ਧੱਕੇ ਸ਼ਾਹੀ, ਮਿਲਾਵਟਾਂ, ਸਰਮਾਏ ਦੀ ਅਨਸਾਵੀਂ ਵੰਡ ਰੋਕ ਕੇ ਅੰਦਰਲੇ ਗਿਆਨ ਦੇ ਦੀਪਕ ਪ੍ਰਜੂਲਤ ਕਰਨੇ ਹਨ। ਇਹ ਖਾਲਸਾ ਜੀਵਨ ਜਦੋਂ ਸੰਸਾਰ ਅਪਣਾਅ ਲਵੇਗਾ ਤਾਂ ਇਥੇ ਸਵਰਗ ਬਣ ਜਾਵੇਗਾ। ਦੇਵਤੇ ਵੀ ਇਸ ਉਪਰ ਰਸ਼ਕ ਕਰਨਗੇ। ਉਹ ਭੀ ਆ ਕੇ ਇਸ ਮਨੁੱਖ ਦੀ ਸ਼ਾਨ ਤਕਣਗੇ।

ਆਓ, ਆਪਾਂ ਇਸ ਆਦਰਸ਼ ਨੂੰ ਸਮਝੀਏ। 'ਆਤਮ ਮਾਰਗ' ਪੂਰੀ ਤਨ ਦੇਹੀ ਨਾਲ ਇਸ ਆਦਰਸ਼ ਨੂੰ ਸੰਸਾਰ ਵਿਚ ਸਾਕਾਰ ਕਰਨ ਦਾ ਇਛੁਕ ਹੈ ਕਿਉਂਕਿ ਇਸ ਦੇ ਸਾਮ੍ਹਣੇ ਪ੍ਰਕਾਸ਼ ਹੀ ਪ੍ਰਕਾਸ਼ ਹੈ ਜਿਸ ਵਿਚ ਇਹ ਭਾਵ ਹਨ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਆਪਣੀਆਂ-ਆਪਣੀਆਂ ਸੰਪਰਦਾਵਾਂ ਵਿਚ ਰਹੋ, ਕੋਈ ਫਰਕ ਨਹੀਂ ਪੈਂਦਾ ਪਰ ਸਤਿ ਦੀ ਪਹਿਚਾਣ ਕਰੋ। ਮਹਾਨ ਸਤਿਗੁਰੂ ਨੇ ਫੁਰਮਾਨ ਕੀਤਾ ਹੈ –

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*
*ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ*
*ਮਾਨਸ ਕੀ ਜਾਤ ਸਬੈ ਏਕੋ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*
*ਅਕਾਲ ਉਸਤਤਿ*

ਇਨ੍ਹਾਂ ਆਦਰਸ਼ਾਂ ਨੂੰ ਹਿਰਦੇ ਵਿਚ ਵਸਾਓ ਕਿਸੇ ਨੂੰ ਬੁਰਾ ਨਾ ਸਮਝੋ। ਖਾਲਸੇ ਲਈ ਕੋਈ ਵੀ ਦੂਜਾ ਨਹੀਂ ਹੈ। ਉਸ ਲਈ ਸਭ ਆਪਣੇ ਹਨ। ਆਪਣੇ ਹੀ ਨਹੀਂ ਉਹ ਸਾਰਿਆਂ ਵਿਚ ਪ੍ਰਮੇਸ਼ਰ ਰੂਪ ਕਰਕੇ ਦੇਖਦਾ ਹੈ ਉਸ ਦਾ ਜੀਵਨ ਆਦਰਸ਼ ਹੈ–

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*
*ਪੰਨਾ - 272*

ਖਾਲਸਾ ਇਕ ਆਦਰਸ਼ਕ ਜੀਵਨ ਹੈ ਇਸ ਨੂੰ ਭੇਖਾਂ ਦੀ ਭਰਮਾਰ ਦੱਬ ਨਹੀਂ ਸਕਦੀ। ਇਹ ਸਾਰੀ ਸ੍ਰਿਸ਼ਟੀ ਦੇ ਸਾਂਝੇ ਜੀਵਨ ਦੀ ਧੜਕਣ ਹੈ ਇਸ ਖਾਲਸਾ ਆਦਰਸ਼ ਦੀ ਉਪਮਾ ਕੀਤੀ ਨਹੀਂ ਜਾ ਸਕਦੀ। ਫੁਰਮਾਨ ਹੋਇਆ ਹੈ –

*ਸੇਸ ਰਸਨ ਸਾਰਦ ਸੀ ਬੁੱਧ॥*
*ਤਦਪ ਨ ਉਪਮਾ ਬਰਨਤ ਸੁਧ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥*
*ਰੋਮ ਰੋਮ ਜੇ ਰਸਨਾ ਪਾਊਂ॥*
*ਤਦਪ ਖ਼ਾਲਸਾ ਜਸ ਤਹਿ ਗਾਊਂ॥*
*ਹੌਂ ਖ਼ਾਲਸੇ ਕੋ ਖ਼ਾਲਸਾ ਮੇਰੋ॥*
*ਓਤ ਪੋਤਿ ਸਾਗਰ ਬੂੰਦੇਰੋ॥ ਸਰਬ ਲੋਹ ਗ੍ਰੰਥ 'ਚੋਂ*

ਅੱਜ ਜੋ ਇਹ ਸਮਝਦੇ ਹਨ ਕਿ ਅਸੀਂ ਉਸ ਮਹਾਨ ਗੁਰੂ ਦੇ ਵਿਰਸੇ ਨਾਲ ਸਬੰਧ ਰਖਦੇ ਹਾਂ ਉਹ ਆਪਣੇ ਤੰਗ ਘੇਰਿਆਂ ਵਿਚੋਂ ਹੰਭਲਾ ਮਾਰ ਕੇ ਬਾਹਰ ਨਿਕਲਣ। ਗੁਰਦੁਆਰਿਆਂ ਨੂੰ ਸ਼ਕਤੀ ਪ੍ਰੀਖਿਆ ਦੀ ਪ੍ਰਯੋਗਸ਼ਾਲਾ ਨਾ ਬਣਾਉਣ, ਮੰਦਰਾਂ ਮਸਜਿਦਾਂ ਦਾ ਸਤਿਕਾਰ ਕਰਨ। ਮਸਜਿਦਾਂ ਵਾਲੇ ਦੂਜਿਆਂ ਦਾ ਸਤਿਕਾਰ ਕਰਨ। ਇਹ ਸਾਰੇ ਅਸਥਾਨ ਪ੍ਰਭੂ ਦੇ ਪਿਆਰ ਵਿਚ ਇਕੱਠੇ ਹੋ ਕੇ ਬੈਠਣ ਦੀ ਥਾਂ ਹੈ। ਇਨ੍ਹਾਂ ਦੀਆਂ ਸ਼ਕਲਾਂ ਅਸੀਂ ਬਣਾਈਆਂ ਹਨ ਇਨ੍ਹਾਂ ਦੀ ਰੂਪ ਰੇਖਾ ਅਸਾਡੇ ਆਪਣੇ ਸੋਚੇ ਹੋਏ ਢੰਗ ਨਾਲ ਹੋਈ ਹੈ। ਮਸਜਿਦ ਵਿਚ ਵੀ ਉਹੋ ਭੱਠੇ ਦੀਆਂ ਇੱਟਾਂ ਲੱਗੀਆਂ ਹੋਈਆਂ ਹਨ ਜਿਸ ਭੱਠੇ ਵਿਚੋਂ ਲਿਆਦੀਆਂ ਇੱਟਾਂ ਗੁਰਦੁਆਰੇ ਵਿਚ ਲੱਗੀਆਂ ਹਨ। ਓਹੀ ਸਮਿੰਟ ਲੱਗਿਆ ਹੋਇਆ ਹੈ ਜੋ ਮੰਦਰਾਂ, ਮਸਜਿਦਾਂ, ਗਿਰਜਿਆਂ ਵਿਚ ਲੱਗਿਆ ਹੋਇਆ ਨਜ਼ਰੀਂ ਪੈਂਦਾ ਹੈ। ਓਹੀ ਧਰਤੀ ਹੈ ਜਿਸ ਉਪਰ ਆਪਾਂ ਸਾਰੇ ਖੜ੍ਹੇ ਹਾਂ ਫੇਰ ਵਿਤਕਰਾ ਕਿਸ ਗੱਲ ਦਾ? ਕੇਵਲ ਸ਼ਕਲ ਦੇਖ ਕੇ ਕਿ ਇਸ ਦਾ ਮੁਖ ਦੁਆਰ ਪੂਰਬ ਵਲ ਖੁਲ੍ਹਦਾ ਹੈ ਪਰ ਗੁਰਦੁਆਰੇ ਨੇ ਚਾਰੇ ਪਾਸੇ ਦਰਵਾਜ਼ੇ ਖੋਲ੍ਹ ਕੇ ਬਹਾਈ ਸੰਪਰਦਾ ਵਾਲਿਆਂ ਵਾਂਗੂੰ ਸਭ ਨੂੰ ਸੱਦਾ ਦਿਤਾ ਹੈ ਕਿ ਪ੍ਰਭੂ ਪਿਆਰਿਆ! ਤੂੰ ਆ, ਇਥੇ ਬੈਠ ਕੇ ਨਮਾਜ਼ ਪੜ੍ਹ ਸਕਦਾ ਹੈਂ, ਇਥੇ ਬੈਠ ਕੇ ਗਾਇਤ੍ਰੀ ਦਾ ਪਾਠ ਕਰ ਸਕਦਾ ਹੈਂ, ਬਾਣੀ ਨੂੰ ਵਿਚਾਰ ਸਕਦਾ ਹੈਂ, ਇਹ ਸਭ ਦਾ ਸਾਂਝਾ ਥਾਂ ਹੈ ਪਰ ਇਸ ਥਾਂ ਉਪਰ ਜੇ ਸ਼ਕਤੀ ਨਾਲ ਕਾਬਜ਼ ਹੋਏ ਅਗਿਆਨੀ ਪੁਰਸ਼ ਹੋਣ ਫੇਰ ਤਾਂ ਉਹ ਇਸ ਆਦਰਸ਼ ਨੂੰ ਆਪੇ ਹੀ ਫੇਲ੍ਹ ਕਰ ਦਿੰਦੇ ਹਨ। ਗੁਰੂ ਪ੍ਰਸੰਨ ਨਹੀਂ ਹੋਣਾ, ਤੁਹਾਡੀ ਵਿਸਾਖੀ ਮਨਾਈ ਸਫਲ ਨਹੀਂ ਹੋਣੀ ਜੇ ਤੁਸੀਂ ਇਸ ਆਦਰਸ਼ ਨੂੰ ਨਾ ਸਮਝਿਆ। ਤੁਸੀਂ ਖਾਲਸਾ ਕਹਾਉਣ ਵਾਲੇ ਸਾਰੇ ਸੰਸਾਰ ਵਿਚੋਂ ਉਚਾ ਨਿਸ਼ਾਨ ਸਾਹਿਬ ਕਾਇਮ ਕਰੀਂ ਆਪਣੀ ਹੋਂਦ ਦਾ ਸਬੂਤ ਦੇ ਰਹੇ ਹੋਂ ਤੁਹਾਡੇ ਨਿਸ਼ਾਨ ਦਾ ਹਿਲਦਾ ਫਰੈਰਾ ਦੇਖਣ ਵਾਲੇ ਨੂੰ ਕਹਿ ਰਿਹਾ ਹੈ  ਕਿ ਜੇ ਤੇਰੇ ਕੋਲ ਰਹਿਣ ਦਾ ਥਾਂ ਨਹੀਂ ਤਾਂ ਤੇਰੇ ਰੈਣ ਬਸੇਰੇ ਵਾਸਤੇ ਅਸੀਂ ਰਿਹਾਇਸ਼ ਬਣਾਈ ਹੋਈ ਹੈ। ਜੇ ਤੈਨੂੰ ਅਜੇ ਤਕ ਖਾਣਾ ਨਹੀਂ ਮਿਲਿਆ ਤਾਂ ਨਿਸੰਗ ਹੋ ਕੇ ਆ ਜਾ, ਤੈਨੂੰ ਸਤਿਕਾਰਪੂਰਵਕ ਲੰਗਰ ਛਕਾਇਆ ਜਾਵੇਗਾ, ਜੇ ਤੂੰ ਬਿਮਾਰ ਹੈਂ ਤਾਂ ਤੂੰ ਬੇਫਿਕਰ ਹੋ ਕੇ ਆ, ਤੇਰੀ ਦਵਾ ਦਾਰੂ ਕੀਤੀ ਜਾਵੇਗੀ, ਜੇ ਤੈਨੂੰ ਕੋਈ ਦੁਖ ਹੈ ਤਾਂ ਆਪਾਂ ਰਲ ਕੇ ਉਸ ਪ੍ਰਭੂ ਅੱਗੇ ਅਰਦਾਸ ਕਰਾਂਗੇ, ਜੋ ਸਾਰੇ ਦੁਖਾਂ ਨੂੰ ਦੂਰ ਕਰਨ ਦੀ ਸਮਰਥਾ ਰਖਦਾ ਹੈ। ਤੁਹਾਡਾ ਨਿਸ਼ਾਨ ਸਾਹਿਬ ਦੁਨੀਆਂ ਨੂੰ ਸੰਦੇਸ਼ ਦੇ ਰਿਹਾ ਹੈ ਇਥੇ ਕੋਈ ਦੁਜਾਇਗੀ ਨਹੀਂ, ਦ੍ਵੈਤ ਨਹੀਂ, ਇਥੇ ਸਰਬ ਜੀਵਨ ਦੀ ਸਾਂਝ ਹੈ ਇਸ ਥਾਂ ਉਤੇ ਕੋਈ ਜੀਵ ਹੱਤਿਆ ਨਹੀਂ ਕਰ ਸਕਦਾ, ਕੋਈ ਕਿਸੇ ਨੂੰ ਮਾਰ ਨਹੀਂ ਸਕਦਾ ਇਥੇ ਜੀਵਨ ਦਿਤਾ ਜਾਂਦਾ ਹੈ, ਜੀਵਨ ਲਿਆ ਨਹੀਂ ਜਾਂਦਾ। ਇਥੇ ਸਰਬ ਸਾਂਝ ਦਾ ਸੰਦੇਸ਼ਾ ਦਿਤਾ ਜਾਂਦਾ ਹੈ ਇਸ ਥਾਂ ਤੋਂ ਨੂਰ ਦੀ ਫੁਹਾਰ ਉਠਦੀ ਹੈ ਜੋ ਸਾਰੀਆਂ ਹਨ੍ਹੇਰੀਆਂ ਨੁਕਰਾਂ ਨੂੰ ਰੌਸ਼ਨੀ ਦਿੰਦੀ ਜਾ ਰਹੀ ਹੈ। ਇਥੋਂ ਇਕ ਮਧੁਰ ਸੰਗੀਤ ਉਠਦਾ ਹੈ ਜੋ ਅੰਦਰਲੇ ਮਧੁਰ ਸੰਗੀਤ ਨਾਲ ਮਿਲ ਕੇ ਖੇੜਾ ਹੀ ਖੇੜਾ ਦਿੰਦਾ ਹੈ। ਮੁਰਝਾਇਆ ਕਮਲ ਫੁੱਲ ਵਿਗਸ ਜਾਂਦਾ ਹੈ ਅਤੇ ਦੁਨੀਆਂ ਨੂੰ ਖੇੜਾ ਦਿੰਦਾ ਹੈ। ਇਸ ਨੂੰ ਅਪਣਾਓ, ਇਸ ਵਿਚ ਸਾਰੇ ਦੁਖਾਂ ਨੂੰ ਖਤਮ ਕਰਨ ਦੀ ਸਮਰਥਾ ਹੈ। ਇਥੇ ਨਾਮ ਦੀ ਸੋਝੀ ਕਰਾਈ ਜਾਂਦੀ ਹੈ ਜੋ ਹਉਮੈ ਦੇ ਕਰਾਰੇ ਦਰਵਾਜ਼ੇ ਤੋੜ ਦਿੰਦੀ ਹੈ। ਇਥੇ ਦਸਿਆ ਜਾਂਦਾ ਹੈ ਕਿ ਪਰਮ ਪਵਿੱਤਰ ਪਰਮ ਚੇਤਨਾ ਨੇ ਆਪੇ ਸਾਕਾਰ ਹੋ ਕੇ ਅਨੇਕਾਂ ਰੂਪ ਧਾਰੇ ਹੋਏ ਹਨ। ਅੱਖਾਂ ਤੇ ਅਗਿਆਨ ਦਾ ਪਿਆ ਹੋਇਆ ਮੋਤੀਆਬਿੰਦ ਕੱਟਿਆ ਜਾਂਦਾ ਹੈ। ਗਿਆਨ ਦਾ ਅੰਜਨ ਅੰਦਰਲੇ ਸੁਜਾਖੇ ਨੈਣ ਖੋਲ੍ਹ ਦਿੰਦਾ ਹੈ ਫਿਰ ਅਨੁਭਵ ਹੁੰਦਾ ਹੈ ਸਤਿ। ਇਕੋ ਪ੍ਰਭੂ, ਇਕੋ ਅੱਲਾਹ ਇਕ God ਸਾਰੇ ਰੰਗਾਂ ਰੂਪਾਂ ਦ੍ਰਿਸ਼ਾਂ ਵਿਚ ਪਿਆਰ ਦੇ ਪੂਰਨ ਭਾਵ ਨਾਲ ਰਵਿਆ ਹੋਇਆ ਹੈ।

ਜੰਮ-ਜੰਮ ਮਨਾਓ ਵਿਸਾਖੀ, ਖੁਸ਼ੀ-ਖੁਸ਼ੀ ਮਨਾਓ। ਵਿਸਾਖੀ ਨੂੰ ਕਿਸਾਨ ਖੁਸ਼ ਹੁੰਦਾ ਹੈ ਕਿ ਮੇਰੀ ਫਸਲਾਂ ਨੇ ਆ ਜਾਣਾ ਹੈ, ਮੇਰੇ ਸੰਕਟ ਖਤਮ ਹੋ ਜਾਣੇ ਨੇ, ਮਜ਼ਦੂਰ ਖੁਸ਼ ਹੁੰਦੇ ਹਨ ਕਿ ਪੇਟ ਭਰ ਕੇ ਦਾਣਾ ਖਾਣ ਨੂੰ ਮਿਲਣਾ ਸ਼ੁਰੂ ਹੋਣਾ ਹੈ। ਤਿਆਰੀ ਕੀਤੀ ਜਾਂਦੀ ਹੈ ਕਿ ਆਉਣ ਵਾਲੀਆਂ ਜੇਠ ਦੀਆਂ ਲੋਆਂ ਅਤੇ ਭਾਦੋਂ ਦੇ ਹੁਸੜਾਂ ਅਤੇ ਪੋਹ ਦੇ ਕਕਰਾਂ ਵਿਚੋਂ ਕਿਵੇਂ ਅਨੰਦਮਈ ਵਹਿੰਦੀ ਧਾਰਾ ਵਿਚ ਤਾਰੀਆਂ ਲਾਉਂਦੇ ਅਸੀਂ ਅਗਲੇ ਸਾਲ ਦੀ ਵਿਸਾਖੀ ਤਕ ਪਹੁੰਚਣਾ ਹੈ। ਆਖੋ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ!

*ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।*
*ਪੇਖਨਹਾਰਾ ਪਾਤਿਸਾਹ ਪ੍ਰਤਿਪਾਲ ਨ ਊਰਾ।*
*ਪਤਿਤ ਉਧਾਰਨ ਪ੍ਰਾਨਪਤਿ ਸਦ ਸਦਾ ਹਜੂਰਾ।*
*ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।*
*ਅਨਦ ਬਿਨੋਦੀ ਜੀਅ ਜਪਿ ਸਚੁ ਸਚੀ ਵੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*

*ਭਾਈ ਗੁਰਦਾਸ ਜੀ, (ਦੂਜਾ) ਵਾਰ 41/15*

*ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ॥*
*ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ॥ ੧੦੫ ॥*
*ਹੱਕ ਰਾ ਗੰਜੂਰ ਗੁਰੁ ਗੋਬਿੰਦ ਸਿੰਘ॥*
*ਜੁਮਲਾ ਫੈਜ਼ਿ ਨੂਰ ਗੁਰੁ ਗੋਬਿੰਦ ਸਿੰਘ॥ ੧੦੬॥*
*ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ॥*
*ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ॥੧੦੭॥*
*ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ॥*
*ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ॥ ੧੦੮॥*
*ਫਾਇਜ਼ੁਲ ਅਨਵਾਰ ਗੁਰੁ ਗੋਬਿੰਦ ਸਿੰਘ॥*
*ਕਾਸ਼ਫ਼ੁਲ ਅਸਰਾਰ ਗੁਰੁ ਗੋਬਿੰਦ ਸਿੰਘ॥ ੧੦੯॥*

***ਤੌਸੀਫੌ ਸਨਾ, ਭਾਈ ਨੰਦ ਲਾਲ 'ਚੋਂ***

(੧੦੫)ਮਦਦ ਕਰਨ ਵਾਲਾ ਅਤੇ (ਜਿਸਦੀ ਅਕਾਲ ਪੁਰਖ ਵਲੋਂ) ਮਦਦ ਹੋਈ-ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਅਕਾਲ ਪੁਰਖ ਨੂੰ ਭਾਏ ਹੋਏ।

(੧੦੬)ਅਕਾਲ ਪੁਰਖ ਦੇ ਖਜਾਨਚੀ, ਸਾਰੀਆਂ ਬਖਸ਼ਸ਼ਾਂ ਅਤੇ ਰੌਸ਼ਨੀਆਂ (ਦੇ ਮਾਲਕ ਹਨ)

(੧੦੭)ਚੰਗੀ ਤਰ੍ਹਾਂ ਕਰਤਾਰ ਦੇ ਜਾਣੂ, ਮਹਾਰਾਜਿਆਂ ਦੇ ਮਹਾਰਾਜ।

(੧੦੮)ਦੋਹਾਂ ਲੋਕਾਂ ਦੇ ਰਾਜੇ ਵੈਰੀਆਂ ਨੂੰ ਜੀਉਣ ਦਾ ਸੰਸਾ ਪਾ ਦੇਣ ਵਾਲੇ (ਯੋਧਾ)

(੧੦੯)ਬਖਸ਼ਿਸ਼ਾਂ ਦਾ ਨੂਰ ਦੇਣ ਵਾਲੇ, (ਅਕਾਲ ਪੁਰਖ ਦੇ) ਭੇਤ ਦਸਣ ਵਾਲੇ।

*ਤਬ ਸਹਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ।*
*ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥*

ਮਨੁੱਖਤਾ ਵਿਚ ਪਾਏ ਗਏ ਭੇਦ ਮਿਟਾ ਦੇਵੋ।

ਗੁਰਦਵਾਰਿਆਂ ਦੀਆਂ ਕਮੇਟੀਆਂ, ਅਹੁਦਿਆਂ ਦੀ ਪ੍ਰਾਪਤੀ ਲਈ ਲੜਾਈ, ਲਾਲਸਾਵਾਂ ਛੱਡੋ। ਗੁਰੂ ਦੇ ਘਰ ਦਾ ਪ੍ਰਬੰਧ ਗੁਰੂ ਦਾ ਪਿਆਰਾ ਹੀ ਕਰ ਸਕਦਾ ਹੈ। ਅਗਿਆਨੀ ਮਾਇਆ ਦੇ ਪਿਆਰੇ ਗੁਰਮਤਿ ਦੀਆਂ ਸੂਖਮਤਾਈਆਂ ਨੂੰ ਨਹੀਂ ਸਮਝ ਸਕਦੇ।

'ਆਤਮ ਮਾਰਗ' ਅਦਾਰਾ ਆਪ ਦੀ ਪੂਰੀ ਮਦਦ ਕਰ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਿਧਾਂਤਾਂ ਨੂੰ ਸੁਖੈਨ ਬੋਲੀ ਵਿਚ ਆਪ ਦੀ ਸੇਵਾ ਵਿਚ ਭੇਜ ਰਿਹਾ ਹੈ। ਇਸ ਨੂੰ ਪੜ੍ਹੋ ਹੋਰਾਂ ਨੂੰ ਪੜ੍ਹਾਓ ਅਤੇ ਪਰਮ ਤੱਤ ਦੀ ਸੋਝੀ ਪ੍ਰਾਪਤ ਕਰੋ ਅਤੇ ਸੰਸਾਰ ਨੂੰ ਕਰਾਓ।

ਆਪ ਸਾਰਿਆਂ ਨੂੰ ਖਾਲਸਾ ਆਦਰਸ਼ ਦੇ ਪ੍ਰਤੱਖ ਰੂਪ ਵਿਚ ਮੂਰਤੀਮਾਨ ਹੋਣ ਦੀ ਵਰ੍ਹੇ ਗੰਢ ਦੀ ਵਧਾਈ ਦਿੰਦਾ ਹਾਂ।

□ □ □ □ □ □ □

---

## ਮਨ ਦਾ ਹਾਲ

ਜਿਉਂ ਜਿਉਂ ਸੁਣ ਰਹੀਆਂ ਨੇ,
ਕਨਸੋਆਂ ਤੇਰੇ ਜਾਣ ਦੀਆਂ
ਤਿਉਂ-ਤਿਉਂ ਟੁਟਦੀਆਂ ਜਾਵਣ,
ਤੰਦਾਂ ਮੇਰੇ ਤਾਣ ਦੀਆਂ,
ਬਿਰਹਾ ਦੇ ਵਿਚ ਵਟਦੀਆਂ ਜਾਵਣ,
ਹਸਰਤਾਂ ਮੇਰੀਆਂ ਪ੍ਰੇਮ ਗੀਤ ਗਾਣ ਦੀਆਂ।
ਧੁੰਦਲੀਆਂ ਹੁਣ ਤਾਂ ਪੈਂਦੀਆਂ ਜਾਵਣ,
ਚਾਹਾਂ ਤੈਨੂੰ ਪਾਣ ਦੀਆਂ
ਮਨ ਕੰਬੇ ਦਿਲ ਘਬਰਾਵੇ,
ਘੜੀਆਂ ਜਿਉਂ ਜਿਉਂ ਨੇੜੇ ਆਵਣ ਤੇਰੇ ਜਾਣ ਦੀਆਂ,
ਜੀ ਚਾਹੇ ਜਾਣ ਤੋਂ ਪਹਿਲਾਂ ਹੀ,
ਸਜ ਜਾਵਣ ਰਾਹਾਂ ਤੇਰੇ ਆਉਣ ਦੀਆਂ।

## ਇਕ ਅਰਜ਼

ਨਾ ਜਾਵੀਂ ਸਾਹਿਬਾ ਦੇਸ ਬਿਗਾਨੇ
ਨਾ ਜਾਵੀਂ ਦੇਸ ਬਿਗਾਨੇ,
ਫਿਰ ਤੂੰ ਹੈਣ ਬਨਾਉਣੇ ਜਾ ਕੇ,
ਛੇਤੀ ਨਾ ਮੁੜਨ ਦੇ ਬਹਾਨੇ।
ਹਾਲੋਂ ਬੇਹਾਲ ਅਸਾਂ ਹੋ ਜਾਣਾ,
ਜਿੱਕਰ ਹੁੰਦੇ ਨੇ ਦੀਵਾਨੇ
ਬਾਝੋਂ ਤੇਰੇ ਲਗਣੇ ਸਾਨੂੰ,
ਸਾਰੇ ਹੀ ਚਿਹਰੇ ਅਨਜਾਨੇ
ਹਾਲ ਅਸਾਡਾ ਦੇਖ ਕੇ,
ਤਾਹਨੇ ਮਾਰਨਗੇ ਬੇਗਾਨੇ,
ਅਰਜੋਈ ਕਰਾਂ ਮਾਂ ਅੱਗੇ,
ਰੋਕ ਸਾਹਿਬ ਨੂੰ ਕਿਸੇ ਹਾਲ ਕਿਸੇ ਬਹਾਨੇ।

***ਜਸਬੀਰ ਕੌਰ***

## ਬਾਹਰਲੇ ਦੇਸ਼ਾਂ ਵਿਚ ਮਿਸ਼ਨ ਦੇ ਕੇਂਦਰ ਜਿਥੋਂ 'ਆਤਮ ਮਾਰਗ' ਤੇ ਵੀਡੀਓ ਕੈਸਟਾਂ ਉਪਲਬਧ ਹਨ

| **ਅਮਰੀਕਾ:** | **ਫੋਨ ਨੰ:** |
|---|---|
| ਸ. ਮਹਿੰਦਰ ਸਿੰਘ ਗਿੱਲ | 209-667-5536 |
| | 209-632-0512 |
| ਸ. ਸਤਨਾਮ ਸਿੰਘ ਅਟਵਾਲ | 408-263-1844 |
| **ਕੈਨੇਡਾ:** | |
| ਸ. ਜਸਵੀਰ ਸਿੰਘ ਰਾਨੂੰ | 604-589-9189 |
| ਸ. ਸਰਮੁਖ ਸਿੰਘ ਪੰਨੂੰ | 604-433-0408 |
| **ਇੰਗਲੈਂਡ** : | |
| ਸ. ਸੁਖਜਿੰਦਰ ਸਿੰਘ ਖੈਹਰਾ | 01922-641-320 |
| | 01922-610-671 |
| ਫੈਕਸ : | 0121-502 3954 |
| ਬੀਬੀ ਸੁਖਦੇਵ ਕੌਰ ਚੀਮਾ | 01234-76-7602 |
| **ਆਸਟਰੇਲੀਆ** : | |
| ਸ. ਜੀਵਨ ਸਿੰਘ | 03-436-6898 |
| **ਹਾਲੈਂਡ** : | |
| ਸ. ਜਗੀਰ ਸਿੰਘ | 010-2124-608 |

• • • • • • • • • • • • • • • • • • • • • • • • • • • • •

## ਦਿੱਲੀ, ਪਟਿਆਲਾ, ਰਾਜਪੁਰਾ ਵਿਚ 'ਆਤਮ ਮਾਰਗ' ਮੈਗਜ਼ੀਨ ਦੇ ਬਣਾਏ ਗਏ ਸੈਂਟਰ

ਉਪਰੋਕਤ ਸ਼ਹਿਰਾਂ ਵਿਚ ਮੈਗਜ਼ੀਨ ਹਥੋਂ ਹੱਥੀ ਪਾਠਕਾਂ ਤਕ ਘਰ-ਘਰ ਪਹੁੰਚਾਉਣ ਦੀ ਸੇਵਾ ਸੰਗਤ ਦੇ ਪ੍ਰੇਮੀਆਂ ਵਲੋਂ ਹੀ ਕੀਤੀ ਜਾਂਦੀ ਹੈ। ਜਿਨ੍ਹਾਂ ਪ੍ਰੇਮੀਆਂ ਦਾ ਮੈਗਜ਼ੀਨ 10 ਤਰੀਕ ਤਕ ਨਾ ਪੁੱਜੇ, ਉਹ ਹੇਠ ਲਿਖੇ ਪ੍ਰੇਮੀਆਂ ਨੂੰ ਸੰਪਰਕ ਕਰ ਸਕਦੇ ਹਨ। ਪਾਠਕ ਜਨ ਰਿਨਿਊਲ ਅਤੇ ਨਵੀਂ ਮੈਂਬਰਸ਼ਿਪ ਵੀ ਹੇਠ ਲਿਖੇ ਸੈਂਟਰਾਂ 'ਚ ਜਮ੍ਹਾਂ ਕਰਵਾ ਸਕਦੇ ਹਨ।

1. **S. JASPAL SINGH**
   A-196, GAUTAM NAGAR,
   NEW DELHI-110049,
   PH. 6521524, 6960477, FAX - 6851620
2. **S. SURJAN SINGH**
   GALI NO. 21A/5
   ANAND NAGAR B
   PATIALA. PH-354760
3. **S. BHARPUR SINGH**
   H.NO. B-1/1310
   JATTAN STREET
   RAJPURA. PH- 26963

# ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

**ਦੇਵ ਲੋਕ ਵਿਚ ਰਾਹ ਭੁੱਲ ਜਾਣਾ**

ਗਿਆਨਗੰਜ ਦੇ ਬਾਰੇ ਬਹੁਤ ਪੜ੍ਹ ਸੁਣ ਕੇ ਮੇਰੀ ਉਥੇ ਜਾਣ ਦੀ ਪ੍ਰਬਲ ਇੱਛਿਆ ਜਾਗ ਗਈ। ਬਹੁਤ ਸਾਰੇ ਯਾਤਰੀਆਂ ਨੇ ਇਸ ਸਥਾਨ ਬਾਰੇ ਪੜ੍ਹਿਆ ਜਾ ਸੁਣਿਆ ਹੋਇਆ ਹੈ, ਪਰ ਉਥੇ ਪਹੁੰਚਣਾ ਬਹੁਤ ਹੀ ਕਠਿਨ ਹੈ, ਕੋਈ ਵਿਰਲਾ ਹੀ ਪਹੁੰਚ ਸਕਦਾ ਹੈ। ਇਥੇ ਇਕ ਛੋਟੀ ਜਿਹੀ ਯੋਗੀਆਂ ਦੀ ਸੰਪਰਦਾ ਚਾਰੋ ਪਾਸੇ ਬਰਫ ਨਾਲ ਘਿਰੇ ਹੋਏ ਪਹਾੜਾਂ ਵਿਚ ਰਹਿੰਦੀ ਹੈ, ਇਹ ਯੋਗੀ ਬਹੁਤ ਸਾਰਾ ਸਮਾਂ ਚੁੱਪ ਰਹਿੰਦੇ ਹਨ ਉਨ੍ਹਾਂ ਦਾ ਖਾਣਾ ਕੇਵਲ ਆਲੂ ਅਤੇ ਜੌਂ ਹੁੰਦਾ ਹੈ ਜਿਹੜਾ ਉਹ ਸਾਰੇ ਸਾਲ ਲਈ ਇਕੱਠਾ ਕਰਕੇ ਰੱਖ ਲੈਂਦੇ ਹਨ। ਇਸ ਸੰਪਰਦਾ ਵਿਚ ਭਾਰਤੀ ਤਿੱਬਤੀ ਅਤੇ ਨੇਪਾਲੀ ਸਾਧੂ ਰਹਿੰਦੇ ਹਨ, ਇਹ ਪਹੁੰਚੇ ਹੋਏ ਸਾਧੂ ਹਿਮਾਲੀਆ ਦੀ ਹਦ ਜਿਹੜੀ ਤਿੱਬਤ ਅਤੇ ਪਿਥੋੜਾ ਗੜ੍ਹ ਨਾਲ ਲਗਦੀ ਹੈ ਉਥੇ ਰਹਿੰਦੇ ਹਨ। ਸੰਸਾਰ ਵਿਚ ਕੇਵਲ ਇਸ ਜਗ੍ਹਾਂ ਨੂੰ ਹੀ ਗਿਆਨਗੰਜ ਕਿਹਾ ਜਾ ਸਕਦਾ ਹੈ।

ਮੈਂ ਕੈਲਾਸ਼ ਪਰਬਤ ਉਤੇ ਹੋਰ ਚਾਰ ਸਾਥੀਆਂ ਤਿਆਰੀਆਂ ਕਰਕੇ ਜਾਣ ਦਾ ਫੈਸਲਾ ਕੀਤਾ। ਇਸ ਨਗਰ ਜਾਣ ਲਈ ਅਸੀਂ ਅਲਮੋੜਾ ਤੋਂ ਡੋਰਾਚੋਲ (Dorhechol) ਅਤੇ ਫੇਰ ਗਾਰਬੀਆਂਕ (Garbiank) ਅਤੇ ਉਥੋਂ ਜਦੋਂ ਅਸੀਂ ਕਾਫੀ ਦਿਨਾਂ ਬਾਦ ਰਕਸਾਸ਼ਤਲ (Rakshastal) ਪਹੁੰਚੇ। ਅਸੀਂ ਰਸਤਾ ਭੁੱਲ ਗਏ। ਇਹ ਜੁਲਾਈ ਦਾ ਮਹੀਨਾ ਸੀ, ਉਨ੍ਹਾਂ ਦਿਨਾਂ ਵਿਚ ਹਿਮਾਲੀਆ ਦੀ ਬਰਫ ਪੰਗਰਦੀ ਹੈ, ਜਦੋਂ ਬਰਫ ਪੰਗਰਦੀ ਹੈ, ਕਈ ਵਾਰੀ ਬਰਫ ਦੇ ਵੱਡੇ-ਵੱਡੇ ਢੇਲੇ ਰੁੜ੍ਹ ਕੇ ਆ ਜਾਂਦੇ ਹਨ, ਉਹ ਐਡੇ ਵੱਡੇ ਹੁੰਦੇ ਹਨ ਕਿ ਰਸਤਾ ਬੰਦ ਹੋ ਜਾਂਦਾ ਹੈ ਅਤੇ ਉਦੋਂ ਤਕ ਬੰਦ ਰਹਿੰਦਾ ਹੈ ਜਦੋਂ ਤਕ ਉਹ ਪੰਘਰ ਨਾ ਜਾਏ।

ਜਿਸ ਤਰ੍ਹਾਂ ਹੀ ਅਸੀਂ ਚਲ ਰਹੇ ਸੀ ਅਸੀਂ ਦੇਖਿਆ ਬਰਫ ਦਾ ਢੇਲਾ ਰੁੜ੍ਹ ਕੇ ਆਇਆ ਅਤੇ ਰਸਤਾ ਬੰਦ ਹੋ ਗਿਆ, ਸਾਡੇ ਅੱਗੇ ਵੀ ਪਿਛੇ ਵੀ। ਮੈਂ ਤਾਂ ਇਹੋ ਜਿਹੀਆਂ ਔਕੜਾਂ ਦੇਖਣ ਦਾ ਆਦੀ ਸੀ, ਪਰ ਬਾਕੀਆਂ ਲਈ ਇਹ ਨਵਾਂ ਸੀ, ਬਾਕੀ ਸਵਾਮੀ ਡਰ ਗਏ, ਉਹ ਮੈਨੂੰ ਦੋਸ਼ ਦੇਣ ਲਗ ਪਏ, ਕਿਉਂਕਿ ਮੈਂ ਹਿਮਾਲੀਆ ਤੋਂ ਸੀ ਉਹ ਕਹਿਣ ਲੱਗੇ ਮੈਂ ਹੀ ਜ਼ਿੰਮੇਵਾਰ ਹਾਂ। ਉਹ ਕਹਿਣ ਲੱਗੇ, "ਤੈਨੂੰ ਪਤਾ ਹੋਣਾ ਚਾਹੀਦਾ ਸੀ, ਤੂੰ ਪਹਾੜਾਂ ਤੋਂ ਹੈ, ਤੂੰ ਸਾਨੂੰ ਗਲਤ ਰਾਹ ਪਾਇਆ, ਸਾਡੇ ਕੋਲ ਨਾ ਹੀ ਕੁਝ ਖਾਣ ਨੂੰ ਹੈ, ਰਸਤਾ ਬੰਦ ਹੋ ਗਿਆ, ਠੰਢ ਬਹੁਤ ਹੀ ਹੈ, ਅਸੀਂ ਤਾਂ ਭੁੱਖ ਅਤੇ ਠੰਢ ਨਾਲ ਮਰ ਰਹੇ ਹਾਂ।"

ਅਸੀਂ ਰਕਸ਼ਾਸਤਲ ਝੀਲ ਦੇ ਕੰਢੇ ਫਸ ਗਏ, ਨਾ ਅੱਗੇ ਕੋਈ ਰਸਤਾ ਨਾ ਪਿਛੇ। ਰਕਸ਼ਾਸਤਲ ਦਾ ਅਰਥ ਹੈ, ਰਾਕਸ਼ਾਂ ਦੀ ਝੀਲ ਕਿਉਂਕਿ ਬਰਫ ਪੰਘਰ ਰਹੀ ਸੀ ਵੱਡੇ-ਵੱਡੇ ਬਰਫ ਦੇ ਤੋਂਦੇ ਵੀ ਨਾਲ ਹੀ ਆ ਰਹੇ ਸਨ, ਪਾਣੀ ਚੜ੍ਹਨ ਲਗ ਪਿਆ, ਦੂਸਰੇ ਦਿਨ ਤਕ ਤਾਂ ਸਾਰੇ ਹੀ ਬੁਰੀ ਤਰ੍ਹਾਂ ਦਹਿਲ ਗਏ, ਮੈਂ ਕਿਹਾ, ਅਸੀਂ ਕੋਈ ਆਮ ਆਦਮੀ ਤਾਂ ਹਾਂ ਨਹੀਂ, ਅਸੀਂ ਤਿਆਗੀ ਹਾਂ, ਸਾਨੂੰ ਤਾਂ ਖੁਸ਼ੀ-ਖੁਸ਼ੀ ਮਰਨਾ ਚਾਹੀਦਾ ਹੈ, ਰੱਬ ਨੂੰ ਯਾਦ ਕਰੋ, ਤਾਂ ਕੁਝ ਨਹੀਂ ਹੋਣ ਵਾਲਾ।

ਹਰ ਕਿਸੇ ਨੇ ਆਪਣਾ-ਆਪਣਾ ਮੰਤਰ ਪੜ੍ਹਨਾ ਸ਼ੁਰੂ ਕਰ ਦਿਤਾ, ਅਰਦਾਸ ਕਰਨੀ ਸ਼ੁਰੂ ਕਰ ਦਿਤੀ ਪਰ ਲਗਦਾ ਸੀ ਕੁਝ ਵੀ ਇਸ ਵੇਲੇ ਕੰਮ ਨਹੀਂ ਆ ਰਿਹਾ, ਐਸੇ ਵੇਲੇ ਉਨ੍ਹਾਂ ਦੇ ਭਰੋਸੇ ਦਾ ਟੈਸਟ ਹੋ ਰਿਹਾ ਸੀ, ਭਰੋਸਾ ਉਨ੍ਹਾਂ ਕੋਲ ਸੀ ਨਹੀਂ, ਉਨ੍ਹਾਂ ਨੂੰ ਤਾਂ ਬਰਫ ਵਿਚ ਦਬੇ ਜਾਣ ਦਾ ਡਰ ਲਗ ਰਿਹਾ ਸੀ, ਮੈਂ ਮਖੌਲ ਕਰਨਾ ਸ਼ੁਰੂ ਕਰ ਦਿਤਾ ਮੈਂ ਕਿਹਾ, "ਮੰਨ ਲਓ, ਤੁਸੀਂ ਸਾਰੇ ਏਥੇ ਮਰ ਹੀ ਜਾਂਦੇ ਹੋਂ ਤੁਹਾਡੀਆਂ ਸੰਸਥਾਵਾਂ ਦਾ ਕੀ ਬਣੇਗਾ, ਤੁਹਾਡੀ ਪੂੰਜੀ ਦਾ, ਤੁਹਾਡੇ ਸ਼ਰਧਾਲੂਆਂ ਦਾ ਸਾਰਿਆਂ ਦਾ ਕੀ ਹੋਵੇਗਾ?

ਉਹ ਕਹਿਣ ਲੱਗੇ, "ਅਸੀਂ ਤਾਂ ਮਰ ਹੀ ਰਹੇ ਹਾਂ ਪਰ ਅਸੀਂ ਪਹਿਲਾਂ ਤੈਨੂੰ ਮਰਦਿਆਂ ਦੇਖਾਂਗੇ। ਮੇਰੇ ਮਖੌਲ ਅਤੇ ਮੇਰਾ ਇਸ ਹਾਲਾਤ ਵਿਚ ਹਸਣਾ ਅਤੇ ਸਾਰੀ ਚੀਜ਼ ਇਕ ਭਾਣਾ ਮੰਨ ਲੈਣਾ ਉਨ੍ਹਾਂ ਨੂੰ ਬਿਲਕੁਲ ਚੰਗਾ ਨਹੀਂ ਸੀ ਲਗ ਰਿਹਾ, ਉਨ੍ਹਾਂ ਨੂੰ ਤਾਂ ਹੋਰ ਗੁੱਸਾ ਆ ਰਿਹਾ ਸੀ।

ਬਹੁਤ ਘੱਟ ਬੰਦੇ ਹਸਣਾ ਜਾਣਦੇ ਹਨ, ਮੁਸ਼ਕਲ ਵਿਚ ਬਹੁਤ ਲੋਕੀ ਬੜੇ ਗੰਭੀਰ ਹੋ ਜਾਂਦੇ ਹਨ, ਮਖੌਲ ਉਹ ਗੁਣ ਹੈ ਜੋ ਜੀਵਨ ਨੂੰ ਖੁਸ਼ ਬਣਾਉਂਦਾ ਹੈ, ਇਸ ਨੂੰ ਜੀਵਨ ਵਿਚ ਉਤਾਰਨਾ ਅਤੀ ਜ਼ਰੂਰੀ ਹੈ। ਜਦੋਂ ਸੁਕਰਾਤ ਨੂੰ ਜ਼ਹਿਰ ਦਿਤਾ ਗਿਆ, ਉਨ੍ਹਾਂ ਨੇ ਬੜਾ ਮਖੌਲ ਉਡਾਇਆ, ਉਹ ਬਹੁਤ ਹਸਮੁਖ ਸੁਭਾਅ ਦੇ ਸਨ। ਜਦੋਂ ਧਤੂਰੇ ਦੀ ਜ਼ਹਿਰ (Hemlock) ਉਨ੍ਹਾਂ ਨੂੰ ਦਿਤੀ ਗਈ ਤਾਂ ਉਹ ਕਹਿਣ ਲੱਗੇ, ਕੀ ਮੈਂ ਇਹ ਥੋੜ੍ਹੀ ਜਿਹੀ ਪਰਮਾਤਮਾਂ ਨਾਲ ਵੰਡ ਸਕਦਾ ਹਾਂ? ਫੇਰ ਉਹ ਮੁਸਕਰਾਏ ਅਤੇ ਕਹਿਣ ਲੱਗੇ, "ਜ਼ਹਿਰ ਵਿਚ ਕੋਈ ਤਾਕਤ ਨਹੀਂ ਕਿ ਉਹ ਵਿਵੇਕੀ ਦਾਰਸ਼ਨਿਕ ਨੂੰ ਮਾਰ ਸਕੇ ਕਿਉਂਕਿ ਵਿਵੇਕੀ ਯਥਾਰਥ ਵਿਚ ਵਸਦਾ ਹੈ, ਯਥਾਰਥ ਅਟੱਲ ਹੈ, ਉਹ ਮੁਸਕਰਾਏ ਅਤੇ ਜ਼ਹਿਰ ਪੀ ਗਏ।

ਮੈਂ ਇਨ੍ਹਾਂ ਤਿਆਗੀਆਂ ਨੂੰ ਕਿਹਾ, ਜੇ ਅਸੀਂ ਜਿਉਣਾ ਹੈ ਅਤੇ ਅਸੀਂ ਠੀਕ ਰਸਤੇ ਤੇ ਹਾਂ, ਪਰਮਾਤਮਾ ਸਾਡੀ ਰੱਖਿਆ ਕਰੇਗਾ ਸਾਨੂੰ ਚਿੰਤਾ ਦੀ ਕੀ ਲੋੜ ਹੈ? ਹਨ੍ਹੇਰਾ ਪੈ ਗਿਆ ਬਰਫ ਫੇਰ ਪੈਣ ਲੱਗ ਪਈ। ਅਚਾਨਕ ਅਸੀਂ ਕੀ ਦੇਖਿਆ ਇਕ ਆਦਮੀ ਲੰਮੀ ਦਾਹੜੀ, ਚਿੱਟੇ ਕਪੜੇ ਪਾਏ ਹੋਏ, ਹੱਥ ਵਿਚ ਲਾਲਟੈਨ ਪਕੜੀ ਹੋਈ ਸਾਡੇ ਸਾਮ੍ਹਣੇ ਆ ਕੇ ਖੜ੍ਹਾ ਹੋ ਗਿਆ, ਪੁਛਿਆ ਤੁਸੀਂ ਰਸਤਾ ਭੁੱਲ ਗਏ ਹੋ? ਪਿਛਲੇ ਦੋ ਦਿਨ੍ਹਾਂ ਤੋਂ ਅਸੀਂ ਕੁਝ ਖਾਧਾ ਨਹੀਂ, ਸਾਨੂੰ ਪਤਾ ਹੀ ਨਹੀਂ ਲਗ ਰਿਹਾ ਕਿ ਅਸੀਂ ਐਥੋਂ

ਨਿਕਲੀਏ ਕਿਸ ਤਰ੍ਹਾਂ? ਅਸੀਂ ਕਿਹਾ।

ਉਸ ਨੇ ਕਿਹਾ, ਮੇਰੇ ਪਿਛੇ ਆਉਂਦੇ ਜਾਓ, ਬਰਫ ਦੇ ਤੋਦੇ ਦੇਖ ਕੇ ਲਗ ਰਿਹਾ ਸੀ ਕਿ ਕੋਈ ਰਸਤਾ ਹੈ ਹੀ ਨਹੀਂ ਪਰ ਜਦੋਂ ਅਸੀਂ ਉਸ ਦੇ ਪਿਛੇ ਟੁਰੇ ਤਾਂ ਅਸੀਂ ਦੂਸਰੇ ਪਾਸੇ ਪਹੁੰਚ ਗਏ, ਉਸ ਨੇ ਸਾਨੂੰ ਰਾਹ ਤੇ ਪਾ ਦਿਤਾ ਅਤੇ ਕਿਹਾ ਏਥੋਂ ਥੋੜ੍ਹੀ ਹੀ ਦੂਰ ਇਕ ਪਿੰਡ ਹੈ ਤੁਸੀਂ ਉਥੇ ਚਲੇ ਜਾਓ ਅਤੇ ਰਾਤ ਉਥੇ ਕੱਟ ਲਵੋ, ਫੇਰ ਇਕ ਦਮ ਅਲੋਪ ਹੋ ਗਏ, ਅਸੀਂ ਬੜੇ ਹੈਰਾਨ ਸੀ ਕਿ ਇਹ ਕੌਣ ਹੋਇਆ? ਅਸੀਂ ਉਸ ਪਿੰਡ ਵਿਚ ਰਾਤ ਰਹੇ, ਪਿੰਡ ਵਾਲੇ ਦਸ ਰਹੇ ਸਨ ਕਿ ਇਹੋ ਜਿਹੇ ਅਨੁਭਵ ਇਥੇ ਦੇਵਤਿਆਂ ਦੀ ਧਰਤੀ ਉਤੇ ਆਮ ਹੁੰਦੇ ਰਹਿੰਦੇ ਹਨ, ਇਹ ਬ੍ਰਹਮਗਿਆਨੀ ਭਟਕੇ ਹੋਏ ਮੁਸਾਫਰਾਂ ਦਾ ਪੱਥ ਪਰਦਰਸ਼ਕ ਕਰਦੇ ਰਹਿੰਦੇ ਹਨ। ਰਾਤ ਠਹਿਰ ਕੇ ਦੂਸਰੇ ਦਿਨ ਬਾਕੀ ਦੇ ਚਾਰ ਤਿਆਗੀਆਂ ਨੇ ਮੇਰੇ ਨਾਲ ਅੱਗੇ ਜਾਣੋਂ ਮਨਾ ਕਰ ਦਿਤਾ ਉਹ ਸਾਰੇ ਉਥੋਂ ਮੁੜ ਗਏ, ਉਹ ਅੱਗੇ ਨਹੀਂ ਜਾਣਾ ਚਾਹੁੰਦੇ ਸਨ ਇਹ ਸੋਚ ਕੇ ਕਿ ਅੱਗੇ ਹੋਰ ਵੀ ਵਧ ਖਤਰਾ ਹੋਵੇਗਾ। ਪਿੰਡ ਵਾਲਿਆਂ ਤੋਂ ਪੂਰਾ ਦਿਸ਼ਾ ਸੰਕੇਤ ਲੈ ਕੇ ਮੈਂ ਗਿਆਨਗੰਜ ਵਲ ਤੁਰ ਪਿਆ, ਉਥੇ ਦਾ ਇਕ ਸਾਧੂ ਬਹੁਤ ਹੀ ਦਿਆਲੂ ਸੀ, ਮੈਂ ਉਨ੍ਹਾਂ ਨਾਲ ਡੇਢ ਮਹੀਨਾ ਰਿਹਾ, ਇਹ ਸਥਾਨ ਚਾਰੋਂ ਪਾਸਿਓਂ ਬਰਫੀਲੀ ਪਹਾੜੀਆਂ ਨਾਲ ਘਿਰੀ ਹੋਈ ਹੈ ਅਤੇ ਬਹੁਤ ਹੀ ਸੋਹਣਾ ਅਤੇ ਰਮਣੀਕ ਸਥਾਨ ਹੈ, ਮੈਂ ਹੋਰ ਕੋਈ ਸਥਾਨ ਐਨਾ ਸੋਹਣਾ ਦੇਖਿਆ ਨਹੀਂ।

ਗਿਆਨਗੰਜ ਤੋਂ ਵਾਪਸ ਮੈਂ ਉਸ ਰਸਤੇ ਤੋਂ ਆਇਆ ਜਿਹੜਾ ਕੈਲਾਸ਼ ਪਰਬਤ ਤੋਂ ਮਾਨਸਰੋਵਰ ਜਾਂਦਾ ਹੈ, ਰਾਹ ਵਿਚ ਮੈਨੂੰ ਬੜੀ ਉਚੀ ਅਵਸਥਾ ਦੇ ਤਿਬਤਨ ਯੋਗੀ ਮਿਲੇ, ਇਹ ਹਫਤਾ ਮੈਂ ਲਾਮਿਆਂ (ਤਿਬਤੀ ਯੋਗੀ) ਦੇ ਕੈਂਪ ਵਿਚ ਰਿਹਾ ਜਿਹੜਾ ਕੈਲਾਸ਼ ਪਰਬਤ ਦੀ ਤਰਾਈ ਤੇ ਲੱਗਾ ਹੋਇਆ ਸੀ, ਇਸ ਅਨੁਭਵ ਨੂੰ ਮੈਂ ਹਾਲੇ ਵੀ ਬੜੇ ਪਿਆਰ ਨਾਲ ਸਮੇਟ ਕੇ ਰੱਖਿਆ ਹੋਇਆ ਹੈ, ਇਥੋਂ ਮੈਂ ਗਾਰਵੀਯੌਕ (Garviyauk) ਗਿਆ, ਮੈਂ ਇਕ ਚਰਵਾਹੇ ਨਾਲ ਜਿਹੜਾ ਬੱਕਰੀਆਂ ਲੈ ਕੇ ਜਾ ਰਿਹਾ ਸੀ ਤੁਰਦਾ ਰਿਹਾ, ਉਹ ਮੈਨੂੰ ਇਥੇ ਵਸਦੇ ਗੁਪਤ ਰੂਹਾਂ ਬਾਰੇ ਦਸਦਾ ਰਿਹਾ ਜਿਹੜੀਆਂ ਭੁੱਲੇ ਭਟਕੇ ਮੁਸਾਫਰਾਂ ਦਾ ਪੱਥ ਪਰਦਰਸ਼ਕ ਕਰਦੀਆਂ ਹਨ, ਉਸ ਨੇ ਬਹੁਤ ਸਾਰੇ ਅਨੁਭਵ ਮੈਨੂੰ ਸੁਣਾਏ। ਇਨ੍ਹਾਂ ਗੁਪਤ ਰੂਹਾਂ ਨੂੰ ਦੇਵਾਸ ਜਾਂ ਪੁੱਜੀਆਂ ਰੂਹਾਂ ਕਹਿੰਦੇ ਹਨ। ਕਿਹਾ ਜਾਂਦਾ ਹੈ ਇਹ ਦੇਵਾਸ ਦੋਨੋਂ ਪ੍ਰਤੱਖ ਅਤੇ ਅ-ਪ੍ਰਤੱਖ ਸੰਸਾਰ ਵਿਚ ਜਾ ਸਕਦੇ ਹਨ, ਇਹ ਸਰੀਰ ਵਿਚ ਆ ਕੇ ਸਭ ਕੁਝ ਕਰ ਸਕਦੇ ਹਨ, ਮੁਸਾਫਿਰਾਂ ਦਾ ਪੱਥ ਪਰਦਰਸ਼ਕ ਵੀ ਕਰ ਸਕਦੇ ਹਨ ਪਰ ਇਹ ਰਹਿੰਦੇ ਅਪ੍ਰਤੱਖ ਹਨ। ਇਨ੍ਹਾਂ ਦੇ ਰਹਿਣ ਦਾ ਵੀ ਇਕ ਸਥਾਨ ਹੈ, ਗੁਪਤ ਵਿਦਿਆ ਅਤੇ ਤੰਤਰ ਵਿਦਿਆ ਇਸ ਬਾਰੇ ਬਹੁਤ ਕੁਝ ਦਸਦੀ ਹੈ ਪਰ ਅੱਜ ਦਾ ਵਿਗਿਆਨ ਇਹ ਕਹਿ ਕੇ ਖਤਮ ਕਰ ਦਿੰਦਾ ਹੈ ਕਿ ਇਹ ਭੁਲੇਖੇ ਹਨ, ਕਲਪਨਾਤਮਕ ਹਨ। ਮੈਂ ਨੌਜੁਆਨਾਂ ਨੂੰ ਇਹ ਕਹਿੰਦੇ ਸੁਣਿਆ ਹੈ, ਜਿਹੜੇ ਬਜ਼ੁਰਗ ਇਨ੍ਹਾਂ ਗੱਲਾਂ ਨੂੰ ਮੰਨਦੇ ਹਨ ਉਨ੍ਹਾਂ ਨੂੰ ਜ਼ਰੂਰ ਕੋਈ ਮਹਾਂ ਭਰਾਂਤੀ ਹੁੰਦੀ ਹੋਵੇਗੀ, ਬੁਢਾਪਾ ਦੂਸਰਾ ਬਚਪਨ ਹੁੰਦਾ ਹੈ, ਉਦੋਂ ਬਹੁਤ ਮੂਰਖਤਾ ਦੀਆਂ ਗੱਲਾਂ ਹੋ ਜਾਂਦੀਆਂ ਹਨ ਪਰ ਅਧਿਆਤਮਕ ਬੰਦੇ ਬੁਢਾਪੇ ਵਿਚ ਵਧੇਰੇ ਸਿਆਣੇ ਹੋ ਜਾਂਦੇ ਹਨ, ਉਨ੍ਹਾਂ ਨੂੰ ਕਦੀ ਭਰਾਂਤੀ ਹੋ ਹੀ ਨਹੀਂ ਸਕਦੀ, ਉਹ ਆਪਣਾ ਮਨ ਸ਼ੁਧ ਕਰ ਚੁੱਕੇ ਹੁੰਦੇ ਹਨ, ਸ਼ੁਧ ਮਨ ਨਾਲ ਉਹ ਅਨੁਭਵ ਕਰਦੇ ਹਨ ਅਤੇ ਚੇਤਨਤਾ ਦੀ ਉਡਾਰੀ ਮਾਰਦੇ ਹਨ।

ਵਿਗਿਆਨੀਆਂ ਨੇ ਜੀਵਨ ਦੇ ਬਹੁਤ ਸਾਰੇ ਪਸਾਰ ਬਾਰੇ ਨਹੀਂ ਜਾਣਿਆ, ਉਹ ਹਾਲੇ ਦਿਮਾਗ ਦੇ ਵੱਖ-ਵੱਖ ਖਾਨਿਆਂ ਬਾਰੇ ਜਾਣ ਰਹੇ ਹਨ, ਅਨੁਭਵ-ਅਤੀਤ-ਤੱਤਵ ਮਨੋਵਿਗਿਆਨ (Transcendental Psychology) ਅੱਜ ਦੇ ਵਿਗਿਆਨੀ ਦੇ ਵਸ ਤੋਂ ਬਾਹਰ ਦੀ ਗੱਲ ਹੈ। ਚਿਰ ਸਥਾਈ ਮਨੋਵਿਗਿਆਨ ਬਹੁਤ ਸਦੀਆਂ ਪਹਿਲਾਂ ਸਾਡੇ ਬਜ਼ੁਰਗਾਂ ਨੇ ਚਲਾਇਆ ਸੀ ਇਕ ਠੀਕ ਇਕ ਸਹੀ ਵਿਗਿਆਨ ਸੀ। ਉਸ ਸੂਖਸ਼ਮ ਗਿਆਨ ਦੀ ਨੀਂਹ ਅੰਤਰ ਗਿਆਨ, ਅੰਤਰ ਦ੍ਰਿਸ਼ਟੀ ਹੈ। ਭੌਤਿਕ ਵਿਦਿਆ ਸੀਮਤ ਹੈ, ਉਨ੍ਹਾਂ ਦੀ ਜਾਂਚ ਪਰਤੱਖ ਤੇ ਹੈ, ਸਰੀਰ ਅਤੇ ਦਿਮਾਗ ਤੇ, ਇਸ ਤੋਂ ਅੱਗੇ ਨਹੀਂ।

**ਹੰਸਾਂ ਦਾ ਦੇਸ਼**

ਜਿੰਨੀ ਜਗ੍ਹਾਂ ਵੀ ਮੈਂ ਆਪਣੇ ਜੀਵਨ ਵਿਚ ਗਿਆ ਹਾਂ, ਗੰਗੋਤਰੀ ਤੋਂ ਵੱਧ ਸੁਹਾਵਣੀ ਥਾਂ ਮੈਨੂੰ ਅਜੇ ਤਕ ਹੋਰ ਕੋਈ ਨਹੀਂ ਲੱਗੀ, ਇਹ ਹੰਸਾਂ ਦਾ ਸਥਾਨ ਹੈ ਜਿਥੇ ਪਰਬਤਾਂ ਦੀਆਂ ਚੋਟੀਆਂ ਸਦਾ ਬਰਫ ਨਾਲ ਢਕੀਆਂ ਰਹਿੰਦੀਆਂ ਹਨ। ਜਦੋਂ ਮੈਂ ਹਾਲੇ ਜਵਾਨ ਸੀ ਗੰਗਾਂ ਦੇ ਦੋਨੋਂ ਕੰਡਿਆਂ ਉਤੇ ਤੀਹ ਤੋਂ ਪੰਜਾਹ ਤਕ ਇਕ ਇਕ ਗੁਫਾ ਵਿਚ ਯੋਗੀ ਰਹਿੰਦੇ ਸਨ, ਬਹੁਤ ਸਾਰੇ ਕੋਈ ਕਪੜੇ ਵੀ ਨਹੀਂ ਪਾਉਂਦੇ ਸਨ, ਬਹੁਤ ਸਾਰੇ ਤਾਂ ਅੱਗ ਵੀ ਨਹੀਂ ਸਨ ਵਰਤਦੇ, ਤਿੰਨ ਸਾਲ ਮੈਂ ਇਕੱਲਾ ਉਥੇ ਗੁਫਾ ਵਿਚ ਰਿਹਾ, ਕੋਈ 500 ਫੁੱਟ ਦੀ ਦੂਰੀ ਤੇ ਮੇਰੇ ਗੁਰਭਾਈ ਦੀ ਗੁਫਾ ਸੀ। ਮੈਂ ਘਟ ਹੀ ਕਿਸੇ ਨਾਲ ਬੋਲਦਾ ਸੀ, ਸਾਰੇ ਹੀ ਜਿਹੜੇ ਉਥੇ ਰਹਿੰਦੇ ਸੀ ਦੂਰੋਂ ਹੀ ਇਕ ਦੂਸਰੇ ਨੂੰ ਦੇਖ ਲੈਂਦੇ, ਕੋਈ ਕਿਸੇ ਲਈ ਬਾਧਾ ਨਹੀਂ ਬਣਦਾ, ਕੋਈ ਵੀ ਕਿਸੇ ਨਾਲ ਬੋਲਣ ਗੱਲਬਾਤ ਕਰਨ ਲਈ ਇੱਛਾ ਨਹੀਂ ਰਖਦੇ ਸਨ, ਉਹ ਮੇਰੇ ਜੀਵਨ ਦਾ ਬਹੁਤ ਹੀ ਭਰਪੂਰ ਸਮਾਂ ਸੀ, ਮੈਂ ਬਹੁਤ ਸਾਰਾ ਸਮਾਂ ਯੋਗਾ ਅਭਿਆਸ ਕਰਨ ਵਿਚ ਬਿਤਾਉਂਦਾ ਸਿਰਫ ਕਣਕ ਅਤੇ ਛੋਲੇ ਭਿਓਂ ਲੈਂਦਾ ਜਦੋਂ ਪੁੰਗਰ ਜਾਂਦੇ ਲੂਣ ਪਾ ਕੇ ਖਾ ਲੈਂਦਾ, ਇਹ ਹੀ ਮੇਰਾ ਅਹਾਰ ਸੀ।

ਨੇੜੇ ਹੀ ਇਕ ਗੁਫਾ ਵਿਚ ਇਕ ਬ੍ਰਹਮਗਿਆਨੀ ਰਹਿੰਦੇ ਸਨ ਉਨ੍ਹਾਂ ਦਾ ਨਾਂ ਸੀ ਕ੍ਰਿਸ਼ਨਾਸ਼ਰਮ, ਉਹ ਸਾਰੇ ਭਾਰਤ ਵਿਚ ਬਹੁਤ ਚੰਗੀ ਤਰ੍ਹਾਂ ਜਾਣੇ ਜਾਂਦੇ ਸਨ। ਇਕ ਵਾਰੀ ਰਾਤੀਂ ਕੋਈ ਬਾਰ੍ਹਾਂ ਵਜੇ ਬੜੀ ਜ਼ੋਰ-ਜ਼ੋਰ ਦੀ ਆਵਾਜ਼ ਆਈ, ਬੜੀ ਹੀ ਉਚੀ ਆਵਾਜ਼ ਸੀ ਕੰਨਾਂ ਨੂੰ ਬੋਲੇ ਕਰ ਦੇਣ ਵਾਲੀ ਅਵਾਜ਼, ਜਿਵੇਂ ਬੰਬ ਫਟ ਰਹੇ ਹੋਣ। ਉਥੇ ਨੇੜੇ ਹੀ ਇਕ ਬਰਫ ਦਾ ਤੋਦਾ ਸੀ, ਇਹ ਉਸ ਦੇ ਡਿੱਗਣ ਦੀ ਅਵਾਜ਼ ਸੀ, ਮੈਂ ਗੁਫਾ ਵਿਚੋਂ ਬਾਹਰ ਨਿਕਲਿਆ ਦੇਖਣ ਲਈ ਕਿ ਕੀ ਹੋ ਰਿਹਾ ਹੈ, ਚਾਂਦਨੀ ਰਾਤ ਸੀ, ਮੈਨੂੰ ਬਰਫ ਨਾਲ ਜੰਮੀ ਨਦੀ ਦਾ ਦੂਸਰਾ ਕਿਨਾਰਾ ਦਿਸ ਰਿਹਾ ਸੀ ਜਿਥੇ ਕ੍ਰਿਸ਼ਨਾਸ਼ਰਮ ਰਹਿੰਦੇ

ਸਨ। ਜਦੋਂ ਮੈਂ ਦੇਖਿਆ ਬਰਫ ਦਾ ਪਹਾੜ ਕਿਥੇ ਡਿੱਗਿਆ ਹੈ, ਮੈਂ ਸੋਚਿਆ ਕ੍ਰਿਸ਼ਨਾਸ਼ਰਮ ਥੱਲੇ ਦੱਬੇ ਗਏ, ਮੈਂ ਛੇਤੀ ਆਪਣਾ ਤਿੱਬਤਨ ਕੋਟ ਪਾਇਆ, ਬੈਟਰੀ ਲਈ ਅਤੇ ਦੌੜ ਗਿਆ, ਉਥੇ ਗੰਗਾ ਬਹੁਤ ਹੀ ਤੰਗ ਹੈ, ਥੋੜ੍ਹੀ ਜਿਹੀ ਚੌੜੀ ਹੈ, ਮੈਂ ਸੌਖੀ ਤਰ੍ਹਾਂ ਟੱਪ ਗਿਆ, ਮੈਂ ਦੇਖਿਆ ਉਨ੍ਹਾਂ ਦੀ ਛੋਟੀ ਗੁਫਾ ਬਿਲਕੁਲ ਸੁਰਖਿਅਤ ਹੈ, ਉਹ ਉਥੇ ਬੈਠੇ ਮੁਸਕਰਾ ਰਹੇ ਸਨ, ਉਸ ਵਕਤ ਬੋਲ ਨਹੀਂ ਰਹੇ ਸਨ। ਸੋ ਉਨ੍ਹਾਂ ਨੇ ਉਪਰ ਹੱਥ ਕਰਕੇ ਕਿਹਾ ਹੇ, ਹੇ, ਹੇ ਫੇਰ ਉਨ੍ਹਾਂ ਨੇ ਸਲੇਟ ਉਤੇ ਲਿਖਿਆ, ਕੋਈ ਚੀਜ਼ ਵੀ ਮੈਨੂੰ ਨੁਕਸਾਨ ਨਹੀਂ ਪਹੁੰਚਾ ਸਕਦੀ, ਮੈਂ ਬਹੁਤ ਦੇਰ ਤਕ ਜੀਉਣਾ ਹੈ, ਇਹ ਸ਼ੋਰ ਅਤੇ ਬਰਫ ਦੇ ਪਰਬਤ ਮੈਨੂੰ ਨਹੀਂ ਡਰਾ ਸਕਦੇ, ਮੇਰੀ ਗੁਫਾ ਸੁਰਖਿਅਤ ਹੈ। ਇਹ ਦੇਖ ਕੇ ਕਿ ਉਹ ਠੀਕ ਹਨ, ਸੁਰਖਿਅਤ ਹਨ ਅਤੇ ਚੜ੍ਹਦੀ ਕਲਾ ਵਿਚ ਹਨ, ਮੈਂ ਆਪਣੀ ਗੁਫਾ ਵਿਚ ਵਾਪਸ ਆ ਗਿਆ। ਸਵੇਰੇ ਉਠ ਕੇ ਜਦੋਂ ਮੈਂ ਦੇਖਿਆ ਉਹ ਬਰਫ ਦਾ ਤੋਦਾ ਉਨ੍ਹਾਂ ਦੀ ਗੁਫਾ ਦੇ ਦੋਨੋਂ ਪਾਸੇ ਡਿੱਗ ਪਿਆ ਸੀ, ਦੋਨੋਂ ਪਾਸੇ ਲੰਮੇ-ਲੰਮੇ ਦਰਖਤ ਢਕੇ ਗਏ ਸਨ, ਕੇਵਲ ਉਨ੍ਹਾਂ ਦੀ ਗੁਫਾ ਹੀ ਸੁਰਖਸ਼ਿਤ ਸੀ।

ਮੈਂ ਬਹੁਤ ਵਾਰੀ ਕ੍ਰਿਸ਼ਨਾਸ਼ਰਮ ਕੋਲ ਜਾਇਆ ਕਰਦਾ ਸੀ, ਦੁਪਹਿਰ ਨੂੰ ਦੋ ਵਜੇ ਤੋਂ ਪੰਜ ਵਜੇ ਤਕ ਮੈਂ ਉਨ੍ਹਾਂ ਨੂੰ ਪ੍ਰਸ਼ਨ ਪੁਛਦਾ, ਉਹ ਉਤਰ ਦਿੰਦੇ ਸਨ, ਲਿਖ ਕੇ ਸਲੇਟ ਉਤੇ, ਉਨ੍ਹਾਂ ਦੇ ਨੇਤਰ ਮੋਟੇ ਗੋਲ, ਅੱਗ ਦੇ ਗੋਲੇ ਦੀ ਤਰ੍ਹਾਂ ਚਮਕਦੇ ਸਨ। ਉਨ੍ਹਾਂ ਦੀ ਚਮੜੀ ਹਾਥੀ ਵਰਗੀ ਮੋਟੀ ਸੀ, ਉਦੋਂ ਉਹ ਕਰੀਬ ਅੱਸੀ ਸਾਲ ਦੇ ਸਨ ਪਰ ਬਹੁਤ ਹੀ ਤੰਦਰੁਸਤ। ਮੈਂ ਬਹੁਤ ਹੈਰਾਨ ਹੁੰਦਾ ਸੀ ਉਹ ਬਿਨਾਂ ਕਿਸੇ ਕਪੜੇ-ਲੱਤੇ ਦੇ ਕਿਸ ਤਰ੍ਹਾਂ ਰਹਿੰਦੇ ਸਨ, ਬਿਨਾਂ ਕਿਸੇ ਅੱਗ ਦੇ ਉਨ੍ਹਾਂ ਕੋਲ ਕੁਝ ਨਹੀਂ ਸੀ, ਇਕ ਸਵਾਮੀ ਜੋ ਅੱਧਾ ਮੀਲ ਉਪਰ ਨੂੰ ਗੋਮੁਖ ਵਲ ਰਹਿੰਦੇ ਸਨ, ਰੋਜ਼ ਉਨ੍ਹਾਂ ਲਈ ਕੁਝ ਖਾਣ ਲਈ ਲਿਆਇਆ ਕਰਦੇ ਸਨ, ਦਿਨ ਵਿਚ ਇਕ ਵਾਰੀ ਉਹ ਭੁੰਨੇ ਹੋਏ ਆਲੂ ਅਤੇ ਇਕ ਰੋਟੀ ਖਾਂਦੇ ਸਨ।

ਉਥੇ ਹਰ ਕੋਈ ਹਰੀ ਚਾਹ ਪੀਂਦਾ ਹੈ ਜਿਸ ਵਿਚ ‘ਗੰਗਾ ਤੁਲਸੀ’ ਨਾਮਕ ਇਕ ਬੂਟੀ ਮਿਲਾਈ ਹੁੰਦੀ ਹੈ, ਉਥੇ ਰਹਿੰਦੇ ਸਵਾਮੀਆਂ ਨੇ ਮੈਨੂੰ ਬਹੁਤ ਸਾਰੀਆਂ ਜੜ੍ਹੀਆਂ ਬੂਟੀਆਂ ਦੇ ਸੇਵਨ ਬਾਰੇ ਦਸਿਆ ਅਤੇ ਮੇਰੇ ਨਾਲ ਗ੍ਰੰਥਾਂ ਬਾਰੇ ਵੀ ਗਲਬਾਤ ਕੀਤੀ। ਉਹ ਯੋਗੀ ਸ਼ਹਿਰਾਂ ਵਿਚ ਨਹੀਂ ਆਉਣਾ ਚਾਹੁੰਦੇ, ਹਰ ਗਰਮੀਆਂ ਵਿਚ ਲੱਖਾਂ ਯਾਤਰੀ ਗੌਮੁਖ ਜਾਂਦੇ ਹਨ, ਇਹ ਹਿਮਾਲੀਆ ਵਿਚ ਸਭ ਤੋਂ ਉਚਾਈ ਉਤੇ ਹੈ, ਉਨ੍ਹਾਂ ਦਿਨਾਂ ਵਿਚ ਛਿਆਨਵੇਂ ਮੀਲ ਤੁਰਨਾ ਪੈਂਦਾ ਸੀ, ਇਥੇ ਪਹੁੰਚਣ ਲਈ, ਜੋ ਕੋਈ ਚੜ੍ਹਦੀ ਕਲਾ ਦੀ ਦਸ਼ਾ ਦੇਖਣਾ ਚਾਹੁੰਦਾ ਸੀ, ਮਾਨਸਿਕ ਅਤੇ ਸਰੀਰਕ ਅਰੋਗਤਾ ਦੇਖਣਾ ਚਾਹੁੰਦਾ ਹੈ ਉਹ ਅੱਜ ਵੀ ਇਥੇ ਆ ਕੇ ਕੁਝ ਯੋਗੀਆਂ ਨੂੰ ਦੇਖ ਸਕਦਾ ਹੈ।

□ □ □ □ □ □ □ □

# ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੈ।

***ਡਾ. ਈਸ਼ਰ ਸਿੰਘ ਸੇਠੀ***

(Whatever you see in this universe, is present in your own body also. He who tries to find and understand the truth will ultimately get the reveleation.)

ਇਸ ਮਹਾਂਵਾਕ ਦੀ ਉਚਾਰਨਾ ਭਗਤ ਪੀਪਾ ਜੀ ਦੇ ਮੁਖਾਰਬਿੰਦ ਤੋਂ ਅੱਜ ਤੋਂ ਕੋਈ 500 ਵਰ੍ਹੇ ਪਹਿਲੋਂ ਹੋਈ ਜਦੋਂ ਕਿ ਅਜੋਕਾ ਗਿਆਨ ਵਿਗਿਆਨ ਹਾਲਾਂ ਜਨਮਿਆਂ ਵੀ ਨਹੀਂ ਸੀ ਅਤੇ ਦੁਨੀਆਂ ਹਾਲਾਂ ਧਰਤੀ ਨੂੰ ਹੀ ਇਸ ਸਾਰੇ ਬ੍ਰਹਿਮੰਡ ਦਾ ਕੇਂਦਰ ਸਮਝਦੀ ਸੀ ਜਿਸ ਦੇ ਦੁਆਲੇ ਸੂਰਜ ਅਤੇ ਇਹ ਸਾਰਾ ਬ੍ਰਹਿਮੰਡ ਚੱਕਰ ਲਗਾਉਂਦਾ ਸਮਝਦੀ ਸੀ। ਉਸ ਜ਼ਮਾਨੇ ਵਿਚ ਕੋਈ ਦੂਰਬੀਨਾਂ ਜਾਂ ਖੁਰਦਬੀਨਾਂ ਨਹੀਂ ਸਨ ਜਿਨ੍ਹਾਂ ਨਾਲ ਅਸੀਂ ਦੂਰ ਦੇ ਚੰਦ ਸਿਤਾਰੇ ਜਾਂ ਨਜ਼ਦੀਕ ਦੇ ਕੀਟਾਣੂ ਆਦਿ ਵੇਖ ਸਕੀਏ। ਇਹ ਤਾਂ ਕੇਵਲ ਉਨ੍ਹਾਂ ਆਤਮਾਵਾਂ ਦੀ ਦਿਬਯ ਦ੍ਰਿਸ਼ਟੀ ਹੀ ਅਨੁਭਵ ਕਰ ਸਕਦੀ ਸੀ। ਅੱਜ ਦਾ ਵਿਗਿਆਨ ਇਸ ਮਹਾਂ ਸੱਚ ਦੀ ਹੂ-ਬ-ਹੂ ਪ੍ਰੋੜ੍ਹਤਾ ਕਰਦਾ ਹੈ ਅਤੇ ਇਸ ਵਿਚ ਜ਼ਰਾ ਮਾਤਰ ਵੀ ਸ਼ੱਕ ਨਹੀਂ ਕਿ ਜੋ ਕੁਝ ਸਾਡੀਆਂ ਅੱਖਾਂ ਬਾਹਰਲਾ ਦ੍ਰਿਸ਼ ਵੇਖ ਸਕਦੀਆਂ ਹਨ ਉਹ ਸਭ ਕੁਝ ਸਾਡੇ ਅੰਦਰ ਵੀ ਵਰਤ ਰਿਹਾ ਹੈ। ਇਹ ਮਨੁੱਖਾ ਦੇਹੀ ਉਸ ਕਰਤੇ ਦੀ ਇਕ ਐਸੀ ਅਦਭੁੱਤ ਦੇਣ ਹੈ ਜਿਸਦੀ ਹੋਰ ਕੋਈ ਮਿਸਾਲ ਮਿਲਣੀ ਅਸੰਭਵ ਹੈ। ਇਹ ਸਾਡੀ ਤੁਛ ਜਿਹੀ ਬੁੱਧੀ ਅਨੁਸਾਰ ਉਲੀਕੇ ਗਏ ਭੌਤਿਕ ਗਿਆਨ ਅਤੇ ਪਰਾ-ਵਿਗਿਆਨ (Physical ਅਤੇ metaphysical) ਦੇ ਸਾਰੇ ਅਸੂਲਾਂ ਅਨੁਸਾਰ ਹੈ ਅਤੇ Engineering (ਕਲਾ ਵਿਗਿਆਨ) ਦੇ ਹਰ ਪੱਖੋਂ ਸੋਚਣੀ ਤੇ ਪੂਰੀ ਉਤਰਦੀ ਹੈ। ਇਸ ਤੇ ਹਰ ਇਕ ਅੰਗ ਦੀ ਬਣਤਰ ਆਪਣੇ ਆਪ ਵਿਚ ਪੂਰਨਤਾ ਦੀ ਮਿਸਾਲ ਹੈ ਅਤੇ ਸਮੁੱਚੇ ਢੰਗ ਨਾਲ ਇਨ੍ਹਾਂ ਦਾ ਆਪਸ ਵਿਚ ਜੋੜ ਅਤੇ ਤਾਲਮੇਲ ਇਕ ਅਨੋਖੀ ਕਿਸਮ ਦੀ ਕਾਢ ਹੈ। ਇਸ ਦਾ ਹਰ ਇਕ ਸੈਲ (Unit of life) ਆਪਣੇ ਆਪ ਵਿਚ ਇਕ ਪੂਰੀ ਫੈਕਟਰੀ ਹੈ ਜੋ ਸਾਰਾ ਕੰਮ (automatic) ਸ੍ਵੈ ਸੰਚਾਲਕ ਤਰੀਕੇ ਨਾਲ ਨਿਭਾ ਰਹੀ ਹੈ ਅਤੇ ਇਹੋ ਜਿਹੇ ਅਦਭੁੱਤ ਰਸਾਇਣ ਬਣਾ ਰਹੇ ਹਨ ਜਿਹੜੇ ਸਾਡੀਆਂ ਲਗਾਈਆਂ ਹੋਈਆਂ ਵੱਡੀਆਂ ਤੋਂ ਵੱਡੀਆਂ ਫੈਕਟਰੀਆਂ ਵੀ ਅੱਜ ਤਕ ਨਹੀਂ ਬਣਾ ਸਕੀਆਂ। ਇਸ ਵਿਚ ਹੀ ਸਾਰਾ ਵਧਣ ਫੁਲਣ, ਤੋੜ ਫੋੜ ਕਰਨ, ਆਪਣੇ ਆਪ ਨੂੰ ਮੁੜ ਠੀਕ ਕਰਨ ਦਾ ਸਾਰਾ ਸਮਾਨ ਮੌਜੂਦ ਹੈ। ਕਿਸੇ ਵੀ ਗਿਆਤ ਅਗਿਆਤ ਹਰ ਔਕੜ ਦਾ ਪੂਰੀ ਤਰ੍ਹਾਂ ਟਾਕਰਾ ਕਰਨ ਦੀ ਸਮਰਥਾ ਰਖਦੀ ਹੈ। ਆਪਣੇ ਜਿਹਾ ਹੋਰ ਬਣਾ ਸਕਣ ਦੀ ਸਮਰਥਾ ਇਸ ਨੂੰ ਕੁਦਰਤ ਦੀ ਸਭ ਤੋਂ ਵੱਡੀ ਦੇਣ ਸਮਝਣਾ ਚਾਹੀਦਾ ਹੈ। ਜਨਮ ਤੇ ਮੌਤ ਦਾ ਸਿਲਸਿਲਾ ਇਸ ਅੰਦਰ ਅਗਿਆਤ ਤੌਰ ਤੇ ਹਰ ਛਿਣ ਵਰਤ ਰਿਹਾ ਹੈ ਅਤੇ ਕੋਈ ਵੀ ਛਿਣ ਖਾਲੀ ਨਹੀਂ ਜਿਸ ਵਿਚ ਕਿਤੇ ਨਾ ਕਿਤੇ ਕੋਈ ਸੰਘਰਸ਼ ਨਾ ਚਲਦਾ ਹੋਵੇ। ਇਹ ਮਸ਼ੀਨਰੀ ਲਗਭੱਗ 60 trillion (6 ਲੱਖ ਕਰੋੜ) ਸੈਲਾਂ ਦਾ ਇਕ ਅਨੋਖਾ ਸੰਗਠਨ ਹੈ ਜਿਸ ਵਿਚ ਹਰ ਸੈਲ ਦੀ ਆਪਣੀ ਇਕ ਇਕਾਈ ਹੈ। ਹਰ ਇਕ ਦੀ ਆਪਣੀ-ਆਪਣੀ ਡਿਊਟੀ ਵੰਡੀ ਹੋਈ ਹੈ ਅਤੇ ਹਰ ਇਕ ਸੈਲ ਇਸ ਡਿਊਟੀ ਨੂੰ ਪੂਰਨ ਤੌਰ ਤੇ ਨਿਭਾਉਂਦਾ ਹੈ। ਹਰ ਇਕ ਸੈਲ ਆਪਣਾ ਦੁਖ-ਸੁਖ ਸਾਂਝਾ ਕਰਨ ਲਈ ਕੇਂਦਰੀ ਦਫਤਰ ਨਾਲ ਟੈਲੀਫੋਨ ਅਤੇ ਬਿਜਲੀ ਦੀਆਂ ਤਾਰਾਂ ਰਾਹੀਂ (Sensory and motor nerves) ਜੁੜਿਆ ਹੋਇਆ ਹੈ। ਹਰ ਸੈਲ ਆਪਣੀ ਮਿਥੀ ਹੋਈ ਆਯੂ ਭੋਗ ਕੇ ਆਪਣੀ ਥਾਂ ਤੇ ਆਪਣੇ ਜਿਹਾ ਹੋਰ ਸੈਲ ਬਣਾ ਕੇ ਛੱਡ ਜਾਂਦਾ ਹੈ ਅਤੇ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰ ਦਿੰਦਾ ਹਾਂ। ਇਸ ਤਰ੍ਹਾਂ ਰੋਜ਼ ਲੱਖਾਂ ਹੀ ਨਵੇਂ ਸੈਲ ਜੰਮਦੇ ਤੇ ਮਰਦੇ ਹਨ ਅਤੇ ਇਸ ਦੇਹੀ ਰੂਪੀ ਮਸ਼ੀਨਰੀ ਨੂੰ ਨਵੀਂ ਨਰੋਈ ਰਖਦੇ ਹਨ। ਸੈਲ ਸਭ ਤੋਂ ਛੋਟੀ ਜ਼ਿੰਦਗੀ ਦੀ ਇਕ ਇਕਾਈ ਹੈ (Unit of life) ਪਰ ਕੁਦਰਤ ਨੇ ਇਸ ਨੂੰ ਉਹ ਸਭ ਲੋੜੀਦੀਆਂ ਚੀਜ਼ਾਂ ਦਿਤੀਆਂ ਹੋਈਆਂ ਹਨ ਜੋ ਕਿ ਪੂਰੀ ਮਸ਼ੀਨਰੀ ਨੂੰ ਦਿਤੀਆਂ ਹਨ। ਇਸ ਦਾ ਖਾਣ ਪੀਣ ਦਾ ਇਕ ਆਪਣਾ ਰਸਤਾ ਹੈ ਅਤੇ waste products ਫਾਲਤੂ ਅੰਸ਼ ਬਾਹਰ ਸੁਟਣ ਦਾ ਦੂਜਾ ਰਸਤਾ ਹੈ। ਖਾਣਾ ਪੀਣਾ ਹਜ਼ਮ ਕਰਨ ਲਈ ਲੋੜੀਂਦੀਆਂ ਐਨਜ਼ਾਈਮ ਉਹ ਆਪ ਬਣਾਉਂਦਾ ਹੈ ਅਤੇ ਸਾਰੀ ਕ੍ਰਿਆ ਸੋਧਣ ਲਈ ਆਪਣਾ ਦਿਮਾਗ ਕੁਦਰਤ ਨੇ ਇਸ ਨੂੰ ਦਿਤਾ ਹੋਇਆ ਹੈ ਜਿਸਨੂੰ ਅਸੀਂ nucleus ਆਖਦੇ ਹਾਂ। ਇਸ ਨੁਕਲੀਅਸ ਦੇ ਅੰਦਰ ਉਹ ਸਾਰਾ ਕਾਰਜ ਉਲੀਕਿਆ ਹੋਇਆ ਹੈ ਜੋ ਕਿ ਇਸ ਨੇ ਕਰਨਾ ਹੈ। ਇਕ ਸੈਲ ਦੇ ਨੁਕਲੀਅਸ ਵਿਚ 23 ਜੋੜੇ chromosomes ਹਨ ਅਤੇ ਹਰ ਕਰੋਮੋਸੋਮ ਵਿਚ ਹਜ਼ਾਰ ਤੋਂ ਵੱਧ ਜੀਨਜ਼ ਹਨ। ਹਰ ਇਕ ਜ਼ੀਨ ਆਪਣੇ ਆਪਣੇ ਕੰਮ ਲਈ ਮਿਥਿਆ ਹੋਇਆ ਹੈ ਅਤੇ ਉਸ ਮੁਤਾਬਿਕ ਹਰ ਸੈਲ ਦੀ ਕ੍ਰਿਆ ਚਲਦੀ ਹੈ। ਇਨ੍ਹਾਂ ਜੀਨਜ਼ ਰਾਹੀਂ ਹੀ ਹਰ ਸੈਲ ਆਪਣੇ ਵੱਡੇ-ਵਡੇਰਿਆਂ ਤੋਂ ਵਿਰਸਾ ਲੈਂਦਾ ਹੈ ਜਿਸ ਨਾਲ ਸਮੁੱਚੀ ਸਰੀਰ ਦੀ ਇਕਾਈ ਵਖਰਾਪੁਣ-ਹਉਮੈ ਬਣਦੀ ਹੈ। ਇਨ੍ਹਾਂ ਜੀਨਜ਼ ਰਾਹੀਂ ਹੀ ਵੱਡੇ ਵਡੇਰਿਆਂ ਤੋਂ ਉਨ੍ਹਾਂ ਦਾ ਰੰਗ ਰੂਪ, ਉਨ੍ਹਾਂ ਦੀਆਂ ਖਸਲਤਾਂ ਉਨ੍ਹਾਂ ਦੇ ਗੁਣ ਅਤੇ ਔਗੁਣ ਉਨ੍ਹਾਂ ਦੀਆਂ ਬਿਮਾਰੀਆਂ, ਉਨ੍ਹਾਂ ਦੀਆਂ ਅੱਖਾਂ, ਵਾਲਾਂ ਅਤੇ ਚਮੜੀ ਦੇ ਰੰਗ ਉਨ੍ਹਾਂ ਦੇ ਚਿਹਰੇ ਦੀ ਅਤੇ ਹੋਰ ਅੰਗਾਂ ਦੀ ਬਣਤਰ ਆਦਿ ਗੱਲ ਕੀ ਉਨ੍ਹਾਂ ਦੀ ਮਿਲਦੀ ਜੁਲਦੀ ਕਾਪੀ ਬਣਾਉਣੀ ਉਹ ਸਭ ਕੁਝ ਉਨ੍ਹਾਂ ਜੀਨਜ਼ ਉਤੇ ਉਲੀਕਿਆ ਹੋਇਆ ਹੈ ਅਤੇ ਜਿਸ ਤਰ੍ਹਾਂ ਇਕ ਵੱਡਾ ਮਿਸਤਰੀ ਇਕ ਮਕਾਨ ਦੇ ਨਕਸ਼ੇ ਮੁਤਾਬਿਕ ਵੱਡੀ ਇਮਾਰਤ ਖੜ੍ਹੀ ਕਰ ਦਿੰਦਾ ਹੈ ਇਸੇ ਤਰ੍ਹਾਂ ਹੀ ਇਹ ਜੀਨਜ਼ ਇਕ ਨਕਸ਼ੇ ਦਾ ਕੰਮ ਕਰਦੇ ਹਨ ਅਤੇ ਇਸ ਦੇਹੀ ਦੀ ਮਸ਼ੀਨਰੀ ਨੂੰ ਉਸ ਮੁਤਾਬਿਕ ਹੀ ਬਣਾ ਦਿੰਦੇ ਹਨ। ਜਿਸ ਤਰ੍ਹਾਂ ਇਕ ਸ਼ਹਿਰ ਵਿਚ ਅੱਡ-ਅੱਡ ਕਿਸਮ ਦੀਆਂ ਦੁਕਾਨਾਂ ਦੇ ਕੰਮ ਵੰਡੇ ਹੋਏ ਹੁੰਦੇ ਹਨ, ਸ਼ਹਿਰ ਦੀ ਜ਼ਰੂਰਤ ਅਨੁਸਾਰ ਸਭ ਕੁਝ ਪੂਰਾ ਕੀਤਾ ਜਾਂਦਾ ਹੈ, ਖੁਰਾਕ ਤੋਂ ਇਲਾਵਾ ਸਫਾਈ ਅਤੇ ਬਿਜਲੀ ਪਾਣੀ ਦੀ, ਵਰਕਰਾਂ ਲਈ training school, ਪੋਲੀਸ ਅਤੇ ਫੌਜੀ ਸਾਜੋ ਸਾਮਾਨ ਪੂਰਾ ਕਰਨ ਲਈ ਕੇਂਦਰੀ ਦਫਤਰ ਅਤੇ ਛੋਟੇ ਦਫਤਰ ਬਣਾਏ ਜਾਂਦੇ ਹਨ ਐਨ ਇਸੇ ਤਰ੍ਹਾਂ ਹੀ ਉਹ ਸਭ ਕੁਝ ਇਸ ਮਸ਼ੀਨਰੀ ਵਿਚ ਮੌਜੂਦ ਹੈ।

'ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥' ਫਰਕ ਕੇਵਲ ਇਤਨਾ ਹੈ ਕਿ ਇਹ ਸਭ ਕੁਝ 24 ਘੰਟੇ ਬਿਨਾਂ ਕਿਸੀ ਰੋਕ ਟੋਕ ਦੇ ਅਤੇ ਬਿਨਾਂ ਕਿਸੀ ਛੁੱਟੀ

ਆਦਿ ਦੇ ਹੋ ਰਿਹਾ ਹੈ ਜਿਸ ਦੀ ਸਾਨੂੰ ਕੋਈ ਸੋਝੀ ਨਹੀਂ ਅਤੇ ਨਾ ਹੀ ਸਾਡੇ ਤੋਂ ਪੁੱਛ ਕੇ ਹੋ ਰਿਹਾ ਹੈ। ਇਸ ਸਾਰੀ ਕ੍ਰਿਆ ਤੋਂ ਬਾਦ ਹਰ ਸੈਲ ਅਤੇ ਉਹਦੇ ਵਾਤਾਵਰਣ ਨੂੰ ਸਾਫ ਰੱਖਣ ਦਾ ਵੀ ਇਸ ਦਾ ਆਪਨਾ ਹੀ ਨਿਰਾਲਾ ਢੰਗ ਹੈ। ਥਾਂ-ਥਾਂ lymphatic vessels ਨਾਲੀਆਂ ਦੀ ਤਰ੍ਹਾਂ ਵਿਛੀਆਂ ਹੋਈਆਂ ਹਨ ਅਤੇ ਇਨ੍ਹਾਂ ਵਿਚ ਦੀ ਉਹ ਸਾਰਾ ਕੂੜਾ ਕਰਕਟ ਥਾਂ-ਥਾਂ ਤੋਂ ਇਕੱਠਾ ਕਰਕੇ ਰਸਤੇ ਵਿਚ ਕਈ ਜਗ੍ਹਾ ਫਿਲਟਰ ਲੱਗੇ ਹੋਏ ਹਨ ਉਨ੍ਹਾਂ ਵਿਚ ਦੀ ਛਣ-ਛਣ ਕੇ ਲੰਘਦਾ ਹੋਇਆ ਵੱਡੀ ਨਾਲੀ ਥਾਣੀ ਖੂਨ ਦੀ ਵੱਡੀ ਨਾਲੀ ਵਿਚ ਜਾ ਮਿਲਦਾ ਹੈ ਤੇ ਉਥੇ ਫਿਰ ਫੇਫੜੇ ਅਤੇ ਗੁਰਦੇ ਰਾਹੀਂ ਖੂਨ ਸਾਫ ਹੋ ਕੇ ਥਾਂ-ਥਾਂ ਖੁਰਾਕ ਪਹੁੰਚਾਉਂਦਾ ਹੋਇਆ ਖੂਨ ਦਿਨ ਰਾਤ ਗੇੜੇ ਕੱਢਦਾ ਰਹਿੰਦਾ ਹੈ। ਹਰ ਸੈਲ ਥੋੜ੍ਹਾ ਆਰਾਮ ਦੇਣ ਲਈ ਆਪਸ ਵਿਚ ਡਿਊਟੀਆਂ ਵੰਡੀਆਂ ਹੋਈਆਂ ਹਨ ਅਤੇ ਸਾਰੇ ਸੈਲ ਆਪਣੀ-ਆਪਣੀ ਸਿਫਟ ਮੁਤਾਬਿਕ ਕੰਮ ਕਰਕੇ ਰਹਿੰਦੇ ਹਨ। ਜ਼ਰੂਰਤ ਪੈਣ ਤੇ ਸਾਰੇ ਹੀ ਸੈਲ ਆਪਣੀ ਡਿਊਟੀ ਦੇਣ ਲਈ ਤਿਆਰ ਰਹਿੰਦੇ ਹਨ। ਸਾਰਾ ਕੰਮ ਪੂਰੇ ਵਿਗਿਆਨਕ ਢੰਗ ਰਾਹੀਂ, ਰਸਾਇਣਾਂ ਦੀ ਵਰਤੋਂ ਨਾਲ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬਣਾਉਣ ਲਈ ਕਈ ਕਾਰਖਾਨੇ ਅੱਡ-ਅੱਡ ਥਾਂ ਤੇ ਬਣੇ ਹੋਏ ਹਨ। ਇਨ੍ਹਾਂ ਸਾਰੇ ਕਾਰਖਾਨਿਆਂ ਤੇ ਕੰਟਰੋਲ ਰੱਖਣ ਲਈ ਇਕ ਛੋਟਾ ਜਿਹਾ ਕੇਵਲ ਮਟਰ ਦੇ ਦਾਣੇ ਜਿਤਨਾ ਕਾਰਖਾਨਾ ਜਿਸ ਨੂੰ ਅਸੀਂ Pituitary gland ਆਖਦੇ ਹਨ ਉਹ ਸਾਡੀ ਖੋਪਰੀ ਵਿਚਕਾਰ ਦਿਮਾਗ ਦੇ ਥੱਲੇ ਆਪਣੇ ਇਕ ਤਖਤ ਤੇ ਬੈਠਾ ਹੈ ਅਤੇ ਇਸ ਤੋਂ ਕੋਈ 30 ਕਿਸਮ ਦੀਆਂ ਰਸਾਇਣਾਂ ਨਿਕਲਦੀਆਂ ਹਨ ਜਿਹੜੇ ਬਾਕੀ ਦੇ ਸਾਰੇ ਕਾਰਖਾਨਿਆਂ ਤੋਂ ਆਪਣੀਆਂ-ਆਪਣੀਆਂ ਡਿਊਟੀਆਂ ਪੂਰੀ ਤਰ੍ਹਾਂ ਨਿਭਾਉਣ ਲਈ ਤਿਆਰ ਰਖਦੀਆਂ ਹਨ। ਇਸ ਦੇਹੀ ਦੇ 60 trillion 6 ਲੱਖ ਕਰੋੜ ਤੋਂ ਵੀ ਵੱਧ ਸੈਲ ਨੂੰ ਸੰਘਠਨ ਰੱਖ ਕੇ ਉਨ੍ਹਾਂ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਨਾ ਅਤੇ ਪੂਰਾ ਤਾਲਮੇਲ ਰੱਖਣ ਦਾ ਕੰਮ ਸਾਡੇ ਮੁਲਕ ਦੀ ਕੇਂਦਰੀ ਸਰਕਾਰ ਦੇ ਕੰਮ ਤੇ ਕਈ ਗੁਣਾਂ ਜ਼ਿਆਦਾ ਹੈ। ਤਾਂ ਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਇਸ ਦੇਹੀ ਨੂੰ ਐਵੇਂ ਅਜਾਈਂ ਹੀ ਖਰਾਬ ਹੋਣ ਤੋਂ ਬਚਾਈਏ। ਇਹ ਦੇਹੀ ਸਾਡੀ ਆਤਮਾ ਨੂੰ ਪਿਛਲੇ ਕਰਮਾਂ ਅਨੁਸਾਰ ਇਨਾਮ ਵਿਚ ਦਿਤੀ ਹੋਈ ਹੈ ਅਤੇ ਇਸ ਨੂੰ ਠੀਕ ਅਤੇ ਨਵੀਂ ਨਰੋਈ ਰਖਣਾ ਸਾਡਾ ਪਰਮ ਧਰਮ ਹੈ। ਇਸ ਦੇ ਠੀਕ ਰਹਿਣ ਨਾਲ ਹੀ ਅਸੀਂ ਆਤਮਕ ਮੰਡਲ ਵਿਚ ਅਗਾਂਹ ਵਧ ਸਕਦੇ ਹਾਂ।

*ਇਸ ਦੇਹੀ ਕਉ ਸਿਮਰਹਿ ਦੇਵ॥*
*ਸੋ ਦੇਹੀ ਭਜੁ ਹਰਿ ਕੀ ਸੇਵ॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ॥*
*ਮਾਨਸ ਜਨਮ ਕਾ ਏਹੀ ਲਾਹੁ॥* *ਪੰਨਾ - 1159*

## ਪਾਠਕਾਂ ਦੇ ਸਹਿਯੋਗ ਹਿਤ ਯਾਚਨਾ

ਸਤਿਕਾਰਯੋਗ ਆਤਮ-ਮਾਰਗ ਦੇ ਪਾਂਧੀਓ! ਤੁਸੀਂ ਨਿਰਸੰਦੇਹ ਵਡਭਾਗੀ ਹੋ ਜੋ ਮਹਾਂਪੁਰਸ਼ਾਂ ਦੀ ਅਸੀਸ ਦੇ ਪਾਤਰ ਬਣੇ ਹੋ ਅਤੇ ਸਤਿਗੁਰੂ ਦੀਆਂ ਖੁਸ਼ੀਆਂ ਮਾਣ ਰਹੇ ਹੋ, 'ਧੁਰ ਕੀ ਬਾਣੀ' ਦੇ ਗੁਹਜ ਭਾਵ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਰਾਹੀਂ ਪੜ੍ਹ ਰਹੇ ਹੋ ਅਤੇ ਅਗੰਮ ਅਗੋਚਰ ਦੇ ਗੁਹਜ ਭਾਵ 'ਆਤਮ ਮਾਰਗ' ਰਾਹੀਂ ਆਪ ਪਾਸ ਪੁੱਜ ਰਹੇ ਹਨ। ਮਿਸ਼ਨ ਇਸ ਸਿਲਸਲੇ ਨੂੰ ਨਿਰੰਤਰ ਜਾਰੀ ਰਖਣਾ ਚਾਹੁੰਦਾ ਹੈ ਅਤੇ ਇਸ ਕਾਰਜ ਲਈ ਆਪ ਜੀ ਦੇ ਇਕ ਸਹਿਯੋਗ ਦੀ ਆਸ ਕਰਦਾ ਹੈ। 'ਆਤਮ ਮਾਰਗ' ਦਾ ਮੈਟਰ ਤਾਂ ਸਰਵੋਤਮ ਹੈ ਹੀ, ਪਰ ਨਾਲ ਹੀ ਕਾਗਜ਼, ਪ੍ਰਿੰਟ, ਫੋਟੋ, ਦਿਖ ਸਭ ਪੱਖੋਂ ਸਰਵੋਤਮਤਾ ਹੀ ਸਾਡਾ ਨਿਸ਼ਾਨਾ ਹੈ। ਮਿਸ਼ਨ ਨੇ ਖਰਚੇ ਦਾ ਕਦੀ ਧਿਆਨ ਨਹੀਂ ਕੀਤਾ, ਪ੍ਰਚਾਰ ਹੀ ਸਾਡਾ ਨਿਸ਼ਾਨਾ ਤੇ ਮੰਤਵ ਰਿਹਾ ਹੈ। ਇਹ ਘਾਟਾ ਕਿਤੇ ਵਿਘਨ ਨਾ ਬਣ ਜਾਵੇ, ਇਸ ਆਸ਼ੇ ਨੂੰ ਮੁੱਖ ਰਖਦਿਆਂ ਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਅਪ੍ਰੈਲ 1998 ਤੋਂ ਆਤਮ ਮਾਰਗ ਦਾ ਮੁੱਲ 15/- ਤੋਂ ਵਧਾ ਕੇ 20/- ਰੁਪਏ ਪ੍ਰਤੀ ਕਾਪੀ ਅਤੇ ਸਾਲ ਦਾ ਚੰਦਾ 200/- ਰੁ: ਪ੍ਰਤੀ ਸਾਲ ਕਰ ਦਿਤਾ ਜਾਵੇ। ਲਾਈਫ ਮੈਂਬਰਸ਼ਿਪ ਲਈ 2000/- ਰੁਪਏ ਭੇਟਾ ਹੋਵੇਗੀ। ਪਿਛਲੇ ਪ੍ਰਾਪਤ ਚੰਦਿਆਂ ਵਿਚ ਵਾਧਾ ਨਹੀਂ ਹੋਵੇਗਾ ਪ੍ਰੰਤੂ ਅਪ੍ਰੈਲ 1998 ਤੋਂ ਹੋਣ ਵਾਲੇ ਰਿਨਿਊਲ ਅਤੇ ਨਵੀਂ ਮੈਂਬਰਸ਼ਿਪ ਦੀ ਦਰ 200/- ਰੁ: ਪ੍ਰਤੀ ਸਾਲ ਹੋਵੇਗੀ। ਆਸ ਹੈ ਆਪ ਜੀ ਖੁਸ਼ੀ-ਖੁਸ਼ੀ ਸਹਿਯੋਗ ਦੇ ਕੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦੇ ਪਾਤਰ ਬਣੋਗੇ। ਅਦਾਰਾ 'ਆਤਮ ਮਾਰਗ' ਆਪ ਜੀ ਦਾ ਦਿਲੋਂ ਰਿਣੀ ਹੈ।

*ਮੁੱਖ ਸੰਪਾਦਕ*

## ਜ਼ਰੂਰੀ ਬੇਨਤੀ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
3. **Out station** (ਬਾਹਰਲੇ ਥਾਵਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ 1.4.98 ਤੋਂ ਸ਼ੁਰੂ ਹੋਣ ਵਾਲੀ ਮੈਂਬਰਸ਼ਿਪ ਲਈ 220/- ਰੁਪਏ ਦਾ ਚੈਕ ਬਣਾ ਕੇ ਭੇਜਿਆ ਜਾਵੇ।
4. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ ਇਸ ਸੂਰਤ ਵਿਚ ਸੂਚਨਾ ਮਿਲਣ ਤੇ ਆਤਮ ਮਾਰਗ ਦਫਤਰ ਵਲੋਂ ਦੁਬਾਰਾ ਭੇਜ ਦਿਤਾ ਜਾਂਦਾ ਹੈ।
5. ਪਾਠਕਾਂ ਵਲੋਂ ਦਫਤਰ ਵਿਚ ਪੁਜ ਰਹੀਆਂ ਚਿੱਠੀਆਂ ਤੇ ਉਨ੍ਹਾਂ ਦਾ ਐਡਰੈਸ ਅਧੂਰਾ ਹੁੰਦਾ ਹੈ ਜਾਂ ਬਿਲਕੁਲ ਹੀ ਨਹੀਂ ਹੁੰਦਾ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਉਹ ਪੱਤਰ ਵਿਹਾਰ ਕਰਦੇ ਸਮੇਂ ਪੂਰਾ ਪਤਾ ਲਿਖਿਆ ਕਰਨ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।

# ਲਿਵ ਲਾਉਣ ਸਬੰਧੀ ਤੱਤ ਗਿਆਨ

*ਡਾ. ਵੇਦ ਭਾਰਤੀ ਜੀ, ਡੀ. ਲਿਟ*
*ਰਿਸ਼ੀਕੇਸ਼*

ਸੰਸਾਰ ਵਿਚ ਰਹਿੰਦਿਆਂ ਮਨੁੱਖ ਇਹ ਇੱਛਾ ਰਖਦਾ ਹੈ ਅਤੇ ਯਤਨ ਕਰਦਾ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਕਿਵੇਂ ਕਰੇ। ਜਿਹੜਾ ਵੀ ਜਗਿਆਸਾ ਰਖਦਾ ਹੈ ਉਹ ਕਿਸੇ ਨਾ ਕਿਸੇ ਮਾਰਗ ਦੀ ਢੂੰਡ ਵਿਚ ਰਹਿੰਦਾ ਹੀ ਹੈ। ਮਨੁੱਖ ਦਾ ਰਿਸ਼ਤਾ ਸੰਸਾਰ ਨਾਲ ਕਿਤੇ ਟੇਡਾ ਤੇ ਕਿਤੇ ਸਿੱਧਾ ਏਵੇਂ ਹੀ ਚਲਦਾ ਰਹਿੰਦਾ ਹੈ। ਬਹੁਤ ਵਾਰੀ ਮਨੁੱਖ ਇਹ ਵੀ ਨਹੀਂ ਜਾਣਦਾ ਕਿ ਉਸ ਦੇ ਮਨ ਦੇ ਬਾਹਰ ਕੀ ਹੋ ਰਿਹਾ ਹੈ, ਪਰ ਇਕ ਯੋਗੀ ਆਪਣੇ ਅੰਤਰ ਤੇ ਬਾਹਰ ਦੋਨਾਂ ਨੂੰ ਹੀ ਬੜੀ ਚੰਗੀ ਤਰ੍ਹਾਂ ਜਾਣਦਾ ਹੈ। ਉਹ ਜਾਣਦਾ ਹੈ ਕਿ ਕਮਰੇ ਵਿਚ ਚਾਨਣ ਦੀ ਲੋੜ ਹੈ, ਪਰ ਉਹ ਚਾਨਣ ਲਈ ਢੁਕਦਾ ਠੀਕ ਤਰੀਕੇ ਦਾ ਹੀ ਪ੍ਰਬੰਧ ਕਰੇਗਾ, ਉਹ ਕੋਈ ਗਲਤ ਤਰੀਕੇ ਨਾਲ ਚਾਨਣ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਕੋਈ ਘੱਟ ਸਮਝ ਵਾਲਾ ਮਨੁੱਖ ਭਾਵੇਂ ਕਿਸੇ ਗਲਤ ਤਰੀਕੇ ਨਾਲ ਰੋਸ਼ਨੀ ਕਰਨ ਦੀ ਕੋਸ਼ਿਸ਼ ਕਰੇਗਾ, ਕਹਿਣ ਤੋਂ ਭਾਵ ਇਹ ਹੈ ਕਿ ਆਤਮ ਮਾਰਗ ਤੇ ਤੁਰਨ ਲੱਗਿਆ ਰਸਤੇ ਵਿਚ ਬਹੁਤ ਸਾਰੇ ਹੋਰ ਤਰ੍ਹਾਂ ਦੇ ਅਨੁਭਵ, ਹੋਰ ਰਿਧੀਆਂ-ਸਿੱਧੀਆਂ ਅੱਗੇ ਪਿਛੇ ਲੱਗੀਆਂ ਫਿਰਦੀਆਂ ਹਨ, ਕਈ ਗੁਪਤ ਸ਼ਕਤੀਆਂ ਆ ਜਾਂਦੀਆਂ ਹਨ, ਮਾਨਸਿਕ ਸ਼ਕਤੀਆਂ ਵਧ ਜਾਂਦੀਆਂ ਹਨ, ਹੱਥ ਦੇਖਣਾ, ਜੋਤਿਸ਼, ਇਹ ਸਭ ਤੁਹਾਨੂੰ ਬਿਨ੍ਹਾਂ ਕਿਤੇ ਜਾਇਆ ਹੀ ਮਿਲ ਜਾਂਦਾ ਹੈ। ਕਿਹਾ ਜਾਂਦਾ ਹੈ ਇਹ ਸਭ ਕੁਝ ਜੋ ਕੁਝ ਵੀ ਤੁਹਾਨੂੰ ਅਨੁਭਵ ਹੁੰਦਾ ਹੈ। ਇਹ ਤਰਕ ਤੇ ਪੂਰਾ ਹੁੰਦਾ ਹੈ ਇਹ ਸਭ ਕੁਝ ਉਨ੍ਹਾਂ ਛੇ ਵਾਕਾਂ ਤੇ ਪੂਰਾ ਉਤਰਦਾ ਹੈ ਜਿਹੜੇ ਤੁਹਾਨੂੰ ਦਸੇ ਗਏ ਹਨ। ਜੋ ਕੁਝ ਵੀ ਤੁਸੀਂ ਲੱਭਣ ਦੀ ਚੇਸ਼ਟਾ ਕਰ ਰਹੇ ਹੋ, ਉਥੋਂ ਸਭ ਤੋਂ ਵੱਡੀ ਸਿਖਣ ਦੀ ਗੱਲ ਹੈ ਭਰੋਸਾ ਹੈ, ਭਰੋਸੇ ਤੋਂ ਬਿਨਾਂ ਠੀਕ ਮਾਰਗ ਮਿਲਣਾ ਬਹੁਤ ਕਠਿਨ ਹੈ, ਤੁਸੀਂ ਆਪਣਾ ਭਰੋਸਾ ਤਰਕ ਤੇ ਵੀ ਕਰ ਸਕਦੇ ਹੋ, ਉਸ ਤਰਕ ਤੇ ਭਰੋਸਾ ਕਰਕੇ ਵੀ ਤੁਸੀਂ ਠੀਕ ਦਿਸ਼ਾ ਵਿਚ ਜਾ ਸਕਦੇ ਹੋ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਤੁਸੀਂ ਸਿਮਰਨ ਲਈ ਕੀਤਾ ਸੀ, ਸਿਮਰਨ ਤੋਂ ਪਹਿਲਾਂ ਤੁਸੀਂ ਪੂਰੀ ਤਰ੍ਹਾਂ ਸਰੀਰ ਨੂੰ ਢਿੱਲਾ ਛੱਡਿਆ ਸੀ, ਨਿਸਲ ਕੀਤਾ ਸੀ ਹੁਣ ਉਸ ਤੋਂ ਅੱਗੇ ਚੱਲਣ ਦੀ ਲੋੜ ਹੈ, ਮੰਤਰ ਜਪ, ਮੰਤਰ ਨੂੰ ਦ੍ਰਿੜ੍ਹ ਕਰਨ ਦੀ ਲੋੜ ਹੈ। ਸਾਰੇ ਪੰਡਤ ਕਹਿੰਦੇ ਹਨ, ਸਵਾਮੀ ਦਸਦੇ ਹਨ, ਮੰਤਰ ਦ੍ਰਿੜ੍ਹ ਕਰਕੇ ਪੰਜ ਸਾਲ ਦੇ ਅੰਦਰ ਤੁਸੀਂ ਪ੍ਰਾਪਤੀ ਕਰ ਲੈਂਦੇ ਹੋ। ਮੈਂ ਤਾਂ ਇਹ ਕਰਕੇ ਨਹੀਂ ਦੇਖਿਆ ਪਰ ਕਹਿੰਦੇ ਹਨ ਕਿ ਇਸ ਤਰ੍ਹਾਂ ਹੁੰਦਾ ਹੈ, ਜ਼ਰੂਰ ਹੁੰਦਾ ਹੋਵੇਗਾ ਜੇ ਭਰੋਸਾ ਰੱਖੋ ਤਾਂ ਤੁਸੀਂ ਵੀ ਆਪਣਾ ਭਰੋਸਾ ਅਜ਼ਮਾ ਸਕਦੇ ਹੋ, ਧਿਆਨ ਤੁਹਾਨੂੰ ਕਿਥੇ ਲੈ ਜਾਂਦਾ ਹੈ, ਕਿਸ ਤਰ੍ਹਾਂ ਵਿਚਾਰਵਾਨ ਬਣਾ ਦਿੰਦਾ ਹੈ ਅਤੇ ਸਿਮਰਨ ਤੁਹਾਨੂੰ ਗਿਆਨ ਅਤੀਤ ਰਾਹੀਂ ਉਥੇ ਹੀ ਪਹੁੰਚਾ ਦਿੰਦਾ ਹੈ ਜਿਥੇ ਧਿਆਨ ਅਤੇ ਸਿਮਰਨ ਦੋਨੋਂ ਹੀ ਮਿਲ ਜਾਂਦੇ ਹਨ। ਤੁਸੀਂ ਇਹੋ ਜਿਹਾ ਅਭਿਆਸ ਕਰਨ ਦੀ ਕੋਸ਼ਿਸ਼ ਕਰੋ। ਇਹ ਉਦੋਂ ਕਰੋ ਜਦੋਂ ਤੁਹਾਡੇ ਕੋਲ ਮੰਤਰ ਨਹੀਂ। ਜਦੋਂ ਤੁਸੀਂ ਇਹ ਮਹਿਸੂਸ ਕਰੋ ਕਿ ਤੁਹਾਡੀ ਬੋਧਿਕ ਉਤੇਜਨਾ ਉਪਰ ਆ ਰਹੀ ਹੈ ਉਸ ਨੂੰ ਜਾਂਚੋ, ਦੇਖੋ, ਥੋੜ੍ਹੀ ਉਸ ਬਾਰੇ ਕਿੰਤੂ ਪਰੰਤੂ ਕਰੋ, ਫੇਰ ਉਸ ਨੂੰ ਦੇਖੋ, ਕਿਥੇ ਤੁਸੀਂ ਉਸ ਨੂੰ ਆਪਣੇ ਅੰਦਰ ਬਿਠਾ ਸਕਦੇ ਹੋ, ਜਦੋਂ ਮੈਂ ਕਹਿੰਦਾ ਹਾਂ, ਮੈਂ ਕਰ ਸਕਦਾ ਹਾਂ, ਮੈਂ ਕਰਾਂਗਾ, ਇਸ ਤੋਂ ਕੀ ਭਾਵ ਹੈ, ਮੈਂ ਭਾਵ ਕੀ ਹੈ? ਇਥੇ ਤਾਂ ਬ੍ਰਹਮ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ, ਜਦੋਂ ਤੁਹਾਨੂੰ ਇਸ ਗੱਲ ਦੀ ਸੋਝੀ ਹੋ ਜਾਵੇਗੀ ਕਿ ਮੈਂ ਆਤਮ ਬ੍ਰਹਮ ਹਾਂ, ਤੁਸੀਂ ਰਾਜ ਰਿਸ਼ੀਆਂ ਦੀ ਤਰ੍ਹਾਂ ਵਿਚਰੋਗੇ। ਰਾਜ ਰਿਸ਼ੀ ਭਾਰਤ ਵਿਚ ਰਾਜਸੀ ਪੰਡਤ ਹੋਇਆ ਕਰਦੇ ਸਨ, ਉਹ ਰਾਜੇ ਜਿਹੜੇ ਬੁੱਧੀਮਾਨ ਪੰਡਤ ਸਨ। ਅੱਜ ਦਾ ਸਮਾਂ ਬਦਲ ਗਿਆ ਹੈ ਅੱਜ ਫੇਰ ਇਹ ਵਿਸ਼ਵਾਸ਼ ਬਣ ਗਿਆ ਹੈ ਕਿ ਗ੍ਰਿਹਿਸਤੀ ਹੀ ਗੁਰੂ ਹੋਣੇ ਚਾਹੀਦੇ ਹਨ, ਉਪਨਿਸ਼ਦਾਂ ਦਾ ਅੱਧਾ ਗਿਆਨ ਰਾਜਸੀ ਪੰਡਤਾਂ ਦਾ ਦਿਤਾ ਹੋਇਆ ਹੈ, ਰਾਜੇ ਜਿਹੜੇ ਪੰਡਤ ਸੀ ਜੋ ਗੁਰੂ ਸਨ ਤੇ ਉਨ੍ਹਾਂ ਦੇ ਦਰਬਾਰ ਵਿਚ ਗੁਰੂਆਂ ਨੂੰ ਬੁਲਾਇਆ ਜਾਂਦਾ ਸੀ ਤੇ ਰਾਜਿਆਂ ਨੂੰ ਪਤਾ ਹੁੰਦਾ ਸੀ ਕਿ ਉਹ ਗੁਰੂ ਦੀ ਸਿਖਿਆ ਦੇ ਰਹੇ ਹਨ, ਇਕ ਜਗ੍ਹਾ ਉਪਨਿਸ਼ਦ ਵਿਚ ਪੰਡਤ ਯਜਨਾਵਲਕ ਨੇ ਪੁਛਿਆ, ਧਰਤੀ ਕਾਹਦੇ ਉਤੇ ਸਥਿਰ ਹੈ? ਅਕਾਸ਼ ਕਾਹਦੇ ਉਤੇ ਸਥਿਰ ਹੈ? ਪੁਲਾੜ ਕੀ ਹੈ? ਪੁਲਾੜ ਕਾਹਦੇ ਤੇ ਸਥਿਰ ਹੈ? ਯਜਨਾਵਲਕ ਨੇ ਇਹ ਉਤਰ ਦਿਤਾ ਕਿ ਸਭ ਕੁਝ ਚੇਤਨਤਾ ਤੇ ਹੀ ਸਥਿਰ ਹੈ। ਇਹ ਸੁਣ ਕੇ ਰਾਜਾ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, ਯਜਨਾਵਲਕ ਮੈਂ ਤੇਰੇ ਕੋਲੋਂ ਬਹੁਤ ਖੁਸ਼ ਹਾਂ, ਮੈਂ ਤੈਨੂੰ 1000 ਗਊ ਦਿੰਦਾ ਹਾਂ ਜਿਨ੍ਹਾਂ ਦੇ ਸਿੰਗ ਸੋਨੇ ਨਾਲ ਮੜ੍ਹੇ ਹੋਏ ਹਨ ਉਨ੍ਹਾਂ ਨੂੰ ਤੂੰ ਆਪਣੇ ਆਸ਼ਰਮ ਲੈ ਜਾ ਉਨ੍ਹਾਂ ਦੇ ਦੁੱਧ ਨਾਲ ਤੁਸੀਂ ਆਪਣੇ ਸ਼ਿਸ਼ਾਂ ਨੂੰ ਪਾਲੋ, ਇਸ ਇਕ ਵਾਕ ਦਾ ਮੈਂ ਮੁਲ ਦੇ ਨਹੀਂ ਸਕਦਾ ਪਰ ਇਹ ਇਕ ਭੇਦ ਹੈ, ਅੱਜ ਦਾ ਵਾਦ ਵਿਵਾਦ ਇਥੇ ਖਤਮ ਹੁੰਦਾ ਹੈ।

ਵੱਡੇ-ਵੱਡੇ ਪੰਡਤ ਰਾਜੇ ਦੇ ਦਰਬਾਰ ਵਿਚ ਆਉਂਦੇ ਸੀ, ਇਕ ਸਾਧੂ ਜਿਹੜਾ ਜੰਗਲ ਵਿਚ ਰਹਿੰਦਾ ਸੀ ਉਸ ਨੇ ਆਪਣੇ ਪੁੱਤਰ ਨੂੰ ਉਪਨਿਸ਼ਦਾਂ ਦਾ ਗਿਆਨ ਦਿਤਾ, ਨਾਲ ਹੀ ਵੇਦਾਂਤ ਦਾ ਗਿਆਨ ਵੀ ਦਿਤਾ ਇਹ ਸਭ ਕੁਝ ਕਰਕੇ ਉਸਨੇ ਆਪਣੇ ਪੁਤਰ ਨੂੰ ਕਿਹਾ, ਤੂੰ ਹੁਣ ਯਜਨਾਵਲਕ ਦੇ ਦਰਬਾਰ ਵਿਚ ਜਾਹ, ਬਾਕੀ ਦਾ ਜੋ ਰਹਿੰਦਾ ਹੈ ਉਹ ਰਾਜੇ ਦੇ ਦਰਬਾਰ ਵਿਚ ਤੈਨੂੰ ਪੜ੍ਹਾ ਦੇਣਗੇ। ਸੋ ਇਕ 18-20 ਸਾਲ ਦਾ ਬੱਚਾ ਆਪਣੇ ਵਿਚਾਰ ਜੋ ਵੀ ਉਹ ਦੇ ਵਿਚਾਰ ਸਦਾਚਾਰ ਦੇ, ਅਸ਼ੁਧਤਾ ਦੇ ਜੰਗਲ ਦੇ ਜਿਸ ਕਿਸੇ ਵਿਸ਼ੇ ਤੇ ਵੀ ਸੀ ਸਾਰੇ ਵਿਚਾਰ ਲੈ ਕੇ ਉਹ ਰਾਜੇ ਦੇ ਦਰਬਾਰ ਵਿਚ ਪਹੁੰਚ ਗਿਆ। ਜਿਵੇਂ ਹੀ ਉਹ ਉਥੇ ਪਹੁੰਚਿਆ, ਉਹ ਸੋਚਣ ਲੱਗਾ, "ਓਹ ਇਹ ਕੀ ਹੋ ਗਿਆ, ਮੇਰੇ ਪਿਤਾ ਨੇ ਮੈਨੂੰ ਇਥੇ ਕਿਉਂ ਭੇਜ ਦਿਤਾ?" ਰਾਜਾ ਬੜੇ ਹੀ ਰਾਜਸੀ ਠਾਠ ਵਿਚ ਰਹਿੰਦਾ ਹੈ, ਮਖਮਲ ਪਹਿਨਦਾ ਹੈ, ਸੋਨੇ ਦੇ ਸਿੰਘਾਸ਼ਨ ਤੇ ਬੈਠਦਾ ਹੈ, ਗੋਲੀਆਂ ਆਸ ਪਾਸ ਰਹਿੰਦੀਆਂ ਹਨ, ਫੌਜਾਂ ਹਨ। ਇਹ ਕੀ ਤਰੀਕਾ ਹੈ ਇਕ ਆਤਮ ਸਾਧਨਾ ਵਾਲੇ ਮਨੁੱਖ ਦੇ ਰਹਿਣ ਦਾ? ਇਸ ਨੌਜਵਾਨ ਨੂੰ ਦੇਖ ਕੇ ਰਾਜਾ ਕਹਿਣ ਲੱਗਾ, "ਤੁਸੀਂ ਬਹੁਤ ਦੂਰੋਂ ਆਏ ਹੋ, ਤੁਸੀਂ ਸਾਡੇ ਅਤਿਥੀ ਹੋ, ਮੈਂ ਹੁਣ ਪਹਿਲਾਂ ਤੁਹਾਡੇ ਜਲ ਪਾਣੀ ਦਾ ਪ੍ਰਬੰਧ ਕਰਦਾ ਹਾਂ, ਸੋ ਰਾਜੇ ਨੇ ਰਸੋਈਏ ਨੂੰ ਬੁਲਾਇਆ ਅਤੇ ਛੱਤੀ ਪ੍ਰਕਾਰ ਦੇ ਭੋਜਨ

ਤਿਆਰ ਕਰਵਾਏ ਪਰ ਰਸੋਈਏ ਦੇ ਕੰਨ ਵਿਚ ਕਿਹਾ ਕਿ (ਲੂਣ ਉਹ ਕਿਸੇ ਵਿਚ ਵੀ ਨਾ ਪਾਵੇ) ਤੁਸੀਂ ਸਾਰੇ ਜਾਣਦੇ ਹੋ ਕਿ ਭਾਰਤੀ ਖਾਣੇ ਵਿਚ ਜੇ ਲੂਣ ਨਾ ਪਿਆ ਹੋਵੇ ਤਾਂ ਕੀ ਲਗਦਾ ਹੈ, ਨਾਲ ਹੀ ਉਸ ਨੇ ਆਪਣੇ ਦੋ ਬੰਦੇ ਤਲਵਾਰ ਵਾਲੇ ਬੁਲਾਏ ਤੇ ਉਨ੍ਹਾਂ ਨੂੰ ਕਿਹਾ, ਇਹ ਨੌਜਵਾਨ ਇਥੇ ਆਇਆ ਹੈ, ਮੇਰੇ ਬਾਰੇ ਇਹ ਕਾਫੀ ਬੁਰਾ ਭਲਾ ਸੋਚਦਾ ਹੈ, ਤੁਸੀਂ ਇਸਦੇ ਪਿਛੇ ਖੜ੍ਹੇ ਹੋ ਜਾਓ ਜਿਵੇਂ ਹੀ ਇਹ ਖਾ ਹਟੇ, ਤੁਸੀਂ ਇਸ ਦਾ ਸਿਰ ਲਾਹ ਦਿਓ। ਉਹ ਤਲਵਾਰ ਵਾਲੇ ਕਹਿਣ ਲੱਗੇ, "ਹੁਣ ਤੂੰ ਮਰ ਤਾਂ ਜਾਣਾ ਹੀ ਹੈ। ਪਹਿਲਾਂ ਤੂੰ ਰੋਟੀ ਪਾਣੀ ਖੀ ਪੀ ਲੈ।" ਉਹ ਨੌਜਵਾਨ ਬੈਠ ਗਿਆ ਤੇ ਉਸ ਨੇ ਖਾਣਾ ਸ਼ੁਰੂ ਕਰ ਲਿਆ, ਉਸ ਨੂੰ ਬਹੁਤ ਭੁੱਖ ਲੱਗੀ ਸੀ, ਪਰ ਤਲਵਾਰ ਵਾਲਿਆਂ ਨੂੰ ਦੇਖ ਕੇ ਉਸ ਦੀ ਭੁੱਖ ਮਰ ਗਈ। ਥੋੜ੍ਹੀ ਦੇਰ ਬਾਦ ਜਦੋਂ ਉਸ ਨੇ ਸਾਰੀਆਂ ਚੀਜ਼ਾਂ ਦਾ ਸੁਆਦ ਦੇਖਿਆ (ਖੀਰ ਤੇ ਕੜਾਹ ਵਿਚ ਮਿਠਾ ਵੀ ਨਹੀਂ ਸੀ ਪਾਇਆ) ਤਲਵਾਰਾਂ ਵਾਲੇ ਤਲਵਾਰ ਸਿਰ ਤੇ ਲਿਆਉਣ ਹੀ ਵਾਲੇ ਸੀ ਕਿ ਰਾਜੇ ਨੇ ਕਿਹਾ, "ਠਹਿਰੋ, ਇਹ ਇਥੇ ਆ ਕੇ ਐਨਾ ਪ੍ਰਸੰਨ ਸੀ, ਇਹ ਇਕ ਆਤਮ ਸਿੱਧ ਨੌਜਵਾਨ ਹੈ।" ਫੇਰ ਉਸ ਨੌਜਵਾਨ ਨੂੰ ਪੁਛਣ ਲੱਗੇ, "ਤੈਨੂੰ ਸਾਰੇ ਭੋਜਨ ਸਭ ਪਦਾਰਥ ਚੰਗੇ ਲੱਗੇ?" ਉਹ ਕਹਿਣ ਲੱਗਾ, "ਹਾਂ ਠੀਕ ਸੀ।" ਕੀ ਸਾਰਿਆਂ ਵਿਚ ਲੂਣ ਮਸਾਲੇ ਮਿੱਠਾ ਠੀਕ ਸੀ? ਇਹ ਕਹਿਣ ਦੀ ਦੇਰ ਸੀ ਉਹ ਨੌਜਵਾਨ ਜ਼ੋਰ ਦੀ ਚੀਖਿਆ ਤੇ ਕਹਿਣ ਲੱਗਿਆ, "ਹੇ ਰਾਜਨ! ਤੁਸੀਂ ਕੀ ਕਹਿ ਰਹੇ ਹੋ, ਮੇਰੇ ਸਿਰ ਤੇ ਤਾਂ ਮੌਤ ਲਟਕ ਰਹੀ ਸੀ, ਤੁਸੀਂ ਲੂਣ, ਚੀਨੀ ਦੀ ਗਲ ਕਰ ਰਹੇ ਹੋ।" ਰਾਜਾ ਕਹਿਣ ਲੱਗੇ, "ਤੁਸੀਂ ਮੌਤ ਦੀ ਗੱਲ ਕਰਦੇ ਹੋ ਕਿਉਂਕਿ ਤੁਹਾਡੇ ਪਿਛੇ ਦੋ ਬੰਦੇ ਤਲਵਾਰ ਲੈ ਕੇ ਖੜ੍ਹੇ ਸਨ, ਜਦੋਂ ਤੁਸੀਂ ਭੋਜਨ ਛਕ ਰਹੇ ਸੀ ਤੁਸੀਂ ਸੁਆਦ ਨਹੀਂ ਲੈ ਸਕੇ ਕਿਉਂ? ਤੁਸੀਂ ਖਾ ਰਹੇ ਸੀ ਪਰ ਸੁਆਦ ਨਹੀਂ ਲੈ ਰਹੇ ਸੀ। ਰਾਜਨ ਕਹਿਣ ਲੱਗਾ, "ਮੈਨੂੰ ਤਾਂ ਕਿਸੇ ਵੀ ਤਲਵਾਰਾਂ ਵਾਲਿਆਂ ਦੀ ਲੋੜ ਨਹੀਂ, ਮੇਰੇ ਕੋਲ ਤਾਂ ਸਾਰੇ ਨੌਕਰ ਚਾਕਰ ਹਨ, ਇਹ ਰਾਜ ਮਹੱਲ ਹਨ, ਇਹ ਸਾਰੇ ਮਖਮਲ ਦੇ ਗਦੈਲੇ ਹਨ, ਰੇਸ਼ਮ ਸਾਰੇ ਵਿਛਿਆ ਪਿਆ ਹੈ ਜੇ ਇਹ ਸਭ ਕੁਝ ਅੱਜ ਖਤਮ ਹੋ ਜਾਵੇ ਮੈਂ ਤਾਂ ਉਹ ਹੀ ਰਹਾਂਗਾ ਮੈਨੂੰ ਕੋਈ ਫਰਕ ਨਹੀਂ ਪੈਣ ਲਗਾ। ਕਿਉਂਕਿ ਮੈਨੂੰ ਪਤਾ ਹੈ ਮੌਤ ਕਿਸੇ ਸਮੇਂ ਵੀ ਆ ਸਕਦੀ ਹੈ, ਮੈਂ ਇਕ ਖਿੰਨ ਲਈ ਵੀ ਮੌਤ ਨੂੰ ਨਹੀਂ ਭੁਲਦਾ। ਕੁਝ ਲੋਕੀ ਇਸ ਕਹਾਣੀ ਨੂੰ ਇਸ ਤਰ੍ਹਾਂ ਸੁਣਾਉਂਦੇ ਹਨ। ਦੂਸਰੇ ਇਸ ਨੂੰ ਇਸ ਤਰ੍ਹਾਂ ਦਸਦੇ ਹਨ ਕਿ ਜਦੋਂ ਉਹ ਨੌਜਵਾਨ ਆਇਆ ਉਸ ਨੇ ਇਹ ਸਾਰਾ ਕੁਝ ਸੋਚਿਆ। ਰਾਜਾ ਕਹਿਣ ਲੱਗਾ, "ਇਹ ਬਹੁਤ ਚੰਗਾ ਹੈ ਤੁਸੀਂ ਇਥੇ ਹੋ, ਕੀ ਤੁਸੀਂ ਇਥੇ ਸਾਰਾ ਦੇਖਣਾ ਚਾਹੋਗੇ, ਇਹ ਸਾਰਾ ਰਾਜ ਮਹੱਲ ਬਾਕੀ ਸਾਰਾ ਸ਼ਹਿਰ।" ਉਹ ਕਹਿਣ ਲੱਗਾ, "ਜ਼ਰੂਰ! ਕਿਉਂ ਨਹੀਂ।" ਰਾਜੇ ਨੇ ਹੁਕਮ ਦਿਤਾ, ਤੇਲ ਦਾ ਇਕ ਕੌਲਾ ਲਬਾ-ਲਬ ਭਰਿਆ ਲੈ ਕੇ ਆਓ। ਉਹ ਲੈ ਆਏ, ਰਾਜੇ ਨੇ ਉਹ ਕੌਲਾ ਉਸ ਨੌਜਵਾਨ ਨੂੰ ਦੇ ਦਿਤਾ ਤੇ ਨਾਲ ਹੀ ਤਲਵਾਰ ਵਾਲਿਆਂ ਨੂੰ ਹੁਕਮ ਦਿਤਾ ਕਿ ਇਸ ਦੇ ਪਿਛੇ-ਪਿਛੇ ਚਲੋ। ਉਨ੍ਹਾਂ ਨੇ ਉਸ ਨੂੰ ਸਾਰਾ ਰਾਜ ਮਹੱਲ ਘੁੰਮਾਇਆ ਪਰ ਨਾਲ ਹੀ ਰਾਜੇ ਨੇ ਇਹ ਕਿਹਾ ਕਿ ਤੇਲ ਦਾ ਇਕ ਤੁਪਕਾ ਵੀ ਨਹੀਂ ਡਿਗਣਾ ਚਾਹੀਦਾ, ਜੇ ਇਕ ਵੀ ਤੁਪਕਾ ਡਿੱਗਿਆ ਇਸ ਦਾ ਸਿਰ ਤਲਵਾਰ ਨਾਲ ਕੱਟ ਦਿਤਾ ਜਾਵੇ। ਵਿਚਾਰਾ ਨੌਜਵਾਨ ਸਾਰਾ ਮਹੱਲ ਉਹ ਤੇਲ ਦਾ ਕਟੋਰਾ ਲੈ ਕੇ ਘੁੰਮਿਆ ਅਤੇ ਆਪਣਾ ਪਰਛਾਵਾਂ ਉਸ ਵਿਚ ਦੇਖਦਾ ਰਿਹਾ ਤੇ ਉਹ ਵਾਪਸ ਰਾਜੇ ਕੋਲ ਪਹੁੰਚਿਆ। ਰਾਜਾ ਪੁਛਣ ਲੱਗਾ, "ਫੇਰ ਰਾਜ ਮਹੱਲ ਕਿਸ ਤਰ੍ਹਾਂ ਲੱਗਾ।" ਮੁੰਡਾ ਕਹਿਣ ਲੱਗਾ, "ਰਾਜ ਮਹੱਲ, ਕਿਹੜਾ ਰਾਜ ਮਹੱਲ? ਤੁਸੀਂ ਮੇਰੇ ਪਿਛੇ ਮੌਤ ਭੇਜੀ ਹੋਈ ਸੀ, ਮੈਨੂੰ ਪੁਛਦੇ ਹੋ ਰਾਜ ਮਹੱਲ ਕਿਸ ਤਰ੍ਹਾਂ ਲੱਗਾ।" ਰਾਜਾ ਕਹਿਣ ਲੱਗਾ, "ਬਿਲਕੁਲ ਇਸ ਤਰ੍ਹਾਂ ਹੀ ਮੌਤ ਮੇਰੇ ਪਿਛੇ ਰਹਿੰਦੀ ਹੈ। ਮੈਂ ਇਹ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਸਰੀਰ ਨਾਸ਼ਵਾਨ ਹੈ, ਇਹ ਬਿਲਕੁਲ ਸਤਿ ਹੈ, ਤੁਸੀਂ ਤਾਂ ਤੇਲ ਦੀ ਇਕ ਬੂੰਦ ਦੀ ਗੱਲ ਕਰਦੇ ਹੋ ਇਕ ਛਿਨ ਵੀ ਅਜਾਈਂ ਨਹੀਂ ਜਾਣਾ ਚਾਹੀਦਾ, ਜਦੋਂ ਤਕ ਮੈਂ ਮਹੱਲ ਵਿਚ ਹਾਂ, ਹਰ ਖਿੰਨ ਉਹ ਪ੍ਰਮਾਤਮਾ ਅੰਦਰ ਵਸਣਾ ਚਾਹੀਦਾ ਹੈ, ਮੈਂ ਭਾਵੇਂ ਬੈਠਾ ਹੁੰਦਾ ਹਾਂ, ਪਰ ਮੈਂ ਉਸ ਦੇ ਧਿਆਨ ਵਿਚ ਹੀ ਬੈਠਾ ਹੁੰਦਾ ਹਾਂ, ਮੈਂ ਇਹ ਸਭ ਕੁਝ ਵਰਤਦਾ ਹਾਂ ਪਰ ਮੈਨੂੰ ਕੁਝ ਵੀ ਚੰਗਾ ਨਹੀਂ ਲਗਦਾ।

ਸਿਮਰਨ ਤੁਹਾਨੂੰ ਇਹੋ ਜਿਹੀ ਅਵਸਥਾ ਵਿਚ ਇਹੋ ਜਿਹੇ ਅਨੁਭਵ ਵਿਚ ਲੈ ਜਾਂਦਾ ਹੈ, ਤੁਹਾਡੇ ਸਾਰੇ ਰਿਸ਼ਤੇ ਸਬੰਧ, ਆਸਾ, ਨਿਰਾਸਾ ਸਾਰੀਆਂ ਉਮੀਦਾਂ, ਸਾਰੇ ਵਿਘਨ, ਤੁਹਾਡੀਆਂ ਸਾਰੀਆਂ ਕੀਮਤਾਂ, ਕਦਰਾਂ, ਦੌਲਤ, ਪੈਸਾ ਇਹ ਸਭ ਇਕ ਮਾਇਆ ਹੈ, ਜੀਵਨ ਵਿਚ ਜੋ ਵੀ ਤੁਸੀਂ ਕਰੋ ਇਸੇ ਤਰ੍ਹਾਂ ਕਰੋ ਜਿਸ ਤਰ੍ਹਾਂ ਭਰਿਆ ਪਿਆਲਾ ਹੱਥ ਵਿਚ ਫੜ ਕੇ ਕਰਦੇ ਹੋ, ਮੌਤ ਨੂੰ ਹਰ ਸਮੇਂ ਯਾਦ ਰੱਖੋ।

---

(ਪੰਨਾ 19 ਦੀ ਬਾਕੀ)

ਹੋਵੇਗੀ। ਸਾਰੀ ਸੰਗਤ ਸਮੇਤ ਆਪ ਜੀ ਦੇ ਸਰੀਰ ਨੂੰ ਸੈਦੂ ਦਰਿਆਏ ਸਿੰਧ ਵਿਚ ਲਿਜਾ ਕੇ ਬਾਬਾ ਕਰਮ ਸਿੰਘ ਤੇ ਆਇਆ ਸਿੰਘ ਜੀ ਦੇ ਸਥਾਨ ਪਰ ਹੀ ਅਰਦਾਸ ਕਰਕੇ ਜਲ ਪ੍ਰਵਾਹ ਕਰ ਦਿਤਾ ਗਿਆ। ਸੰਗਤਾਂ ਨੇ ਦਸਵੀਂ ਦੇ ਦਿਨ ਇਸ ਗੁਰਦਵਾਰੇ ਆ ਕੇ ਵੱਡੇ ਦੀਵਾਨ ਵਿਚ ਸੰਤ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਦੀ ਰਾਏ ਮੰਨ ਕੇ ਸੰਤ ਈਸ਼ਰ ਸਿੰਘ ਜੀ ਦੀ ਮਨਜ਼ੂਰੀ ਨਾਲ ਦਸਤਾਰ ਮਹੰਤੀ ਸੰਤ ਭਗਵਾਨ ਸਿੰਘ ਜੀ ਨੂੰ ਤੇ ਹੋਤੀ ਦੀ ਮਰਿਆਦਾ ਅਨੁਸਾਰ ਹੋਰ ਸਿਮਰਨ ਕੀਰਤਨ ਦੀ ਮਰਿਆਦਾ ਚਲਾਉਣ ਦੀ ਸੌਂਪਣਾ ਸੰਤ ਈਸ਼ਰ ਸਿੰਘ ਜੀ ਨੂੰ ਕਰ ਦਿਤੀ ਗਈ। ਸੰਤ ਈਸ਼ਰ ਸਿੰਘ ਜੀ ਇਹ ਖ਼ਜ਼ਾਨੇ ਤੇ ਪੈਸੇ ਗਿਣਨ ਦੀ ਗਿਣਤੀ ਤੋਂ ਤੰਗ ਆ ਗਏ ਤੇ ਫਿਰ ਕੇਵਲ ਮਾਤਰ ਸੰਤ ਜੀ ਮਹਾਰਾਜ ਦੀਆਂ ਦੋ ਵਰਾਸਤਾਂ ਇਕ ਕੰਬਲੀ ਦੀ ਝੰਬੀ ਤੇ ਇਕ ਜੇਬੀ ਘੜੀ ਤੇ ਲੋਹੇ ਦਾ ਗੜਵਾ ਵਰਾਸਤ ਜਾਣ ਕੇ ਨਾਲ ਲੈ ਕੇ ਤੁਰ ਪਏ। ਫਿਰ ਇਥੋਂ ਹੀ ਉਨ੍ਹਾਂ ਦੇ ਸੰਤ ਜੀਵਨ ਦਾ ਅਰੰਭ ਹੋ ਜਾਂਦਾ ਹੈ। ਸੰਤ ਭਗਵਾਨ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੇ ਸਥਾਨ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਿਆ ਹੈ। ਨਵੀਆਂ ਇਮਾਰਤਾਂ, ਗੁਰਦਵਾਰੇ ਦੀ ਸੇਵਾ ਕਰਵਾਈ ਹੈ। ਪਰ ਅਗੋਂ ਨੂੰ ਕਮੇਟੀ ਸੰਭਾਲਣ ਵਾਲੀ ਹੈ, ਫਿਰ ਕਿਹਾ ਨਹੀਂ ਜਾਂਦਾ ਕੀ ਹੋਵੇਗਾ? ਕਮੇਟੀਆਂ ਸਮੇਂ ਉਸਾਰੀ ਘਟ ਹੀ ਹੁੰਦੀ ਹੈ।

***'ਚਲਦਾ'***

***(ਗਿਆਨੀ ਮੇਹਰ ਸਿੰਘ ਰਚਿਤ ਪੁਸਤਕ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)***

# ਫੁੱਲ ਬੋਲਿਆ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਅਨੰਤ ਕਾਲ ਤੋਂ ਸੰਸਾਰ ਦੀ ਰਚਨਾ ਹੋਈ। ਨਦੀਆਂ ਕੈਲਾਸ਼ ਪਰਬਤ ਵਿਚੋਂ ਨਿਕਲਦੀਆਂ ਨਦੀ ਪਹਾੜਾਂ ਵਿਚੀਂ ਰਾਹ ਬਣਾਉਂਦੀਆਂ ਵੱਡੀਆਂ-ਵੱਡੀਆਂ ਆਬਸ਼ਾਰਾਂ ਰਾਹੀਂ ਪਾਣੀ ਹੇਠਾਂ ਸੁਟਦੀਆਂ ਬਹੁਤ ਹੀ ਵੇਗ ਨਾਲ ਚਲਦੀਆਂ, ਮੈਦਾਨਾਂ ਰਾਹੀਂ ਹੁੰਦੀਆਂ ਹੋਈਆਂ ਸਾਗਰ ਵਿਚ ਜਾ ਮਿਲਦੀਆਂ ਹਨ ਇਹ ਰਸਤੇ ਵਿਚ ਅਨੇਕਾਂ ਕਲੋਲਾਂ ਕਰਕੇ, ਬਹੁਤ ਹੀ ਰੁਮਕ-ਰੁਮਕ ਕੇ ਚਲਦੀਆਂ ਹਨ, ਕਈ ਥਾਂਈ ਨਦੀਆਂ ਦੀ ਪਵਿੱਤਰਤਾ ਮੰਨਦੇ ਹੋਏ ਲੋਕ ਇਸ਼ਨਾਨ ਵੀ ਕਰਦੇ ਸਨ। ਸਮਾਂ ਲੰਘਣ ਨਾਲ ਇਹ ਨਦੀਆਂ ਆਪਣੀ ਸੁੰਦਰ ਜਲ ਧਾਰਾ ਨੂੰ ਦੂਸ਼ਿਤ ਕਰਾ ਕੇ ਚਲ ਰਹੀਆਂ ਹਨ। ਬਹੁਤ ਸਮੇਂ ਤੋਂ ਇਹ ਪ੍ਰਵਾਹ ਚਲ ਰਿਹਾ ਹੈ, ਸਮੇਂ ਨਾਲ ਪਰਿਵਰਤਨ ਹੋ ਰਿਹਾ ਹੈ, ਕਿਤੇ ਇਹ ਨਦੀਆਂ ਮਹਾਨ ਪਵਿੱਤਰ ਵਗ ਰਹੀਆਂ ਹਨ, ਕਿਤੇ ਆ ਕੇ ਮੈਦਾਨਾਂ ਦੀ ਮਿੱਟੀ ਲੈ ਕੇ ਆਪਣਾ ਰੂਪ ਰੰਗ ਖੋ ਕੇ ਗੰਧਲੀਆਂ ਹੋ ਕੇ ਚਲ ਰਹੀਆਂ ਹਨ, ਕਿਤੇ ਐਸਾ ਵੀ ਹੈ ਕਿ ਸ਼ਹਿਰਾਂ ਵਿਚੋਂ ਸ਼ੀਵਰੇਜ਼ ਰਾਹੀਂ ਸੁਟਿਆ ਗੰਦ, ਕੂੜ-ਕੁਬਾੜ ਲੈ ਕੇ ਆਪਣਾ ਸੁਹੱਪਣ ਗੁਆ ਕੇ ਬੇਵਸ ਹੋਈਆਂ ਚਲ ਰਹੀਆਂ ਹਨ, ਜਿਨ੍ਹਾਂ ਨੂੰ ਕੁਦਰਤ ਨਾਲ ਪਿਆਰ ਹੈ ਉਹ ਇਸ ਗੱਲ ਨੂੰ ਦੇਖ ਕੇ ਬਹੁਤ ਹੀ ਗੰਭੀਰ ਹੋ ਜਾਂਦੇ ਹਨ ਅਤੇ ਉਹ ਇਨ੍ਹਾਂ ਅੱਖਾਂ ਨਾਲ ਇਨ੍ਹਾਂ ਨਦੀਆਂ ਦੀ ਸੁਹੱਪਣ, ਖਿੱਚ, ਸੁਗੰਧੀ, ਸੀਤਲਤਾ ਨੂੰ ਮਾਨਣਾ ਚਾਹੁੰਦੇ ਹਨ। ਇਨ੍ਹਾਂ ਬਹੁਤ ਸਾਰੀਆਂ ਨਦੀਆਂ ਦੇ ਪਾਣੀ ਵਿਚ ਤਾਸੀਰ ਸੀ ਕਿ ਉਹ ਰੋਗਾਂ ਨੂੰ ਦੂਰ ਕਰਦੀਆਂ ਸਨ, ਇਥੋਂ ਤਕ ਵੀ ਉਨ੍ਹਾਂ ਦਾ ਸਤੋ ਗੁਣੀ ਪ੍ਰਭਾਵ ਸੀ ਕਿ ਬਹੁਤ ਸਾਰੇ ਪ੍ਰਭੂ ਦੇ ਪਿਆਰੇ ਇਨ੍ਹਾਂ ਦੇ ਕੰਢੇ ਆਪਣੀਆਂ ਕੁਟੀਆਂ ਪਾ ਕੇ ਪ੍ਰਭੂ ਨਾਲ ਚਿਤ ਲਾਉਂਦੇ ਸਨ। ਇਹ ਪਾਣੀ ਹੌਲੀ-ਹੌਲੀ ਸੰਗੀਤਮਈ ਧੁਨ ਬਣਾਉਂਦਾ ਲੰਘ ਰਿਹਾ ਹੁੰਦਾ ਸੀ, ਸਾਡੇ ਪੂਰਵਜ ਕੁਦਰਤ ਨਾਲ ਅਥਾਹ ਪਿਆਰ ਕਰਦੇ ਸਨ। ਸੂਰਜ ਦੀਆਂ ਪਹਿਲੀਆਂ ਕਿਰਨਾਂ, ਚੰਦਰਮਾ ਦੀ ਪੂਰਨਮਾਸ਼ੀ ਵਾਲੀ ਰਾਤ, ਤਾਰਿਆਂ ਦਾ ਨਿਰਮਲ ਅਕਾਸ਼ ਵਿਚ ਡਲ੍ਹਕਣਾ, ਟਿਕੀਆਂ ਹੋਈਆਂ ਹਵਾਵਾਂ ਦਾ ਚਲਣਾ, ਧਰਤੀ ਉਪਰ ਅਨੇਕ ਕਿਸਮ ਦੇ ਦਰੱਖਤਾਂ ਦਾ ਉਗਣਾ, ਵਧਣਾ, ਫੁਲਣਾ, ਮੌਲਣਾ ਅਤੇ ਅਨੇਕ ਰੰਗ ਦੇ ਫੁਲਾਂ ਨੇ ਆਪਣੇ ਸਮੇਂ ਅਨੁਸਾਰ, ਇਸ ਬੰਦੇ ਨੂੰ ਆਪਣਾ ਖੇੜਾ ਵਿਖਾ ਕੇ ਇਸ ਨੂੰ ਚੜ੍ਹਦੀ ਕਲਾ ਵਿਚ ਲਿਜਾਣਾ। ਅਨੇਕ ਰੰਗਾਂ ਦੇ ਖਿੜੇ ਹੋਏ ਫੁਲਾਂ ਨੇ ਮਨੁੱਖ ਨੂੰ ਕਹਿਣਾ ਕਿ ਤੂੰ ਦੇਖ, ਤੂੰ ਸਾਡੇ ਤੋਂ ਕਿਤੇ ਉਤਮ ਹਾਲਤ ਵਿਚ ਹੈਂ, ਅਸੀਂ ਜੜ੍ਹ ਹਾਂ, ਅਸੀਂ ਆਪਣੀ ਰਾਖੀ ਨਹੀਂ ਕਰ ਸਕਦੇ, ਮੌਸਮ ਦਾ ਕੱਕਰ, ਜੇਠ ਹਾੜ੍ਹ ਦੀਆਂ ਲੋਆਂ, ਭਾਦੋਂ ਦੇ ਹੁਸੜ ਅਸਾਡੇ ਨਾਲ ਬਹੁਤ ਬੇਇਨਸਾਫੀ ਕਰਦੇ ਹਨ। ਅਸੀਂ ਧਰਤੀ ਵਿਚੋਂ ਇਕ ਨਿੱਕੇ ਜਿਹੇ ਬੀਜ ਦੇ ਰੂਪ ਵਿਚ ਕੋਂਪਲ ਬਣ ਕੇ ਨਿਕਲਦੇ ਹਾਂ, ਅਸਾਡੀਆਂ ਕੋਂਪਲਾਂ ਪੂਰੀ ਤਰ੍ਹਾਂ ਸੁੰਦਰ ਹੁੰਦੀਆਂ ਹਨ। ਐ ਮਨੁੱਖ! ਤੂੰ ਇਸ਼ਨਾਨ ਕਰਕੇ ਅਨੇਕਾਂ ਕਿਸਮ ਦੇ ਸ਼ਿੰਗਾਰ ਲਾ ਕੇ ਸੋਭਾ ਦਿੰਦਾ ਹੈਂ ਪਰ ਅਸੀਂ ਬਿਨਾਂ ਕੁਛ ਕਰਿਆਂ ਹੀ ਆਪਣੇ ਅੰਦਰ ਛੁਪੀ ਹੋਈ ਸੁੰਦਰਤਾ ਨੂੰ ਪ੍ਰਗਟ ਕਰਕੇ ਖਿੜਦੇ ਹਾਂ। ਤੂੰ ਨਹੀਂ ਜਾਣਦਾ ਕਿ ਜੋ ਜੋਤੀ ਤੇਰੇ ਅੰਦਰ ਹੈ ਸਾਡੇ ਅੰਦਰ ਵੀ ਓਹੀ ਜੋਤੀ ਹੈ। ਅਸੀਂ ਕਦੇ ਮੁਰਝਾਉਂਦੇ ਨਹੀਂ, ਪਰ ਅਫਸੋਸ ਅਸਾਨੂੰ ਪਾਣੀ ਦੇਣਾ ਤੇਰੇ ਹੱਥ ਵਿਚ ਹੈ, ਪਰ ਫੇਰ ਵੀ ਅਸੀਂ ਜਦੋਂ ਆਪਣੀ ਜੁਆਨੀ ਮਾਣ ਕੇ ਸਮਾਪਤ ਹੋਣ ਦੇ ਨੇੜੇ ਹੁੰਦੇ ਹਾਂ ਤਾਂ ਅਸੀਂ ਰੋਂਦੇ ਕੁਰਲਾਂਦੇ ਨਹੀਂ, ਅਸੀਂ ਸੰਸਾਰ ਵਿਚ ਆਪਣੇ ਅੰਦਰੋਂ ਅਥਾਹ ਸੁੰਦਰਤਾ ਫੁੱਲ ਦੇ ਰੂਪ ਵਿਚ ਕੱਢ ਕੇ ਖੇੜਾ ਹੀ ਖੇੜਾ ਸੰਸਾਰ ਵਿਚ ਫੈਲਾਉਂਦੇ ਹਾਂ। ਅਸਾਨੂੰ ਕੋਈ ਸ਼ਿਕਵਾ ਨਹੀਂ ਕਿ ਅਸੀਂ ਕਿਨ੍ਹਾਂ ਹਾਲਾਤ ਵਿਚੋਂ ਇਸ ਅਵਸਥਾ ਵਿਚ ਪਹੁੰਚੇ ਹਾਂ, ਜਿਥੇ ਇਕ ਨਿੱਕਾ ਜਿਹਾ ਬੀਜ ਰੂਪਮਾਨ ਹੋ ਕੇ ਅਤਿ ਨਰਮ ਪੰਖੜੀਆਂ ਦਾ ਸ਼ਿੰਗਾਰ ਪਹਿਨ ਕੇ ਅੰਦਰਲੀ ਖੁਸ਼ਬੂ ਹਵਾ ਵਿਚ ਸੰਮਿਲਤ ਕਰਦਾ ਹੈ। ਤੁਰੇ ਜਾਂਦੇ ਰਾਹੀ ਸਾਡੇ ਵਲ ਝਾਕਦੇ ਹਨ ਅਤੇ ਲੰਮਾ ਸੁਹੱਪਣ ਲੈ ਕੇ ਸਾਡਾ ਸਾਹ ਮਹਿਸੂਸ ਕਰਦੇ ਹਨ। ਐ ਮਨੁੱਖ! ਸਾਡਾ ਅੰਤ ਸੁੰਦਰਤਾ ਮਾਣਦਿਆਂ ਹੁੰਦਾ ਹੈ, ਅਸੀਂ ਆਪ ਵੀ ਖਿੜਦੇ ਹਾਂ ਅਤੇ ਵੇਖਣ ਵਾਲੇ ਨੂੰ ਵੀ ਖੇੜਿਆਂ ਵਿਚ ਲੈ ਜਾਂਦੇ ਹਾਂ। ਵੇਖਣ ਵਾਲਾ ਹਨ੍ਹੇਰੇ ਵਿਚ ਹੁੰਦਾ ਹੈ ਉਸ ਨੇ ਆਪਣੇ ਅੰਦਰੋਂ ਹੀ ਇਹ ਧਾਰ ਲਿਆ ਹੈ ਕਿ ਇਹ ਸੁੰਦਰ ਵਸਤੂ ਮੈਂ ਆਪਣੇ ਦੇਵਤਾ ਨੂੰ, ਆਪਣੇ ਇਸ਼ਟ ਨੂੰ ਭੇਟਾਂ ਕਰਾਂ, ਇਹ ਸਾਨੂੰ ਡਾਲੀ ਨਾਲੋਂ ਤੋੜ ਲੈਂਦਾ ਹੈ। ਅਸੀਂ ਜੀਉਣ ਵਾਸਤੇ, ਹੋਰ ਲੰਮੇਰਾ ਖੇੜਾ ਰਖਣ ਵਾਸਤੇ ਆਪਣੀ ਪਿਆਰੀ ਟਾਹਣੀ ਨਾਲੋਂ ਟੁਟਣ ਤੇ, ਬਿਨਾਂ ਕੋਈ ਬਦਦੁਆ ਦਿਤਿਆਂ ਉਸ ਦੇ ਅੱਗੇ ਆਪਣਾ ਆਖਰੀ ਸਮਾਂ ਤਕ ਰਹੇ ਹੁੰਦੇ ਹਾਂ। ਪਿਆਰਿਆ! ਤੈਨੂੰ ਨਹੀਂ ਪਤਾ ਕਿ ਅਸੀਂ ਖਿੜੇ ਰਹਿ ਕੇ ਕਿੰਨੇ ਤੇਰੇ ਵਰਗੇ ਮਨੁੱਖਾਂ ਨੂੰ ਪ੍ਰਭਾਵਿਤ ਕਰਨਾ ਸੀ ਅਤੇ ਕਿੰਨੀਆਂ ਖੁਸ਼ਬੂਆਂ ਹਵਾ ਵਿਚ ਫੈਲਾਉਣੀਆਂ ਸਨ। ਤੇਰੇ ਅੰਦਰੋਂ ਬਦਬੂ ਨਿਕਲਦੀ ਹੈ, ਸੜਿਆਂਦ ਆਉਂਦੀ ਹੈ, ਤੇਰੇ ਅੰਗ-ਅੰਗ ਵਿਚੋਂ ਮੈਲ ਨਿਕਲਦੀ ਹੈ, ਪ੍ਰਭੂ ਨੇ ਸਾਢੇ ਤਿੰਨ ਕਰੋੜ ਰੋਮ ਤੇਰੇ ਵਿਚ ਤੇਰੇ ਅੰਦਰ ਛੇਕਾਂ ਰਾਹੀਂ ਮੈਲ ਕੱਢਣ ਲਈ ਰੱਖੇ ਹੁੰਦੇ ਹਨ। ਪਿਆਰਿਆ! ਤੇਰੇ ਅੰਦਰੋਂ ਖੁਸ਼ਬੂ ਨਹੀਂ ਆਉਂਦੀ, ਤੂੰ ਬਾਹਰਲੀਆਂ ਖੁਸ਼ਬੂਆਂ ਲਾ ਕੇ ਆਪਣੇ ਆਪ ਨੂੰ ਸਜਾਉਂਦਾ ਹੈਂ। ਤੇਰੇ ਅੰਦਰ ਹੈ ਕੀ? ਤੇਰੇ ਅੰਦਰ ਸਿਰਫ ਜੀਉਣ ਦੀ ਲਾਲਸਾ ਹੈ, ਤੂੰ ਕਿਸੇ ਨੂੰ ਕੁਝ ਵੀ ਨਹੀਂ ਦੇ ਸਕਦਾ, ਤੇਰੀ ਆਪਣੀ ਛੋਟੀ ਜਿਹੀ ਦੁਨੀਆ ਹੈ ਉਹਦੇ ਵਿਚ, ਘੁੰਮਣ ਘੇਰੀ ਵਿਚ ਰਹਿੰਦਾ ਹੈਂ, ਤੇਰੇ ਅੰਦਰੋਂ ਜੋ ਬ੍ਰਹਿਮੰਡ ਵਿਚ ਖਿਆਲ ਘੁੰਮ ਰਹੇ ਹਨ ਉਹ ਵੀ ਉਦਾਸ, ਮੈਲੇ ਅਤੇ ਮੁਰਝਾਏ ਹੋਏ ਹੁੰਦੇ ਹਨ, ਤੂੰ ਬਾਹਰਲੀ ਦੁਨੀਆਂ ਵਿਚ ਮਸਤ ਹੋ ਗਿਆ ਹੈਂ, ਤੈਨੂੰ ਨਹੀਂ ਪਤਾ ਕਿ ਤੇਰੇ ਅੰਦਰ ਕਿੰਨਾ ਖੇੜਾ ਗੁਪਤ ਰੂਪ ਵਿਚ ਸੁਰਖਸ਼ਿਤ ਹੈ। ਤੂੰ ਉਸ ਖੇੜੇ ਤਕ ਪਹੁੰਚਣ ਤੋਂ ਅਸਮਰਥ ਹੈਂ ਅਤੇ ਦੁਨੀਆਂ ਵਿਚ ਪ੍ਰਦੂਸ਼ਣ ਪੈਦਾ ਕਰ ਰਿਹਾ ਹੈਂ, ਤੇਰੇ ਸਾਹ ਵਿਚ ਮੈਲ ਹੈ, ਤੇਰੇ ਸਰੀਰ ਵਿਚ ਮੈਲ ਹੈ, ਤੇਰੇ ਅੰਦਰ ਬੇਅੰਤ ਬਦਬੂ ਹੈ, ਚਾਰ ਦਿਨ ਇਸ਼ਨਾਨ ਨਾ ਕਰੇਂ ਤਾਂ ਤੇਰਾ ਚੌਗਿਰਦਾ ਬਦਬੂ ਨਾਲ ਭਰ ਜਾਵੇਗਾ, ਤੇਰੀਆਂ ਸਾਰੀਆਂ ਇੰਦ੍ਰੀਆਂ ਵਿਚੋਂ ਮੈਲ ਨਿਕਲਦੀ ਹੈ ਪਰ ਤੇਰੀ ਵਡਿਆਈ ਕੀਤੀ ਜਾਂਦੀ ਹੈ, ਅਸੀਂ ਹਸਦੇ ਹਾਂ ਕਿ ਇਸ

ਮਨੁੱਖ ਵਿਚ ਕੀ ਵਡਿਆਈ ਹੈ। ਐ ਮਨੁੱਖ! ਕਦੇ-ਕਦੇ ਤੇਰੇ ਵਰਗ ਵਿਚ, ਕੋਈ ਧੁਰੋਂ ਬਖਸ਼ਿਆ ਹੋਇਆ ਆਉਂਦਾ ਹੈਂ ਉਹ ਇਨ੍ਹਾਂ ਖੇੜਿਆਂ ਵਿਚ ਰਹਿਣ ਦੀ ਜਾਂਚ ਦਸਦਾ ਹੈ ਅਤੇ ਤੈਨੂੰ ਪ੍ਰੇਰਨਾ ਆਉਂਦੀ ਹੈ, ਸੋਝੀ ਆਉਂਦੀ ਹੈ ਕਿ ਤੇਰੇ ਅੰਦਰ ਮਹਿਕਾਂ ਦਾ ਬੇਅੰਤ ਭੰਡਾਰ ਹੈ, ਤੇਰੇ ਅੰਦਰ ਸੁੰਦਰਤਾ ਹੀ ਸੁੰਦਰਤਾ, ਪਿਆਰ ਹੀ ਪਿਆਰ ਹੈ। ਤੈਨੂੰ ਮਹਿਕ ਲੈਣ ਲਈ ਕਿਸੇ ਵੀ ਹੋਰ ਵਸਤੂ ਦੀ ਲੋੜ ਨਹੀਂ ਕਿਉਂਕਿ ਤੇਰਾ ਅੰਦਰ ਮਹਿਕ ਨਾਲ ਭਰਿਆ ਪਿਆ ਹੈ। ਤੇਰੇ ਨੇਤਰਾਂ ਵਿਚ ਅਤਿ ਦੀ ਸੁੰਦਰਤਾ ਆ ਜਾਂਦੀ ਹੈ, ਉਹ ਐਨੀ ਸ਼ਕਤੀਸ਼ਾਲੀ ਹੁੰਦੀ ਹੈ ਕਿ ਜਿਧਰ ਵੀ ਦੇਖੋ ਉਧਰੋਂ ਰੋਗਾਂ ਨੂੰ, ਬਿਮਾਰੀਆਂ ਨੂੰ, ਉਦਾਸੀਆਂ ਨੂੰ ਰੋੜ੍ਹ ਕੇ ਦੂਰ ਕਰ ਦਿੰਦੀ ਹੈ ਪਰ ਤੈਨੂੰ ਜੀਵਨ ਜਾਚ ਦੀ ਸੋਝੀ ਨਹੀਂ, ਪ੍ਰਮੇਸ਼ਰ ਵਲੋਂ ਭੇਜੇ ਹੋਏ ਤੇਰੇ ਹੀ ਵਰਗ ਦੇ, ਤੇਰੇ ਹੀ ਰੂਪ ਵਰਗੇ ਜਦੋਂ ਸੰਸਾਰ ਵਿਚ ਆਉਂਦੇ ਹਨ, ਤੁਸੀਂ ਆਪੇ ਹੀ ਉਸ ਦੀ ਵਿਰੋਧਤਾ ਕਰਦੇ ਹੋਂ, ਉਹਨੂੰ ਕਦੇ ਬੇਤਾਲਾ ਕਹਿੰਦੇ ਹੋ, ਕਦੇ ਭੂਤਨਾ ਕਹਿੰਦੇ ਹੋਂ, ਕਦੇ ਆਪ-ਹੁਦਰਾ ਭੁੱਲੜ ਕਹਿੰਦੇ ਹੋ, ਅਨੇਕਾਂ ਅਸ਼ੁਭ ਵਿਸ਼ੇਸ਼ਣ ਉਹਦੇ ਨਾਲ ਜੋੜ ਦਿੰਦੇ ਹੋ ਪਰ ਉਹ ਫੇਰ ਵੀ ਤੁਹਾਡਾ ਭਲਾ ਕਰਦਾ ਰਹਿੰਦਾ ਹੈ। ਇਕ ਧੁਰੋਂ ਆਏ ਨੇ ਤੁਹਾਨੂੰ ਦਸਿਆ ਹੈ ਕਿ –

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥*** *ਪੰਨਾ - 374*

ਤੂੰ ਪੜ੍ਹਦਾ-ਪੜ੍ਹਦਾ ਥਕ ਜਾਂਦਾ ਹੈਂ, ਬੇਅੰਤ ਪੁਸਤਕਾਂ ਪੜ੍ਹਦਾ ਹੈਂ ਪਰ ਉਨ੍ਹਾਂ ਸਾਰੀਆਂ ਵਿਚ ਪੜ੍ਹਨ ਵਾਲੀ ਇਕ ਵੀ ਗੱਲ ਨਹੀਂ ਹੁੰਦੀ, ਉਹ ਐਵੇਂ ਤੇਰੇ ਦਿਮਾਗ ਅੰਦਰ ਕੋਹੜਾ ਬੋਝ ਲੱਦ ਦਿੰਦੀਆਂ ਹਨ, ਤੂੰ ਲਾਇਬ੍ਰੇਰੀਆਂ ਦੀਆਂ ਲਾਇਬ੍ਰੇਰੀਆਂ ਪੜ੍ਹ ਲੈਂਦਾ ਹੈਂ, ਪਰ ਤੈਨੂੰ ਨਹੀਂ ਪਤਾ ਕਿ ਪੜ੍ਹਨ ਵਾਲੀ ਚੀਜ਼ ਤਾਂ ਤੇਰੇ ਅੰਦਰ ਹੀ ਹੈ। ਜੇ ਤੂੰ ਉਹ ਪੜ੍ਹ ਲੈਂਦਾ ਤਾਂ ਸਾਰੀ ਪੜ੍ਹਾਈ ਤੇਰੇ ਅੰਦਰ ਆਪੇ ਹੀ ਆ ਜਾਂਦੀ। ਉਹਦੇ ਬਾਰੇ ਇਸ ਤਰ੍ਹਾਂ ਦਸਦੇ ਹਨ –

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***
*ਪੰਨਾ - 467*

ਤੂੰ ਬੇਅੰਤ ਚੀਜ਼ਾਂ ਜੋੜਦਾ ਹੈਂ, ਪ੍ਰਮੇਸ਼ਰ ਨੇ ਐਨੀ ਦੌਲਤ ਪੈਦਾ ਕੀਤੀ ਹੈ ਕਿ ਤੇਰੇ ਖਰਚਿਆਂ ਕਦੇ ਵੀ ਮੁਕ ਨਹੀਂ ਸਕਦੀ, ਕੋਈ ਵੀ ਭੁੱਖਾ ਨਹੀਂ ਰਹਿ ਸਕਦਾ, ਨੰਗਾ ਨਹੀਂ ਰਹਿ ਸਕਦਾ, ਕੋਈ ਵੀ ਉਦਾਸ ਨਹੀਂ ਰਹਿ ਸਕਦਾ ਪਰ ਤੂੰ ਦੌਲਤ ਨੂੰ ਵੰਡਣ ਦੀ ਥਾਂ ਛੁਪਾ-ਛੁਪਾ ਕੇ ਰਖਦਾ ਹੈਂ, ਆਪ ਤੇਰੇ ਤੋਂ ਵਰਤ ਨਹੀਂ ਹੁੰਦੀ ਦੂਸਰਿਆਂ ਦੀਆਂ ਲੋੜਾਂ ਨੂੰ ਵੀ ਅਧੂਰੀਆਂ ਕਰ ਦਿੰਦਾ ਹੈਂ। ਮੈਂ ਤੈਨੂੰ ਕੀ ਕਹਾਂ, ਮੈਂ ਤਾਂ ਧਰਤੀ ਵਿਚੋਂ ਨਿੱਕਾ ਜਿਹਾ ਪੌਦਾ ਪੈਦਾ ਹੋ ਕੇ ਕੁਝ ਖਰੀਆਂ-ਖਰੀਆਂ ਗੱਲਾਂ ਕਰ ਰਿਹਾ ਹਾਂ, ਓਹੀ ਤੈਨੂੰ ਦਸਦਾ ਹੈ –

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
*ਨਸੀਹਤਨਾਮਾ*

ਪਿਆਰਿਆ! ਤੂੰ ਅੱਜ ਮੇਰੀਆਂ ਕੁਝ ਗੱਲਾਂ ਸੁਣ ਲੈ ਕਿਉਂਕਿ ਤੂੰ ਮੈਨੂੰ ਟਾਹਣੀ ਤੋਂ ਅੱਡ ਕਰਨ ਵਾਸਤੇ ਹੱਥ ਵਧਾਇਆ ਹੈ। ਮੈਂ ਤੈਨੂੰ ਤੇਰੀਆਂ ਸਾਰੀਆਂ ਅੰਦਰਲੀਆਂ ਗੱਲਾਂ ਦਸ ਰਿਹਾ ਹਾਂ, ਦੇਖ, ਮੈਂ ਕਦੇ ਵੀ ਉਦਾਸ ਨਹੀਂ ਹੁੰਦਾ, ਮੇਰੇ ਉਤੇ ਕਦੇ ਵੀ ਝੁਰੜੀਆਂ ਨਹੀਂ ਪੈਂਦੀਆਂ, ਮੈਨੂੰ ਠੰਢੀਆਂ ਹਵਾਵਾਂ, ਗਰਮ ਹਵਾਵਾਂ ਸੰਘਰਸ਼ ਵਿਚ ਪਾ ਕੇ ਰਖਦੀਆਂ ਹਨ ਪਰ ਉਹ ਮੇਰਾ ਖੇੜਾ ਨਹੀਂ ਖੋਹ ਸਕਦੀਆਂ, ਤੇਰੇ ਕੋਲ ਸੁਖਾਂ ਦਾ ਕੋਈ ਅੰਦਾਜ਼ਾ ਨਹੀਂ, ਤੇਰੇ ਕੋਲ ਕੋਠੀਆਂ ਠੰਢੀਆਂ ਕਰਨ ਵਾਲੀਆਂ air conditioned ਮਸ਼ੀਨਾਂ ਲੱਗੀਆਂ ਹੋਈਆਂ ਹਨ, ਸਰਦੀ ਤੋਂ ਬਚਣ ਲਈ ਘਰ ਗਰਮ ਕੀਤੇ ਹੋਏ ਹਨ, ਖਾਣ ਲਈ ਤੂੰ ਚੀਜ਼ਾਂ ਖਰੀਦ-ਖਰੀਦ ਕੇ ਜਮ੍ਹਾਂ ਕੀਤੀਆਂ ਹੋਈਆਂ ਹਨ ਪਰ ਤੇਰੇ ਅੰਦਰ ਖੇੜਾ ਕਿਉਂ ਨਹੀਂ ਆਉਂਦਾ। ਉਹ ਇਸ ਕਰਕੇ ਕਿਉਂਕਿ ਤੂੰ ਪ੍ਰਮੇਸ਼ਰ ਵਲੋਂ ਭੇਜਿਆਂ ਉਪਰ ਯਕੀਨ ਨਹੀਂ ਕਰਦਾ। ਉਨ੍ਹਾਂ ਪਾਸ ਇਕ ਐਸੀ ਔਸ਼ਧੀ ਹੈ ਜਿਸ ਨੂੰ ਤੂੰ ਇਕ ਵਾਰੀ ਅੰਦਰੋਂ ਪ੍ਰਗਟ ਕਰ ਲਵੇ ਤਾਂ ਉਹ ਤੈਨੂੰ ਕਦੇ ਵੀ ਉਦਾਸੀਆਂ ਵਿਚ ਨਹੀਂ ਜਾਣ ਦੇਵੇਗੀ। ਕਿੰਨੇ ਵੀ ਬਿਖੜੇ ਹਾਲਾਤ ਕਿਉਂ ਨਾ ਆ ਜਾਣ ਉਸ ਦਾ ਖੇੜਾ ਕਦੇ ਵੀ ਨਹੀਂ ਗੁਆਚੇਗਾ। ਉਹ ਤੈਨੂੰ ਦੱਸ ਦੇਣਗੇ ਕਿ ਤੇਰੇ ਅੰਦਰ ਅੰਮ੍ਰਿਤ ਦਾ ਪਿਆਲਾ ਕਿਥੇ ਕੁ ਪਿਆ ਹੈ, ਉਹ ਸੁੰਨਾ ਰਾਖੀ ਬਿਨਾਂ ਹੋਣ ਕਰਕੇ ਤੇਰੇ ਅੰਦਰੋਂ ਹੀ ਲੁਟੇਰੇ ਲੁਟ-ਲੁਟ ਕੇ ਬਰਬਾਦ ਕਰ ਰਹੇ ਹਨ, ਉਹ ਚਾਹੁੰਦੇ ਹਨ ਕਿ ਤੈਨੂੰ ਉਸ ਦੀ ਕੋਈ ਖਬਰ ਨਾ ਹੋ ਜਾਵੇ। ਉਸ ਨੂੰ ਤੇਰੀ ਬੋਲੀ ਵਿਚ ਨਾਮ ਆਖਦੇ ਹਨ, ਅੰਮ੍ਰਿਤ ਆਖਦੇ ਹਨ। ਜੋ ਤੇਰੇ ਅੰਦਰ ਹੀ ਹੈ। ਫੁਰਮਾਨ ਆਉਂਦਾ ਹੈ–

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥*** *ਪੰਨਾ - 600*

ਅਤੇ ਹੋਰ ਵੀ ਦਸਦੇ ਹਨ ਕਿ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥*** *ਪੰਨਾ - 293*

ਆ ਤੇਰੇ ਨਾਲ ਮੈਂ ਅੱਜ ਬਹੁਤ ਗੱਲਾਂ ਕਰ ਲਈਆਂ ਹਨ, ਭਾਵੇਂ ਹੁਣ ਤੂੰ ਟਾਹਣੀ ਨਾਲੋਂ ਮੈਨੂੰ ਤੋੜ ਲੈ, ਜੇ ਨਾ ਤੋੜੇਂ ਤਾਂ ਮੈਂ ਹੋਰ ਤੇਰੇ ਵਰਗੀਆਂ ਅੱਖਾਂ ਨੂੰ ਤ੍ਰਿਪਤ ਕਰ ਸਕਦਾ ਹਾਂ। ਤੇਰੀ ਭੁੱਲ ਹੈ, ਮੈਂ ਖਿੜਿਆ ਹੋਇਆ ਉਸ ਮਹਾਨ ਸ਼ਕਤੀ ਦੇ ਹੁਕਮ ਵਿਚ ਹਾਂ, ਜੋ ਸਭਨਾਂ ਦੇ ਕਣ-ਕਣ ਵਿਚ ਰਮੀ ਹੋਈ ਹੈ। ਮੈਂ ਉਸ ਦੀ ਆਰਤੀ ਉਤਾਰ ਰਿਹਾ ਹਾਂ, ਮੈਂ ਉਸ ਦਾ ਧੰਨਵਾਦ ਕਰ ਰਿਹਾ ਹਾਂ, ਉਸ ਨੇ ਮੈਨੂੰ ਨਿੱਕੇ ਜਿਹੇ ਬੀਜ ਤੋਂ ਕਿੰਨਾ ਵੱਡਾ ਕਰ ਦਿਤਾ।

ਤੈਨੂੰ ਕਹਿੰਦੇ ਸਾਰੇ ਸਿਆਣੇ ਹਨ, ਤੇਰੀ ਦੇਹੀ ਵੀ ਸਭ ਤੋਂ ਉਤਮ ਮੰਨਦੇ ਹਨ ਪਰ ਤੂੰ ਸਾਰੀਆਂ ਜੂਨਾਂ ਨਾਲੋਂ ਹੇਠਾਂ ਕਿਉਂ ਹੈ? ਤੈਨੂੰ ਤੇਰੇ ਕਰਮਾਂ ਦਾ ਫਲ ਮਿਲਦਾ ਹੈ ਕਿਉਂਕਿ ਤੂੰ ਇਹ

ਧਾਰ ਲੈਂਦਾ ਹੈਂ ਕਿ ਮੈਂ ਕਰ ਰਿਹਾ ਹਾਂ। ਅਸੀਂ ਕਦੇ ਵੀ ਇਹ ਗੱਲ ਸੁਪਨੇ ਵਿਚੋਂ ਵੀ ਨਹੀਂ ਸੋਚੀ, ਅਸੀਂ ਕਹਿੰਦੇ ਹਾਂ ਕਿ ਉਹ ਮਹਾਨ ਸ਼ਕਤੀ ਹੀ ਸਾਨੂੰ ਬੀਜ ਵਿਚੋਂ ਬੂਟਾ ਬਣਾਉਂਦੀ ਹੈ। ਅਸਾਡੇ ਵਿਚ ਸੁੰਦਰਤਾ ਰਲਾ ਕੇ ਮਹਿਕ ਪੈਦਾ ਕਰਦੀ ਹੈ, ਓਹੀ ਅਤਿ ਸੁੰਦਰ ਪੱਤੀਆਂ ਬਣਾਉਂਦੀ ਹੈ, ਅਸੀਂ ਸਦਾ ਹੀ ਉਸ ਦੀ ਰਜ਼ਾ ਵਿਚ ਜੁੜੇ ਰਹਿੰਦੇ ਹਾਂ, ਸਾਨੂੰ ਕਦੇ ਪਾਪ ਨਹੀਂ ਲਗਦਾ, ਨਾ ਹੀ ਅਸੀਂ ਪਾਪ ਕਰਦੇ ਹਾਂ, ਸਾਨੂੰ ਤਾਂ ਟਾਹਣੀ ਨਾਲੋਂ ਧੂਹ ਕੇ ਤੁਸੀਂ ਲੋਕ ਪਾਪ ਕਰਦੇ ਹੋ। ਕਿੰਨੀਆਂ ਕੁ ਗੱਲਾਂ ਮੈਂ ਤੁਹਾਡੇ ਨਾਲ ਕਰਾਂ, ਤੁਸੀਂ ਅੰਧਕਾਰ ਵਿਚ ਹੋਂ, ਤੇਰਾ ਤੇ ਮੇਰਾ ਪਿਛੋਕੜ ਇਕੋ ਹੀ ਹੈ। ਆ ਤੈਨੂੰ ਕੁਝ ਮਹਾਂਪੁਰਸ਼ਾਂ ਦੇ ਭਾਵ ਦਸਾਂ ਪਰ ਪਹਿਲਾਂ ਮੈਂ ਤੈਨੂੰ ਦੱਸਾਂ ਕਿ ਤੈਨੂੰ ਦੁਨੀਆਂ ਦੀਆਂ ਦੌਲਤਾਂ ਖੁਸ਼ੀ ਨਹੀਂ ਦੇ ਸਕਦੀਆਂ, ਜੇ ਤੂੰ ਉਸ ਵਾਹਿਗੁਰੂ ਦਾ ਧਿਆਨ ਨਹੀਂ ਕੀਤਾ, ਉਸ ਦੀ ਸੇਵਾ ਨਹੀਂ ਕੀਤੀ ਤਾਂ ਤੂੰ ਮੈਨੂੰ ਮਾਫ ਕਰੀਂ, ਤੂੰ ਵਿਸ਼ਟਾ ਦੇ ਕੀੜੇ ਤੋਂ ਵੱਧ ਮਹੱਤਤਾ ਨਹੀਂ ਰਖਦਾ। ਦੇਖ -

*ਸੁੰਦਰ ਸੇਜ ਅਨੇਕ ਸੁਖ*
*ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥*
*ਬਿਨ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥*
*ਪੰਨਾ - 707*

ਤੇਰਾ ਹੀ ਜ਼ਿਕਰ ਕਰਦੇ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ! ਹੇ ਦੁਨੀਆਂ ਦੇ ਪਾਲਕ, ਹੇ ਦੁਨੀਆਂ ਦੇ ਮਾਲਕ! ਤੂੰ ਤਾਂ ਮਹਾਨ ਪਵਿੱਤਰ ਹੈਂ। ਅਸੀਂ ਮਹਾਨ ਜੂਠੇ ਹਾਂ, ਝੂਠੇ ਹਾਂ, ਕਰਮ ਹੀਣ ਹਾਂ, ਸਾਡੇ ਮੂੰਹ ਵਿਚ ਹੋਰ ਗੱਲ ਹੁੰਦੀ ਹੈ, ਸਾਡੇ ਹਿਰਦੇ ਵਿਚ ਹੋਰ ਗੱਲ ਹੁੰਦੀ ਹੈ। ਉਪਰੋਂ ਅਸੀਂ ਬਹੁਤ ਸਾਧੂ ਲਗਦੇ ਹਾਂ, ਸਾਊ ਲਗਦੇ ਹਾਂ, ਮਾਨਯੋਗ ਪ੍ਰਤਿਸ਼ਠਾ ਵਾਲੇ ਲਗਦੇ ਹਾਂ ਪਰ ਅੰਦਰ ਸਾਡੇ ਦੁਸ਼ਟਤਾਈ ਭਰੀ ਹੁੰਦੀ ਹੈ, ਤੂੰ ਹੀ ਸਾਨੂੰ ਰਖ ਸਕਦਾ ਹੈਂ, ਇਹ ਵੀ ਕੋਈ ਵਿਰਲਾ ਹੀ ਕਹਿੰਦਾ ਹੈ ਨਹੀਂ ਤਾਂ ਉਸੇ ਅੰਧਕਾਰ ਵਿਚ ਪਏ ਊਲ ਜਲੂਲ ਬੋਲਦੇ ਰਹਿੰਦੇ ਹਨ -

*ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ*
*ਹਮ ਕਿਉ ਕਰਿ ਮਿਲਹ ਜੂਠਾਰੀ॥*
*ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ*
*ਹਮ ਕਰਮਹੀਣ ਕੂੜਿਆਰੀ॥*
*ਹਮਰੀ ਮੁਦ੍ਰ ਨਾਮੁ ਹਰਿ ਸੁਆਮੀ*
*ਰਿਦ ਅੰਤਰਿ ਦੁਸਟ ਦੁਸਟਾਰੀ॥*
*ਜਿਉ ਭਾਵੈ ਤਿਉ ਰਾਖਹੁ ਸੁਆਮੀ*
*ਜਨ ਨਾਨਕ ਸਰਣਿ ਤੁਮਾਰੀ॥* *ਪੰਨਾ - 528*

ਪਿਆਰਿਆ! ਤੇਰੇ ਅੰਦਰ ਨਾਮ ਦਾ ਭੰਡਾਰ ਪਿਆ ਹੈ, ਪ੍ਰਭੂ ਦੇ ਪਿਆਰੇ ਤੈਨੂੰ ਖਬਰਦਾਰ ਕਰਦੇ ਹਨ ਪਰ ਤੂੰ ਉਨ੍ਹਾਂ ਦੀ ਇਕ ਵੀ ਗੱਲ ਨਹੀਂ ਸੁਣਦਾ, ਚਾਹੇ ਤੂੰ ਨਰ ਸਰੀਰ ਵਾਲਾ ਹੈਂ, ਜਿਸ ਨੂੰ ਮਨੁੱਖ ਆਖਦੇ ਹਨ, ਚਾਹੇ ਤੂੰ ਇਸਤ੍ਰੀ ਸਰੀਰ ਵਾਲਾ ਹੈਂ, ਜਿਸ ਨੂੰ ਇਸਤ੍ਰੀ ਕਹਿੰਦੇ ਹਨ। ਤੁਸੀਂ ਬਾਹਰਲੀ ਪੋਚਾ-ਪਾਚੀ, ਬਾਹਰਲੀ ਸੁੰਦਰਤਾ ਬਣਾ-ਬਣਾ ਕੇ ਦੂਸਰਿਆਂ ਨੂੰ ਧੋਖਾ ਦਿੰਦੇ ਹੋ। ਸੁੰਦਰਤਾ ਬਾਹਰੋਂ ਨਹੀਂ ਹੋਇਆ ਕਰਦੀ, ਬਾਹਰੋਂ ਜਿੰਨਾਂ ਮਰਜ਼ੀ ਸ਼ਿੰਗਾਰ ਲਾ ਲਿਆ ਜਾਵੇ ਤਾਂ ਵੀ ਵਿਸ਼ਟਾ ਦੇ ਕੀੜੇ ਤੋਂ ਵਧ ਮਹਾਨਤਾ ਨਹੀਂ ਰਖਦਾ, ਜੇ ਤੇਰੇ ਅੰਦਰ ਮਹਾਨ ਸ਼ਕਤੀ ਦਾ ਸੰਗੀਤ ਗੁੰਜ਼ਾਰ ਨਹੀਂ ਪਾ ਸਕਿਆ, ਜੇ ਨਾਮ ਦੀ ਮਧੁਰ ਕਰਨ ਵਾਲੀ ਮਹਾਨ ਜੋਤ ਤੇਰੇ ਅੰਦਰ ਜਾਗ੍ਰਤ ਨਹੀਂ ਹੋਈ ਤਾਂ ਯਾਦ ਰੱਖ ਤੇਰੀ ਸੁੰਦਰਤਾ ਕਿਸੇ ਵੀ ਕੰਮ ਦੀ ਨਹੀਂ ਹੈ, ਤੇਰੀ ਜੋ ਅਵਸਥਾ ਹੈ ਇਸ ਤਰ੍ਹਾਂ ਦੇ ਨਾਲ ਦਸਦੇ ਹਨ।

ਸੋਹਣੀ ਇਸਤ੍ਰੀ ਵੀ ਨਕਟੀ ਹੈ, ਭਾਵੇਂ ਕਿੰਨੇ ਹੀ ਗੁਣਾਂ ਵਾਲਾ ਪੁਰਸ਼ ਹੈ ਉਸ ਦੇ ਗੁਣ ਲੇਖੇ ਵਿਚ ਨਹੀਂ ਪਿਆ ਕਰਦੇ। ਜ਼ੀਰੋ (ਸੂੰਨਯ) ਜਦੋਂ ਤਕ ਏਕਾ ਜ਼ੀਰੋ ਦੇ ਨਾਲ ਨਹੀਂ ਲਗਦਾ ਉਨਾਂ ਚਿਰ ਉਸ ਦਾ ਕੋਈ ਮੁੱਲ ਨਹੀਂ ਲਗਦਾ। ਏਕਾ ਉਹ ਪਰੀਪੂਰਨ ਸ਼ਕਤੀ ਹੈ ਜੋ ਸਾਰੇ ਘਰ-ਘਟ ਵਿਚ ਵਸਦੀ ਹੈ, ਐਡੀ ਮਹਾਨ ਹਸਤੀ ਤੋਂ ਮੁੱਖ ਫੇਰਨਾ, ਗੁਣਵਾਨ ਹੋ ਕੇ ਆਪਣੇ ਗੁਣਾਂ ਤੇ ਘੁਮੰਡ ਕਰਨਾ ਕੁਝ ਵੀ ਨਹੀਂ ਹੈ, ਉਹ ਨਕਟੀ ਹੈ, ਉਹ ਨਕਟਾ ਹੈ। ਵੇਸਵਾ ਦੇ ਘਰ ਜੇ ਪੁਤਰ ਪੈਦਾ ਹੋ ਜਾਵੇ ਤਾਂ ਉਸ ਦਾ ਨਾਮ ਲਾਨ੍ਹਤੀ (ਫਿਟਕਾਰਿਆ) ਹੋਇਆ ਕਰਦਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਕਮਲ ਨਹੀਂ ਖਿੜਿਆ ਉਹ ਵਿਗੜ ਰੂਪ ਹੋਇਆ ਕੋਹੜੀ ਹੋਇਆ-ਹੋਇਆ ਕੁਸ਼ਟੀ ਹੈ, ਗੱਲਾਂਬਾਤਾਂ ਤੁਸੀਂ ਬਹੁਤ ਜਾਣਦੇ ਹੋ ਪਰ ਦਰਗਾਹ ਵਿਚ ਜਾ ਕੇ ਫਿਟਕਾਰੇ ਹੋਏ ਨੂੰ ਕੋਈ ਥਾਂ ਨਹੀਂ ਮਿਲਦਾ, ਇਹ ਕਿਉਂ ਹੈ ਕਿਉਂਕਿ ਤੁਸੀਂ ਉਸ ਨਾਮ ਦੇ ਸੁਗੰਧਤ ਸ਼ਕਤੀਸ਼ਾਲ ਭੰਡਾਰ ਨੂੰ ਅੰਦਰੋਂ ਖੋਜ ਨਹੀਂ ਸਕੇ। ਉਹ ਇਸ ਕਰਕੇ ਹੈ ਕਿ ਤੁਹਾਨੂੰ ਪ੍ਰਮੇਸ਼ਰ ਦੇ ਪਿਆਰਿਆਂ ਦੀ ਕੋਈ ਮਹਾਨਤਾ ਚੰਗੀ ਨਹੀਂ ਲਗਦੀ ਅਤੇ ਨਾ ਤੁਹਾਡੇ ਹਿਰਦੇ ਵਿਚ ਉਨ੍ਹਾਂ ਦੀ ਮਹਾਨਤਾ ਵਸਦੀ ਹੈ। ਗੁਰੂ ਜੀ ਦਸਦੇ ਹਨ ਕਿ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*

*ਜੇਤਾ ਸੁਨਹਿ ਤੇਤਾ ਬਖਿਆਨਹਿ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥*
*ਸਾਧ ਕੀ ਉਪਮਾ ਰਹੀ ਭਰਪੂਰਿ॥*
*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
*ਸਾਧ ਕੀ ਸੋਭਾ ਊਚ ਤੇ ਊਚੀ॥*
*ਸਾਧ ਕੀ ਸੋਭਾ ਮੂਚ ਤੇ ਮੂਚੀ॥*
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272*

ਜਿਹੜੇ ਉਸ ਮਹਾਨ ਚੇਤਨ ਸਤਾ ਨਾਲ ਮਿਲੇ ਹੋਏ ਹਨ ਜਿਸ ਨੇ, ਪਿਆਰਿਆ! ਸਾਰਾ ਸੰਸਾਰ ਬਣਾਇਆ ਹੈ ਉਸ ਦੇ ਨਾਲ ਜੁੜਨ ਦੀ ਥਾਂ ਇਸ ਨੂੰ ਇਕ ਸੈਕਿੰਡ ਭਰ ਵੀ ਆਪਣੇ ਚਿਤ ਵਿਚ ਨਹੀਂ ਵਸਾਉਂਦੇ। ਉਨ੍ਹਾਂ ਗੁਰਮੁਖ ਪਿਆਰਿਆਂ ਦੀ ਨਿੰਦਿਆ ਤਾਂ ਤੁਸੀਂ ਕਰ ਦੇਵੋਂਗੇ, ਬੇਰੁਖੀ ਤਾਂ ਦਿਖਾ ਦੇਵੋਂਗੇ ਪਰ ਤੁਹਾਨੂੰ ਨਹੀਂ ਪਤਾ ਕਿ ਤੁਸੀਂ ਬਰਕਤਾਂ ਤੋਂ ਖਾਲੀ ਰਹਿ ਗਏ ਹੋਂ। ਧਿਆਨ ਦੇ ਕੇ ਸੁਣ –

*ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥*
*ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ*
*ਤਿਸੁ ਨਾਮੁ ਪਰਿਓ ਹੈ ਧ੍ਰਕਟੀ॥*
*ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ*
*ਤੇ ਬਿਗੜ ਰੂਪ ਬੇਰਕਟੀ॥*
*ਜਿਉ ਨਿਗੁਰਾ ਬਹੁ ਬਾਤਾ ਜਾਣੈ*
*ਓਹੁ ਹਰਿ ਦਰਗਹ ਹੈ ਭ੍ਰਸਟੀ॥ ਪੰਨਾ - 528*

ਗੁਰੂ ਜੀ ਇਹ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਨੇ ਕ੍ਰਿਪਾ ਕਰਕੇ ਸੋਝੀ ਦਿਤੀ ਹੈ ਉਹ ਇਸ ਮਹਾਨਤਾ ਨੂੰ ਸਮਝਦੇ ਹਨ, ਉਹ ਉਨ੍ਹਾਂ ਪਿਆਰਿਆਂ ਨੂੰ ਜਿਨ੍ਹਾਂ ਦੇ ਅੰਦਰ ਨਾਮ ਦੀ ਰੌ ਚਲ ਰਹੀ ਹੈ, ਉਨ੍ਹਾਂ ਨੂੰ ਢੂੰਡਦੇ ਫਿਰਦੇ ਹਨ ਇਹ ਉਨ੍ਹਾਂ ਪਿਆਰਿਆਂ ਦੀ ਚਰਨ ਧੂੜ ਮਸਤਕ ਤੇ ਤਾਂ ਲਾਉਣੀ ਹੀ ਹੈ ਪਰ ਉਹਨੂੰ ਜੀਭ ਤੇ ਲਾਉਣੀ ਭੀ ਲੋਚਦੇ ਹਨ ਕਿਉਂਕਿ ਉਨ੍ਹਾਂ ਨੂੰ ਬਖਸ਼ਿਸ਼ ਹੈ ਕਿ ਉਹ ਤੈਨੂੰ ਜ਼ਿੰਦਗੀ ਦੇ ਦੇਣਗੇ।

*ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ*
*ਤਿਨਾ ਸਾਧ ਜਨਾ ਪਗ ਚਕਟੀ॥*
*ਨਾਨਕ ਪਤਿਤ ਪਵਿਤ ਮਿਲਿ ਸੰਗਤਿ*
*ਗੁਰ ਸਤਿਗੁਰ ਪਾਛੈ ਛੁਕਟੀ॥ ਪੰਨਾ - 528*

ਸੋ ਮੈਂ ਇਕ ਫੁੱਲ ਹਾਂ ਮੈਂ ਨਾ ਕਿਸੇ ਯੂਨੀਵਰਸਿਟੀ ਵਿਚ ਪੜ੍ਹਿਆ ਹਾਂ, ਨਾ ਮੈਨੂੰ ਕੋਈ ਪੜ੍ਹਾਉਂਦਾ ਹੈ, ਅਸੀਂ ਤਾਂ ਆਪਣਾ ਸੁਰ ਕੁਦਰਤ ਦੇ ਨਾਲ ਮੇਲ ਕੇ ਰਖਦੇ ਹਾਂ ਜਿਧਰ ਨੂੰ ਹਵਾ ਹਿਲਾਉਂਦੀ ਹੈ ਉਧਰ ਨੂੰ ਅਸੀਂ ਹਿਲਦੇ ਹਾਂ, ਜੇ ਹਨ੍ਹੇਰੀ ਸਾਡੀਆਂ ਲੱਤਾਂ ਬਾਹਾਂ ਤੋੜਦੀ ਹੈ ਤਾਂ ਅਸੀਂ ਕੋਈ ਸ਼ਿਕਵਾ ਨਹੀਂ ਕਰਦੇ। ਤੇਰੇ ਵਾਂਗੂੰ ਅਸੀਂ ਇਹ ਨਹੀਂ ਕਹਿੰਦੇ ਕਿ ਜੀ ਮੈਂ ਤਾਂ ਬਾਣੀ ਪੜ੍ਹਦਾ ਹਾਂ, ਸੇਵਾ ਕਰਦਾ ਹਾਂ ਸਾਡੇ ਨਾਲ ਇਸ ਤਰ੍ਹਾਂ ਕਿਉਂ ਹੋਈ? ਅਸੀਂ ਰਜ਼ਾ ਵਿਚ ਰਹਿੰਦੇ ਹਾਂ ਤੇ ਫੇਰ ਖਿੜ-ਖਿੜ ਕੇ ਮੂੰਹ ਦਿਖਾਲਦੇ ਹਾਂ, ਤੂੰ ਪੜ੍ਹ ਲਿਖ ਕੇ ਵੀ ਉਦਾਸ ਹੈਂ, ਪਿਆਰਿਆ! ਤੇਰੇ ਅੰਦਰ ਇਕ ਕਮਲ ਨਾਮ ਦਾ ਫੁਲ ਅਦ੍ਰਿਸ਼ਟ ਰੂਪ ਵਿਚ ਲਾਇਆ ਹੈ। ਜੇ ਤੂੰ ਉਸ ਨੂੰ ਸਿੱਧਾ ਕਰ ਲਵੇ ਤਾਂ ਖੇੜਾ ਹੀ ਖੇੜਾ ਪ੍ਰਾਪਤ ਹੋ ਜਾਵੇ ਕਿਉਂਕਿ ਤੂੰ ਉਸ ਨੂੰ ਵਿਸ਼ੇ ਵਿਕਾਰਾਂ ਦੀਆਂ ਪ੍ਰੀਤੀਆਂ ਨਾਲ ਮੂਧਾ ਕੀਤਾ ਹੋਇਆ ਹੈ ਜੇ ਤੈਨੂੰ ਸਿੱਧੇ ਕਰਨ ਦੀ ਜਾਂਚ ਆ ਜਾਵੇ ਤਾਂ ਤੂੰ –

*ਮਾਈ ਗੁਰ ਚਰਣੀ ਚਿਤੁ ਲਾਈਐ॥*
*ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ॥*
*ਸਦਾ ਸਦਾ ਹਰਿ ਧਿਆਈਐ॥ ਪੰਨਾ - 528*

ਉਹ ਸ਼ਕਤੀ ਜਿਸ ਨੂੰ ਸਾਰੇ ਸੰਸਾਰ ਨੇ ਰਚਿਆ ਹੈ ਅਸੀਂ ਇਕ ਮਿੰਟ ਵੀ ਆਪਣੇ ਧਿਆਨ ਤੋਂ ਇਕ ਪਾਸੇ ਨਾ ਕਰੀਏ ਤਾਂ ਉਹ ਕਮਲ ਪ੍ਰਗਾਸ ਹੋ ਜਾਂਦਾ ਹੈ, ਮਨ ਦਾ ਕਮਲ ਫੁੱਲ ਖਿੜ ਜਾਂਦਾ ਹੈ, ਮਨ ਖਿੜ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਫੇਰ ਤੂੰ ਕੀ ਦੇਖਦਾ ਹੈਂ, ਤੇਰੇ ਅੰਤ੍ਰੀਵ ਨੇਤਰ ਖੁਲ੍ਹ ਜਾਣਗੇ, ਉਹਦੇ ਖੁਲਦਿਆਂ ਹੀ ਤੈਨੂੰ ਇਕ ਸਚਾਈ, ਇਕ ਅਟੱਲ ਸਚਾਈ ਨਜ਼ਰੀਂ ਪਵੇਗੀ, ਜਿਸ ਨੇ ਆਪ ਹੀ ਸਾਰਾ ਕੌਤਕ ਰਚਿਆ ਹੈ, ਤੂੰ ਉਸ ਨਾਲੋਂ ਟੁੱਟਿਆ ਹੋਣ ਕਰਕੇ ਨੇਤਰਾਂ ਦੇ ਅੰਧਪੁਣੇ ਕਰਕੇ ਉਸ ਨੂੰ ਪਛਾਣ ਨਹੀਂ ਸਕਦਾ।

*ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ॥*
*ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ॥*
*ਪੰਨਾ - 528*

ਉਸ ਦੀ ਉਸਤਤ ਵੱਡੇ-ਵੱਡੇ ਮੁਨੀ ਸਾਰੇ ਸੇਵਕ ਕਰ ਰਹੇ ਹਨ ਪਰ ਉਹ ਬੇਅੰਤ (inifinity) ਹੈ। ਉਸਦਾ ਅੰਤ ਕਦੇ ਪਾਇਆ ਹੀ ਨਹੀਂ ਜਾ ਸਕਦਾ। ਫੁਰਮਾਨ ਹੈ –

*ਉਸਤਤਿ ਕਰਹਿ ਸੇਵਕ ਮੁਨਿ ਕੇਤੇ*
*ਤੇਰਾ ਅੰਤੁ ਨ ਕਤਹੂ ਪਾਈਐ॥ ਪੰਨਾ - 528*

ਹੇ ਸੁਖਾਂ ਦੇ ਦਾਤੇ ਦੁਖਾਂ ਨੂੰ ਦੂਰ ਕਰਨ ਵਾਲੇ ਸੁਆਮੀ ਬਲਿਹਾਰ ਜਾਂਦੇ ਹਾਂ ਤੇਰੀ ਕੁਦਰਤ ਦੇਖ ਕੇ, ਤੇਰੀ ਮਹਾਨਤਾ ਦੇਖ ਕੇ, ਦਿਆਲਤਾ ਦੇਖ ਕੇ –

*ਸੁਖਦਾਤੇ ਦੁਖਭੰਜਨ ਸੁਆਮੀ*
*ਜਨ ਨਾਨਕ ਸਦ ਬਲਿ ਜਾਈਐ॥ ਪੰਨਾ - 528*

ਤੈਨੂੰ ਇਕ ਭੇਤ ਸਮਝ ਵਿਚ ਨਹੀਂ ਆਇਆ ਕਿ ਜੋ ਕੁਝ ਵੀ ਨਜ਼ਰ ਆਉਂਦਾ ਹੈ ਅਤੇ ਹੋ ਰਿਹਾ ਹੈ ਉਹ ਸਭ ਕੁਝ ਹੁਕਮ ਵਿਚ ਹੋ ਰਿਹਾ ਹੈ, ਜੇ ਤੇਰੇ ਇਹ ਗੱਲ ਸਮਝ ਵਿਚ ਆ ਜਾਵੇ ਤਾਂ ਤੈਨੂੰ ਪਤਾ ਲਗ ਜਾਵੇ ਕਿ ਮੇਰੀ ਤਾਂ ਹਸਤੀ ਹੀ ਕੋਈ ਨਹੀਂ ਹੈ, ਮੈਂ ਤਾਂ ਖਾਹਮਖਾਹ ਆਪਣੀ ਹਸਤੀ ਬਣਾਈ ਹੈ। ਜੋ ਕੁਝ ਹੋਣਾ ਹੈ ਉਹ ਹੋਣਾ ਹੀ ਹੈ ਕਿਉਂਕਿ ਜੋ ਕੁਝ ਹੋਣਾ ਹੈ ਉਹ ਤੇਰੇ ਮੱਥੇ ਵਿਚ ਲਿਖਿਆ ਹੋਇਆ ਹੈ। ਵਾਹਿਗੁਰੂ ਜੀ ਆਪਣੀ ਰਚਨਾ ਵਿਚ ਰਚਿਆ ਹੋਇਆ ਹੈ। ਨਾ ਇਥੇ ਕੋਈ ਲਾਭ ਹੈ, ਨਾ ਇਥੇ ਕੋਈ ਘਾਟਾ ਹੈ। ਕਦੇ ਅਨੰਦ ਵਿਚ ਖਿੜਦੇ ਹਨ, ਕਦੇ ਜ਼ਹਿਰੀਲੇ ਗਮ ਹੁੰਦੇ ਹਨ, ਕਦੇ ਹਸਣਾ ਤੇ ਕਦੇ ਰੋਣਾ ਹੁੰਦਾ ਹੈ। ਕਿਤੇ ਮੈਲ ਭਰੇ ਹੋਏ ਅਭਿਮਾਨੀ ਨਜ਼ਰੀਂ ਪੈਂਦੇ ਹਨ, ਕਿਤੇ ਸਾਧੂ ਦਾ ਸੰਗ ਮਿਲ ਕੇ ਸਾਰੀਆਂ ਮੈਲਾਂ ਨੂੰ ਧੋਇਆ ਜਾਂਦਾ ਹੈ, ਇਸ ਨੂੰ ਕੌਣ ਮੇਟ ਸਕਦਾ ਹੈ ਕਿਉਂਕਿ ਹੋਰ ਹੈ ਹੀ ਕੋਈ ਨਹੀਂ ਜਿਸ ਦੀ ਕ੍ਰਿਪਾ ਨਾਲ ਇਹ ਸਭ ਕੁਝ ਹੋ ਰਿਹਾ ਹੈ ਉਸ ਤੇ ਬਲਿਹਾਰ-ਬਲਿਹਾਰ ਜਾਂਦੇ ਹਾਂ ਇਹ ਤੇਰੇ ਵਾਸਤੇ ਤੇਰੀਆਂ ਅੱਖਾਂ ਦੇ ਸਾਮ੍ਹਣੇ ਸਦਾ ਰੱਖਣ ਦਾ ਸੰਦੇਸਾ ਹੈ –

(ਬਾਕੀ ਪੰਨਾ 59 ਤੇ)

# ਕਿਵ ਸਚਿਆਰਾ ਹੋਈਐ?

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ - 13)*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਅਹਰਣਿ ਮਤਿ ਵੇਦੁ ਹਥੀਆਰੁ॥ ਪੰਨਾ - 8***

ਹਥਿਆਰ ਘੜਨ ਲਈ ਲੋਹਾ ਗਰਮ ਕੀਤਾ ਜਾਂਦਾ ਹੈ, ਲੁਹਾਰ ਉਸ ਲੋਹੇ ਨੂੰ ਅਹਰਣ ਉਤੇ ਰੱਖ ਕੇ ਹਥੌੜੇ ਮਾਰ-ਮਾਰ ਕੇ ਆਪਣੀ ਮਰਜ਼ੀ ਨਾਲ ਹਥਿਆਰ ਬਣਾਉਂਦਾ ਹੈ ਪਰ ਅਹਰਣ ਦੇ ਉਪਰ ਉਨ੍ਹਾਂ ਹਥੌੜਿਆਂ ਦਾ ਕੋਈ ਅਸਰ ਨਹੀਂ ਹੋਇਆ ਕਰਦਾ। ਇਸੇ ਤਰ੍ਹਾਂ ਨਾਲ ਗੁਰਮਤਿ ਮਾਰਗ ਦੇ ਧਾਰਨੀ ਜਗਿਆਸੂ ਦੀ ਮਤ ਅਚੱਲ ਹੋਇਆ ਕਰਦੀ ਹੈ।

ਭਾਈ ਮੰਝ ਜੀ ਦਾ ਵਿਰਤਾਂਤ ਤੁਸੀਂ ਜਾਣਦੇ ਹੀ ਹੋ ਜਦੋਂ ਉਸ ਨੇ ਗੁਰਮਤਿ ਧਾਰਨ ਕਰ ਲਈ, ਗੁਰੂ ਮਹਾਰਾਜ ਜੀ ਨੇ ਆਪਣੇ ਸਿੱਖ ਤੇ ਕਸਵੱਟੀ ਲਾ ਕੇ ਘਰ ਭੇਜ ਦਿਤਾ। ਉਹ ਇਲਾਕੇ ਦਾ ਵੱਡਾ ਚੌਧਰੀ ਸੀ। ਸੈਂਕੜੇ ਕਿੱਲੇ ਜ਼ਮੀਨ ਉਸ ਦੀ ਨਿਜੀ ਖੇਤੀ ਵਾਲੀ ਸੀ। ਬਲਦਾਂ ਦੀਆਂ ਦਰਜਨਾਂ ਜੋੜੀਆਂ ਜ਼ਮੀਨ ਵਾਹੁਣ ਲਈ ਸਨ, ਦਰਜਨਾਂ ਕਾਮੇ ਰੱਖੇ ਹੋਏ ਸਨ, ਮੱਝਾਂ, ਗਊਆਂ ਐਨੀਆਂ ਸਨ ਕਿ ਉਸ ਦੇ ਘਰ ਦੁੱਧ ਦੀਆਂ ਨਦੀਆਂ ਵਹਿੰਦੀਆਂ ਸਨ, ਹਰ ਆਇਆ ਗਿਆ ਉਸ ਦੇ ਘਰੋਂ ਪ੍ਰਸ਼ਾਦਾ ਛਕਦਾ ਸੀ, ਸਵਾਰੀ ਵਾਸਤੇ ਬਹੁਤ ਸੋਹਣੀਆਂ ਘੋੜੇ, ਘੋੜੀਆਂ ਆਦਿ ਵੀ ਰੱਖੀਆਂ ਹੋਈਆਂ ਸੀ, ਗੁੰਜ਼ਾਰਾਂ ਪਾਉਣ ਵਾਲੇ ਰੱਥ ਵੀ ਘਰ ਵਿਚ ਖੜ੍ਹੇ ਸਨ, ਜਦੋਂ ਰੱਥ ਚਲਦੇ ਸਨ ਤਾਂ ਦੂਰੋਂ ਹੀ ਪਤਾ ਲਗ ਜਾਂਦਾ ਸੀ ਕਿ ਚੌਧਰੀ ਤੀਰਥਾ (ਮੰਝ) ਕਿਤੇ ਜਾ ਰਿਹਾ ਹੈ। ਲੋਕ ਸਵਾਗਤ ਲਈ ਉਠ ਕੇ ਦੋਨੋਂ ਹੱਥ ਜੋੜ ਕੇ ਸ਼ੁਭ ਇੱਛਾ ਪੇਸ਼ ਕਰਦੇ ਸਨ। ਹਰ ਕੋਈ ਇਜ਼ਤ ਕਰਦਾ ਸੀ ਕਿਉਂਕਿ ਉਹ ਦੁਆਬੇ ਵਿਚੋਂ ਸਰਵਰ ਦੇ ਮੁਕਾਮ ਤੇ ਬੜਾ ਭਾਰੀ ਸੰਗ ਲੈ ਕੇ ਜਾਇਆ ਕਰਦੇ ਸਨ।

ਉਹ ਗੁਰੂ ਮਹਾਰਾਜ ਜੀ ਪਾਸੋਂ ਸਿੱਖੀ ਦੀ ਘਾਲ ਕਮਾਈ ਕਰਕੇ ਜਦੋਂ ਘਰ ਆਏ, ਉਸ ਵੇਲੇ ਸਾਰੇ ਪਿੰਡ ਦੇ ਸ਼ਰੀਕਾਂ ਨੇ ਇਕੱਠੇ ਹੋ ਕੇ ਉਨ੍ਹਾਂ ਨੂੰ ਸਮਝਾਇਆ ਕਿ ਭਾਈ ਤੀਰਥੇ! (ਮੰਝ) ਤੂੰ ਗੁਰੂ ਦੀ ਸਿੱਖੀ ਧਾਰਨ ਨਾ ਕਰ; ਇਸ ਵਿਚ ਕੁਝ ਵੀ ਨਹੀਂ। ਦੇਖ ਆਪਾਂ ਸਖੀ ਸਰਵਰ ਨੂੰ ਮੰਨਣ ਵਾਲੇ ਹਾਂ, ਸਰਵਰ ਅਸਾਡੀਆਂ ਮੰਨਤਾਂ ਪੂਰੀਆਂ ਕਰਦਾ ਹੈ, ਬਾਲ ਬੱਚਿਆਂ ਨੂੰ ਰਾਜ਼ੀ ਰਖਦਾ ਹੈ, ਵਿਘਨਾਂ ਦਾ ਨਾਸ਼ ਕਰਦਾ ਹੈ, ਤੂੰ ਸਾਡਾ ਭਰਾ ਹੈਂ ਚੌਧਰੀ ਹੈ, ਅਸਾਨੂੰ ਇਸ ਤਰ੍ਹਾਂ ਨਾ ਛੱਡ। ਸਿੱਖੀ ਧਾਰਨ ਕਰਕੇ ਕੀ ਲਵੇਂਗਾ? ਅਜਿਹੇ ਅਨੇਕਾਂ ਬਚਨ ਉਹ ਹਰ ਰੋਜ਼ ਸੁਣਦੇ ਸਨ। ਹੁਣ ਉਨ੍ਹਾਂ ਦੇ ਬਲਦ ਮਰਨੇ ਸ਼ੁਰੂ ਹੋ ਗਏ, ਹੌਲੀ-ਹੌਲੀ ਮੱਝਾਂ, ਗਊਆਂ, ਘੋੜੇ, ਘੋੜੀਆਂ ਸਭ ਮਰ ਗਈਆਂ, ਖੁਰਲੀ ਖਾਲੀ ਹੋ ਗਈ ਅਜੇ ਵੀ ਉਨ੍ਹਾਂ ਦੇ ਹਿਤੈਸ਼ੀ ਬਾਰ-ਬਾਰ ਇਹੀ ਕਹਿੰਦੇ ਕਿ ਭਾਈ ਤੀਰਥੇ! ਤੂੰ ਕੀ ਖੱਟਿਆ ਹੈ ਗੁਰੂ ਦੇ ਮਗਰ ਲੱਗ ਕੇ, ਅਸੀਂ ਦੇਖ ਕਿੰਨੇ ਸੁਖੀ ਹਾਂ ਸਰਵਰ ਪੀਰ ਨੂੰ ਮੰਨ ਕੇ। ਸਰਵਰ ਪੀਰ ਤੁਹਾਡੇ ਉਪਰ ਬਹੁਤ ਨਰਾਜ਼ ਹੋ ਗਿਆ ਹੈ। ਜੇ ਗੁਰੂ ਤਕੜਾ ਹੁੰਦਾ ਤਾਂ ਤੁਹਾਡੀ ਰਾਖੀ ਕਰਦਾ। ਭਾਈ ਤੀਰਥੇ! (ਮੰਝ) ਤੂੰ ਅਸਾਡਾ ਕਹਿਣਾ ਮੰਨ, ਅਸਾਡੇ ਨਾਲ ਸਰਵਰ ਪੀਰ ਦੇ ਮੁਕਾਮ ਤੇ ਚਲ ਜਿਵੇਂ ਅੱਗੇ ਸੰਗ ਲੈ ਕੇ ਜਾਂਦਾ ਸੀ ਉਸੇ ਤਰ੍ਹਾਂ ਚਲ। ਉਥੇ ਜਾ ਕੇ ਆਪਾਂ ਮੰਨਤ ਮੰਨਾਂਗੇ ਅਤੇ ਸਰਵਰ ਦਿਆਲੂ ਹੈ। ਜੇ ਤੂੰ ਸਿੱਖੀ ਧਾਰ ਹੀ ਲਈ ਹੈ ਤਾਂ ਵੀ ਤੈਨੂੰ ਬਖਸ਼ ਦੇਵੇਗਾ। ਤੇਰੇ ਪਾਸ ਬੇਅੰਤ ਜ਼ਮੀਨ ਹੈ, ਇਕੋ ਫਸਲ ਹੋਣ ਨਾਲ ਪਸ਼ੂ, ਘੋੜੇ, ਘੋੜੀਆਂ ਆਦਿ ਸਭ ਕੁਝ ਫੇਰ ਖਰੀਦ ਸਕਦਾ ਹੈਂ। ਸਾਡੇ ਮੁਕਾਬਲੇ ਤੇ ਤੂੰ ਦੇਖ, ਜਦੋਂ ਦਾ ਤੂੰ ਸਿੱਖ ਬਣਿਆ ਹੈਂ ਤੇਰੇ ਤੇ ਪੀਰ ਨਰਾਜ਼ ਹੋ ਗਿਆ। ਉਸ ਨੇ ਤੇਰੇ ਉਤੇ ਆਪਣਾ ਵਾਰ ਕੀਤਾ ਪਰ ਗੁਰੂ ਨੇ ਤਾਂ ਤੇਰੀ ਕੋਈ ਰਕਸ਼ਾ ਨਹੀਂ ਕੀਤੀ। ਜੋ ਤੂੰ ਅਗਲੇ ਜਹਾਨ ਦੀਆਂ ਗੱਲਾਂ ਕਰਦਾ ਹੈਂ, ਅਗਲਾ ਜਹਾਨ ਕਿਸੇ ਨੇ ਦੇਖਿਆ ਵੀ ਹੈ, ਸਾਰੇ ਇਹੀ ਕਹਿੰਦੇ ਹਨ ਕਿ 'ਇਹ ਜਗ ਮਿਠਾ ਅਗਲਾ ਕਿਨ ਡਿੱਠਾ'। ਹੁਣ ਤੂੰ ਦੁਖੀ ਹੋ ਕੇ ਜੀਵਨ ਗੁਜ਼ਾਰੇਂਗਾ, ਅਗਲਾ ਜਹਾਨ ਕਦ ਆਇਆ। ਜਿਵੇਂ ਸਾਨੂੰ ਚਾਰ ਭਾਈ ਮੋਢੇ ਤੇ ਚੁੱਕ ਕੇ ਸ਼ਮਸ਼ਾਨ ਭੂਮੀ ਲੈ ਜਾਣਗੇ ਇਵੇਂ ਜਿਵੇਂ ਤੇਰਾ ਸੰਸਕਾਰ ਹੋਣਾ ਹੈ। ਪਰ ਅਸੀਂ ਦੁਨੀਆਂ 'ਚ ਸੁਖ ਤਾਂ ਲੈ ਲਿਆ ਨਾ। ਅਗਲੇ ਜਹਾਨ ਦਾ ਸਾਧਾਂ, ਸੰਤਾਂ ਨੇ ਲਾਰਾ ਹੀ ਲਾਇਆ ਹੋਇਆ ਹੈ ਕਿਸੇ ਨੇ ਅੱਗੇ ਦਸਿਆ ਤਾਂ ਹੈ ਨਹੀਂ ਕਿ ਕੀ ਹੁੰਦਾ ਹੈ? ਭੂਤ ਵੀ ਬੋਲਦੇ ਹਨ ਉਹ ਵੀ ਮਰ ਕੇ ਹੀ ਭੂਤ ਬਣੇ ਹੁੰਦੇ ਹਨ ਉਹ ਵੀ ਨਹੀਂ ਦਸਦੇ। ਸਾਨੂੰ ਤਾਂ ਐਉਂ ਲਗਦਾ ਹੈ ਜੇ ਕੋਈ ਇਥੇ ਸੁਖੀ ਹੈ ਤਾਂ ਜੇ ਅਗਲਾ ਜਨਮ ਹੋਇਆ ਉਦੋਂ ਵੀ ਸੁਖੀ ਹੀ ਹੋਵੇਗਾ। ਅਜਿਹੇ ਬਚਨ ਭਾਈ ਮੰਝ ਦੀ ਅਚੱਲ ਮਤ ਉਪਰ ਹਥੌੜਿਆਂ ਵਾਂਗੂੰ ਪੈ ਰਹੇ ਸਨ ਅਤੇ ਬਹੁਤ ਹੀ ਭੱਦੇ ਕਿਸਮ ਦੀਆਂ ਘਾੜਤਾਂ ਘੜ ਰਹੇ ਸਨ। ਭਾਈ ਮੰਝ ਜੀ ਟਸ ਤੋਂ ਮਸ ਨਾ ਹੋਏ। ਉਹ ਗੁਰੂ ਦੇ ਪਿਆਰ ਵਿਚ ਰਹੇ, ਉਨ੍ਹਾਂ ਨੇ ਇਕੋ ਗੱਲ ਕਹੀ, ਪਿਆਰਿਓ! ਮੇਰਾ ਗੁਰੂ ਸਰਬ ਸਮਰਥ ਹੈ, ਉਸ ਦੇ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ। ਮੈਂ ਉਸੇ ਦੀ ਸ਼ਰਨ ਵਿਚ ਰਹਿ ਕੇ ਨਿਰਣਾ ਕਰ ਲਿਆ ਹੈ ਕਿ ਗੁਰੂ ਤੇ ਪ੍ਰਮੇਸ਼ਰ ਇਕੋ ਹੀ ਹੋਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਪਿਆਰਿਓ! ਤੁਹਾਡੀਆਂ ਅੱਖਾਂ ਬੰਦ ਹਨ, ਤੁਹਾਨੂੰ ਇਸ ਸੰਸਾਰ ਤੋਂ ਅੱਗੇ ਕੁਝ ਵੀ ਨਜ਼ਰ ਨਹੀਂ ਆਉਂਦਾ। ਮੈਂ ਇਨ੍ਹਾਂ ਆਪਣੀਆਂ ਅੱਖਾਂ ਨਾਲ ਅਗਲਾ ਸੰਸਾਰ ਦੇਖਿਆ ਹੋਇਆ ਹੈ। ਗੁਰੂ ਦੀ ਕ੍ਰਿਪਾ ਨਾਲ ਜਦੋਂ ਮੇਰੀ ਬਿਰਤੀ ਧਰਮ ਖੰਡ ਵਿਚ ਗਈ ਤਾਂ ਜੀਵਾਂ ਨੂੰ ਧਰਮਰਾਜ ਦੇ ਹਜ਼ਾਰਾਂ ਲੇਖੇ ਪੱਤੇ ਦਿੰਦਿਆਂ ਦੇਖਿਆ ਅਤੇ ਜੀਵਾਂ ਨੂੰ ਸਜ਼ਾਵਾਂ ਮਿਲਦੇ ਵੀ ਦੇਖਿਆ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***

***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***
***ਪੰਨਾ - 1425***

ਦੇਖੋ ਬਾਬਾ ਫਰੀਦ ਜੀ ਜੋ ਸਖੀ ਸਰਵਰ ਦੇ ਭਰਾ ਮੁਸਲਮਾਨ ਹੀ ਹਨ, ਇਸਲਾਮ ਦੇ ਧਾਰਨੀ ਸਨ ਉਹ ਵੀ ਫੁਰਮਾਉਂਦੇ ਹਨ –

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥***
***ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥***
***ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥***
***ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥***
***ਪੰਨਾ - 1383***

ਸੋ ਮੈਂ ਜੋ ਆਪਣੀਆਂ ਅੱਖਾਂ ਨਾਲ ਦੇਖ ਲਿਆ ਹੈ ਅਤੇ ਪਰਖ ਕੇ ਨਿਸ਼ਚੇ ਕਰ ਲਿਆ ਹੈ, ਤੁਹਾਡੇ ਕਹਿਣ ਤੇ ਮੈਂ ਇਨ੍ਹਾਂ ਕੱਚੀਆਂ ਗੱਲਾਂ ਨੂੰ ਨਹੀਂ ਮੰਨਣਾ। ਇਹ ਜੋ ਪੀਰ ਹੈ ਇਹ ਤਾਂ ਆਪ ਹੀ ਧੱਕੇ ਖਾਂਦਾ ਫਿਰਦਾ ਹੈ। ਤੁਹਾਡੇ ਪੀਰ ਨੂੰ ਦਰਗਾਹ ਵਿਚ ਥਾਂ ਮਿਲਦੀ ਹੀ ਨਹੀਂ। ਜੋ ਪਹੁੰਚੇ ਹੋਏ ਹਨ ਉਹ ਬਾਬਾ ਫਰੀਦ ਜੀ ਹਨ। ਇਹ ਪੀਰ ਸਰਵਰ ਤਾਂ ਕਰਾਮਾਤੀ ਸੀ ਜਿਸ ਦਾ ਨਾਮ ਅਹਿਮਦ ਸੀ ਉਸ ਨੂੰ ਤਾਂ ਉਸ ਦੇ ਭਰਾਵਾਂ ਨੇ ਹੀ ਮਾਰ ਦਿਤਾ। ਜੇ ਉਸ ਵਿਚ ਸੱਤਿਆ ਹੁੰਦੀ ਤਾਂ ਉਹ ਆਪਣੀ ਰਾਖੀ ਆਪ ਹੀ ਕਰ ਲੈਂਦਾ। ਜਿਹੜਾ ਆਪਣੀ ਰਾਖੀ ਨਹੀਂ ਕਰ ਸਕਦਾ ਤਾਂ ਉਹ ਤੁਹਾਡੀ ਰਾਖੀ ਕਿਵੇਂ ਕਰੇਗਾ। ਉਹ ਤਾਂ ਰਿੱਧੀਆਂ ਸਿੱਧੀਆਂ ਵਿਚ ਮਸਤ ਮਾਇਆਵੀ ਬੰਦਾ ਸੀ, ਕਿਸੇ ਦੇ ਪਸ਼ੂ ਮਾਰ ਦਿਤੇ, ਕਿਸੇ ਦਾ ਬੱਚਾ ਬਿਮਾਰ ਕਰ ਦਿਤਾ, ਕਿਸੇ ਦਾ ਘਰ ਬਰਬਾਦ ਕਰ ਦਿਤਾ, ਕਿਸੇ ਦੀ ਔਰਤ ਨੂੰ ਆਦਮੀ ਤੋਂ ਤੋੜ ਦੇਣਾ, ਕਿਸੇ ਦੇ ਆਦਮੀ ਨੂੰ ਔਰਤ ਨਾਲੋਂ ਅਲੱਗ ਕਰ ਦੇਣਾ। ਇਹ ਕੋਈ ਭਲੇ ਪੁਰਸ਼ ਦੀਆਂ ਗੱਲਾਂ ਹੋਇਆ ਕਰਦੀਆਂ ਹਨ। ਪਿਆਰਿਓ! ਮੈਂ ਗੁਰਮਤਿ ਦਾ ਧਾਰਨੀ ਹਾਂ ਅਤੇ ਗੁਰੂ ਦੀ ਮਤ ਸਭ ਤੋਂ ਸ੍ਰੇਸ਼ਟ ਹੈ, ਜੇ ਮੇਰਾ ਕੋਈ ਨੁਕਸਾਨ ਹੋ ਰਿਹਾ ਹੈ ਤਾਂ ਮੈਨੂੰ ਘਬਰਾਹਟ ਕੋਈ ਨਹੀਂ ਹੈ। ਇਹ ਤਾਂ ਮੇਰੇ ਗੁਰੂ ਦੇ ਹੁਕਮ ਵਿਚ ਹੀ ਹੋ ਰਿਹਾ ਹੈ। ਪਸ਼ੂ ਮਰਨ ਨਾਲ ਮੇਰਾ ਕੁਝ ਨਹੀਂ ਵਿਗੜਿਆ। ਤੁਸੀਂ ਮੇਰਾ ਘਰ, ਜ਼ਮੀਨ ਖੋਹ ਲੈਣ ਦੀਆਂ ਵਿਉਂਤਾਂ ਬਣਾ ਰਹੇ ਹੋ ਇਸ ਨਾਲ ਕੁਝ ਨਹੀਂ ਹੋਣਾ। ਤੁਸੀਂ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਮੈਨੂੰ ਘਰੋਂ ਕੱਢਣ ਦੀਆਂ ਵਿਉਂਤਾਂ ਬਣਾ ਰਹੇ ਹੋ ਇਸ ਨਾਲ ਵੀ ਮੈਨੂੰ ਕੋਈ ਫਰਕ ਨਹੀਂ ਪੈਣਾ। ਇਹ ਗੱਲਾਂ ਮੈਂ ਕਿਉਂ ਆਖ ਰਿਹਾ ਹਾਂ ਕਿਉਂਕਿ ਗੁਰੂ ਨੇ ਮੈਨੂੰ ਐਸੀ ਅਮੁੱਲ ਚੀਜ਼ ਦਿਤੀ ਹੈ ਜਿਸ ਦੀ ਕੋਈ ਵੀ ਕੀਮਤ ਨਹੀਂ ਹੈ ਉਹ ਹੈ – ਪ੍ਰਭੂ ਦਾ ਨਾਮ। ਇਹ ਦੁਨਿਆਵੀ ਵਸਤੂਆਂ ਉਸ ਨਾਮ ਦੇ ਸਾਮ੍ਹਣੇ ਕੁਝ ਵੀ ਮਹੱਤਤਾ ਨਹੀਂ ਰਖਦੀਆਂ। ਤੁਸੀਂ ਮੈਨੂੰ ਅਜਿਹੀਆਂ ਕੱਚੀਆਂ ਗੱਲਾਂ ਨਾ ਕਿਹਾ ਕਰੋ, ਨਾ ਮੇਰੇ ਮਨ ਨੂੰ ਤੁਹਾਡੀ ਕੋਈ ਗੱਲ ਭਾਉਂਦੀ ਹੈ। ਜੋ ਤੁਹਾਡੇ ਮਨਸੂਬੇ ਨੇ ਮੈਨੂੰ ਕੱਢਣ ਦੇ, ਉਹ ਮੈਨੂੰ ਕੋਈ ਅਸਰ ਨਹੀਂ ਪਾਉਂਦੇ। ਜੋ ਤੁਹਾਡੇ ਜੀਅ ਵਿਚ ਆਉਂਦੀ ਹੈ ਉਹ ਕਰੋ। ਉਸ ਵੇਲੇ ਬਹੁਤ ਭਾਰੀ ਪੰਚਾਇਤ ਇਕੱਠੀ ਹੋਈ, ਬਹੁਤ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਉਸ ਵਿਚ ਸ਼ਾਮਿਲ ਸਨ। ਉਹ ਸਾਰੇ ਸਰਵਰ ਨੂੰ ਮੰਨਣ ਵਾਲੇ ਸਨ। ਗੁਰਸਿੱਖਾਂ ਨਾਲ ਉਹ ਈਰਖਾ ਕਰਿਆ ਕਰਦੇ ਸਨ। ਸੋ ਉਨ੍ਹਾਂ ਨੇ ਫੈਸਲਾ ਕੀਤਾ ਕਿ ਜੇ ਇਹ ਭਾਈ ਤੀਰਥਾ (ਮੰਝ) ਪਿੰਡ ਵਿਚ ਰਿਹਾ ਤਾਂ ਸਾਡੇ ਸਾਰਿਆਂ ਉਪਰ ਪੀਰ ਨਰਾਜ਼ ਹੋ ਜਾਵੇਗਾ ਅਤੇ ਇਸ ਦੀ ਸਾਰੀ ਜ਼ਮੀਨ, ਜਾਇਦਾਦ ਖੋਹ ਲਵੋ ਤੇ ਆਪਸ ਵਿਚ ਵੰਡ ਲਵੋ। ਇਸ ਨੂੰ ਅੰਨ, ਜਲ ਨਾ ਦੇਵੋ ਅਤੇ ਸਾਰੀਆਂ ਪੰਚਾਇਤਾਂ ਦੀਆਂ ਜੂਹਾਂ ਤੋਂ ਬਾਹਰ ਕੱਢ ਦੇਵੋ ਫੇਰ ਪੀਰ ਆਪਣੇ ਤੇ ਪ੍ਰਸੰਨ ਰਹੇਗਾ। ਸੋ ਇਹ ਕੱਚੀ ਸਲਾਹ ਕੱਚੀ ਮਤ ਦੇ ਬੰਦਿਆਂ ਨੇ ਸੋਚੀ ਅਤੇ ਇਕੱਠੇ ਹੋ ਕੇ ਜ਼ੋਰ-ਜ਼ਬਰ ਨਾਲ ਭਾਈ ਮੰਝ ਜੀ ਨੂੰ ਘਰੋਂ ਬਾਹਰ ਕੱਢ ਦਿਤਾ। ਇਸ ਦੇ ਬਾਰੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਨੇ ਇਸ ਤਰ੍ਹਾਂ ਲਿਖਿਆ ਹੈ –

***ਛੀਨ ਲੀਨ ਗ੍ਰਿਹੁ,***
***ਧਨ, ਸਿਰਦਾਰੀ।***
***ਸਰਬ ਸ਼ਰੀਕਨਿ***
***ਦੀਨ ਨਿਕਾਰੀ।***
***ਲੇ ਕਰਿ ਨਿਜ***
***ਪਤਿਬ੍ਰਤਾ ਸੁ ਦਾਰਾ।***
***ਰਹਯੋ ਜਾਇ ਕਿਸਿ***
***ਪੁਰੀ ਮਝਾਰਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1817***

ਅਤੇ ਉਸ ਦੇ ਘਰ ਨੂੰ ਤਾਲਾ ਲਾ ਦਿਤਾ। ਕਹਿਣ ਲੱਗੇ, "ਜਾਹ! ਸਾਰਾ ਕੁਝ ਆਪਣੇ ਗੁਰੂ ਤੋਂ ਹੀ ਲੈ ਲੈ। ਅਸੀਂ ਤੈਨੂੰ ਚੌਧਰੀ ਨਹੀਂ ਬਣਨ ਦਿੰਦੇ, ਅਸੀਂ ਕੋਈ ਹੋਰ ਚੌਧਰੀ ਟੋਲ ਲੈਂਦੇ ਹਾਂ। ਨਵਾਬ ਪਾਸ ਜਾ ਕੇ ਅਸੀਂ ਚੌਧਰ ਦੀ ਪੱਗ ਕਿਸੇ ਹੋਰ ਨੂੰ ਦਿਵਾ ਦੇਣੀ ਹੈ।"

ਸਾਧਸੰਗਤ ਜੀ! ਇਹ ਜੋ ਉਪਰ ਕਥੀਆਂ ਗੱਲਾਂ ਹਨ ਇਨ੍ਹਾਂ ਨੂੰ ਸੁਣ ਕੇ ਆਮ ਆਦਮੀ ਡਰ ਜਾਂਦਾ ਹੈ ਅਤੇ ਸਮਾਂ ਟਪਾਉਣ ਲਈ ਦੂਜੇ ਦੀਆਂ ਗੱਲਾਂ ਮੰਨ ਲੈਂਦੇ ਹਾਂ ਪਰ ਧੰਨ ਸੀ ਭਾਈ ਮੰਝ, ਪਿੰਡ ਵਿਚੋਂ ਨਿਕਲ ਗਿਆ, ਪਿੰਡ ਵਾਲਿਆਂ ਨੇ ਪਾਣੀ ਦਾ ਘੁੱਟ ਵੀ ਨਾ ਪੀਣ ਦਿਤਾ। ਇਸ ਦੀ ਪਤਨੀ ਅਤੇ ਲੜਕੀ, ਆਪਣੇ ਪਤੀ ਅਤੇ ਪਿਤਾ ਦੇ ਨਾਲ ਵਾਹਿਗੁਰੂ ਦੀ ਰਜ਼ਾ ਸਮਝ ਕੇ ਪਿੰਡੋਂ ਬਾਹਰ ਨਿਕਲ ਗਈਆਂ। ਜਿਹੜੇ ਪੂਰੀ ਤਰ੍ਹਾਂ ਨਾਲ ਵਾਕਫ ਸਨ, ਹਰ ਸਮੇਂ ਭਾਈ ਮੰਝ ਕੋਲ ਆ ਕੇ ਬਹਿੰਦੇ ਸਨ, ਉਨ੍ਹਾਂ ਨੇ ਵੀ ਅੱਖਾਂ ਫੇਰ ਲਈਆਂ ਅਤੇ ਉਸ ਦੇ ਪਰਿਵਾਰ ਨੂੰ ਇਕ ਘੁੱਟ ਵੀ ਪਾਣੀ ਨਾ ਪੀਣ ਦਿਤਾ।

ਭਾਈ ਮੰਝ ਨੇ ਜਿਨ੍ਹਾਂ ਤੇ ਪੈਸੇ ਲਾ ਕੇ ਉਨ੍ਹਾਂ ਦੀਆਂ ਲੜਕੀਆਂ ਵਿਆਹੀਆਂ ਸੀ, ਬੈਲ ਮੁੱਲ ਲੈ ਕੇ ਦਿਤੇ ਸਨ, ਆਪਣੀ ਜੇਬ ਵਿਚੋਂ ਸਰਕਾਰੀ ਮਾਲੀਏ ਭਰੇ ਸਨ, ਉਹ ਵੀ ਸਿੱਧੇ ਮੂੰਹ ਭਾਈ ਮੰਝ ਨਾਲ ਨਹੀਂ ਬੋਲਦੇ। ਕਮਾਲ ਦੀ ਗੱਲ ਹੈ ਬੰਦਾ ਐਨਾ ਖੁਦਗਰਜ਼ ਹੈ ਕਿ ਕਿਸੇ ਦੇ ਅਹਿਸਾਨ ਨੂੰ ਭੁਲਾਉਣ ਵੇਲੇ ਇਕ ਮਿੰਟ ਵੀ ਨਹੀਂ ਲਾਉਂਦਾ। ਇਕ ਅਖਾਣ ਬਣਿਆ ਹੋਇਆ ਹੈ 'ਨੈਂ ਲੰਘੀ ਖੁਆਜਾ ਵਿਸਰਿਆ।' ਗੁਰੂ ਮਹਾਰਾਜ ਜੀ ਵੀ ਕਹਿੰਦੇ ਹਨ ਕਿ-

***ਦਾਤਿ ਪਿਆਰੀ ਵਿਸਰਿਆ ਦਾਤਾਰਾ।। ਪੰਨਾ - 676***

ਭਾਈ ਮੰਝ ਜੀ ਜੇ ਕਿਸੇ ਦਰੱਖਤ ਥੱਲੇ ਬੈਠਣ ਦਾ ਜਤਨ ਕਰਦੇ ਸਨ ਤਾਂ ਉਸੇ ਪਿੰਡ ਵਾਲੇ ਉਨ੍ਹਾਂ ਨੂੰ ਉਥੋਂ ਉਠਾ ਦਿੰਦੇ ਹਨ। ਜੇ ਆਪ ਉਨ੍ਹਾਂ ਨੂੰ ਮਤ ਦੇਣ ਦਾ ਜਤਨ ਕਰਦੇ ਹਨ ਤਾਂ ਕਹਿੰਦੇ ਸਨ ਕਿ ਇਹ ਬੜ-ਬੜ ਸਾਡੇ ਨਾਲ ਨਾ ਕਰ, ਜੇ ਚੁੱਪ ਕਰਦੇ ਹਨ ਤਾਂ ਟਿਚਰਾਂ ਕਰਦੇ ਹਨ ਕਿ ਦੇਖੋ! ਭੱਜਿਆ ਜਾਂਦਾ ਹੈ, ਕੀ ਕਰਕੇ ਗਿਆ ਹੈ ਸਿਰ ਵਿਚ ਸੁਆਹ ਪਾ ਕੇ ਗਿਆ ਹੈ। ਇਹ ਪੂਰੀ ਹਾਲਤ ਜਨਮ ਸਾਖੀ ਵਿਚਲੇ ਇਕ ਸ਼ਬਦ ਵਿਚ ਇਸ ਤਰ੍ਹਾਂ ਦਰਸਾਈ ਹੈ -

***ਧਾਰਨਾ - ਝੱਟ ਕਿਥੇ ਲੰਘਾਵਾਂ ਓ, ਮਾਲਕਾ,***
***ਦੁਨੀਆਂ ਟਿਕਣ ਨਾ ਦੇਵੇ - 2, 2.***
***ਦੁਨੀਆਂ ਟਿਕਣ ਨਾ ਦੇਵੇ ਮਾਲਕਾ - 2, 2.***
***ਝੱਟ ਕਿਥੇ ਲੰਘਾਵਾਂ ਓ, ਮਾਲਕਾ......-2***

***ਏਸ ਕਲੀਓ ਪੰਜ ਭੀਤਿਓ ਕਿਉ ਕਰਿ ਰਖਾ ਪਤਿ॥***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾ ਤਾ ਆਖੀਐ ਬੈਠਾ ਸਥਰ ਘਤ॥***
***ਉਠ ਜਾਈ ਤਾ ਆਖੀਐ ਛਾਰੁ ਗਇਆ ਸਿਰ ਘਤਿ।।***
***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥***
***ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ॥***
***ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥***

ਚਲਦੇ-ਚਲਦੇ ਆਪ ਇਕ ਨਗਰ ਵਿਚ ਚਲੇ ਜਾਂਦੇ ਹਨ। ਨਗਰ ਵਾਸੀਆਂ ਉਤੇ ਗੁਰਸਿਖਾਂ ਰਾਹੀਂ ਗੁਰਮਤਿ ਦਾ ਅਸਰ ਪਿਆ ਹੋਇਆ ਸੀ। ਉਨ੍ਹਾਂ ਨੇ ਭਾਈ ਮੰਝ ਨੂੰ ਗੁਰਸਿੱਖ ਜਾਣ ਕੇ ਰੋਕ ਲਿਆ। ਪਿੰਡ ਦੇ ਚੌਧਰੀ ਨੇ ਸਾਰੀ ਗੱਲ ਸੁਣੀ ਅਤੇ ਭਾਈ ਮੰਝ ਨੂੰ ਆਪਣੇ ਪਿੰਡ ਹੀ ਟਿਕਣ ਨੂੰ ਕਿਹਾ। ਉਨ੍ਹਾਂ ਨੇ ਇਕ ਝੌਂਪੜੀ ਪਾਉਣ ਜੋਗਾ ਥਾਂ ਦੇ ਦਿਤਾ। ਭਾਈ ਮੰਝ ਜੀ ਝੌਂਪੜੀ ਪਾ ਕੇ ਰਹਿ ਰਹੇ ਹਨ ਪਰਿਵਾਰ ਦੇ ਨਿਰਭਾਹ ਲਈ ਤਾਜ਼ੀ-ਤਾਜ਼ੀ ਘਾਹ ਦੀ ਪੰਡ ਖੋਤ ਤੇ ਲਿਆਉਂਦੇ ਹਨ ਅਤੇ ਨਾਲ ਦੇ ਨਗਰ ਵਿਚ ਜਾ ਕੇ ਲੋੜਵੰਦਾਂ ਪਾਸ ਵੇਚ ਦਿੰਦੇ ਹਨ। ਚਾਰ ਪੈਸੇ ਵਟਦੇ ਹਨ ਉਸ ਵਿਚੋਂ ਦੋ ਪੈਸੇ ਗੁਰੂ ਦੇ ਲੰਗਰ ਲਈ ਰੱਖ ਦਿੰਦੇ ਹਨ ਅਤੇ ਦੋ ਪੈਸੇ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਅੰਮ੍ਰਿਤ ਵੇਲੇ ਜਾਗ ਕੇ ਭਿੰਨੀ ਰੈਨੜੀਐ ਦਾ ਅਨੰਦ ਮਾਣਦੇ ਹੋਏ ਗੁਰੂ ਮਹਾਰਾਜ ਜੀ ਨਾਲ ਇਕ ਸੁਰ ਹੁੰਦੇ ਹਨ। ਗੁਰੂ ਮਹਾਰਾਜ ਜੀ ਦੇ ਪਿਆਰੇ ਸਰੂਪ ਨੂੰ ਅੰਦਰ ਵਸਾਉਂਦੇ ਹਨ ਜਿਸ ਬਾਰੇ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਧਰੀਏ ਮਨ ਵਿਚ ਧਿਆਨ,***
***ਗੁਰਾਂ ਦੀ ਮੂਰਤ ਦਾ - 2, 2.***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ ਪੰਨਾ - 864***

ਸੋ ਇਸ ਧਿਆਨ ਰਾਹੀਂ ਪ੍ਰਤੱਖ ਰੂਪ ਵਿਚ ਗੁਰੂ ਮਹਾਰਾਜ ਜੀ ਨਾਲ ਅੰਤਰ ਆਤਮੇ ਜੁੜੇ ਰਹਿੰਦੇ ਹਨ। ਹਰ ਸ੍ਵਾਸ ਆਪਣੇ ਹਿਰਦੇ ਰਾਹੀਂ ਗੁਰੂ ਮਹਾਰਾਜ ਜੀ ਨੂੰ ਖਿੱਚਾਂ ਪਾ ਕੇ ਖਿਚਦੇ ਹਨ। ਲੜਕੀ ਤੇ ਘਰਵਾਲੀ ਨੂੰ ਵੀ ਗੁਰਮਤਿ ਬਾਰੇ ਹੋਰ ਚਾਨਣਾ ਪਾ ਕੇ ਗੁਰੂ ਮਹਾਰਾਜ ਜੀ ਦੇ ਪਿਆਰ ਨਾਲ ਜੋੜਦੇ ਹਨ। ਉਹ ਮੂਲਮੰਤ੍ਰ ਦਾ ਪਾਠ ਕਰਦੀਆਂ ਹਨ, ਸ਼ਾਮ ਵੇਲੇ ਰਹਿਰਾਸ ਸਾਹਿਬ ਦਾ ਪਾਠ ਤੇ ਰਾਤ ਨੂੰ ਸੌਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਕਰਦੀਆਂ ਹਨ। ਵੇਖਣ ਨੂੰ ਐਉਂ ਪ੍ਰਤੀਤ ਦਿੰਦਾ ਹੈ ਜਿਵੇਂ ਇਹ ਕਿਸੇ ਮਹਾਨ ਰਿਸ਼ੀ ਮੁਨੀ ਦੀ ਕੁਟੀਆ ਹੋਵੇ। ਲਗਦਾ ਐਉਂ ਹੈ ਜਿਵੇਂ ਇਹ ਮਹਾਨ ਰਿਸ਼ੀ ਇਸ ਕਲਜੁਗ ਵਿਚ ਅਚਾਨਕ ਹੀ ਪ੍ਰਗਟ ਹੋ ਗਿਆ ਹੈ। ਕਾਫੀ ਸਮਾਂ ਇਸੇ ਤਰ੍ਹਾਂ ਨਾਲ ਲੰਘ ਗਿਆ, ਅੱਜ ਗੁਰੂ ਮਹਾਰਾਜ ਅਰਜਨ ਪਾਤਸ਼ਾਹ ਜੀ ਨੇ ਆਪਣਾ ਇਕ ਮੇਵੜਾ ਸਿੱਖ ਜੋ ਗੁਰੂ ਮਹਾਰਾਜ ਜੀ ਦੇ ਨਿਕਟ ਰਹਿ ਕੇ ਅਰਦਾਸਾ ਕਰਿਆ ਕਰਦਾ ਹੈ ਅਤੇ ਸੰਗਤਾਂ ਦਾ ਨਾਮ ਲੈ-ਲੈ ਕੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਬੋਲਿਆ ਕਰਦਾ ਸੀ ਕਿ ਇਸ ਨੇ ਆਹ ਸੁਖ ਪੂਰੀ ਹੋਣ ਤੇ ਮਾਇਆ, ਵਸਤਰ ਆਦਿ ਭੇਟ ਕੀਤੇ ਹਨ, ਆਪ ਨੇ ਇਸ ਦੀ ਸੁਖਨਾ ਪੂਰੀ ਕਰ ਦਿਤੀ ਹੈ, ਉਸ ਨੂੰ ਭਾਈ ਮੰਝ ਪਾਸ ਭੇਜਿਆ ਅਤੇ ਇਕ ਹੁਕਮਨਾਮਾ ਦੇ ਕੇ ਫੁਰਮਾਨ ਕੀਤਾ ਕਿ ਭਾਈ ਗੁਰਮੁਖਾ! ਫਲਾਣੇ ਪਿੰਡ ਵਿਚ ਇਕ ਮੰਝ ਨਾਮ ਦਾ ਸਿੱਖ, ਪਿੰਡ ਦੇ ਬਾਹਰ-ਬਾਹਰ ਵੱਡੇ ਬੋਹੜ ਦੀ ਛਾਂ ਹੇਠ ਇਕ ਕੁਟੀਆ ਵਿਚ ਰਹਿ ਰਿਹਾ ਹੈ। ਇਹ ਹੁਕਮਨਾਮਾ ਲੈ ਜਾ ਤੇ ਉਸ ਨੂੰ ਤਾਂ ਦੇਵੀਂ ਜਦੋਂ ਉਹ ਇਸ ਦੇ 20 ਰੁਪਏ ਦਰਸ਼ਨੀ ਭੇਟ ਦੇਵੇ।

ਮੇਵੜਾ ਚਿੱਠੀ ਲੈ ਕੇ ਚਲਿਆ ਗਿਆ। ਭਾਈ ਮੰਝ ਨੂੰ ਜਾ ਕੇ ਹੁਕਮਨਾਮਾ ਦਿਤਾ। ਆਪ ਨੇ ਹੁਕਮਨਾਮਾ ਨੇਤਰਾਂ ਨਾਲ ਲਾਇਆ, ਮੱਥੇ ਨਾਲ ਲਾਇਆ ਆਪ ਦੇ ਨੇਤਰ ਸੱਜਲ ਹੋ ਗਏ। ਨੇਤਰਾਂ 'ਚੋਂ ਹੰਝੂ ਵਹਿ ਤੁਰੇ। ਉਸ ਦੀ ਲੜਕੀ ਅਤੇ ਪਤਨੀ ਵੀ ਇਹ ਸਭ ਕੁਝ ਦੇਖ ਰਹੀਆਂ ਸਨ ਅਤੇ ਬਹੁਤ ਗਹਿਰੇ ਭਾਵ ਵਿਚ ਆਪ ਵੀ ਲੀਨ ਹੋ ਰਹੀਆਂ ਸਨ। ਸਮਾਂ ਵਿਚਾਰ ਕੇ ਮੇਵੜੇ ਨੇ ਕਿਹਾ ਕਿ ਭਾਈ ਮੰਝ! ਇਸ ਦੀ ਦਰਸ਼ਨੀ ਭੇਟਾ 20 ਰੁਪਏ ਦੇ ਕੇ ਫੇਰ ਹੁਕਮਨਾਮਾ ਖੋਲ੍ਹਿਓ।

ਭਾਈ ਮੰਝ ਪਾਸ ਤਾਂ ਅਜੇ ਥੋੜ੍ਹੇ ਜਿਹੇ ਪੈਸੇ ਹੀ ਗੁਰੂ ਦੀ ਅਮਾਨਤ ਜਮ੍ਹਾਂ ਹੋਈ ਸੀ। ਉਹ ਹਰ ਰੋਜ਼ ਆਪਣੀ ਅੱਧੀ ਮਿਹਨਤ ਗੁਰੂ ਮਹਾਰਾਜ ਜੀ ਵਾਸਤੇ ਕੱਢਿਆ ਕਰਦਾ ਸੀ। 32 ਦਿਨਾਂ ਵਿਚ ਇਕ ਰੁਪਿਆ ਬਣਿਆ ਕਰਦਾ ਸੀ। ਉਸ ਵੇਲੇ ਹੋਰ ਮਾਇਆ ਪਾਸ ਨਾ ਹੋਣ ਕਰਕੇ ਭਾਈ ਮੰਝ ਕੁਝ ਸੋਚਣ ਲੱਗੇ ਪਰ ਉਨ੍ਹਾਂ ਦੀ ਸਤਵੰਤੀ ਪੁਤਰੀ ਨੇ ਪਿਤਾ ਦੀ ਹਾਲਤ ਦੇਖ ਕੇ ਕਿਹਾ ਪਿਤਾ ਜੀ! ਤੁਸੀਂ ਵੀਹ ਰੁਪਏ ਦਾ ਫਿਕਰ ਨਾ ਕਰੋ, ਮੈਂ ਜੁਆਨ ਹਾਂ ਅਤੇ ਘਰ ਦੇ ਸਾਰੇ ਕੰਮ ਕਰ ਸਕਦੀ ਹਾਂ, ਘਰ ਲਿਪ ਸਕਦੀ ਹਾਂ, ਬੱਚੇ ਖਿਲਾ ਸਕਦੀ ਹਾਂ, ਕਪਾਹਾਂ ਚੁਗ ਸਕਦੀ ਹਾਂ, ਕਪੜੇ ਧੋ ਸਕਦੀ ਹਾਂ, ਬਰਤਨ ਮਾਂਜ ਸਕਦੀ ਹਾਂ; ਕੋਈ ਸਰੀਰਕ ਮਿਹਨਤ ਐਸੀ ਨਹੀਂ ਜੋ ਮੈਂ ਨਾ ਕਰ ਸਕਦੀ ਹੋਵਾਂ। ਤੁਸੀਂ ਬੇਫਿਕਰ ਹੋ ਕੇ ਮੇਰੀ ਮਿਹਨਤ

ਗਿਰਵੀ ਕਰ ਦੇਵੋ ਅਤੇ ਅਗਾਊਂ 20 ਰੁਪਏ ਲੈ ਕੇ ਦੇ ਦੇਵੋ। ਮੇਰੇ ਰਾਖੇ ਗੁਰੂ ਮਹਾਰਾਜ ਹੋਣਗੇ, ਮੈਂ ਉਨ੍ਹਾਂ ਦੀ ਯਾਦ ਵਿਚ ਰਹਾਂਗੀ। ਆਪਣੇ ਸਤਿਗੁਰੂ ਮਹਾਰਾਜ ਸਰਬ ਕਲਾ ਸਮਰੱਥ ਹਨ। ਉਹ ਮੇਰੇ ਜਤ ਸਤ ਦੀ ਰਾਖੀ ਆਪ ਹੀ ਕਰਨਗੇ, ਮੈਨੂੰ ਪੂਰਨ ਵਿਸ਼ਵਾਸ਼ ਹੈ; ਤੁਸੀਂ ਹੁਣ ਹੋਰ ਗੱਲ ਨਾ ਵਿਚਾਰਨੀ। ਘਰਵਾਲੀ ਨੇ ਵੀ ਉਸ ਦੀ ਪ੍ਰੋੜਤਾ ਕਰ ਦਿਤੀ। ਠੀਕ ਗੱਲ ਹੈ ਅਸੀਂ ਮਿਹਨਤ ਕਰਕੇ 20 ਰੁਪਏ ਕਮਾ ਲਵਾਂਗੇ। ਸੋ ਇਹ ਗੱਲਾਂ ਵਿਚਾਰ ਕੇ ਭਾਈ ਮੰਝ ਜੀ ਇਕ ਭਲੇ ਪੁਰਸ਼ ਪਾਸ ਗਏ ਅਤੇ ਸਾਰੀ ਗੱਲ ਉਸ ਨੂੰ ਦੱਸ ਦਿਤੀ। 20 ਰੁਪਏ ਦੀ ਮੰਗ ਕੀਤੀ ਅਤੇ ਉਸ ਨੇ ਖੁਸ਼ੀ ਨਾਲ ਮਾਇਆ ਦੇ ਕੇ ਕਿਹਾ ਕਿ ਭਾਈ ਮੰਝ! ਤੂੰ ਆਪਣੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ। ਲੜਕੀ ਦਾ ਫਿਕਰ ਨਾ ਕਰੀਂ, ਅਸੀਂ ਉਸ ਨੂੰ ਆਪਣੀ ਲੜਕੀ ਵਾਂਗ ਸਮਝਾਂਗੇ। ਸੋ ਭਾਈ ਮੰਝ ਜੀ ਨੇ 20 ਰੁਪਏ ਲੈ ਕੇ ਮੇਵੜੇ ਨੂੰ ਭੇਟਾ ਕੀਤੇ, ਜਲ ਪਾਣੀ ਛਕਾਇਆ, ਹੁਕਮਨਾਮਾ ਖੋਲ੍ਹ ਕੇ ਪੜ੍ਹਿਆ ਤਾਂ ਉਸ ਵਿਚ ਅੰਕਿਤ ਸੀ ਕਿ ਭਾਈ ਮੰਝ! ਗੁਰੂ-ਗੁਰੂ ਜਪੋ, ਉਸ ਦੇ ਧਿਆਨ ਵਿਚ ਰਹੋ, ਵਾਹਿਗੁਰੂ ਜੀ ਸਦਾ ਹੀ ਤੁਹਾਡੇ ਨਾਲ ਹਨ ਜਿਵੇਂ ਕਿ ਫੁਰਮਾਨ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਪੰਨਾ - 677*

ਮੇਵੜਾ ਵਿਦਾ ਹੋਇਆ, ਸਮਾਂ ਹੋਰ ਲੰਘ ਗਿਆ। ਗੁਰੂ ਮਹਾਰਾਜ ਜੀ ਨੇ ਕੁਝ ਦਿਨਾਂ ਪਿਛੋਂ ਦੂਸਰਾ ਹੁਕਮਨਾਮਾ ਫੇਰ ਭੇਜ ਦਿਤਾ, ਉਸ ਵਿਚ ਵੀ 20 ਰੁਪਏ ਭੇਟਾ ਲੈ ਕੇ ਦੇਣ ਲਈ ਕਿਹਾ ਹੋਇਆ ਸੀ। ਜਦੋਂ ਪਹਿਲੀ ਵਾਰ ਵਾਂਗੂੰ ਹੀ ਗੁਰਸਿੱਖ ਹੁਕਮਨਾਮਾ ਦੇਣ ਲੱਗਿਆ ਤਾਂ ਉਸ ਨੇ ਕਿਹਾ ਕਿ ਭਾਈ ਮੰਝ! ਮੈਂ ਜਾਣਦਾ ਹਾਂ ਕਿ ਤੇਰੀ ਹਾਲਤ ਮਾਇਕ ਤੌਰ ਤੇ ਪਤਲੀ ਹੋ ਗਈ ਹੈ। ਤੁਹਾਡੀ ਮਿਹਨਤ ਨਾਲ ਤਾਂ ਪ੍ਰਸ਼ਾਦ ਪਾਣੀ ਹੀ ਮਸਾਂ ਚਲਦਾ ਹੋਣਾ ਹੈ, ਇਸੇ ਦੀ ਹੀ ਚਿੰਤਾ ਰਹਿੰਦੀ ਹੋਣੀ ਹੈ; 20 ਰੁਪਏ ਦੇਣੇ ਹੁਣ ਬਹੁਤ ਮੁਸ਼ਕਲ ਹੋਣਗੇ। ਭਾਈ ਮੰਝ ਜੀ ਨੇ ਕਿਹਾ ਕਿ ਗੁਰਮੁਖ ਜੀਓ! ਗੁਰਬਾਣੀ ਅਮਰ ਹੈ, ਉਸ ਦੇ ਸਿਧਾਂਤ ਵੀ ਅਡੋਲ ਹਨ। ਜਿਵੇਂ ਕਿ ਫੁਰਮਾਨ ਹੈ -

*ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥*
*ਪੰਨਾ - 724*

ਹਰ ਰੋਜ਼ ਆਪਾਂ ਪੜ੍ਹਦੇ ਹਾਂ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਪੰਨਾ - 10*

ਦੇਖੋ, ਕੂੰਜਾਂ ਕਿੱਡੀ-ਕਿੱਡੀ ਉਡਾਰੀ ਮਾਰ ਕੇ ਆਉਂਦੀਆਂ ਹਨ ਪਿਛੇ ਆਂਡੇ ਦੇ ਆਉਂਦੀਆਂ ਹਨ। ਉਹ ਬੱਚਿਆਂ ਨੂੰ ਸਿਮਰਨ ਸ਼ਕਤੀ ਦੇ ਨਾਲ ਪਾਲਦੀਆਂ ਹਨ। ਉਹ ਸਾਰੀ ਸਿਖਿਆ ਸਿਮਰਨ ਦੇ ਬਲ ਨਾਲ ਹੀ ਬੱਚਿਆਂ ਨੂੰ ਦਿੰਦੀਆਂ ਹਨ ਜਿਵੇਂ ਕਿ ਫੁਰਮਾਨ ਹੈ -

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥*
*ਪੰਨਾ - 10*

ਸੋ ਦੇਣ ਵਾਲਾ ਤਾਂ ਵਾਹਿਗੁਰੂ ਹੈ ਜੋ ਸਭਨਾਂ ਜੀਆਂ ਨੂੰ ਪਾਲਦਾ ਹੈ-

*ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,*
*ਤੈਨੂੰ ਕਿਉਂ ਨਾ ਦੇਵੇ ਗਾਫਲਾ -2, 2.*
*ਤੈਨੂੰ ਕਿਉਂ ਨਾ ਜੀ, ਦੇਵੇ ਗਾਫਲਾ-2, 2.*
*ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ - 2.*

ਸੋ ਮੇਵੜੇ ਤੋਂ 20 ਰੁਪਏ ਭੇਟਾ ਸੁਣ ਕੇ ਆਪ ਥੋੜ੍ਹਾ ਜਿਹਾ ਚੁਪ ਕਰ ਗਏ। ਘਰਵਾਲੀ ਪੂਰਨ ਪਤੀਵਰਤਾ ਸੀ। ਪਤੀ ਦੀ ਰਜ਼ਾ ਵਿਚ ਸਦਾ ਰਹਿੰਦੀ ਸੀ, ਆਪਣੀਆਂ ਮਤਾਂ ਪਤੀ ਨੂੰ ਨਹੀਂ ਦਿਆ ਕਰਦੀ ਸੀ। ਉਸ ਨੂੰ ਪ੍ਰਮੇਸ਼ਰ ਰੂਪ ਜਾਣਦੀ ਸੀ। ਉਸ ਨੇ ਪੂਰਨ ਰੂਪ ਵਿਚ ਤਨ ਮਨ ਪਤੀ ਨੂੰ ਦੇ ਕੇ ਇਕਰੂਪਤਾ ਹਾਸਲ ਕੀਤੀ ਹੋਈ ਸੀ। ਉਹ ਆਪਣੇ ਪਤੀ ਨੂੰ ਕਿਸੇ ਦੁੱਖ ਵਿਚ ਨਹੀਂ ਦੇਖ ਸਕਦੀ ਸੀ। ਉਸ ਨੇ ਕਿਹਾ ਕਿ ਪਤੀਦੇਵ! ਆਪ ਚਿੰਤਾ ਨਾ ਕਰੋ ਜਿਵੇਂ ਪਹਿਲਾਂ ਆਪਣੀ ਲੜਕੀ ਨੇ ਮਿਹਨਤ ਗਿਰਵੀ ਕਰਕੇ 20 ਰੁਪਏ ਦਿਤੇ ਹਨ। ਇਸੇ ਤਰ੍ਹਾਂ ਹੀ ਹੁਣ ਤੁਸੀਂ ਮੈਨੂੰ ਕਿਸੇ ਭਲੇ ਪੁਰਸ਼ ਪਾਸ ਗਿਰਵੀ ਕਰਾ ਦਿਓ। ਮੈਂ ਉਸ ਦੇ ਬੱਚੇ ਪਾਲਾਂਗੀ, ਪਸ਼ੂਆਂ ਦੀਆਂ ਧਾਰਾਂ ਕੱਢਾਂਗੀ ਜੋ ਕੰਮ ਉਸ ਦੇ ਹੋਣਗੇ ਮੈਂ ਪੂਰੀ ਤਨ ਦੇਹੀ ਨਾਲ ਕਰਾਂਗੀ। ਮੇਰੀ ਰਾਖੀ ਗੁਰੂ ਮਹਾਰਾਜ ਜੀ ਕਰਨਗੇ, ਉਹ ਹਮੇਸ਼ਾ ਮੇਰੇ ਨਾਲ ਰਹਿੰਦੇ ਨੇ ਇਹ ਮੈਨੂੰ ਮਹਿਸੂਸ ਹੋ ਰਿਹਾ ਹੈ। ਸੋ ਭਾਈ ਮੰਝ ਜੀ ਨੇ ਪਤਨੀ ਦੀ ਮਿਹਨਤ ਗਿਰਵੀ ਰੱਖ ਕੇ 20 ਰੁਪਏ ਦੇ ਕੇ ਹੁਕਮਨਾਮਾ ਲੈ ਲਿਆ। ਉਸ ਵਿਚ ਲਿਖਿਆ ਸੀ ਕਿ ਹੁਕਮਨਾਮਾ ਦੇਖਦੇ ਸਾਰ ਹੀ ਅਸਾਡੇ ਪਾਸ ਆ ਜਾਵੋ। ਉਸੇ ਸਮੇਂ ਭਾਈ ਮੰਝ ਨੇ ਝੌਂਪੜੀ ਬੰਦ ਕੀਤੀ, ਆਪ ਗੁਰੂ ਮਹਾਰਾਜ ਵਲ ਨੂੰ ਚਲ ਪਏ ਅਤੇ ਗੁਰੂ ਮਹਾਰਾਜ ਦੇ ਭਰੋਸੇ ਵਿਚ ਰਹਿੰਦਿਆਂ ਨਾ ਕੋਈ ਲੜਕੀ ਦੀ ਚਿੰਤਾ ਮਨ ਵਿਚ ਆਈ, ਨਾ ਆਪਣੀ ਪਤਨੀ ਬਾਰੇ ਸੋਚਿਆ; ਜੇ ਸੋਚ ਸੀ ਤਾਂ ਇਕੋ ਸੀ ਕਿ ਮੇਰੀ ਸਤਿਗੁਰੂ ਜੀ ਨਾਲ ਨਿਭ ਜਾਵੇ -

*ਧਾਰਨਾ - ਨਿਭ ਜਾਏ ਗੁਰਾਂ ਦੇ ਨਾਲੇ - 4, 4.*

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲ ਹੋਣ ਸੁਖਾਲੇ।*
*ਨੇਹੁੰ ਕਵਲ ਜਲ ਜਾਣੀਐ ਖਿੜ ਮੂੰਹ ਵਖਾਲੇ।*
*ਮੋਰ ਬਬੀਹੇ ਬੋਵਦੇ ਦੇਖ ਬੱਦਲ ਕਾਲੇ।*
*ਨਾਰਿ ਭਤਾਰ ਪਿਆਰ ਹੈ ਮਾਂ ਪੁੱਤ ਸਮ੍ਹਾਲੇ।*
*ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ।*
*ਭਾਈ ਗੁਰਦਾਸ ਜੀ, ਵਾਰ 27/4*

ਸਨੇ-ਸਨੇ ਚਲਦਿਆਂ ਆਪ ਅੰਮ੍ਰਿਤਸਰ ਪਹੁੰਚ ਗਏ। ਗੁਰੂ ਮਹਾਰਾਜ ਜੀ ਦੀਵਾਨ ਵਿਚ ਬਿਰਾਜਮਾਨ ਸਨ। ਆਪ ਨੇ ਦੂਰੋਂ ਹੀ ਨਮਸਕਾਰ ਕੀਤੀ ਅਤੇ ਇਕਲਵਾਂਜੇ ਹੋ ਕੇ ਬਚਨ ਸ੍ਰਵਣ

ਕਰਨ ਲੱਗੇ। ਉਸ ਤੋਂ ਬਾਅਦ ਦੂਰ ਤੋਂ ਆਈਆਂ ਹੋਈਆਂ ਸੰਗਤਾਂ ਨਮਸ਼ਕਾਰ ਕਰਨ ਲੱਗੀਆਂ। ਉਨ੍ਹਾਂ ਵਿਚ ਭਾਈ ਮੰਝ ਜੀ ਵੀ ਨਮਸਕਾਰ ਕਰਨ ਗਏ। ਗੁਰੂ ਮਹਾਰਾਜ ਜੀ ਨੇ ਨਾ ਹੀ ਭਾਈ ਮੰਝ ਨੂੰ ਬੁਲਾਇਆ ਅਤੇ ਨਾ ਹੀ ਉਨ੍ਹਾਂ ਵਲ ਦ੍ਰਿਸ਼ਟੀ ਕੀਤੀ। ਭਾਈ ਮੰਝ ਸ਼ੁਕਰ-ਸ਼ੁਕਰ ਕਰਦੇ ਗੁਰੂ ਦਰਸ਼ਨਾਂ ਵਿਚ ਮਸਤ ਸੰਗਤਾਂ ਨਾਲ ਚਲੇ ਗਏ ਤੇ ਉਥੇ ਹੀ ਰਹਿਣ ਲੱਗੇ। ਆਪ ਜੀ ਦਿਨ ਰਾਤ ਸੇਵਾ ਕਰਦੇ ਹਨ। ਕਾਫੀ ਸਮਾਂ ਬੀਤ ਗਿਆ। ਲੱਕੜੀਆਂ ਢੋਣੀਆਂ, ਛਿੜਕਾਅ ਕਰਨਾ, ਆਟਾ ਪੀਹਣਾ, ਪੱਖਾਂ ਝਲਣਾ, ਬਰਤਨ ਮਾਂਜਣੇ, ਆਈਆਂ ਸੰਗਤਾਂ ਦੀ ਸੇਵਾ ਸੰਭਾਲ ਕਰਨੀ, ਦਿਨ ਰਾਤ ਸੇਵਾ ਵਿਚ ਜੁੜੇ ਰਹਿੰਦੇ ਸਨ। ਸਮਾਂ ਮਿਲੇ ਤਾਂ ਆਪ ਇਕਾਂਤ ਬੈਠ ਕੇ ਸਹਿਜ ਸਮਾਧ ਵਿਚ ਲੀਨ ਹੋ ਜਾਂਦੇ। ਅੰਮ੍ਰਿਤ ਵੇਲੇ ਜਾਗਦੇ ਤੇ ਸਮਾਧੀ ਸਥਿਤ ਹੋ ਜਾਂਦੇ। ਕਦੇ ਭੁੱਲ ਕੇ ਵੀ ਪਿਛਲੀਆਂ ਹੋਈਆਂ ਗੱਲਾਂ ਬਾਰੇ ਨਾ ਸੋਚਦੇ। ਆਪ ਦੀ ਮਤ ਐਨੀ ਲੀਨ ਹੋਈ ਹੋਈ ਸੀ ਕਿ ਅਹਰਣ ਵਿਚ ਤਾਂ ਲੋਹੇ ਦੀ ਗਰਮੀ ਕਾਰਨ ਕੁਝ ਦਾਗ ਲਗ ਜਾਂਦੇ ਹਨ, ਉਚੀ ਨੀਵੀਂ ਹੋ ਜਾਂਦੀ ਹੈ ਪਰ ਧੰਨ ਸਨ ਭਾਈ ਮੰਝ ਜੋ ਇਕੋ ਰਸ ਵਿਚ ਲੀਨ ਸਨ।

ਕਾਫੀ ਸਮਾਂ ਬੀਤ ਗਿਆ ਅਤੇ ਗੁਰੂ ਮਹਾਰਾਜ ਜੀ ਨੇ ਪੁਛਿਆ ਕਿ ਇਕ ਮੰਝ ਨਾਮ ਦਾ ਸਿੱਖ ਇਥੇ ਆਇਆ ਹੋਇਆ ਹੈ ਉਹ ਕਿਥੇ ਰਹਿੰਦਾ ਹੈ? ਉਸ ਵੇਲੇ ਕਿਸੇ ਨੇ ਦਸਿਆ ਕਿ ਸੱਚੇ ਪਾਤਸ਼ਾਹ! ਉਹ ਤਾਂ ਸੇਵਾ ਦੀ ਮੂਰਤ ਹੈ, ਦਿਨ ਰਾਤ ਸੇਵਾ ਕਰਦਾ ਹੈ, ਬੰਦਗੀ ਕਰਦਾ ਹੈ। ਆਪਣਾ ਇਕ ਮਿੰਟ ਵੀ ਅਜਾਈਂ ਨਹੀਂ ਗਵਾਉਂਦਾ। ਉਸ ਦੇ ਨੇਤਰਾਂ ਵਿਚ ਬਹੁਤ ਖਿੱਚ ਹੈ, ਉਸ ਦੇ ਨੇਤਰਾਂ ਵਿਚ ਆਪ ਦਾ ਪਿਆਰ ਟਪਕ-ਟਪਕ ਪੈਂਦਾ ਹੈ। ਗੁਰੂ ਮਹਾਰਾਜ ਜੀ ਨੇ ਪੁਛਿਆ, "ਐਉਂ ਦਸੋ ਪ੍ਰਸ਼ਾਦਾ ਕਿਥੋਂ ਛਕਦਾ ਹੈ?" ਤਾਂ ਗੁਰਸਿੱਖ ਨੇ ਦੱਸਿਆ ਕਿ ਲੰਗਰ ਵਿਚ ਜੋ ਬਣ ਜਾਂਦਾ ਹੈ ਉਹ ਲੈ ਕੇ ਅਰਦਾਸ ਕਰਦਾ ਹੈ ਅਤੇ ਪ੍ਰਭੂ ਦਾ ਸ਼ੁਕਰ ਜਾਣ ਕੇ ਛਕ ਲੈਂਦਾ ਹੈ। ਛਕ ਕੇ ਫੇਰ ਅਰਦਾਸ ਕਰਦਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਉਹ ਸਿੱਖ ਤਾਂ ਨਹੀਂ ਹੋਇਆ ਨਾ, ਮਜ਼ਦੂਰ ਹੋਇਆ। ਸੇਵਾ ਕਰਦਾ ਹੈ, ਮਜ਼ਦੂਰੀ ਲੈ ਲੈਂਦਾ ਹੈ। ਜਾਓ, ਉਸ ਨੂੰ ਕਹਿ ਦੇਵੋ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਮਿਲਣਾ। ਆਪਣਾ ਪ੍ਰਸ਼ਾਦੇ ਦਾ ਬੰਦੋਬਸਤ ਹੋਰ ਕਰ ਲਵੇ। ਉਸ ਗੁਰਸਿੱਖ ਨੇ ਲੰਗਰ ਦੇ ਸ੍ਰੀ ਮਾਨ ਨੂੰ ਦਸ ਦਿਤਾ।

ਪ੍ਰਸ਼ਾਦੇ ਵਰਤ ਰਹੇ ਸਨ, ਭਾਈ ਮੰਝ ਜੀ ਵੀ ਪੰਗਤ ਵਿਚ ਬੈਠੇ ਸਨ। ਜਦੋਂ ਆਪ ਦੀ ਵਾਰੀ ਆਈ ਤਾਂ ਬਰਤਨ ਦੇਣ ਵਾਲੇ ਗੁਰਸਿੱਖ ਨੇ ਕੋਈ ਬਰਤਨ ਆਪ ਦੇ ਸਾਮ੍ਹਣੇ ਨਾ ਰੱਖਿਆ, ਨਾ ਪਾਣੀ ਵਾਸਤੇ ਨਾ ਦਾਲ ਵਾਸਤੇ। ਜਦੋਂ ਪ੍ਰਸ਼ਾਦਾ ਵਰਤਾਉਣ ਵਾਲਾ ਆਇਆ ਤਾਂ ਦੋਹੀਂ ਪਾਸੀਂ ਪੰਗਤ ਵਿਚ ਬੈਠੇ ਗੁਰਸਿਖਾਂ ਨੂੰ ਪ੍ਰਸ਼ਾਦਾ ਦੇ ਦਿਤਾ, ਜਦੋਂ ਭਾਈ ਮੰਝ ਨੇ ਆਪਣਾ ਉਂਜਲ ਪ੍ਰਸ਼ਾਦੇ ਲਈ ਕਰਿਆ ਤਾਂ ਉਸ ਨੇ ਕਿਹਾ ਕਿ ਭਾਈ ਮੰਝ! ਤੁਸੀਂ ਪੰਗਤ ਵਿਚੋਂ ਉਠ ਜਾਵੋ। ਗੁਰੂ ਮਹਾਰਾਜ ਦਾ ਹੁਕਮ ਹੈ ਆਪਣਾ ਲੰਗਰ ਦਾ ਬੰਦੋਬਸਤ ਆਪ ਕਰੋ, ਲੰਗਰ ਵਿਚੋਂ ਤੁਹਾਨੂੰ ਪ੍ਰਸ਼ਾਦਾ ਨਹੀਂ ਮਿਲਣਾ।

ਸਾਧਸੰਗਤ ਜੀ! ਇਹ ਸਮਾਂ ਐਸਾ ਸੀ ਜਦੋਂ ਉਨ੍ਹਾਂ ਦਾ ਮਨ ਡੋਲ ਜਾਂਦਾ ਅਤੇ ਪਛਤਾਵਾ ਕਰਦਾ ਕਿ ਸਿੱਖੀ ਧਾਰਨ ਲਈ ਮੈਂ ਆਪਣਾ ਤਨ, ਮਨ, ਧਨ, ਪਸ਼ੂ, ਸਭ ਕੁਝ ਬਰਬਾਦ ਕਰ ਦਿਤਾ, ਆਪਣੀ ਲੜਕੀ, ਪਤਨੀ ਨੂੰ ਅਣਜਾਣ ਪੁਰਸ਼ਾਂ ਵਿਚ ਗਹਿਣੇ ਕਰ ਦਿਤਾ। ਮੇਰੇ ਵਰਗੀ ਕਰਨੀ ਕਿਸੇ ਪੁਰਸ਼ ਨੇ ਨਹੀਂ ਕੀਤੀ। ਇਹ ਸੋਚੋ ਕਿ ਹੁਣ ਮੇਰਾ ਗੁਰੂ ਨਿਰਾਦਰ ਕਰ ਰਿਹਾ ਹੈ ਉਸ ਦਾ ਮਨ ਜ਼ਰੂਰ ਹੀ ਡੋਲ ਜਾਣਾ ਸੀ। ਅਸੀਂ ਅੱਜਕਲ੍ਹ ਦੇ ਸਿੱਖ ਤਾਂ ਕੱਚੇ ਧਾਗੇ ਤੋਂ ਵੀ ਕਮਜ਼ੋਰ ਭਰੋਸੇ ਰਖਦੇ ਹਾਂ। ਜੇ ਗੁਰੂ ਮਹਾਰਾਜ ਨੇ ਅਸਾਡੀ ਅਰਦਾਸ ਨਾ ਸੁਣੀ, ਇਛਾਵਾਂ ਪੂਰੀਆਂ ਨਾ ਕੀਤੀਆਂ ਫੇਰ ਅਸੀਂ ਗੁਰੂ ਨੂੰ ਛੱਡ ਜਾਂਦੇ ਹਾਂ ਅਤੇ ਜਿਥੇ ਕਿਤੇ ਪੂਰੀਆਂ ਹੋਣ ਉਥੇ ਚਲੇ ਜਾਂਦੇ ਹਾਂ। ਨਿਰਾਦਰ ਤਾਂ ਅਸੀਂ ਸਹਿਨ ਹੀ ਨਹੀਂ ਕਰਦੇ।

ਮੇਰੇ ਯਾਦ ਹੈ ਕਿ ਇਕ ਗੁਰਦੁਆਰੇ ਦੀ ਇਮਾਰਤ ਬਣ ਰਹੀ ਸੀ, ਉਸ ਦੇ ਇੰਚਾਰਜ ਬਹੁਤ ਮਿਹਨਤ ਕਰਦੇ, ਆਪ ਹੀ ਇੱਟਾਂ ਫੜਾਇਆ ਕਰਦੇ ਸਨ, ਆਪਣੀ ਪਤਨੀ ਨੂੰ ਵੀ ਨਾਲ ਲਾਇਆ ਹੋਇਆ ਸੀ, ਸਾਰਾ ਦਿਨ ਗਰਦ-ਗੁਬਾਰ ਵਿਚ ਲਿਬੜੇ ਰਹਿੰਦੇ ਸਨ। ਸਾਰੇ ਲੋਕ ਉਨ੍ਹਾਂ ਦੀ ਸੇਵਾ ਦੇਖ ਕੇ ਧੰਨ-ਧੰਨ ਕਰਦੇ ਸਨ ਪਰ ਕੁਝ ਅੰਸ ਐਸਾ ਸੀ ਜੋ ਸੇਵਾ ਦੇ ਨੇੜੇ ਵੀ ਨਹੀਂ ਸੀ ਆਉਂਦਾ, ਉਹ ਦੂਰ ਖੜ੍ਹ ਕੇ ਹਦਾਇਤਾਂ ਹੀ ਦਿਆ ਕਰਦੇ ਸਨ। ਜਦੋਂ ਗੁਰਦੁਆਰਾ ਬਣ ਗਿਆ ਉਸਦਾ ਉਦਘਾਟਨ ਕੀਤਾ ਗਿਆ। ਬੜੀਆਂ ਖੁਸ਼ੀਆਂ ਹੋਈਆਂ। ਸਟੇਜ ਤੇ ਬੋਲਣ ਵਾਲਿਆਂ ਨੇ ਉਸ ਦੇ ਆਫੀਸਰ ਦੀ ਬੜੀ ਤਾਰੀਫ ਕੀਤੀ। ਥੋੜ੍ਹੇ ਦਿਨਾਂ ਪਿਛੋਂ ਚੋਣਾਂ ਹੋਈਆਂ। ਵੱਡੀਆਂ-ਵੱਡੀਆਂ ਪਾਰਟੀਆਂ ਨੇ ਉਸ ਨੂੰ ਮੈਂਬਰ ਵੀ ਨਾ ਲਿਆ। ਇਹ ਦੇਖ ਕੇ ਉਸ ਨੂੰ ਐਸੀ ਸੱਟ ਲੱਗੀ ਕਿ ਉਸ ਨੇ ਗੁਰਦੁਆਰੇ ਜਾਣਾ ਬੰਦ ਕਰ ਦਿਤਾ ਅਤੇ ਹੌਲੀ-ਹੌਲੀ ਮਾਨਸਿਕ ਤੌਰ ਤੇ ਬਿਮਾਰ ਹੋ ਗਿਆ। ਉਸ ਦੀ ਪਤਨੀ ਮੇਰੇ ਪਾਸ ਆਈ, ਮੈਂ ਕਿਹਾ ਤੁਸੀਂ ਸੇਵਾ ਦੇ ਬਦਲੇ ਪ੍ਰਸੰਸਾ ਚਾਹੁੰਦੇ ਸੀ, ਉਸ ਪ੍ਰਸੰਸਾ ਦੇ ਆਸਰੇ ਤੁਹਾਡਾ ਜੀਵਨ ਲੰਘ ਰਿਹਾ ਸੀ। ਇਹ ਤੁਹਾਨੂੰ ਖੁਰਾਕ ਦੇ ਤੌਰ ਤੇ ਮਿਲਦੀ ਸੀ। ਤੁਹਾਡੇ ਅੰਦਰ ਅਭਿਮਾਨ ਹੋਰ ਉਚਾ ਹੋਈ ਜਾਂਦਾ ਸੀ ਅਤੇ ਹੁਣ ਜਦੋਂ ਨਵੀਂ ਕਮੇਟੀ ਵਾਲਿਆਂ ਨੇ ਤੁਹਾਨੂੰ ਕੋਈ ਵੀ ਅਹੁਦਾ ਨਾ ਦਿਤਾ ਤਾਂ ਤੁਸੀਂ ਗੁਰੂ ਘਰ ਜਾਣ ਤੋਂ ਹੀ ਹਟ ਗਏ। ਇਹ ਸਭ ਤੁਸੀਂ ਇਸ ਕਰਕੇ ਕਰ ਰਹੇ ਸੀ ਕਿ ਤੁਸੀਂ ਮਾਣ ਦੇ ਆਸਰੇ ਪਲ ਰਹੇ ਸੀ। ਗੁਰੂ ਮਹਾਰਾਜ ਜੀ ਨੇ ਤਾਂ ਸੇਵਾਦਾਰਾਂ ਵਾਸਤੇ ਫੁਰਮਾਨ ਕੀਤਾ ਹੈ-

***ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥***
***ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥***
***ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥***
***ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥***

***ਪੰਨਾ - 647***

ਸੋ ਅਸੀਂ ਮਾਣ ਚਾਹੁੰਦੇ ਹਾਂ। ਭਾਈ ਮੰਝ ਜੀ ਨਾਲ ਆਪਣੇ ਮਾਣ ਦਾ ਮੇਲ ਕਰਾਓ। ਉਸ ਨੂੰ ਐਡੀ ਵੱਡੀ ਕੁਰਬਾਨੀ ਕਰਨ ਤੋਂ ਬਾਦ ਪੰਗਤ ਵਿਚੋਂ ਉਠਾ ਦਿਤਾ। ਇਹ ਗੁਰੂ ਮਹਾਰਾਜ ਦੀ ਬੇਰਹਿਮੀ ਨਹੀਂ ਸੀ, ਨਾ ਬੇਰੁਖੀ ਸੀ। ਗੁਰੂ ਮਹਾਰਾਜ ਉਸ ਨੂੰ ਬਹੁਤ ਉਚਾ ਲਿਜਾਉਣਾ ਚਾਹੁੰਦੇ ਸਨ। ਕਸਵੱਟੀ ਦੇ ਕੁਝ ਪ੍ਰਸ਼ਨ ਬਚਦੇ ਸਨ ਉਸ ਨੂੰ 100% ਨੰਬਰ ਦਿਵਾਉਣ ਲਈ, ਉਸ ਲਈ ਉਹ

ਅਜਿਹੇ ਕੌਤਕ ਕਰ ਰਹੇ ਸਨ। ਭਾਈ ਮੰਝ ਦਾ ਤਿਲ ਮਾਤਰ ਵੀ ਮਨ ਨਾ ਡੋਲਿਆ ਅਤੇ ਉਨ੍ਹਾਂ ਨੇ ਕਿਹਾ ਮੇਰੇ ਸਤਿਗੁਰੂ ਧੰਨ ਹਨ ਜਿਨ੍ਹਾਂ ਨੂੰ ਮੇਰੇ ਵਰਗਾ ਗਰੀਬ, ਨਿਮਾਣਾ, ਨਿਤਾਣਾ ਸਿੱਖ ਵੀ ਯਾਦ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਮੇਰੇ ਭਲੇ ਲਈ ਹੋਇਆ ਹੈ ਕਿਉਂਕਿ ਪੂਜਾ ਦੇ ਧਾਨ ਨੂੰ ਬਹੁਤ ਹੀ ਵਰਜਿਤ ਕਰਦਿਆਂ ਫੁਰਮਾਨ ਹੈ –

*ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,*
*ਧਾਨ ਬੁਰਾ ਪੂਜਾ ਦਾ -2, 2.*
*ਮੇਰੇ ਪਿਆਰੇ, ਧਾਨ ਬੁਰਾ ਪੂਜਾ ਦਾ -2, 2.*
*ਕਿਤੇ ਖੰਡ ਦੇ ਭੁਲੇਖੇ...............2*

*ਜਿਉਂ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।*
*ਮੁਸਲਮਾਣਾਂ ਸੂਅਰਹੁੰ ਸਉਗੰਦ ਵਿਆਜੁ।*
*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*
*ਸਿਹਾ ਨ ਖਾਹੀ ਚੂਹੜਾ ਮਾਇਆ ਮੁਹਤਾਜ।*
*ਜਿਉਂ ਮਿੱਠੇ ਮੱਖੀ ਮਰੈ ਤਿਸੁ ਹੋਇ ਅਕਾਜੁ।*
*ਤਿਉਂ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।*
*ਭਾਈ ਗੁਰਦਾਸ ਜੀ, ਵਾਰ 35/12*

ਅਖੀਰ ਐਸੇ ਵੀ ਹਾਲਾਤ ਹੋਏ ਕਿ ਭਾਈ ਮੰਝ ਨੂੰ ਜੇ ਕੋਈ ਪ੍ਰਸ਼ਾਦਾ ਦੇ ਦਿੰਦਾ ਤਾਂ ਛਕ ਲੈਂਦੇ, ਨਹੀਂ ਤਾਂ ਗੁਰੂ ਦੇ ਪਿਆਰ ਵਿਚ ਲੀਨ ਰਹਿ ਕੇ ਭੁੱਖ ਹੀ ਕੱਟ ਲੈਂਦੇ। ਉਹ ਇਹ ਨਹੀਂ ਸੀ ਕਰਨਾ ਚਾਹੁੰਦੇ ਕਿ ਅਰਪੇ ਹੋਏ ਸਰੀਰ ਤੋਂ ਆਪਣੇ ਲਈ ਕੋਈ ਰੋਜ਼ੀ ਦਾ ਸਮਾਂ ਕੱਢਦੇ।

ਅੱਜ ਆਪ ਦੂਰ ਜੰਗਲ ਵਿਚ ਸੁੱਕੀਆਂ ਲੱਕੜੀਆਂ ਇਕੱਠੀਆਂ ਕਰਨ ਲਈ ਗਏ ਹੋਏ ਸਨ। ਸ਼ਾਮ ਦੇ ਚਾਰ ਵਜੇ ਤਕ ਆਪ ਨੇ ਲੱਕੜਾਂ ਇਕੱਠੀਆਂ ਕੀਤੀਆਂ। ਭਾਰੀ ਭਰਾ (bundle) ਬੰਨ੍ਹ ਲਿਆ ਅਤੇ ਸਲੰਗ ਦੇ ਆਸਰੇ ਸੀਸ ਤੇ ਰੱਖ ਲਿਆ। ਅਜੇ ਆਪ ਤੁਰੇ ਹੀ ਸਨ ਕਿ ਪੱਛਮ ਵਲੋਂ ਕਾਲੀ ਬੋਲੀ ਹਨ੍ਹੇਰੀ ਆ ਗਈ। ਹਵਾ ਦਾ ਵੇਗ ਐਨਾ ਤੇਜ਼ ਸੀ ਕਿ ਉਹ ਛੋਟੇ ਵੱਡੇ ਦਰਖਤਾਂ ਨੂੰ ਤੋੜਦੀ ਜਾ ਰਹੀ ਸੀ। ਭਾਈ ਮੰਝ ਨੂੰ ਰਸਤੇ ਤੋਂ ਧੱਕ ਕੇ ਦੂਰ ਲੈ ਗਈ ਅਤੇ ਅੱਖਾਂ ਵਿਚ ਘੱਟਾ ਮਿਟੀ ਪੈ ਰਿਹਾ ਸੀ। ਬਹੁਤ ਮੁਸ਼ਕਲ ਨਾਲ ਆਪ ਕਦਮ ਪੁਟਦੇ ਅੰਮ੍ਰਿਤਸਰ ਵਲ ਨੂੰ ਜਾ ਰਹੇ ਸਨ। ਰਸਤੇ ਵਿਚ ਇਕ ਅੰਨਾ ਖੂਹ ਆ ਗਿਆ, ਜਿਸ ਦੀ ਮੌਣ ਟੁੱਟੀ ਹੋਈ ਸੀ। ਜੰਗਲ ਦਾ ਖੂਹ ਸੀ, ਕਿਸੇ ਸਮੇਂ ਕਿਸੇ ਭਲੇ ਪੁਰਸ਼ ਨੇ ਲਵਾਇਆ ਸੀ। ਆਪ ਜੀ ਨੂੰ ਖੂਹ ਨਾ ਦਿਸਿਆ ਤੇ ਆਪ ਖੂਹ ਵਿਚ ਧੜੰਮ ਕਰਕੇ ਗਿਰ ਗਏ। ਗਿਰਦਿਆਂ ਹੀ ਆਪ ਨੇ ਲਕੜਾਂ ਸੰਭਾਲ ਲਈਆਂ ਅਤੇ ਭਰਾ ਸੀਸ ਤੇ ਰੱਖ ਲਿਆ। ਆਪ ਦੇ ਮੁਖ ਤੋਂ ਇਕੋ ਅਵਾਜ਼ ਆ ਰਹੀ ਸੀ – 'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'–'ਸਤਿਨਾਮ ਵਾਹਿਗੁਰੂ'।

ਗੁਰੂ ਮਹਾਰਾਜ ਜੀ ਜੋ ਘਟ–ਘਟ ਦੇ ਜਾਣੂੰ ਹਨ, ਅੰਤਰਜਾਮੀ ਸਰਬ ਕਲਾ ਸਮਰੱਥ ਹਨ। ਆਪ ਜੀ ਨੇੜੇ ਹੀ ਕਿਸੇ ਪਿੰਡ ਵਿਚ ਸੰਗਤਾਂ ਨੂੰ ਪ੍ਰਵਚਨ ਸੁਣਾ ਰਹੇ ਸਨ ਅਤੇ ਆਪ ਜੀ ਇਕ ਦਮ ਆਪਣੇ ਆਸਣ ਤੋਂ ਉਠ ਕੇ ਕਾਹਲੀ ਨਾਲ ਤੁਰ ਪਏ ਅਤੇ ਕਹਿਣ ਲੱਗੇ ਕਿ ਲੱਜਾਂ ਲੈ ਕੇ ਅਸਾਡੇ ਪਿਛੇ ਆ ਜਾਵੋ। ਆਪ ਨੇ ਇਸ ਕਾਹਲੀ ਵਿਚ ਜੋੜਾ ਵੀ ਨਾ ਪਾਇਆ। ਆਪ ਐਨੀ ਤੇਜ਼ੀ ਨਾਲ ਜਾ ਰਹੇ ਸੀ ਮਾਨੋਂ ਭੱਜੇ ਜਾ ਰਹੇ ਹੋਣ। ਕਿਸੇ ਦੇ ਕੋਈ ਗੱਲ ਸਮਝ ਨਹੀਂ ਆ ਰਹੀ ਸੀ ਤੇ ਐਉਂ ਦਾ ਸਮਾਂ ਪ੍ਰਤੀਤ ਦੇ ਰਿਹਾ ਸੀ –

*ਧਾਰਨਾ - ਹਰਿ ਜੀ ਛੱਡ ਕੇ ਸਿੰਘਾਸਨ ਆਉਂਦੇ,*
*ਬੰਨ੍ਹੇ ਹੋਏ ਸੱਚੇ ਪਿਆਰ ਦੇ -2, 2.*
*ਮੇਰੇ ਪਿਆਰੇ, ਬੰਨ੍ਹੇ ਹੋਏ ਸੱਚੇ ਪਿਆਰ ਦੇ-2, 2*
*ਹਰਿ ਜੀ ਛੱਡ ਕੇ...............-2*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*
*ਪੰਨਾ - 403*

ਆਪ ਖੂਹ ਦੇ ਕੰਢੇ ਆ ਕੇ ਰੁਕ ਗਏ, ਚੌਰ ਬਰਦਾਰ ਅਤੇ ਘੋੜਾ ਬਰਦਾਰ ਪਿਛੇ–ਪਿਛੇ ਬੇਨਤੀਆਂ ਕਰਦੇ ਆ ਰਹੇ ਹਨ ਕਿ ਪਾਤਸ਼ਾਹ! ਰਸਤੇ ਵਿਚ ਰੋੜੇ ਹਨ, ਕੰਡੇ ਹਨ ਆਪ ਜੋੜਾ ਤਾਂ ਪਹਿਨ ਲਵੋ। ਘੋੜੇ ਵਾਲਾ ਕਹਿ ਰਿਹਾ ਸੀ ਕਿ ਆਪ ਘੋੜੇ ਉਪਰ ਬੈਠ ਜਾਵੋ। ਪਰ ਆਪ ਨੇ ਸਭ ਅਣਸੁਣਿਆ ਕਰ ਦਿਤਾ ਕਿਉਂਕਿ ਆਪ ਵੀ ਪੂਰੀ ਤਰ੍ਹਾਂ ਪ੍ਰੇਮ ਵਿਚ ਬੰਨ੍ਹੇ ਹੋਏ ਸਨ –

*ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ,*
*ਪਾ ਕੇ ਤੇ ਪ੍ਰੇਮ ਡੋਰੀਆਂ - 2, 2.*
*ਮੇਰੇ ਪਿਆਰੇ, ਪਾ ਕੇ ਤੇ ਪ੍ਰੇਮ ਡੋਰੀਆਂ-2, 2.*
*ਰੱਬ ਵਸ ਭਗਤਾ ਨੇ ਕੀਤਾ...........-2*

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ ਪੰਨਾ-962*

ਸਤਿਗੁਰੂ ਦਾ ਬਿਰਦ ਹੈ ਕਿ ਆਪਣੇ ਸੇਵਕ ਨੂੰ ਤੱਤੀ ਵਾਉ ਨਾ ਲੱਗਣ ਦੇਵੇ। ਜਿਵੇਂ ਕਿ –

*ਧਾਰਨਾ - ਅਉਖੀ ਘੜੀ ਨਾ ਵੇਖਣ ਦੇਵੇ,*
*ਆਪਣਾ ਬਿਰਦਾ ਸੰਭਾਲਦੈ - 2, 2.*
*ਆਪਣਾ ਬਿਰਦ ਸੰਭਾਲਦੈ - 2, 2.*
*ਅਉਖੀ ਘੜੀ ਨਾ ਵੇਖਣ ਦੇਵੇ..........2*

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*
*ਪੰਨਾ - 682*

ਨਾਲ ਦੇ ਗੁਰਸਿਖਾਂ ਨੂੰ ਆਪ ਨੇ ਕਿਹਾ ਕਿ ਪੁਛੋ ਖੂਹ ਵਿਚੋਂ ਸਤਿਨਾਮ ਵਾਹਿਗੁਰੂ ਦੀ ਅਵਾਜ਼ ਕੌਣ ਦੇ ਰਿਹਾ ਹੈ? ਗੁਰੂ ਮਹਾਰਾਜ ਇਥੇ ਜਾ ਕੇ ਵੀ ਨਾ ਬੋਲੇ। ਪੁੱਛਣ ਤੇ ਖੂਹ ਵਿਚੋਂ ਆਵਾਜ਼ ਆਈ ਮੈਂ ਪਾਰਬ੍ਰਹਮ ਪ੍ਰਮੇਸ਼ਰ ਸਰੂਪ ਪੂਰਨ ਸਤਿਗੁਰੂ ਦਾ ਇਕ ਗਰੀਬੜਾ ਜਿਹਾ ਸਿੱਖ ਹਾਂ। ਹਨ੍ਹੇਰੀ ਬਹੁਤੀ ਸੀ ਮੇਰੇ ਸਤਿਗੁਰੂ ਜੀ ਜਾਣਦੇ ਹਨ, ਮੈਂ ਖੂਹ ਵਿਚ ਗਿਰ ਗਿਆ ਹਾਂ। ਗੁਰੂ ਮਹਾਰਾਜ ਦੇ ਨਾਲ ਆਏ ਗੁਰਸਿੱਖਾਂ ਨੇ ਰੱਸੇ ਖੂਹ ਵਿਚ

ਫਿਰ੍ਹਾ ਦਿਤੇ ਅਤੇ ਕਿਹਾ ਕਿ ਰੱਸੇ ਨੂੰ ਫੜ ਕੇ ਨਿਕਲ ਆ। ਉਸ ਵੇਲੇ ਭਾਈ ਮੰਝ ਨੇ ਕਿਹਾ ਕਿ ਪਿਆਰਿਓ! ਜੇ ਤੁਸੀਂ ਮੈਨੂੰ ਕੱਢਣਾ ਹੀ ਹੈ ਤਾਂ ਮੇਰੇ ਤੋਂ ਪਹਿਲਾਂ ਗੁਰੂ ਦੇ ਲੰਗਰ ਦੀਆਂ ਲੱਕੜਾਂ ਦਾ ਭਰਾ ਕੱਢ ਲਵੋ, ਇਹ ਅਜੇ ਤਕ ਸੁੱਕਾ ਹੈ ਤਾਂ ਕਿ ਲੰਗਰ ਲਈ ਬਾਲਣ ਪਹੁੰਚ ਜਾਵੇ, ਮੇਰਾ ਫਿਕਰ ਨਾ ਕਰੋ। ਦੂਸਰੀ ਲੱਜ ਹੋਰ ਫਿਰਾਹੀ ਗਈ। ਭਾਈ ਮੰਝ ਜੀ ਬਾਹਰ ਨਿਕਲ ਆਏ। ਜਦੋਂ ਆਪ ਨੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ, ਆਪ ਗੁਰੂ ਮਹਾਰਾਜ ਜੀ ਦੇ ਪਿਆਰੇ ਚਿਹਰੇ ਦਾ ਜਲਾਲ ਸਹਿ ਨਾ ਸਕੇ ਅਤੇ ਇਕ ਦਮ ਚਰਨਾਂ ਤੇ ਢਹਿ ਪਏ। ਆਪ ਜੀ ਦਾ ਬੈਰਾਗ ਛੁਟ ਗਿਆ ਅਤੇ ਨੇਤਰਾਂ ਵਿਚੋਂ ਛਮਾ-ਛਮ ਜਲ ਦੀਆਂ ਧਾਰਾਂ ਵਹਿ ਤੁਰੀਆਂ। ਐਉਂ ਪ੍ਰਤੀਤ ਦੇ ਰਿਹਾ ਸੀ ਜਿਵੇਂ ਛਾਛੜੇ ਦਾ ਮੀਂਹ ਪੈ ਕੇ ਉਸ ਦੇ ਸਾਰੇ ਸਰੀਰ ਉਪਰੋਂ ਵਹਿ ਰਿਹਾ ਹੋਵੇ। ਗੁਰੂ ਮਹਾਰਾਜ ਝੁਕੇ ਅਤੇ ਬਾਂਹ ਤੋਂ ਫੜ ਕੇ ਕਲਾਵੇ ਵਿਚ ਲੈ ਲਿਆ ਅਤੇ ਛਾਤੀ ਨਾਲ ਲਾ ਕੇ ਘੁਟਿਆ। ਉਸ ਵੇਲੇ ਗੁਰੂ ਮਹਾਰਾਜ ਦੇ ਨੇਤਰਾਂ ਵਿਚੋਂ ਵੀ ਵਾਤਸਲ ਪਿਆਰ ਦੇ ਰੂਪ ਵਿਚ ਹੰਝੂਆਂ ਦੀ ਧਾਰ ਚਲ ਰਹੀ ਸੀ। ਐਉਂ ਪ੍ਰਤੀਤ ਦੇ ਰਿਹਾ ਸੀ ਜਿਵੇਂ ਸਾਗਰ ਨਦੀ ਨੂੰ ਆਪਣੇ ਵਿਚ ਮਿਲਾਉਣ ਲਈ ਆਪਣਾ ਰੂਪ ਦੇਣ ਲਈ ਪੂਰੇ ਜੋਬਨ ਤੇ ਹੋਵੇ, ਪੂਰਾ ਜਵਾਹਰਭਾਟਾ ਉਸ ਵਿਚ ਉਠਿਆ ਹੋਵੇ। ਉਸ ਪਿਆਰ ਦੇ ਜਵਾਹਰਭਾਟੇ ਦੀ ਕਾਂਗ ਵਿਚੋਂ ਦਿਲ ਚੀਰਵੀਂ ਅਵਾਜ਼ ਆਈ –

*ਮੰਝ ਪਿਆਰਾ ਗੁਰੂ ਨੂੰ, ਗੁਰੁ ਮੰਝ ਪਿਆਰਾ*
*ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।*

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ ਮੰਝ! ਜੋ ਕੁਝ ਮੰਗਣਾ ਹੈ ਮੰਗ, ਅਸੀਂ ਗੁਰੂ ਤੋਂ ਦਿਵਾਵਾਂਗੇ। ਉਸ ਵੇਲੇ ਭਾਈ ਮੰਝ ਨੇ ਬੇਨਤੀ ਕੀਤੀ ਪਾਤਸ਼ਾਹ! ਕਲਜੁਗ ਦਾ ਸਮਾਂ ਲੰਘ ਰਿਹਾ ਹੈ। ਆਪ ਨੇ ਗੁਰਮੁਖ ਦੀ ਮਤ ਨੂੰ ਅਹਰਣ ਵਰਗੀ ਕਿਹਾ ਹੈ ਪਰ ਪਾਤਸ਼ਾਹ! ਅੱਜ ਅਸਾਡੇ ਭਰੋਸੇ ਕੱਚੇ ਹਨ, ਅਸੀਂ ਤਾਂ ਪੈਰ-ਪੈਰ ਉਪਰ ਡੋਲਦੇ ਹਾਂ, ਆਪ ਦੀ ਕਸਵੱਟੀ ਨੂੰ ਸਹਿਨ ਵਾਲਾ ਕੋਈ ਵੀ ਨਹੀਂ। ਕ੍ਰਿਪਾ ਕਰਕੇ ਰਿਆਇਤੀ ਨੰਬਰ ਦੇ ਕੇ ਪਾਸ ਕਰ ਦਿਆ ਕਰੋ। ਆਪ ਨੇ ਕਿਹਾ ਭਾਈ ਮੰਝ! ਗੁਰੂ ਇਹ ਚਾਹੁੰਦਾ ਹੈ ਗੁਰਸਿੱਖ ਮੇਰਾ ਰੂਪ ਬਣ ਜਾਵੇ। ਉਹ ਚਾਹੁੰਦਾ ਹੈ ਗੁਰੂ, ਪ੍ਰਮੇਸ਼ਰ ਅਤੇ ਗੁਰਸਿੱਖ ਦਾ ਕੋਈ ਭੇਦ ਨਾ ਰਹੇ। ਪਿਆਰਿਆ! ਸਿੱਖ ਜਦੋਂ ਤਕ ਗੁਰੂ ਵਲੋਂ ਲਾਈ ਕਸਵੱਟੀ ਪੂਰੀ ਤਰ੍ਹਾਂ ਮਰਜੀਵੜਾ ਹੋ ਕੇ ਸਹਿ ਨਹੀਂ ਜਾਂਦਾ, ਉਨੀਂ ਦੇਰ ਤਕ ਗੁਰੂ ਉਸ ਵਿਚੋਂ ਖੋਟ ਨੂੰ ਕੱਢਣ ਦਾ ਜਤਨ ਕਰਦਾ ਹੈ ਅਤੇ ਬਾਰ-ਬਾਰ ਤਾਓ ਦਿੰਦਾ ਹੈ। ਜਿਵੇਂ ਸੋਨੇ ਨੂੰ ਬਾਰ-ਬਾਰ ਅੱਗ ਉਤੇ ਚਾੜ੍ਹ ਕੇ ਉਸ ਨੂੰ ਬਾਰ੍ਹਾਂ ਵੰਨੀ ਦਾ ਸੋਨਾ ਬਣਾਇਆ ਜਾਂਦਾ ਹੈ ਇਵੇਂ ਗੁਰੂ, ਸਿੱਖ ਨੂੰ ਪੂਰਨ ਰੂਪ ਵਿਚ ਦੇਖਣਾ ਚਾਹੁੰਦਾ ਹੈ। ਸੋ ਇਹ ਅਹਰਣ ਵਰਗੀ ਅਚੱਲ ਮਤ ਦੀ ਇਕ ਉਦਾਹਰਣ ਹੈ ਜੋ ਅਸਾਡੇ ਲਈ ਰੋਸ਼ਨੀ ਦਾ ਮੁਨਾਰਾ ਹੈ। ਸੋ ਜੋ ਗੁਰੂ ਮਹਾਰਾਜ ਦਾ ਫੁਰਮਾਨ ਹੈ –

*ਜਤੁ ਪਹਾਰਾ ਧੀਰਜੁ ਸੁਨਿਆਰੁ॥*
*ਅਹਰਣਿ ਮਤਿ ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪ ਤਾਉ॥* *ਪੰਨਾ - 8*

ਗੁਰੂ ਮਹਾਰਾਜ ਜੀ ਭਾਈ ਮੰਝ ਦੀ ਘਾਲ ਕਮਾਈ ਤੋਂ ਐਤਨੇ ਪ੍ਰਸੰਨ ਹੋਏ ਕਿ ਆਪ ਜੀ ਨੇ ਉਸ ਨੂੰ ਬ੍ਰਹਮਗਿਆਨ ਦੀ ਦਾਤ, ਰਿੱਧੀਆਂ-ਸਿੱਧੀਆਂ, ਬਰਕਤਾਂ ਬਖਸ਼ ਕੇ ਵਾਪਸ ਪਿੰਡ ਭੇਜ ਦਿਤਾ। ਵਾਪਸੀ ਵਿਚ ਜਿਨ੍ਹਾਂ ਨੇ ਲੜਕੀ ਅਤੇ ਪਤਨੀ ਦੀ ਸੇਵਾ ਬਦਲੇ ਪੈਸੇ ਦਿਤੇ ਸਨ, ਉਹ ਪਛਤਾ ਕੇ ਭਾਈ ਮੰਝ ਨੂੰ ਮਿਲੇ ਕਿ ਅਸੀਂ ਤਾਂ ਬਹੁਤ ਭਾਰੀ ਭੁੱਲ ਕੀਤੀ। ਪਤਾ ਨਹੀਂ ਅਸਾਡੀ ਮਤ ਨੂੰ ਕੀ ਹੋ ਗਿਆ ਸੀ। ਇਸੇ ਤਰ੍ਹਾਂ ਜਦੋਂ ਆਪ ਪਿੰਡ ਪਹੁੰਚੇ ਤਾਂ ਸਾਰਾ ਪਿੰਡ ਚਰਨਾਂ ਤੇ ਝੁਕ ਗਿਆ ਅਤੇ ਕਹਿਣ ਲੱਗੇ ਕਿ ਭਾਈ ਮੰਝ! ਕਿੱਡੀ ਜ਼ਿਆਦਤੀ ਤੇਰੇ ਨਾਲ ਅਸੀਂ ਕੀਤੀ, ਤੂੰ ਪਹਿਲਾਂ ਸਾਨੂੰ ਆਪ ਬਖਸ਼ ਲੈ ਅਤੇ ਫੇਰ ਉਸ ਗੁਰੂ ਕੋਲ ਲੈ ਚਲ ਜਿਸ ਦਾ ਤੂੰ ਸਿੱਖ ਬਣਿਆ ਹੋਇਆ ਹੈ। ਤੂੰ ਆਪਣੀ ਜ਼ਮੀਨ ਸਾਂਭ, ਅਸੀਂ ਫਸਲਾਂ ਬੀਜਾਂਗੇ, ਤੇਰੇ ਨਾਲ ਕੰਮ ਕਰਾਂਗੇ, ਦਿਨਾਂ ਵਿਚ ਤੇਰੇ ਸਾਰੇ ਘਾਟੇ ਪੂਰੇ ਹੋ ਜਾਣਗੇ। ਤੂੰ ਧੰਨ ਹੈਂ ਜਿਸ ਨੇ ਗੁਰੂ ਤੋਂ ਸਭ ਕੁਝ ਕੁਰਬਾਨ ਕੀਤਾ। ਤੂੰ ਆਪਣੀ ਕੁਲ ਨੂੰ ਤਾਂ ਤਾਰਨਾ ਹੀ ਸੀ, ਹੋਰ ਵੀ ਕਈਆਂ ਦਾ ਉਧਾਰ ਹੋ ਜਾਵੇਗਾ। ਭਾਈ ਮੰਝ ਦੀ ਕ੍ਰਿਪਾ ਨਾਲ ਪੂਰੀ ਤਰ੍ਹਾਂ ਗੁਰਸਿੱਖੀ ਪ੍ਰਫੁੱਲਤ ਹੋਈ ਅਤੇ ਸਖੀ ਸਰਵਰ ਦੀ ਕਬਰ ਨੂੰ ਛੱਡ ਕੇ ਉਹ ਗੁਰੂ ਪਾਸੋਂ ਨਾਮ ਲੈ ਕੇ ਜਪਣ ਲੱਗੇ। ਇਹ ਇਕ ਦ੍ਰਿਸ਼ਟਾਂਤ ਹੈ ਜੋ ਅਹਰਣ ਵਰਗੀ ਮਤ ਦਾ ਪ੍ਰਤੀਕ ਹੈ ਇਸ ਤੋਂ ਅੱਗੇ ਗੁਰੂ ਮਹਾਰਾਜ ਜੀ ਨੇ ਧਰਮ ਪੁਸਤਕਾਂ ਵੇਦ ਆਦਿ ਨੂੰ ਹਥਿਆਰ ਦਾ ਪ੍ਰੀਤਕ ਦਿਤਾ ਹੈ ਜਿਨ੍ਹਾਂ ਵਲੋਂ ਦਿਤੀ ਹੋਈ ਸਿਖਿਆ ਅਹਰਣ ਮਤ ਉਤੇ ਘਾਲ ਕਮਾਈ ਨਾਲ ਘੜੀ ਜਾਂਦੀ ਹੈ।

ਮਤ ਅਹਰਣ ਵਰਗੀ ਧਾਰਨ ਲਈ ਵਿਸ਼ੇਸ਼ ਹੁਕਮ ਹੈ। ਗਿਆਨ ਦੇ ਬਚਨ ਵੇਦਾਂ, ਸਾਸ਼ਤਰਾਂ, ਮਹਾਂਪੁਰਸ਼ਾਂ ਦੇ ਕਮਾਏ ਹੋਏ ਬਚਨ ਸਤਿਸੰਗ ਵਿਚ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ, ਮੰਨਣ ਦੇ, ਨਿਧਿਆਸਣ ਦੇ, ਤੱਤ ਗਿਆਨ ਦੇ ਇਸ ਮਨ ਉਪਰ ਹਥੌੜੇ ਪੈਂਦੇ ਨੇ। ਗਹਿਣੇ ਘੜਨ ਲਈ ਡਾਈ (ਸੰਚਾ) ਬਣ ਜਾਂਦੀ ਹੈ, ਇਹ ਡੋਲਦੀ ਨਹੀਂ, ਇਸ ਦਾ ਕੋਈ ਕਿਨਾਰਾ ਟੁੱਟਦਾ ਨਹੀਂ, ਗੱਲਾਂ ਸੁਣ ਕੇ ਐਧਰ-ਉਧਰ ਨਹੀਂ ਭਟਕਦੀ। ਗੁਰਮਤਿ ਤੋਂ ਬਗੈਰ ਜੋ ਹੋਰ ਬਚਨ ਹਨ ਉਹ ਇਸ ਬਣੀ ਹੋਈ ਡਾਈ ਵਿਚ ਫਿੱਟ ਨਹੀਂ ਆਉਂਦੇ। ਉਹ ਇਸ ਉਤੇ ਕੋਈ ਅਸਰ ਨਹੀਂ ਕਰ ਸਕਦੇ। ਦ੍ਰਿੜ੍ਹ ਹੋਈ ਮਤ ਨੂੰ ਨਾ ਹੀ ਕੋਈ ਆਨਮਤਾਂ ਦਾ ਗ੍ਰੰਥ ਚਲਾਏਮਾਨ ਕਰ ਸਕਦਾ ਹੈ ਅਤੇ ਨਾ ਹੀ ਕੋਈ ਮਤ-ਮਤਾਂਤਰ ਗੁਰਮਤਿ ਗਾਡੀ ਰਾਹ ਤੋਂ ਭੁਲਾ ਸਕਦੇ ਹਨ।

ਪਰ ਸਾਧਸੰਗਤ ਜੀ! ਵਿਚਾਰ ਕਰੋ ਕਿ ਅਸਾਡੀ ਮਤ ਕਿਹੋ ਜਿਹੀ ਹੈ, ਅਸੀਂ ਨਿਗੁਰੇ ਬਾਰੇ ਸੁਣ ਕੇ ਗੁਰੂ ਧਾਰਨ ਦਾ ਫੈਸਲਾ ਕਰ ਲੈਂਦੇ ਹਾਂ। ਗੁਰੂ ਘਰ ਵਿਚ ਅੰਮ੍ਰਿਤ ਛਕ ਲੈਂਦੇ ਹਾਂ ਉਸ ਤੋਂ ਪਿਛੋਂ ਕੁਸੰਗ ਮਿਲ ਜਾਂਦਾ ਹੈ ਅਤੇ ਬਹੁਤ ਛੇਤੀ ਹੀ ਪਤਿਤ ਹੋ ਜਾਂਦੇ ਹਾਂ। ਸ਼ਰਾਬ ਪੀ ਲਈ, ਫੇਰ ਮਾਸ ਖਾ ਲਿਆ ਫੇਰ ਕੁਰਹਿਤਾਂ ਵਿਚ ਪ੍ਰਵਿਰਤ ਹੋ ਗਏ। ਇਹ ਕਿਉਂ ਹੁੰਦਾ ਹੈ ਕਿਉਂਕਿ ਸਾਡੀ ਮਤ ਕੱਚੀ ਹੈ, ਅਹਰਣ ਵਰਗੀ ਨਹੀਂ ਹੈ।

ਇਕ ਪ੍ਰੇਮੀ ਜਿਸ ਨੇ ਬੜੇ ਹੀ ਉਤਸ਼ਾਹ ਦੇ ਨਾਲ ਅੰਮ੍ਰਿਤ ਛਕ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ। ਕਾਫੀ ਸਮੇਂ ਤੋਂ ਬਾਅਦ ਮੇਰੇ ਪਾਸ ਆਇਆ ਤਾਂ ਮੈਂ

ਦੇਖ ਕੇ ਹੈਰਾਨ ਹੋ ਗਿਆ ਕਿ ਉਸ ਦੀ ਹਾਲਤ ਅਤੇ ਉਸ ਦਾ ਉਤਸ਼ਾਹ ਪਹਿਲਾਂ ਵਰਗਾ ਨਹੀਂ ਸੀ। ਮੈਂ ਅੰਦਾਜ਼ਾ ਲਾ ਲਿਆ ਕਿ ਇਹਦੇ ਉਤੇ ਕੋਈ ਭੈੜਾ ਅਸਰ ਹੋਇਆ ਹੋਇਆ ਹੈ। ਮੈਂ ਉਸ ਨੂੰ ਕਿਹਾ ਕਿ ਤੂੰ ਤਾਂ ਵੱਧ ਚੜ੍ਹ ਕੇ ਸੇਵਾ ਕਰਦਾ ਸੀ, ਤੂੰ ਹੋਰਾਂ ਨੂੰ ਵੀ ਗੁਰੂ ਧਾਰਨ ਕਰਨ ਲਈ ਮਤ ਦਿੰਦਾ ਸੀ ਪਰ ਤੈਨੂੰ ਕੀ ਹੋ ਗਿਆ? ਹੁਣ ਤੇਰੇ ਕਕਾਰ ਵੀ ਪੂਰੇ ਨਜ਼ਰ ਨਹੀਂ ਆ ਰਹੇ? ਪਹਿਲਾਂ ਤਾਂ ਉਹ ਚੁੱਪ ਕਰ ਰਿਹਾ ਅਤੇ ਬਾਰ-ਬਾਰ ਮੇਰੇ ਪੁੱਛਣ ਤੇ ਉਸ ਨੇ ਦਸਿਆ ਕਿ ਮੈਂ ਸ਼ਰਾਬ ਪੀ ਲਈ ਹੈ, ਸ਼ਰਾਬ ਪੀਣ ਨਾਲ ਮਤ ਮਾਰੀ ਗਈ ਤੇ ਮੈਂ ਪਤਿਤ ਹੋ ਗਿਆ। ਮੈਂ ਕਿਹਾ, ਕੀ ਗੱਲ ਹੈ, ਤੂੰ ਤਾਂ ਆਪ ਸਾਰਿਆਂ ਨੂੰ ਸ਼ਰਾਬ ਪੀਣ ਤੋਂ ਹਟਾਉਂਦਾ ਹੁੰਦਾ ਸੀ? ਉਸ ਨੇ ਕਿਹਾ ਕਿ ਮੈਂ ਕਿਸੇ ਵਿਆਹ ਵਿਚ ਚਲਿਆ ਗਿਆ। ਉਥੇ ਇਕ ਕਕਾਰਾਂ ਦਾ ਧਾਰਨੀ ਪੁਰਸ਼ ਜਿਸਨੇ ਬਹੁਤ ਸੋਹਣੇ ਕਕਾਰ ਧਾਰਨ ਕੀਤੇ ਹੋਏ ਸਨ ਅਤੇ ਪੱਗ ਵੀ ਨੀਲੀ ਬੰਨ੍ਹੀ ਹੋਈ ਸੀ। ਮੇਰਾ ਉਸ ਨਾਲ ਪਿਆਰ ਹੋਣਾ ਕੁਦਰਤੀ ਸੀ ਕਿਉਂਕਿ ਮੈਨੂੰ ਹਮ ਖਿਆਲ ਮਿਲ ਗਿਆ ਸੀ, ਬਾਕੀ ਤਾਂ ਉਥੇ ਭੂਤ ਪ੍ਰੇਤ ਹੀ ਨਚ ਰਹੇ ਸਨ। ਉਹ ਮੈਨੂੰ ਲੈ ਕੇ ਪਿੰਡ ਤੋਂ ਬਾਹਰ ਚਲਿਆ ਗਿਆ। ਟਿਊਬਵੈਲ ਚਲ ਰਿਹਾ ਸੀ ਅਤੇ ਉਸ ਦਾ ਪਾਣੀ ਖੇਤਾਂ ਨੂੰ ਜਾ ਰਿਹਾ ਸੀ। ਪਾਣੀ ਲਾਉਣ ਵਾਲਾ ਕਾਫੀ ਦੂਰ ਪਾਣੀ ਲਾ ਰਿਹਾ ਸੀ ਉਸ ਨੇ ਇਧਰ ਉਧਰ ਦੇਖਿਆ ਤੇ ਇਕ ਗਿਲਾਸ ਝੋਲੇ ਵਿਚੋਂ ਕੱਢਿਆ ਅਤੇ ਮੈਂ ਦੇਖਿਆ ਕਿ ਉਸ ਨੇ ਸ਼ਰਾਬ ਦਾ ਪਊਆ ਵੀ ਰੱਖਿਆ ਹੋਇਆ ਸੀ। ਉਸ ਨੇ ਸ਼ਰਾਬ ਮੈਨੂੰ ਦੇ ਕੇ ਕਿਹਾ ਕਿ ਆਪਾਂ ਵਿਆਹ ਵਿਚ ਆਏ ਹੋਏ ਹਾਂ ਖੁਸ਼ੀਆਂ ਦੇ ਮੰਗਲਾਚਰਣ ਹਨ, ਸਾਰਾ ਵਾਤਾਵਰਣ ਖੁਸ਼ੀਆਂ ਦਾ ਹੈ, ਸੋਗ ਵਿਚ ਆਪਾਂ ਕਿਉਂ ਰਹਿਣਾ ਹੈ, ਲੈ ਘੁੱਟ ਪੀ ਲੈ। ਮੈਂ ਕਿਹਾ, ਮੈਂ ਤਾਂ ਅੰਮ੍ਰਿਤਧਾਰੀ ਹਾਂ। ਉਸ ਨੇ ਕਿਹਾ ਤੂੰ ਮੇਰੇ ਤੋਂ ਵੀ ਵੱਡਾ ਅੰਮ੍ਰਿਤਧਾਰੀ ਹੈ? ਮੈਂ ਤਾਂ ਉਪਦੇਸ਼ ਵੀ ਦਿੰਦਾ ਹਾਂ ਤੂੰ ਅਜੇ ਨਵੀਂ-ਨਵੀਂ ਸਿੱਖੀ ਧਾਰਨ ਕੀਤੀ ਹੈ, ਸ਼ਰਾਬ ਵਿਚ ਕੀ ਦੋਸ਼ ਹੈ, ਇਹ ਤੂੰ ਮੈਨੂੰ ਆਪੇ ਸੋਚ ਕੇ ਦੱਸ। ਦੇਖ ਪਾਣੀ ਹੈ, ਉਸ ਵਿਚ ਕਿੱਕਰ ਦਾ ਸੱਕ ਪਾਇਆ ਹੋਇਆ ਹੈ, ਮੈਂ ਘੜੇ ਵਿਚ ਅੰਗੂਰ ਵੀ ਲਿਆ ਕੇ ਪਾਏ ਹੋਏ ਸਨ, ਹੋਰ ਵੀ ਫਲ ਆਦਿ ਪਾਏ ਹੋਏ ਸਨ ਉਹ ਜਦੋਂ ਬਣ ਗਏ ਤਾਂ ਮੈਂ ਅੱਗ ਤੇ ਧਰ ਕੇ ਉਸ ਦਾ ਅਰਕ ਕੱਢ ਲਿਆ। ਇਹਦੇ ਵਿਚ ਕਿਹੜੀ ਮਾੜ੍ਹੀ ਚੀਜ਼ ਹੈ, ਤਮਾਕੂ ਤਾਂ ਨਹੀਂ ਨਾ ਪਾਇਆ ਹੋਇਆ? ਇਹਦੇ ਪੀਣ ਵਿਚ ਕੀ ਹਰਜ਼ ਹੈ, ਸ਼ਰਾਬ ਤਾਂ ਉਹ ਖਰਾਬ ਹੁੰਦੀ ਹੈ ਜਿਹੜੀ ਪੀ ਕੇ ਖੌਰੂ ਪਾਵੇ ਆਪਾਂ ਤਾਂ ਦੋ-ਦੋ ਘੁੱਟ ਪੀ ਕੇ ਇਸ ਖੁਸ਼ੀ ਵਿਚ ਸ਼ਾਮਿਲ ਹੋਣਾ ਹੈ। ਮੇਰੇ ਨਾਂਹ-ਨਾਂਹ ਕਰਦਿਆਂ ਉਸ ਨੇ ਮੇਰੇ ਮੂੰਹ ਨੂੰ ਲਾ ਦਿਤੀ। ਮੈਂ ਵੀ ਲਿਹਾਜ਼ ਵਿਚ ਆ ਗਿਆ ਅਤੇ ਸ਼ਰਾਬ ਪੀ ਲਈ। ਫੇਰ ਆਪ ਹੀ ਰੋਜ਼ ਲਿਆ ਕੇ ਮੈਂ ਸ਼ਰਾਬ ਪੀਣ ਲੱਗ ਗਿਆ। ਹੁਣ ਮੈਂ ਤੁਹਾਡੇ ਕੋਲ ਕਿਵੇਂ ਆਵਾਂ, ਸਤਿਸੰਗ ਵਿਚ ਕਿਵੇਂ ਆਵਾਂ ਮੈਨੂੰ ਆਪ ਹੀ ਆਪਣੇ ਆਪ ਤੇ ਸ਼ਰਮ ਆਉਂਦੀ ਹੈ। ਕਹਿਣ ਲੱਗਾ, ਇਥੇ ਹੀ ਬੱਸ ਨਹੀਂ, ਮੈਨੂੰ ਜਦੋਂ ਸ਼ਰਾਬ ਪਿਲਾ ਦਿਤੀ ਫੇਰ ਉਸ ਨੇ ਮੈਨੂੰ ਕਿਹਾ ਕਿ ਮਾਸ ਤਾਂ ਸ਼ਰਾਬ ਦਾ ਪੱਕਾ ਸਾਥੀ ਹੈ, ਮਾਸ ਤਾਂ ਸਾਰੇ ਸਿੰਘ ਖਾਂਦੇ ਹੀ ਹਨ ਤੂੰ ਰਾਧਾ ਸੁਆਮੀ ਬਣ ਗਿਆ ਹੈਂ ਕਿ ਮਾਸ ਨਹੀਂ ਖਾਂਦਾ? ਸਿੰਘਾਂ ਦੀ ਤਾਂ ਖੁਰਾਕ ਹੀ ਮਾਸ ਹੈ, ਸਿੰਘ ਸ਼ੇਰ ਹਨ, ਸ਼ੇਰ ਦੀ ਖੁਰਾਕ ਕਦੇ ਰੋਟੀਆਂ ਹੁੰਦੀਆਂ ਹਨ? ਸ਼ੇਰ ਤਾਂ ਮਾਸ ਹੀ ਖਾਇਆ ਕਰਦੇ ਹਨ। ਮੈਂ ਕਿਹਾ ਭਾਈ ਸਾਹਿਬ! ਸ਼ੇਰ ਤਾਂ ਤਮੋ ਗੁਣੀ ਜਾਨਵਰ ਹੈ, ਅਸਾਨੂੰ ਗੁਰੂ ਮਹਾਰਾਜ ਜੀ ਨੇ ਗੁਰਮੁਖ ਬਣਾਇਆ ਹੈ। ਕਹਿੰਦਾ ਮੈਂ ਕਈ ਦਲੀਲਾਂ ਦਿਤੀਆਂ ਪਰ ਅੰਦਰੋਂ ਮੈਂ ਸ਼ਰਾਬ ਪੀ ਕੇ ਹਿੱਲਿਆ ਹੋਇਆ ਸੀ ਅਤੇ ਮੇਰਾ ਵੀ ਜੀਅ ਕਰਦਾ ਸੀ ਕਿ ਮੈਂ ਵੀ ਮਾਸ ਖਾ ਹੀ ਲਿਆ ਕਰਾਂ। ਜੇ ਇਸ ਨੂੰ ਕੁਝ ਨਹੀਂ ਹੁੰਦਾ ਤਾਂ ਮੈਨੂੰ ਵੀ ਕੀ ਹੋਣਾ ਹੈ। ਕਹਿਣ ਲੱਗਿਆ, ਮੈਂ ਬੜੇ ਪਿਆਰ ਨਾਲ ਬਾਣੀ ਪੜ੍ਹਿਆ ਕਰਦਾ ਸੀ ਕਿਧਰੇ ਮੇਰੇ ਸਤਿਸੰਗ ਸੁਣੇ ਹੋਏ ਗਏ, ਉਪਦੇਸ਼ ਸੁਣੇ ਹੋਏ ਗਏ, ਕਿਧਰੇ ਮੇਰੇ ਨਿਸ਼ਚੇ ਗਏ, ਮੈਂ ਇਸ ਹਾਲਤ ਵਿਚ ਪਹੁੰਚ ਗਿਆ ਕਿ ਮੇਰਾ ਹੁਣ ਬਿਲਕੁਲ ਜੀਅ ਨਹੀਂ ਕਰਦਾ ਕਿ ਮੈਂ ਸਤਿਸੰਗ ਵਿਚ ਆਵਾਂ। ਹੁਣ ਮੇਰੇ ਮਨ ਵਿਚ ਆਇਆ ਕਿ ਉਤੋਂ-ਉਤੋਂ ਸਿੱਖੀ ਧਾਰਨ ਦਾ ਕੀ ਫਾਇਦਾ ਹੈ, ਲੋਕਾਂ ਨੂੰ ਧੋਖਾ ਦੇਣ ਵਾਲੀ ਗੱਲ ਹੈ, ਮੈਂ ਕਕਾਰ ਵੀ ਲਾਹ ਦਿਤੇ।

ਉਸ ਪ੍ਰੇਮੀ ਨੂੰ ਮੈਂ ਫੇਰ ਸਮਝਾਇਆ ਕਿ ਕੋਈ ਨਹੀਂ ਇਹ ਰਸਤਾ ਤਿਲਕਣ ਦਾ ਹੈ। ਵੱਡੇ-ਵੱਡੇ ਤਿਲਕਦੇ ਹਨ, ਗਿੱਟੇ, ਗੋਡਿਆਂ ਤੇ ਸੱਟਾਂ ਲੁਆ ਲੈਂਦੇ ਹਨ, ਸੂਰਮਾ ਉਹ ਹੈ ਜੋ ਸੱਟਾਂ ਖਾ ਕੇ ਫੇਰ ਉਠ ਜਾਵੇ। ਪੰਜਾਂ ਪਿਆਰਿਆ ਤੋਂ ਤੂੰ ਦੁਬਾਰਾ ਅੰਮ੍ਰਿਤ ਛਕ ਲੈ, ਜੋ ਸਜ਼ਾ ਲਾਉਣਗੇ ਉਹ ਤੂੰ ਮੰਨ ਲਈਂ। ਤੇਰਾ ਲੇਖਾ ਇਥੇ ਹੀ ਮੁੱਕ ਜਾਵੇਗਾ।

ਇਹ ਸੈਂਕੜੇ ਵਰਤ ਰਹੀਆਂ ਉਦਾਹਰਣਾਂ ਵਿਚੋਂ ਇਕ ਉਦਾਹਰਣ ਹੈ, ਇਹ ਦੱਸ ਰਹੀ ਹੈ ਕਿ ਜਦੋਂ ਕੱਚੀ ਮਤ ਹੁੰਦੀ ਹੈ ਤਾਂ ਉਸ ਦੇ ਵਿਸ਼ਵਾਸ਼ ਕੱਚੇ ਹੋਇਆ ਕਰਦੇ ਹਨ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਸ਼ਬਦ ਦੀ ਘਾੜਤ ਲਈ ਦਸਮ ਦੁਆਰ ਅਤੇ ਸਚਖੰਡ ਵਿਚ ਪ੍ਰਵੇਸ਼ ਕਰਨ ਦੀ ਲਾਲਸਾ ਹੈ ਤਾਂ ਇਨ੍ਹਾਂ ਰਹਿਤਾਂ ਨੂੰ ਰੱਖ ਕੇ ਮਤ ਨੂੰ ਦ੍ਰਿੜ੍ਹ ਰੱਖ ਕੇ, ਮਤ ਨੂੰ ਡੋਲ੍ਹਣ ਨਾ ਦੇਵੇ, ਫੇਰ ਪੂਰੀ ਹੁੰਦੀ ਹੈ। ਉਨ੍ਹਾਂ ਗੁਰਸਿੱਖਾਂ ਦੀਆਂ ਕੁਰਬਾਨੀਆਂ ਯਾਦ ਕਰ ਜਿਨ੍ਹਾਂ ਨੇ ਚਰਖੜੀਆਂ ਤੇ ਚੜ੍ਹ ਕੇ ਆਪਣੇ ਸਰੀਰ ਦੀਆਂ ਤੁੰਬੀਆਂ-ਤੁੰਬੀਆਂ ਉਡਵਾ ਲਈਆਂ, ਪੁੱਠੀਆਂ ਖੱਲ੍ਹਾਂ ਲੁਹਾ ਲਈਆਂ, ਜਿਉਂਦਿਆਂ ਨੂੰ ਅੱਗਾਂ ਵਿਚ ਸਾੜ ਦਿਤਾ ਗਿਆ, ਉਬਲਦੇ ਪਾਣੀ ਵਿਚ ਆਲੂਆਂ ਵਾਂਗੂੰ ਉਬਾਲ ਦਿਤੇ ਗਏ ਪਰ ਉਨ੍ਹਾਂ ਨੇ ਗੁਰਮਤਿ ਦੇ ਅਸੂਲ ਨਹੀਂ ਛੱਡੇ। ਸੀਸ ਦੇ ਦਿਤੇ ਪਰ ਕੁਮੱਤ ਧਾਰਨ ਨਹੀਂ ਕੀਤੀ। ਸੋ ਅਹਰਣ ਵਰਗੀ ਮਤ ਜਦੋਂ ਗੁਰ ਉਪਦੇਸ਼ ਸੁਣ ਕੇ ਉਨ੍ਹਾਂ ਨੂੰ ਧਾਰਨ ਕਰਦਾ ਹੈ ਤਾਂ ਸੱਚੀ ਟਕਸਾਲ ਵਿਚ ਸ਼ਬਦ ਦੀ ਘਾੜਤ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਸ ਲਈ ਹੋਰ ਚੀਜ਼ਾਂ ਦੀ ਲੋੜ ਹੈ।

ਵਾਹਿਗੁਰੂ ਜੀ ਸਾਰੇ ਪਰੀਪੂਰਨ ਹਨ, ਇਹ ਨਿਸ਼ਚਾ ਰੱਖਣਾ ਕਿ ਉਹ ਮੈਨੂੰ ਹਰ ਸਮੇਂ ਦੇਖਦਾ ਹੈ, ਜੋ ਮੈਂ ਬੋਲਦਾ ਹਾਂ ਉਹ ਵੀ ਜਾਣਦਾ ਹੈ, ਜੋ ਮੈਂ ਕਾਨਾਂਫੂਸੀ ਦੇ ਰੂਪ ਵਿਚ ਬੋਲਦਾ ਹਾਂ ਉਹ ਵੀ ਸੁਣਦਾ ਹੈ, ਜੋ ਮੈਂ ਹਿਰਦੇ ਵਿਚ ਚਿਤਵਦਾ ਹਾਂ ਉਹ ਵੀ ਉਹ ਸੁਣਦਾ ਹੈ, ਉਹ ਮੇਰੇ ਅੰਦਰ ਬਾਹਰ ਸਾਰੇ ਪਰੀਪੂਰਨ ਹੈ, ਇਸ ਨਿਸ਼ਚੇ ਤੇ ਰਹਿ ਕੇ ਉਸ ਦਾ ਨਾਮ ਜਪਣਾ ਅਤੇ ਅਦਬ ਵਿਚ ਰਹਿਣਾ। ਇਹ ਬਰਤਨ

ਹੈ, ਭਾਂਡਾ ਹੈ ਜਿਸ ਵਿਚ ਅੰਮ੍ਰਿਤ ਦੀ ਧਾਰ ਨੇ ਚੋਣਾਂ ਹੈ। ਅਦਬ ਨੂੰ ਮਹਾਰਾਜ ਜੀ ਨੇ ਭਾਉ ਆਖਿਆ ਹੈ, ਭਾਉ ਅਜਿਹਾ ਡਰ ਨਹੀਂ ਹੈ ਜਿਹੋ ਜਿਹਾ ਡਰ ਅਸਾਨੂੰ ਚੋਰਾਂ ਤੋਂ, ਡਾਕੂਆਂ ਤੋਂ, ਦੁਸ਼ਮਣ ਤੋਂ, ਪੈਸੇ ਦੇ ਘਟ ਜਾਣ ਤੋਂ, ਬਿਮਾਰੀਆਂ ਤੋਂ, ਰਾਜ ਦੰਡ ਤੋਂ ਲਗਦਾ ਹੈ, ਹਨ੍ਹੇਰਿਆਂ ਤੋਂ ਲਗਦਾ ਹੈ, ਇਹ ਡਰ ਤਮੋ ਗੁਣੀ ਡਰ ਹਨ। ਵਾਹਿਗੁਰੂ ਜੀ ਸਦਾ-ਸਦਾ ਦਇਆਲ ਹਨ, ਉਸ ਦੇ ਅਦਬ ਵਿਚ ਰਹਿਣਾ ਪੂਰੇ ਸਤਿਕਾਰ ਵਿਚ ਰਹਿਣਾ, ਇਹ ਨਿਰਮਲ ਭਾਉ ਹੋਇਆ ਕਰਦਾ ਹੈ। ਸੋ ਇਸ ਭਾਉ ਦੇ ਬਾਰੇ ਹੋਰ ਤਰ੍ਹਾਂ ਵੀ ਫੁਰਮਾਨ ਹੈ -

*ਭੈ ਕੀਆ ਦੇ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥*
*ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥*
*ਪੰਨਾ - 722*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਅਦਬ ਵਿਚ ਰਹਿਣ ਵਾਲੇ ਨੂੰ ਦਰਗਾਹ ਦੇ ਵਿਚ ਮੁਕਤੀ ਦਾ ਦੁਆਰਾ ਮਿਲਦਾ ਹੈ, ਨਿਰਭਉ ਵਾਹਿਗੁਰੂ ਜੀ ਦਾ ਮਿਲਾਪ ਹੋ ਜਾਂਦਾ ਹੈ ਉਸ ਦੀ ਜੋਤ ਵਿਚ ਰਲ ਜਾਂਦਾ ਹੈ, ਗੁਸਤਾਖ ਬੰਦਾ ਭੈ ਹੀਣਾ, ਪ੍ਰਭੂ ਦੁਆਰੇ ਤਕ ਪਹੁੰਚ ਨਹੀਂ ਸਕਦਾ। ਮਹਾਰਾਜ ਜੀ ਦਾ ਫੁਰਮਾਨ ਹੈ -

*ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ॥*
*ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ॥*
*ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ॥*
*ਪੰਨਾ - 516*

ਹਰੀ ਦੇ ਗੁਣ ਉਸੇ ਹਿਰਦੇ ਵਿਚ ਟਿਕਦੇ ਹਨ ਜੋ ਪ੍ਰੀਤ ਅਤੇ ਅਦਬ ਦਾ ਧਾਰਨੀ ਹੁੰਦਾ ਹੈ। ਅਦਬ ਕਰਨ ਵਾਲਿਆਂ ਨੂੰ ਹੀ ਪ੍ਰੇਮ ਰਸ ਆਉਂਦਾ ਹੈ ਅਤੇ ਅਦਬ ਨਾ ਕਰਨ ਤੇ ਗੁਸਤਾਖੀ ਵਾਲਾ ਜੀਵਨ ਧਾਰਨ ਕਰਕੇ ਪਾਰ ਲੰਘਣਾ ਬਹੁਤ ਔਖਾ ਹੈ -

*ਹਰਿ ਗੁਣ ਹਿਰਦੈ ਟਿਕਹਿ ਤਿਸ ਕੈ*
*ਜਿਸੁ ਅੰਤਰਿ ਭਉ ਭਾਵਨੀ ਹੋਈ॥*
*ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ*
*ਬਿਨੁ ਭੈ ਪਾਰਿ ਨ ਉਤਰਿਆ ਕੋਈ॥ ਪੰਨਾ - 1116*

*ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥*
*ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰ॥*
*ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥*
*ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ॥*
*ਪੰਨਾ - 1288*

*ਨਿਰਮਲ ਭਉ ਪਾਇਆ ਹਰਿ ਗੁਣ ਗਾਇਆ*
*ਹਰਿ ਵੇਖੈ ਰਾਮੁ ਹਦੂਰੇ॥*
*ਹਰਿ ਆਤਮ ਰਾਮੁ ਪਸਾਰਿਆ ਸੁਆਮੀ*
*ਸਰਬ ਰਹਿਆ ਭਰਪੂਰੇ॥ ਪੰਨਾ - 774*

ਸੋ ਇਹ ਜੋ ਨਿਰਮਲ ਭਾਉ ਹੈ, ਅਦਬ ਦਾ ਪ੍ਰਤੀਕ ਹੈ ਇਹ ਉਹੋ ਜਿਹਾ ਡਰ ਨਹੀਂ ਹੈ ਜਿਸ ਕਰਕੇ ਸਰੀਰ ਕੰਬਣ ਲਗ ਜਾਵੇ, Blood pressure ਹੋ ਜਾਵੇ, ਦਿਲ ਕੰਬਣ ਲਗ ਜਾਵੇ ਇਹ ਆਪਣੇ ਪਿਆਰੇ ਦੇ ਸਤਿਕਾਰ ਦਾ ਪ੍ਰਤੀਕ ਹੈ ਕਿਉਂਕਿ ਪਿਆਰ ਮਿਲਦਾ ਹੀ ਨਹੀਂ ਜਦੋਂ ਤਕ ਅਸੀਂ ਨਿਰਮਲ ਭਾਉ ਨਹੀਂ ਧਾਰਦੇ -

*ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥*
*ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ॥*
*ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ॥*
*ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ॥*
*ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ॥*
*ਪੰਨਾ - 788*

**ਭਉ ਖਲਾ** - ਭਾਉ ਦੀ ਧੌਂਕਣੀ ਭੱਠੀ ਵਿਚ ਅਗਨ ਪ੍ਰਚੰਡ ਕਰਦਾ ਹੈ ਜਿਸ ਕਰਕੇ ਸੋਨਾ ਪਿਘਲਦਾ ਹੈ ਅਤੇ ਸੋਨੇ ਦੇ ਗਹਿਣੇ ਧੀਰਜ ਰੂਪੀ ਸੁਨਿਆਰ ਘੜਦਾ ਹੈ, ਅਗਨ ਨੂੰ ਗੁਰੂ ਮਹਾਰਾਜ ਜੀ ਨੇ ਤਪ ਤਾਉ ਦਾ ਪ੍ਰਤੀਕ ਦਿਤਾ ਹੈ। ਭੱਠੀ ਵਿਚ ਜਲਦੀ ਅਗਨ ਹੀ ਸੋਨੇ ਨੂੰ ਪਿਘਲਾਉਣ ਦੀ ਸਮਰਥਾ ਰਖਦੀ ਹੈ ਗੁਰੂ ਘਰ ਵਿਚ ਤਪ ਤਾਉ, ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਗੁਰੂ ਦੀ ਸੇਵਾ ਕਰਨੀ, ਲੰਗਰ ਵਰਤਾਉਣੇ, ਅਨੇਕ ਕਿਸਮ ਦੀ ਸੇਵਾ ਕਰਨੀ ਹੈ। ਸੇਵਾ ਦੇ ਪ੍ਰਤੀਕ ਮਹਾਂਪੁਰਸ਼ਾਂ ਦੇ ਆਸ਼ਰਮ ਹੋਇਆ ਕਰਦੇ ਹਨ ਅਤੇ ਧਰਮ ਅਸਥਾਨ ਵੀ ਹੋਇਆ ਕਰਦੇ ਹਨ ਜਿਸ ਤਰ੍ਹਾਂ ਰਤਵਾੜਾ ਸਾਹਿਬ ਵਿਖੇ ਵਿਸ਼ਾਲ ਫਾਰਮ ਵਿਚ ਆਪ ਹੀ ਖੇਤੀ ਕੀਤੀ ਜਾਂਦੀ ਹੈ, ਗੁਡਾਈ ਕਰਨੀ, ਪਾਣੀ ਦੇਣੇ, ਸਪਰੇਅ ਕਰਨੀ, ਹਲ ਚਲਾਉਣੇ, ਅਨੇਕ ਕਿਸਮ ਦੀਆਂ ਸਬਜ਼ੀਆਂ ਪੈਦਾ ਕਰਕੇ ਲੰਗਰ ਵਿਚ ਵਰਤਣੀਆਂ, ਦੁੱਧ ਲਈ ਆਪਣੇ ਪਸ਼ੂ ਰੱਖ ਕੇ ਪੂਰੀ ਤਰ੍ਹਾਂ ਸੰਭਾਲ ਕਰਕੇ ਸ਼ੁਧ ਦੁੱਧ ਲੰਗਰ ਵਿਚ ਭੇਜ ਕੇ ਵਰਤਣਾ। ਰਤਵਾੜਾ ਸਾਹਿਬ ਹਰ ਰੋਜ਼ ਇਕ ਕੁਇੰਟਲ 25 ਕਿਲੋ ਦੁੱਧ ਵਰਤਿਆ ਜਾਂਦਾ ਹੈ। ਪੰਜ ਕਿਲੋ ਦੇਸੀ ਘਿਓ ਹਰ ਰੋਜ਼ ਲੰਗਰ ਵਿਚ ਪੈਂਦਾ ਹੈ, ਅਨੇਕਾਂ ਪ੍ਰੇਮੀ ਪਾਠ ਕਰਾਉਣ ਲਈ, ਕੀਰਤਨ ਸੁਣਨ ਲਈ ਆਉਂਦੇ ਹਨ। ਅੰਮ੍ਰਿਤ ਵੇਲੇ ਦੋ ਵਜੇ ਉਠਣਾ ਸਭ ਲਈ ਜ਼ਰੂਰੀ ਹੈ ਤਿੰਨ ਵਜੇ ਗੁਰਦੁਆਰਾ ਸਾਹਿਬ ਇਕੱਠੇ ਹੋ ਕੇ ਨਾਮ ਸਿਮਰਨ ਕਰਕੇ ਫੇਰ ਇਕ ਘੰਟਾ ਕੀਰਤਨ ਸਰਵਣ ਕਰਕੇ ਭੋਗ ਪੈਣ ਉਪਰੰਤ ਬਾਹਰ ਦਰੱਖਤਾਂ ਹੇਠਾਂ ਨਦੀ ਕਿਨਾਰੇ ਜਾ ਕੇ ਪੂਰੇ ਦੋ ਘੰਟੇ ਅਖੰਡ ਜਾਪ ਕਰਨਾ। ਸਵੇਰੇ 7 ਤੋਂ 9 ਵਜੇ ਤਕ ਕਾਰਸੇਵਾ ਕਰਨੀ ਅਤੇ ਉਪਰੰਤ ਜੋ ਜੋ ਵੀ ਅਨੇਕ ਕਿਸਮ ਦੀਆਂ ਸੇਵਾਵਾਂ ਦਾ ਹੁਕਮ ਹੁੰਦਾ ਹੈ ਉਹ ਕਰਨਾ, ਰਾਤ ਨੂੰ ਫੇਰ ਰਹਿਰਾਸ ਸਾਹਿਬ ਦਾ ਪਾਠ ਅਤੇ ਪੁਸਤਕ ਵਿਚਾਰ ਕਰਨ ਉਪਰੰਤ ਥੋੜ੍ਹਾ ਅਰਾਮ ਕਰਨਾ ਅਤੇ ਫੇਰ ਅੰਮ੍ਰਿਤ ਵੇਲੇ ਤੋਂ ਉਸੇ ਤਰ੍ਹਾਂ ਹਰ ਰੋਜ਼ ਕਰਨਾ। ਇਹ ਤਪ ਤਾਉ ਕਹਾਉਂਦਾ ਹੈ ਜਿਵੇਂ ਭੱਠੀ ਵਿਚ ਅਗਨ ਬਾਲ ਕੇ ਸੋਨਾ ਢਲਦਾ ਹੈ ਇਸ ਤਰ੍ਹਾਂ ਧੌਂਕਣੀ ਭੱਠੀ ਵਿਚ ਪਏ ਕੋਲਿਆਂ ਨੂੰ ਸੇਕ ਦਿੰਦੀ ਹੈ, ਇਸੇ ਤਰ੍ਹਾਂ ਨਾਲ ਅਦਬ ਸਹਿਤ ਸੇਵਾ ਕਰਨਾ, ਕਰੜੀ ਘਾਲ ਕਮਾਈ ਹੋਇਆ ਕਰਦੀ ਹੈ ਜਿਸ ਕਰਕੇ ਸੇਵਾ ਕਰਦਿਆਂ-ਕਰਦਿਆਂ ਸੁਰਤ ਦਾ ਅੰਤਰਮੁਖ ਹੋ ਜਾਣਾ ਅਤੇ ਹੌਲੀ-ਹੌਲੀ ਮਿਹਨਤ ਕਰਦਿਆਂ ਸ਼ਬਦ ਧੁਨ ਦੀ ਮਦਦ ਨਾਲ ਆਗਿਆ ਚੱਕਰ ਵਿਚ ਸੁਰਤ ਲੰਘਦੀ ਹੋਈ ਤ੍ਰਿਕੁਟੀ ਨੂੰ ਛੇਦਦੀ ਹੈ, ਬਿਰਤੀ ਬ੍ਰਹਮਾਕਾਰ ਹੋ ਕੇ ਦਸਮ ਦੁਆਰ ਵਿਚੋਂ ਅੰਮ੍ਰਿਤ ਦੀ ਧਾਰ ਅਖੰਡ ਨਾਮ ਦੀ

(ਬਾਕੀ ਪੰਨਾ 59 ਤੇ)

# ਲਾਗੀ ਲਿਵ ਟੁੱਟੀ ਕਿਉਂ?

*ਸੰਤ ਕਲਿਆਣ ਦਾਸ ਜੀ,*
*ਕੁਟੀਆ ਜਵਾਲਾਪੁਰੀ*
*ਸ੍ਰੀ ਅਨੰਦਪੁਰ ਸਾਹਿਬ*

*(ਲੜੀ ਜੋੜਨ ਲਈ ਦੇਖੋ ਅਕਤੂਬਰ ਅੰਕ, ਪੰਨਾ – 35)*

ਬਚਨ ਚਲ ਰਿਹਾ ਸੀ ਕਿ ਥੋੜ੍ਹੀ ਅਲਪ ਸਾਧਨਾ ਕਰਕੇ ਅਜੇ ਅਭਿਆਸ ਦੀ ਪ੍ਰਥਮ ਸ਼੍ਰੇਣੀ, ਪਹਿਲੀ ਜਮਾਤ ਦੀ ਪੈਂਤੀ ਵੀ ਨਹੀਂ ਪੜ੍ਹੀ ਹੁੰਦੀ, ਅਜੇ ਨਾਮ ਅਭਿਆਸ ਦਾ ਪ੍ਰਵੇਸ਼ ਵੀ ਨਹੀਂ ਹੋਇਆ ਹੁੰਦਾ ਕਿ ਲੋਕ ਵਡਿਆਈ, ਮਾਨਤਾ ਆ ਘੇਰਦੀ ਹੈ। ਮੱਥੇ ਟਿਕਣ ਲਗ ਜਾਂਦੇ ਹਨ। ਸਿੱਖ ਅਜੇ ਬਣੇ ਨਹੀਂ ਹੁੰਦੇ ਗੁਰੂ ਬਣ ਬੈਠਦੇ ਹਨ, ਸਿੱਖੀ ਸੇਵਕੀ ਦਾ ਵਿਸਥਾਰ ਹੋ ਜਾਂਦਾ ਹੈ।

ਪ੍ਰਭੂ ਨੂੰ ਮਿਲਣ ਚੱਲਿਆਂ, ਚਿਤ ਬੀਚੇ ਅਟਕ ਜਾਂਦਾ ਹੈ। ਥੋੜ੍ਹਾ ਜਿਹਾ ਮਨ ਲੱਗਣ ਲੱਗਾ ਸੀ, ਲਿਵ ਪ੍ਰਾਪਤ ਹੋਣ ਲੱਗੀ ਸੀ, ਅੰਤਰਮੁਖ ਹੋਣ ਲੱਗਾ ਸੀ ਅਤੇ ਤਪ ਊਣਾ ਸੀ, ਲੋਕ ਵਡਿਆਈ ਵਿਚ ਫਸ ਕੇ, ਬਾਹਰ ਮੁਖੀ ਹੋ ਗਿਆ। ਅਜੇ ਕਮਾਈ ਆਰੰਭ ਹੀ ਕੀਤੀ ਸੀ, ਕੁਝ ਪੂੰਜੀ ਜੋੜਨੀ ਸੀ, ਤਾਂ ਕਿ ਨਿਗਰ ਧਨੀ ਬਣਦਾ। ਗੁਲਛਰੇ ਉਡਾਉਣੇ ਆਰੰਭ ਕਰ ਦਿਤੇ, ਫਜ਼ੂਲ ਖਰਚੀ ਕਰਕੇ ਸਾਰੀ ਪੂੰਜੀ ਗੁਆ ਦਿਤੀ।

ਵਰਦਾਨ ਅਸਫਲ ਹੋਣ ਲੱਗ ਪਏ, ਲਿਵ ਧਨ ਵੀ ਗੁਆ ਲਿਆ ਅਤੇ ਸਿੱਖੀ ਸੇਵਕੀ ਵੀ ਝੜਨ ਲੱਗ ਪਈ। ਸਰਬੱਗ ਬ੍ਰਹਮਗਿਆਨੀ, ਗੁਰ ਵਰੋਸਾਏ, ਪੁੱਜੇ ਹੋਏ ਕਲਾਵਾਨ, ਮਹਾਂਪੁਰਸ਼ਾਂ ਦੀ ਰੀਸ ਨਹੀਂ ਕੀਤੀ ਜਾ ਸਕਦੀ।

***ਨਾਮੁ ਖਜਾਨਾ ਗੁਰ ਤੇ ਪਾਇਆ ਤ੍ਰਿਪਤਿ ਰਹੇ ਆਘਾਈ॥***
***ਪੰਨਾ - 911***

ਉਨ੍ਹਾਂ ਪਾਸ ਤਾਂ ਅਤੁੱਟ ਖਜ਼ਾਨਾ ਹੁੰਦਾ ਹੈ, ਜੋ ਮੁੱਕ ਨਹੀਂ ਸਕਦਾ।

***ਖਾਵਹਿ ਖਰਚਹਿ ਰਲਿ ਮਿਲਿ ਭਾਈ॥***
***ਤੋਟਿ ਨ ਆਵੈ ਵਧਦੋ ਜਾਈ॥ ਪੰਨਾ - 186***

ਅਮੀਰਾਂ ਦੇ ਮਹਿਲ ਵੇਖ ਕੇ ਕਿਸੇ ਗਰੀਬ ਨੂੰ ਆਪਣੀ ਝੁੱਗੀ ਨਹੀਂ ਢਾਹ ਦੇਣੀ ਚਾਹੀਦੀ। ਜਦੋਂ ਕਿਸੇ ਨੂੰ ਲਿਵ ਮਿਲੇ, ਕੋਈ ਅੰਦਰੂਨੀ ਅਲੌਕਿਕ ਘਟਨਾ ਵਾਪਰੇ, ਕੇਵਲ ਗੁਪਤ ਹੋ ਕੇ ਵੇਖੇ, ਜ਼ਬਤ ਕਰੇ, ਸਬਰ ਕਰੇ, ਗੁਪਤ ਰਹੇ, ਜਰ ਜਾਵੇ, ਬਰਦਾਸ਼ਤ ਕਰੇ, ਨਿਰਮਾਣ ਹੋ ਜਾਵੇ। ਵਾਧਾ ਕਰੇ, (ਅਭਿਆਸ ਵਧਾਵੇ) ਕਿਸੇ ਨੂੰ ਮਤ ਜਣਾਵੇ ਕਿ ਮੈਂ ਨਾਮ ਜਪਦਾ ਹਾਂ। ਮੈਨੂੰ ਕੁਝ ਉਪਲਬਧੀ ਹੋਈ ਹੈ, ਹੋ ਰਹੀ ਹੈ। ਅਦਨਾ (ਛੋਟਾ) ਸੇਵਾਦਾਰ ਬਣ ਕੇ, ਸੰਗਤ ਵਿਚ ਸੇਵਾ ਕਰਦਾ ਫਿਰੇ, ਬਿਚਰਦਾ ਫਿਰੇ, ਧੌਣ (ਗਰਦਨ) ਵਿਚ ਮਾਨਤਾ ਦਾ ਕਿੱਲਾ ਨਾ ਠੁਕਾਵੇ।

***ਆਪਸ ਕਉ ਕਰਿ ਕਛੁ ਨ ਜਨਾਵੈ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥ ਪੰਨਾ - 286***

ਪਿਛਲੇ ਸਾਧੂ ਬੜੀ-ਬੜੀ ਤਾਕਤ ਦੇ ਮਾਲਕ ਹੋ ਕੇ ਵੀ ਜ਼ਾਹਿਰ ਨਹੀਂ ਸਨ ਹੋਣਾ ਚਾਹੁੰਦੇ।

***ਜਿਨਿ ਹਰਿ ਪਾਇਓ ਤਿਨਹਿ ਛਪਾਇਓ॥ ਪੰਨਾ - 718***

ਹੁਣ ਤਾਂ ਸ਼ੁਭ ਸੁਪਨੇ ਆ ਜਾਣ, ਦੋ ਸੁਪਨੇ ਸ਼ੁਭ ਆ ਜਾਣ ਤਾਂ ਗੱਦੀਆਂ ਦੇ ਮਾਲਕ ਬਣ ਬੈਠਦੇ ਹਨ। ਆਪਣਾ ਨਵਾਂ ਪੰਥ, ਨਵਾਂ ਰਾਹ ਚਲਾਉਣ ਦਾ ਅਡੰਬਰ ਵਿਢ ਲੈਂਦੇ ਹਨ।

***ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ॥***
***ਤਿਨ ਤਿਨ ਅਪਨਾ ਰਾਹੁ ਚਲਾਯੋ॥ ਬਚਿਤ੍ਰ ਨਾਟਕ***

ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਬਾਬਾ ਈਸ਼ਰ ਸਿੰਘ ਜੀ ਕਹਿੰਦੇ ਹੁੰਦੇ ਸਨ ਕਿ ਭਾਈ ਅੱਗੇ-ਅੱਗੇ ਐਸਾ ਸਮਾਂ ਆਵੇਗਾ ਕਿ ਸਾਧੂਆਂ ਵਿਚ ਕਮਾਈ ਘੱਟ, ਬਨਾਵਟ ਵੱਧ ਹੋਇਆ ਕਰੇਗੀ। ਪਿਛਲੇ ਸਾਧੂਆਂ ਦੀ ਕਮਾਈ ਸਵਾ ਮਣ ਹੁੰਦੀ ਸੀ, ਦਸਦੇ ਰੱਤੀ ਹੁੰਦੇ ਸਨ। ਅੱਗੇ ਐਸੇ ਹੋਵੇਗਾ ਕਿ ਕਮਾਈ ਰੱਤੀ ਦਿਖਾਵਾ ਮਣ ਜਿੰਨਾ ਹੋਵੇਗਾ।

ਸਾਧਕ, ਸਾਧੂ, ਜਗਿਆਸੂ ਨੂੰ ਛੁਪ ਕੇ ਰਹਿਣਾ ਲਾਹੇਵੰਦ ਹੈ। ਪ੍ਰਗਟ ਹੋਣਾ ਘਾਟੇਵੰਦ ਹੈ। ਲੁੱਟੇ ਜਾਣ ਦਾ ਖਤਰਾ ਹੈ। ਮਨ ਰਿਪੁ (ਦੁਸ਼ਮਨ) ਵੀ ਸਦਾ ਸਾਧਕ ਦੀ ਕਮਜ਼ੋਰੀ ਟੋਲਦਾ ਰਹਿੰਦਾ ਹੈ। ਥੋੜ੍ਹੀ ਜਿਹੀ ਢਿੱਲ ਵੇਖੀ ਤੇ ਮਾਰ ਕਰ ਜਾਂਦਾ ਹੈ। ਹੰਕਾਰ ਵੀ ਛਿਦਰ (ਛੇਕ) ਲੱਭਦਾ ਰਹਿੰਦਾ ਹੈ, ਸੂਈ ਦੇ ਨੱਕੇ ਜਿੰਨਾ ਸੁਰਾਖ ਲੱਭ ਜਾਵੇ ਤਾਂ ਆਪੇ ਭਿਰਾੜ ਖੋਲ੍ਹ ਲੈਂਦਾ ਹੈ ਤੇ ਮਨ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਪਤਾ ਵੀ ਨਹੀਂ ਲੱਗਣ ਦਿੰਦਾ। ਨਿਰਮਾਣ ਹੋ ਕੇ ਗੁਪਤ ਰਹੇ ਤਾਂ ਬਚਾਉ ਹੈ। ਲੋਕ ਪ੍ਰਤਿਸ਼ਠਾ ਸਾਧਕ ਨੂੰ ਖਤਰਨਾਕ ਹੈ।

ਬਿਭੌਰ ਸਾਹਿਬ ਦੇ ਰਾਜੇ ਦੀ ਰਾਣੀ ਦਸਮ ਪਾਤਸ਼ਾਹ ਦੀ ਅੰਨਿਨ ਸੇਵਕ ਸੀ। ਆਪਣੇ ਪਤੀ ਰਾਜੇ ਲਈ ਨਿਤਾ ਪ੍ਰਤੀ ਬੇਨਤੀ ਕਰਿਆ ਕਰੇ ਕਿ ਸੱਚੇ ਪਾਤਸ਼ਾਹ! ਮੇਰੇ ਪਤੀ ਨੂੰ ਵੀ ਆਪਣੀ ਪ੍ਰੇਮਾ ਭਗਤੀ ਬਖਸ਼ੋ ਜੀ। ਰਾਜਾ ਗੁਪਤ ਵਰਤਦਾ ਸੀ, ਇਕ ਕਮਰੇ ਵਿਚ ਛੁਪ ਕੇ ਭਗਤੀ ਕਰਦਾ ਸੀ ਪਰ ਜ਼ਾਹਿਰਾ ਤੌਰ ਤੇ ਪ੍ਰਗਟ ਨਹੀਂ ਸੀ ਕਰਦਾ। ਬਣ ਕੇ ਰਹਿੰਦਾ ਸੀ। ਬਰਸਾਂ ਦੇ ਬਰਸ ਗੁਜ਼ਰ ਗਏ, ਆਪਣੀ ਰਾਣੀ ਨੂੰ ਵੀ ਪਤਾ ਨਹੀਂ ਲੱਗਣ ਦਿਤਾ ਕਿ ਮੈਂ ਭਗਤੀ ਕਰਦਾ ਹਾਂ।

ਇਕ ਦਿਨ ਰਾਣੀ ਕੁਦਰਤੀ ਉਸ ਗੁਪਤ ਰੱਖੇ ਕਮਰੇ ਵਿਚ ਚਲੀ ਗਈ। ਉਥੇ ਰਾਜੇ ਨੂੰ ਵੇਖਿਆ, ਕਮਰਾ ਗੁਰੂ ਮਹਾਰਾਜ ਦੀ ਤਸਵੀਰਾਂ ਨਾਲ ਸਜਿਆ ਹੈ, ਸੁੰਦਰ ਧੂਪ ਦੀ ਮਹਿਕ ਉਡ ਰਹੀ ਹੈ, ਘੀ ਦੀ ਜੋਤ ਜਗ ਰਹੀ ਹੈ, ਬਾਣੀ ਦੀ ਪੋਥੀ ਫੁੱਲ ਚੜ੍ਹੇ ਚੰਦਨ ਦੀ ਚੌਕੀ ਤੇ ਸ਼ਸ਼ੋਭਤ ਹੈ। ਰਾਜਾ ਧਿਆਨ ਮਗਨ ਸਮਾਧਿਤ ਬੈਠਾ ਹੈ।

ਰਾਜੇ ਨੂੰ ਭਗਤੀ ਕਰਦਿਆਂ ਵੇਖ ਕੇ ਰਾਣੀ (ਹੈਰਾਨ) ਰਹਿ ਗਈ, ਅਪਲਕ (ਬਿਨਾਂ ਅੱਖ ਝਮਕਿਆਂ) ਅਡੋਲ ਖੜ੍ਹੀ

ਰਹਿ ਗਈ ਕਿ ਤੁਸੀਂ ਤਾਂ ਮੇਰੇ ਤੋਂ ਵੀ ਕਈ ਗੁਣਾਂ ਵੱਧ ਗੁਰੂ ਨਾਨਕ ਨਾਲ ਪ੍ਰੇਮ ਕਰਦੇ ਹੋ ਅਤੇ ਜਣਾਇਆ ਨਹੀਂ।

ਜੋ ਗੁਰੂ ਨਾਲ ਅੰਨਿਨ ਪਿਆਰ ਕਰਦੇ ਹਨ, ਉਹ ਆਪਣੀ ਪ੍ਰਸੰਸਾ ਦੀ ਭੁੱਖ ਤੋਂ ਰਹਿਤ ਹੋ ਜਾਂਦੇ ਹਨ, ਉਪਰ ਹੋ ਜਾਂਦੇ ਹਨ। ਲੋਕ ਪ੍ਰਤਿਸ਼ਠਾ ਨਵੇਂ ਸਾਧਕ ਲਈ ਬੜੀ ਖਤਰਨਾਕ ਖਾਈ ਹੈ, ਜਿਸ ਵਿਚ ਗਿਰ ਕੇ ਨਿਕਲਣਾ ਅਸੰਭਵ ਨਹੀਂ ਤਾਂ ਕਠਿਨ ਬੜਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਗੁਰੂ ਅੰਗਦ ਦੇਵ ਜੀ, ਕਮਰੇ ਦਾ ਗੇਟ ਬੰਦ ਕਰਾ ਕੇ ਸਮਾਧੀ ਲਾ ਕੇ ਬੈਠ ਗਏ, ਗੁਪਤ ਹੋ ਗਏ, ਪ੍ਰਗਟ ਹੋਣਾ ਨਹੀਂ ਚਾਹੁੰਦੇ ਸਨ, ਮਾਨਤਾ ਨਹੀਂ ਚਾਹੁੰਦੇ ਸਨ, ਕੇਵਲ ਪਿਆਰੇ ਨਾਨਕ ਦੇ ਪ੍ਰੇਮ ਵਿਚ ਹੀ ਲੀਨ ਰਹਿਣਾ ਚਾਹੁੰਦੇ ਸਨ। ਐਡੀ ਵੱਡੀ ਜੋਤ, ਐਡੀ ਵੱਡੀ ਸ਼ਕਤੀ, ਪਦਵੀ ਪਾ ਕੇ ਭਰਪੂਰ ਹੋ ਕੇ, ਜਰ ਸ਼ਕਤੀ ਰੱਖੀ, ਪਿਆਰੇ ਦੇ ਪ੍ਰੇਮ ਰਸ ਵਿਚ ਬਿਭੋਰ ਹੋ ਕੇ ਜੀਵਨ ਪ੍ਰਯੰਤ ਲੀਨ ਰਹਿਣਾ ਚਾਹੁੰਦੇ ਸਨ। ਬਾਬਾ ਬੁੱਢਾ ਜੀ ਨੇ ਪਰਉਪਕਾਰ ਕੀਤਾ, ਸਮਾਧੀ ਖੁਲਵਾਈ ਤੇ ਸੰਗਤਾਂ ਨੂੰ ਤਾਰਨ ਦੀ ਬੇਨਤੀ ਕੀਤੀ। ਮਹਾਰਾਜ ਜੀ ਨੇ ਇਸ ਬ੍ਰਿਹਾ ਸਬੰਧੀ ਆਪਣੇ ਭਾਵ ਦਰਸਾਉਂਦਿਆਂ ਫੁਰਮਾਨ ਕੀਤਾ ਹੈ –

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***

***ਪੰਨਾ - 83***

ਸ੍ਰੀ ਗੁਰੂ ਤੇਗ ਬਹਾਦਰ ਜੀ ਵਡਿਆਈ ਪੂਜਾ ਤੋਂ ਦੂਰ ਕਿੰਨੇ ਸਾਲ ਭੋਰੇ ਵਿਚ ਤਪਸਿਆ ਕਰਦੇ ਰਹੇ। ਜਦੋਂ 22 ਪਾਖੰਡੀ ਗੁਰੂ ਬਣ ਬੈਠੇ, ਤਾਂ ਮੱਖਣਸ਼ਾਹ ਲੁਬਾਣੇ ਨੇ ਆਪ ਜੀ ਨੂੰ ਪ੍ਰਗਟ ਕੀਤਾ। ਮਹਾਤਮਾ ਬੁੱਧ ਅਤੇ ਉਨ੍ਹਾਂ ਦੇ ਪੰਜ ਹੋਰ ਸਮਕਾਲੀ ਉਤਨੀ ਹੀ ਸ਼ਕਤੀ ਵਾਲੇ ਆਤਮ ਦਰਸ਼ੀ ਸਨ। ਪੰਜਾਂ ਨੇ ਜ਼ੁਬਾਨ ਨਹੀਂ ਖੋਲ੍ਹੀ, ਕੋਈ ਅਨੁਆਈ ਨਹੀਂ ਬਣਾਇਆ, ਗੁਪਤ ਹੀ ਰਹੇ, ਇਹ ਪੰਜੇ ਵੀ ਮਹਾਤਮਾ ਬੁੱਧ ਦੀ ਤਰ੍ਹਾਂ ਨਿਰਵਾਣ ਪਦ ਨੂੰ ਪ੍ਰਾਪਤ ਸਨ। ਮਹਾਤਮਾ ਬੁੱਧ ਵੀ ਗੁਪਤ ਹੀ ਰਹਿਣਾ ਚਾਹੁੰਦੇ ਸਨ, ਦੇਵਤਾਵਾਂ ਨੇ ਪ੍ਰਾਥਨਾ ਕੀਤੀ ਕਿ ਮੁੱਖ ਖੋਲ੍ਹੋ। ਮਹਾਤਮਾ ਜੀ ਬੋਲੇ, ਜਗਤ ਦਾ ਭਲਾ ਕਰੋ।

ਜਿਸ ਦੇ ਬੋਲਾਂ ਵਿਚ ਬਲ ਹੈ, ਉਹ ਤਾਂ ਬੋਲਣ ਦੀ ਇੱਛਾ ਨਹੀਂ ਕਰਦੇ, ਚੁੱਪ ਰਹਿਣਾ ਚਾਹੁੰਦੇ ਹਨ। ਸਾਡੇ ਬੋਲਾਂ ਦੀ ਕੋਈ ਮਹੱਤਤਾ ਨਹੀਂ ਅਸੀਂ ਬੋਲਦੇ ਹਾਂ। ਬਾਹਰ ਦਾ ਸਿਖਿਆ ਬੋਲ, ਕਿਸੇ ਤੋਂ ਉਧਾਰਾ ਲਿਆ ਹੋਇਆ ਬੋਲ, ਬਿਗਾਨਾ ਬੋਲ ਜਿਸ ਵਿਚ ਆਪਣਾ ਇਕ ਅੱਖਰ ਵੀ ਨਹੀਂ, ਬਾਹਰੋਂ ਲੈ ਕੇ ਬਾਹਰ ਹੀ ਸਪਲਾਈ ਕਰੀ ਜਾਨੇ ਹਾਂ। ਬਿਨਾਂ ਕਮਾਏ ਬੋਲ ਕਿਸੇ ਦਾ ਕੁਝ ਨਹੀਂ ਸੰਵਾਰ ਸਕਦੇ।

ਅੰਦਰ ਤੋਂ, ਅੰਦਰ ਡੂੰਘੇ ਤੋਂ ਭਿੱਜ ਕੇ ਆਪਣਾ ਕਮਾਇਆ ਨਿਜੀ ਬੋਲ, ਆਪਣਾ ਅਨੁਭਵੀ ਬੋਲ, ਕੇਵਲ ਇਕੋ ਬੋਲ, ਕਾਇਆ ਪਲਟ ਦਿੰਦਾ ਹੈ। ਇਨਕਲਾਬ ਆ ਜਾਂਦਾ ਹੈ, ਜੀਵਨ ਬਦਲ ਜਾਂਦਾ ਹੈ।

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***

***ਪੰਨਾ - 1374***

ਆਪਣੀ ਉਪਮਾ ਨਾ ਕਰਾ ਕੇ, ਗੁਰੂ ਜਸ ਹੀ ਕਰਨਾ ਸੋਭਦਾ ਹੈ। ਮਨ ਨੀਵਾਂ, ਮੱਤ ਉਚੀ ਹੋਵੇ ਇਹ ਗੁਰਮਤਿ ਹੈ–

***ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥***

***ਪੰਨਾ - 473***

ਅੰਦਰ ਗੁਰ ਭਗਤੀ ਲਿਵ ਹੋਵੇ, ਉਪਰ ਨਿਰਮਾਣਤਾ ਰੱਖੇ, ਨਿਜੀ ਉਪਮਾ ਦੇ ਲੋਭ ਤੋਂ ਉਪਰ ਉਠ ਕੇ, ਗੁਰਮਤਿ ਦਾ ਪ੍ਰਚਾਰ, ਪਰਸਾਰ ਕਰਨ ਲਈ, ਰੱਬ ਦੇ ਪਾਸੇ, ਚੰਗੇ ਪਾਸੇ ਲਾਉਣ ਲਈ, ਆਤਮ ਮਾਰਗ ਦਰਸਾਉਣ ਲਈ, ਨੇਕ ਕੰਮਾਂ ਦਾ ਉਪਦੇਸ਼ ਕਰਨ ਲਈ ਜੋ ਸਮਾਗਮ ਰਚੇ ਜਾਣ ਉਨ੍ਹਾਂ ਨਾਲ ਤਾਂ ਸੋਭਾ ਹੋਣੀ ਹੀ ਹੋਣੀ ਹੈ।

ਲੇਕਿਨ ਸੱਚੇ ਮਾਰਗ ਚੱਲਣ ਵਾਲੇ ਨੂੰ ਸੋਭਾ ਤੋਂ ਵਾਸ਼ਨਾ ਰਹਿਤ ਹੋਣਾ ਲੋੜੀਏ।

***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥***

***ਪੰਨਾ - 136***

ਚੰਗੇ-ਚੰਗੇ ਸਾਧਕ, ਅਖੌਤੀ ਸਾਧੂ, ਸੰਤ, ਦੁਨੀਆਂ ਦੀ ਝੂਠੀ ਉਪਮਾ, ਵਡਿਆਈ ਅਤੇ ਦੁਨਿਆਵੀ ਸੁੱਖ ਸਾਧਨਾ ਦੇ ਝੂਠੇ ਪਦਾਰਥਾਂ ਵੱਟੇ ਲੁੱਟੇ ਜਾ ਰਹੇ ਹਨ। ਸਾਧਕ ਜਗਿਆਸੂ ਨੂੰ ਅਕਾਲ ਪੁਰਖ ਦੀ ਆਗਿਆ ਤੋਂ ਬਿਨਾਂ ਕਿਸੇ ਨੂੰ ਵਰ ਸ਼ਰਾਪ ਨਹੀਂ ਦੇਣਾ ਚਾਹੀਦਾ। ਅਸਲ ਵਿਚ ਤਾਂ ਉਹ ਪੂਰਾ ਨਹੀਂ ਹੋਣਾ, ਜੇ ਹੋ ਗਿਆ ਤਾਂ ਤੁਹਾਡੀ ਲਿਵ (ਬਿਰਤੀ) ਨੂੰ ਨੁਕਸਾਨ ਦੇਹ ਹੋਵੇਗਾ। ਕੋਈ ਸ਼ਰਧਾ ਰੱਖੇ ਨਾ ਰੱਖੇ, ਬੇ ਪ੍ਰਵਾਹ ਰਹਿਣਾ ਚਾਹੀਦਾ ਹੈ।

ਸਾਧਾਂ ਨੂੰ ਤਿੰਨ ਮਾਰਾਂ ਪੈਂਦੀਆਂ ਹਨ ਇਨ੍ਹਾਂ ਤੋਂ ਬਚੋ।

1. ਖੁਵਾ ਮਾਰ 2. ਭਕਾ ਮਾਰ 3. ਫੁਲਾਂ ਮਾਰ।

ਪਹਿਲੀ ਮਾਰ ਹੈ – ਸੰਤਾਂ ਪਾਸ ਸ਼ਰਧਾਲੂ ਕੁਝ ਛਕਾਉਣ ਨੂੰ ਲਿਆਇਆ। ਬਾਬਾ ਜੀ ਭੋਗ ਲਾਓ, ਛਕੋ। ਫੇਰ ਦੂਜਾ ਆ ਗਿਆ, ਮਹਾਰਾਜ! ਮੇਰੀ ਵੀ ਇੱਛਾ ਪੂਰੀ ਕਰੋ, ਥੋੜ੍ਹਾ ਸਾ ਛਕੋ। ਫੇਰ ਹੋਰ ਆ ਗਿਆ।

ਭਾਈ! "ਅਸੀਂ ਰੱਜੇ ਹਾਂ ਬੱਸ।"

ਨਹੀਂ, "ਮਹਾਰਾਜ! ਮੇਰੀ ਇੱਛਾ ਪੂਰੀ ਕਰੋ ਜੀ, ਥੋੜ੍ਹਾ ਭੋਗ ਲਾ ਦੇਵੋ।" ਸੰਤ ਨੂੰ ਖੁਆ-ਖੁਆ ਕੇ ਸ਼ਰਧਾਲੂਆਂ ਨੇ ਪੇਟੂ ਬਣਾ ਦੇਣਾ, ਅਫਰਾ ਦੇਣਾ, ਬੈਠ ਨਾ ਹੋਣਾ ਜਾਂ ਰੋਗੀ ਹੋ ਜਾਣਾ। ਬੈਠ ਕੇ ਸਿਮਰਨ ਕਰਨ ਜੋਗੇ ਨਾ ਰਹਿਣ ਦੇਣਾ, ਇਹ ਪਹਿਲੀ ਮਾਰ ਹੈ 'ਖਵਾ ਮਾਰ'।

ਦੂਜੀ 'ਭਕਾ ਮਾਰ'। ਬਾਬਾ ਜੀ ਕੁਝ ਬਚਨ ਸੁਣਾਓ, ਬਾਬਾ ਜੀ ਕੋਈ ਸਾਖੀ ਸੁਣਾਓ। ਬਾਬਾ ਜੀ ਨੇ ਬਚਨ ਕਰਨੇ। ਫੇਰ ਆ ਗਏ, ਮਹਾਰਾਜ ਜੀ! ਕੁਝ ਬਚਨ ਕਰੋ ਜੀ; ਫੇਰ ਹੋਰ ਆ ਗਿਆ ਫੇਰ ਹੋਰ, ਸੰਤ ਨੂੰ ਟਿਕਣ ਨਹੀਂ ਦੇਣਾ, ਸ਼ਰਧਾਲੂ ਦੀ ਸ਼ਰਧਾ ਪੂਰੀ ਕਰਨ ਵਾਸਤੇ ਸੰਤ ਨੇ ਬੋਲੀ ਜਾਣਾ ਬੋਲੀ

ਜਾਣਾ, ਅੰਤਰਮੁਖ ਨਹੀਂ ਹੋਣ ਦੇਣਾ, ਬਾਹਰ ਕੱਢ ਕੇ ਰੱਖਣਾ ਇਹ ਦੂਜੀ ਮਾਰ ਹੈ 'ਭਕਾ ਮਾਰ'।

ਤੀਜੀ ਫੂਲਾ (ਵਡਿਆਈ ਸੁਣ ਕੇ ਫੂਲਣਾ) ਮਾਰ – ਬਾਬਾ ਜੀ ਤਾਂ ਜਾਣੀ ਜਾਣ ਹਨ, ਬ੍ਰਹਮਗਿਆਨੀ ਹਨ, ਸਰਬੱਗ ਹਨ, ਮਹਾਰਾਜ ਨਾਲ ਅਭੇਦ ਹਨ। ਫੋਕੀ ਉਪਮਾ ਕਰੀ ਜਾਣੀ। ਸੰਤਾਂ ਨੂੰ ਭਰਮ ਹੋ ਜਾਣਾ, ਭੁਲੇਖਾ ਲਗ ਜਾਣਾ ਕਿ ਸ਼ਾਇਦ ਅਸੀਂ ਸਰਬੱਗ ਹੋ ਗਏ ਹਾਂ। ਸੰਤ ਨੇ ਫੁੱਲ ਜਾਣਾ (ਅਹੰਕਾਰ ਹੋ ਜਾਣਾ)। ਇਹ ਤੀਜੀ ਮਾਰ ਹੈ ਫੂਲਾ ਮਾਰ, ਇਹ ਬਹੁਤ ਬੁਰੀ ਮਾਰ ਹੈ, ਸੰਤ ਇਨ੍ਹਾਂ ਮਾਰਾਂ ਤੋਂ ਬਚੇ।

***'ਆਦਰ ਤਥਾ ਅਨਾਦਰੋਂ, ਬਚਨ ਬੁਰੇ ਤੇ ਭਲੇ।***
***ਮਾਨ ਅਪਮਾਨ ਸੰਸਾਰ ਕਾ ਧਰ ਜੂਤੇ ਕੇ ਤਲੇ।***

ਜੇ ਆਪਣੀ ਲਿਵ ਬਚਾਉਣੀ ਹੈ ਤਾਂ ਲੋਕ ਵਡਿਆਈ ਤੋਂ ਪਰ੍ਹੇ ਰਹਿ ਕੇ ਆਪਣੇ ਨਾਮ ਅਭਿਆਸ ਵਿਚ ਲੱਗੇ ਰਹਿਣਾ ਚਾਹੀਦਾ ਹੈ। ਕੱਚੇ ਸਾਧਕ ਦੀ ਲਿਵ ਟੁੱਟ ਜਾਂਦੀ ਹੈ। ਜੈਮਨੀ ਰਿਸ਼ੀ ਵਾਂਗੂੰ ਪੱਕੇ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਨਵਾਂ ਸਾਧਕ ਮਹਾਂਪੁਰਸ਼ਾਂ ਦੀ ਨਕਲ ਨਾ ਕਰੇ, ਰੀਸ ਨਾ ਕਰੇ। ਕਿਸੇ ਵੇਲੇ ਕੋਈ ਬਚਨ ਹੋ ਜਾਂਦਾ ਹੈ, ਉਹ ਸੱਚਾ ਹੋ ਜਾਂਦਾ ਹੈ। ਸੰਤ ਸਮਝਦਾ ਹੈ, ਇਹ ਮੇਰੀ ਕਰਾਮਾਤ ਹੈ। ਲੇਕਿਨ ਨਹੀਂ ਉਹ ਕੁਦਰਤੀ ਸੰਜੋਗ ਹੁੰਦਾ ਹੈ। ਬਚਨ ਵੀ ਕਿਹਾ ਗਿਆ ਤੇ ਬਾਤ ਵੀ ਬਣ ਗਈ। ਸੁਭਾਵਿਕ ਸੰਯੋਗ ਹੋ ਜਾਂਦਾ ਹੈ, ਸਾਧ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਮੈਂ ਸ਼ਕਤੀਵਾਨ ਹੋ ਗਿਆ ਹਾਂ, ਬਚਨ ਸਿੱਧ ਹੋ ਗਿਆ ਹਾਂ, ਪਰ ਨਹੀਂ। ਜਿਵੇਂ ਘੁਣਾ ਇਕ ਦਰਖਤ ਨੂੰ ਖਾਂਦਾ-ਖਾਂਦਾ ੳ ਅ ਸ ਅੱਖਰ ਜਿਹੇ ਬਣਾ ਦਿੰਦਾ ਹੈ, ਉਹ ਕੁਦਰਤੀ ਸ਼ਕਲਾਂ ਬਣ ਗਈਆਂ, ਜੇ ਘੁਣੇ ਪਾਸੋਂ ੳ, ਅ, ਸ ਬਣ ਗਏ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਘੁਣਾ ਤਾਲੀਮ ਯਾਫਤਾ (ਪੜ੍ਹਿਆ ਲਿਖਿਆ) ਹੈ। ਉਹ ਕੋਈ ਪੜ੍ਹਿਆ ਲਿਖਿਆ ਨਹੀਂ ੳ, ਅ ਨਹੀਂ ਬਣਾ ਸਕਦਾ, ਬਾਰ-ਬਾਰ ਨਹੀਂ ਬਣਾ ਸਕਦਾ।

ਪੂਰਨ ਮਹਾਂਪੁਰਖਾਂ ਦੀ ਬਾਤ ਵੱਖਰੀ ਹੈ, ਉਹ ਵਾਕ ਸਿੱਧ ਕਰਤੇ ਨਾਲ ਅਭੇਦ ਹੁੰਦੇ ਹਨ, ਪ੍ਰਮਾਤਮਾ ਉਨ੍ਹਾਂ ਦੀ ਮੰਨਦਾ ਹੈ। ਬਲਕਿ ਪ੍ਰਮਾਤਮਾ ਦੀ ਮਰਜ਼ੀ ਤੋਂ ਉਲਟ ਵੀ ਬਖਸ਼ਿਸ਼ਾਂ ਕਰ ਸਕਦੇ ਹਨ, ਜੁਗ ਬਦਲਾ ਸਕਦੇ ਹਨ। ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਮਾਤਾ ਦੇ ਪੁੱਤਰ ਨਹੀਂ ਸੀ, ਕਈ ਸੰਤਾਂ, ਸਾਧੂਆਂ ਪਾਸ ਘੁੰਮੇ ਲੇਕਿਨ ਖੈਰ ਨਾ ਪਈ, ਵਰਦਾਨ ਨਿਹਫਲ ਹੁੰਦੇ ਚਲੇ ਗਏ ਆਖਿਰ ਮਾਤਾ ਸੰਤਾਂ ਤੋਂ ਨਸ਼ਰਧ ਹੋ ਗਈ।

ਇਕ ਦਿਨ ਮਾਈਆਂ ਬੀਬੀਆਂ ਨਾਲ ਕਿਸੇ ਮਿਰਤਕ ਦੇ ਅਫਸੋਸ ਨੂੰ ਮਕਾਣ ਜਾ ਰਹੀ ਸੀ। ਰਸਤੇ ਵਿਚ ਪਿੰਡ ਮੰਡੇਰ ਆਉਂਦਾ ਸੀ ਓਥੇ ਇਕ ਬ੍ਰਹਮਗਿਆਨੀ ਮਹਾਂਪੁਰਖ ਉਦਾਸੀ ਸੰਤ ਬਾਬਾ ਕਾਨ੍ਹ ਦਾਸ ਜੀ ਰਹਿੰਦੇ ਸਨ। ਮਾਈਆਂ ਨੇ ਆਖਿਆ ਰਸਤੇ ਦੇ ਉਤੇ ਹੀ ਬਾਬਾ ਜੀ ਦਾ ਆਸ਼ਰਮ ਹੈ। ਮੱਥਾ ਟੇਕਦੇ ਚੱਲੀਏ, ਸਾਰੀਆਂ ਬੀਬੀਆਂ ਸੰਤਾਂ ਦੇ ਡੇਰੇ ਮੁੜ ਪਈਆਂ। ਸੰਤ ਮਹਾਰਾਜ ਦੇ ਮਾਤਾ ਜੀ ਕਹਿਣ ਲੱਗੇ ਤੁਸੀਂ ਜਾਓ, ਮੱਥਾ ਟੇਕੋ, ਮੈਂ ਸਾਧਾਂ ਸੂਧਾਂ ਨੂੰ ਨਹੀਂ ਮੰਨਦੀ, ਸਭ ਢਕੌਂਸਲਾ-ਬਾਜੀ ਹੈ।

ਮਾਤਾ ਓਥੇ ਹੀ ਰਸਤੇ ਤੇ ਬਹਿ ਰਹੀ, ਦੂਜੀਆਂ ਮਾਈਆਂ ਸੰਤਾਂ ਦੇ ਪਾਸ ਚਲੀਆਂ ਗਈਆਂ, ਮੱਥਾ ਟੇਕ ਕੇ ਬਹਿ ਗਈਆਂ। ਬਾਬੇ ਬੋਲੇ, "ਬੀਬੀਓ! ਤੁਹਾਡੇ ਨਾਲ ਇਕ ਬੀਬੀ ਹੋਰ ਸੀ ਉਹ ਨਹੀਂ ਆਈ, ਕਿਉਂ ਨਹੀਂ ਆਈ?

ਬੀਬੀਆਂ ਬੋਲੀਆਂ, "ਬਾਬਾ ਜੀ! ਉਹ ਨਹੀਂ ਆਈ, ਅਸੀਂ ਤਾਂ ਆਖਿਆ ਸੀ।" ਬਾਬੇ ਅੰਤਰ ਧਿਆਨ ਹੋਏ ਅਤੇ ਆਖਿਆ, "ਜਾਓ ਬੀਬੀਓ, ਉਸ ਨੂੰ ਲੈ ਕੇ ਆਓ, ਉਹ ਸਾਧਾਂ ਤੋਂ ਦੁਖੀ ਹੈ, ਅਸੀਂ ਉਸ ਦਾ ਮਨੋਰਥ ਪੂਰਾ ਕਰਾਂਗੇ।" ਕੁਝ ਬੀਬੀਆਂ ਗਈਆਂ, ਉਨ੍ਹਾਂ ਨੇ ਮਾਤਾ ਨੂੰ ਆਖਿਆ, ਚੱਲ ਬਾਬੇ ਜਾਣੀ ਜਾਣ ਹਨ, ਗਲਤੀ ਨਾ ਕਰ, ਤੇਰੀਆਂ ਸਾਰੀਆਂ ਗੱਲਾਂ ਆਪੇ ਹੀ ਜਾਣ ਗਏ ਹਨ। ਸਾਡੇ ਦਸਣ ਤੋਂ ਬਿਨਾਂ ਹੀ ਤੇਰੀ ਭਾਵਨਾ ਸਮਝ ਗਏ ਹਨ।

ਮਾਤਾ ਚਲੀ ਗਈ, ਜਾ ਕੇ ਨਮਸ਼ਕਾਰ ਕੀਤੀ। ਬਾਬੇ ਬੋਲੇ ਬੀਬੀ! ਤੂੰ ਸੱਚੀ ਹੈਂ, ਤੈਨੂੰ ਕੋਈ ਪੂਰਾ ਸੰਤ ਨਹੀਂ ਮਿਲਿਆ। ਤੇਰੇ ਤਿੰਨ ਬੱਚੇ ਹੋਣਗੇ, ਵੱਡਾ ਤੇ ਛੋਟਾ ਦੋ ਬੱਚੇ ਤੇਰੇ, ਵਿਚਲਾ ਸਾਡਾ ਹੋਇਆ। ਉਹ ਬਹੁਤ ਵੱਡਾ ਮਹਾਂਪੁਰਖ ਬ੍ਰਹਮਗਿਆਨੀ ਹੋਵੇਗਾ, ਦੁਨੀਆਂ ਵਿਚ ਤੇਰਾ ਅਤੇ ਆਪਣੇ ਮਹਾਂਪੁਰਖਾਂ ਦਾ ਨਾਮ ਉਚਾ ਕਰੇਗਾ, ਵੱਡੀ ਕਮਾਈ ਵਾਲਾ ਸੰਤ ਹੋਵੇਗਾ।

ਸੋ ਬਾਬਾ ਕਾਨ੍ਹ ਦਾਸ ਜੀ ਦੇ ਬਚਨਾਂ ਨਾਲ ਮਾਤਾ ਜੀ ਦੇ ਤਿੰਨ ਪੁੱਤਰ ਹੋਏ, ਦੋਵਾਂ ਵੱਡੇ ਤੇ ਛੋਟੇ ਦੀ ਵੰਸ਼ ਗੜ੍ਹ ਸ਼ੰਕਰ ਆ ਵਸੇ ਤੇ ਬਾਬਾ ਜਵਾਲਾ ਸਿੰਘ ਜੀ ਦਾ ਜਨਮ ਸਥਾਨ (ਘਰ) ਲੰਗੋਰੀ ਛੱਡ ਦਿਤਾ, ਅੱਜ ਓਥੇ ਗੁਰਦੁਆਰਾ ਸਾਹਿਬ ਜੀ ਦਾ ਸਥਾਪਨ ਹੈ।

ਸੰਤ ਬਾਬਾ ਜੁਵਾਲਾ ਸਿੰਘ ਜੀ ਬੀਤ ਰਾਗ ਸਾਧੂ ਸਨ। ਉਨ੍ਹਾਂ ਆਪਣੇ ਨਾਮ ਕੋਈ ਜ਼ਮੀਨ ਨਹੀਂ ਲੁਆਈ, ਡੇਰੇ ਦਾ ਇੰਤਕਾਲ ਮਗਰੋਂ ਹੋਇਆ ਹੈ। ਉਨ੍ਹਾਂ ਦੇ ਨਾਮ ਕੋਈ ਨਿਜੀ ਗੱਡੀ ਨਹੀਂ ਸੀ। ਉਨ੍ਹਾਂ ਦੀ ਬੈਂਕ ਦੀ ਕਾਪੀ ਨਹੀਂ ਸੀ। ਪੂਰਨ ਵਿਰਕਤ ਸਨ, ਮਾਇਆ ਦੇ ਢੇਰ ਲਗ ਜਾਣੇ, ਓਸੇ ਵੇਲੇ ਨੇੜੇ ਦੇ ਸਾਧੂਆਂ, ਲੋੜਵੰਦਾਂ ਤੇ ਕਾਰ ਸੇਵਾ ਵਾਲਿਆਂ ਨੂੰ ਵੰਡ ਦਿੰਦੇ, ਬਾਲ ਬ੍ਰਹਮਚਾਰੀ ਸਨ। ਹਰ ਮਜ਼ਹਬ ਪੰਥ ਸੰਪਰਦਾਇ ਦੇ ਸਾਂਝੇ ਸਨ, ਕੋਈ ਦ੍ਵੈਤ ਨਹੀਂ ਸੀ। ਸਾਧੂ, ਸੰਤ, ਮਸਤਾਨੇ, ਦੀਵਾਨੇ, ਫਕੀਰਾਂ ਨਾਲ ਪਿਆਰ ਰਖਦੇ ਸਨ। ਗੁਰੂ ਨਾਨਕ ਜੀ ਦੀ ਤਰ੍ਹਾਂ ਸਭ ਦੇ ਸਾਂਝੇ ਸਨ। ਗੁਰੂ ਨਾਨਕ ਸਾਹਿਬ ਦੇ ਘਰੋਂ ਵਰ ਦੇਣ ਦੇ ਅਧਿਕਾਰ ਪ੍ਰਾਪਤ ਸਨ।

ਨਿਮਾਣੇ ਕੀਟਾਂ ਨੂੰ ਮਹਾਂਪੁਰਖਾਂ ਦੀ ਨਕਲ, ਰੀਸ ਕਰਕੇ ਤੁੱਛ ਕਮਾਈ ਨਸ਼ਟ ਨਹੀਂ ਕਰਨੀ ਚਾਹੀਦੀ, ਇਹ ਲਿਵ ਟੁੱਟਣ ਦਾ ਕਾਰਨ ਬਣ ਜਾਂਦੀ ਹੈ। ਸੁਚੇਤ ਰਹਿਣਾ ਚਾਹੀਦਾ ਹੈ। ਮਾਨਤਾ, ਲੋਕ ਵਡਿਆਈ, ਵਰਦਾਨ, ਭੇਟ ਪੂਜਾ ਦਾ ਗ੍ਰਹਿਣ, ਲੱਗੀ ਲਿਵ ਨੂੰ ਤੋੜ ਦਿੰਦਾ ਹੈ।

(ਪੰਨਾ 46 ਦੀ ਬਾਕੀ)

*ਮਾਈ ਹੋਨਹਾਰ ਸੋ ਹੋਈਐ॥*
*ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ॥*
*ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ॥*
*ਕਬਹੂ ਮੈਲੁ ਭਰੇ ਅਭਿਮਾਨੀ ਕਬ ਸਾਧੂ ਸੰਗਿ ਧੋਈਐ॥*
*ਕੋਇ ਨ ਮੇਟੈ ਪ੍ਰਭ ਕਾ ਕੀਆ ਦੂਸਰ ਨਾਹੀ ਅਲੋਈਐ॥*
*ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਹ ਪ੍ਰਸਾਦਿ ਸੁਖਿ ਸੋਈਐ॥*
*ਪੰਨਾ - 528*

ਸੋ ਤੇਰੀਆਂ ਸਾਰੀਆਂ ਚਿੰਤਾਂ ਦਾ ਇਲਾਜ ਇਹੋ ਹੈ ਕਿ ਤੂੰ ਇਸ ਸਤਿ ਨੂੰ ਪਛਾਣ ਲਵੇਂ, ਸਾਰੇ ਦੁਖ ਤੇਰੇ ਨਾਸ਼ ਹੋ ਜਾਣ ਜੇ ਤੂੰ ਕਦੇ ਇਹ ਮਹਾਨ ਸਤਿ ਦੇ ਬਚਨ ਆਪਣੇ ਹਿਰਦੇ ਵਿਚ ਧਾਰਨ ਕਰ ਲਵੇ।

*ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ॥*
*ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ॥*
*ਪੰਨਾ - 529*

ਸੋ ਮੈਂ ਤੇਰੇ ਨਾਲ ਸਹਿਜ ਵਿਚ ਹੀ ਬਹੁਤ ਗੱਲਾਂ ਬਾਤਾਂ ਕਰ ਲਈਆਂ ਹਨ ਤੂੰ ਮੇਰੇ ਬਚਨ ਸੁਣੇ ਹਨ ਹੁਣ ਤੂੰ ਇਕਾਂਤ ਥਾਂ ਬੈਠ ਕੇ ਇਨ੍ਹਾਂ ਗੱਲਾਂ ਨੂੰ ਸੋਚੀਂ, ਯਾਦ ਰੱਖੀਂ ਮੈਂ ਸਾਰੀਆਂ ਤਕਲੀਫਾਂ ਸਹਿ ਕੇ ਵੀ ਖਿੜਦਾ ਹਾਂ, ਤੂੰ ਬਚਪਨ ਵਿਚ ਖਿੜਦਾ ਹੈਂ, ਜੁਆਨੀ ਵਿਚ ਅਨੇਕ ਕਿਸਮ ਦੇ ਨਸ਼ਿਆਂ ਵਿਚ ਗ੍ਰਸਤ ਹੋ ਜਾਂਦਾ ਹੈ, ਬੁਢਾਪੇ ਵਿਚ ਝੁਰਦਾ ਰਹਿੰਦਾ ਹੈਂ, ਤੇਰਾ ਅੰਗ-ਅੰਗ ਕਮਜ਼ੋਰ ਹੋ ਜਾਂਦਾ ਹੈ। ਤੇਰੇ ਤੋਂ ਖੇੜਾ ਕੀ ਭਾਲਣਾ ਹੋਇਆ, ਤੇਰੇ ਨਾਲ ਤਾਂ ਗੱਲ ਕਰਕੇ ਵੀ ਕੋਈ ਰਾਜ਼ੀ ਨਹੀਂ ਹੁੰਦਾ। ਤੇਰੇ ਕੋਲ ਐਨੇ ਹਨੇਰੇ ਹੁੰਦੇ ਹਨ ਕਿ ਸੁਣਨ ਵਾਲੇ ਨੂੰ ਵੀ ਪਰੇਸ਼ਾਨੀ ਆ ਕੇ ਘੇਰ ਲੈਂਦੀ ਹੈ। ਮੇਰੇ ਜੀਵਨ ਨਾਲ ਤੂੰ ਤੁਲਣਾ ਕਰ ਅਤੇ ਫੇਰ ਪਛਾਣ ਆਪਣੇ ਆਪ ਨੂੰ। ਜਦੋਂ ਤੂੰ ਅੰਤਰ ਖੋਜ ਕਰ ਲਈ ਫਿਰ ਤੇਰੇ ਵਰਗਾ ਹੋਰ ਕੋਈ ਨਹੀਂ ਹੋਵੇਗਾ ਫਿਰ ਤਾਂ ਤੂੰ ਸਦੀਵੀ ਖੇੜੇ ਨੂੰ ਮਾਣੇਂਗਾ। ਹੱਕ ਦੀ ਅਵਾਜ਼ ਸੁਣ 'ਉਹ ਆਪੇ ਆਪ ਹੈ' ਤੂੰ ਭੀ ਓਹੀ ਹੈਂ। ਜਦੋਂ ਸੁਣੀ ਤਾਂ -

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਪੰਨਾ - 3*


For more information

please visit us on internet at :-

http://www.atammarg.org

&

http://www.atammarg.com


(ਪੰਨਾ 55 ਦੀ ਬਾਕੀ)

ਧੁਨ ਦੇ ਰੂਪ ਵਿਚ ਅਨਹਦ ਸ਼ਬਦਾਂ ਦੀ ਗੁੰਜ਼ਾਰ ਦੇ ਮਹਾਂ ਅਨੰਦ ਮਾਣਦੀ ਹੈ। ਪਿਆਰ ਦਾ ਬਣਾਇਆ ਹੋਇਆ ਭਾਂਡਾ ਵਾਹਿਗੁਰੂ ਜੀ ਨਾਲ ਜੁੜ ਕੇ ਬ੍ਰਹਮਗਿਆਨ ਰੂਪੀ ਅੰਮ੍ਰਿਤ ਦੀ ਢਾਲ ਨੂੰ ਸੰਭਾਲਦਾ ਹੈ। ਸੋ ਇਹ ਕਮਾਈ ਕਰਨ ਸਮੇਂ ਪ੍ਰਭੂ ਨੂੰ ਹਾਜ਼ਰਾ ਹਜ਼ੂਰ ਦੇਖਦਾ ਹੈ ਗੁਰੂ ਦੀ ਪੂਰਨ ਪ੍ਰਤੀਤੀ ਵਿਚ ਆਪਣੇ ਨਿਸ਼ਚੇ ਨੂੰ ਅਡੋਲ ਰਖਦਾ ਹੈ ਅਤੇ ਹਰ ਸਮੇਂ ਮਹਿਸੂਸ ਕਰਦਾ ਹੈ ਕਿ ਵਾਹਿਗੁਰੂ ਜੀ ਅੰਦਰ ਬਾਹਰ ਹਰ ਥਾਂ ਪਰੀਪੂਰਨ ਹਨ, ਇਹ ਇਸ ਗੁਰ ਉਪਦੇਸ਼ ਨੂੰ ਹਿਰਦੇ ਵਿਚ ਧਾਰਦਾ ਹੈ ਇਸ ਨੂੰ ਹੋਰ ਸਪਸ਼ਟ ਕਰਨ ਲਈ ਕਥਾ ਆਉਂਦੀ ਹੈ ਕਿ ਇਕ ਮਹਾਤਮਾ ਦੇ ਬਹੁਤ ਸਾਰੇ ਚੇਲੇ ਸਨ। ਮਹਾਤਮਾ ਜੀ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਇਕ ਬਹੁਤ ਭਾਰੀ ਇਕੱਠ ਬੁਲਾ ਲਿਆ ਅਤੇ ਚੇਲਿਆਂ ਦੀ ਪਰਖ ਲਈ ਪਰਚਾ ਪਾ ਦਿਤਾ, ਦੋ ਚੇਲੇ ਮੁਖੀ ਸਨ। ਸੰਗਤ ਦੇ ਵਿਚਾਰ ਦੋਹਾਂ ਦੇ ਹੱਕ ਵਿਚ ਸਨ। ਮਹਾਤਮਾ ਨੇ ਕਿਹਾ ਕਿ ਸਾਧਸੰਗਤ ਜੀ! ਅਸੀਂ ਸਰੀਰ ਕਰਕੇ ਅਲੋਪ ਹੋ ਰਹੇ ਹਾਂ ਪਰ ਇਸ ਸਤਿਸੰਗ ਨੂੰ ਜਾਰੀ ਰੱਖਣ ਲਈ ਇਨ੍ਹਾਂ ਦੋਹਾਂ ਮੁਖੀ ਚੇਲਿਆਂ ਵਿਚੋਂ ਇਕ ਨੂੰ ਆਪਣੀ ਥਾਂ ਦੇਣੀ ਚਾਹੁੰਦੇ ਹਾਂ। ਉਨ੍ਹਾਂ ਨੇ ਦੋ ਕਬੂਤਰ ਮੰਗਾਏ ਅਤੇ ਦੋਹਾਂ ਚੇਲਿਆਂ ਨੂੰ ਦੇ ਕੇ ਕਿਹਾ ਕਿ ਇਕ-ਇਕ ਕਬੂਤਰ ਫੜ ਲਓ, ਜਿਥੇ ਕੋਈ ਦੇਖਦਾ ਨਾ ਹੋਵੇ ਉਥੇ ਇਨ੍ਹਾਂ ਨੂੰ ਮਾਰ ਕੇ ਜੋ ਪਹਿਲਾਂ ਆ ਜਾਵੇਗਾ ਉਸ ਨੂੰ ਅਸੀਂ ਆਪਣੀ ਗੱਦੀ ਦੇ ਦੇਵਾਂਗੇ।


## ATAM MARG PUBLICATIONS

**The English version of Sant ji's book**

**'ਕਿਵ ਕੂੜੈ ਤੁਟੈ ਪਾਲਿ'**

**entitled**

**How Rend The Veil Of Untruth?**

has just been published by the Mission to meet the demand of English knowing seekers of Truth in India and abroad. The book comprising more than 300 pages has been priced at Rs. 70/- in India (Rs. 90/- by post) and US $ 10 inculding postage for abroad. Money may be remitted by M.O. or Bank draft.

So long as the wall of ego is not broken with the kindness and grace of the Perfect Satguru (True Preceptor), man cannot achieve self-realisation and meet the Superme Exalted Soul. The book is a must for every seeker of Truth. Please place your order with 'Vishav Gurmat Roohani Mission Charitable Trust'.

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ॥

(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪ੍ਰੰਤ ਕੀਤੇ ਬਚਨ)

## ਜਿਸ ਕੇ ਸਿਰ ਊਪਰਿ ਤੂੰ ਸੁਆਮੀ

ਸਾਧਸੰਗਤ ਜੀ! ਬ੍ਰਹਮ ਮਹੂਰਤ ਜਿਸ ਨੂੰ ਸਾਰੇ ਸਮੇਂ ਵਿਚੋਂ ਸ਼ੁਭ ਗਿਣਿਆ ਜਾਂਦਾ ਹੈ, ਇਹ ਵਾਹਿਗੁਰੂ ਨੇ ਕ੍ਰਿਪਾ ਕਰਕੇ ਆਪ ਦੇ ਭਾਗਾਂ ਵਿਚ ਬਖਸ਼ ਦਿਤਾ ਹੈ। ਆਲਸ ਦਾ ਤਿਆਗ ਕਰਕੇ ਆਪ ਗੁਰੂ ਮਹਾਰਾਜ ਜੀ ਦੇ ਹੁਕਮ ਅਨੁਸਾਰ ਠੀਕ ਸਵੇਰ ਦੇ ਦੋ ਵਜੇ ਪਹੁੰਚ ਜਾਂਦੇ ਹੋਂ। ਉਸੇ ਸਮੇਂ ਤੋਂ ਕੀਰਤਨ ਸ਼ੁਰੂ ਹੋ ਕੇ ਸ਼ਬਦਾਂ, ਛਕਿਆਂ ਸਮੇਤ ਸ੍ਰੀ ਆਸਾ ਜੀ ਵਾਰ ਦਾ ਪੂਰੇ ਤਿੰਨ ਘੰਟੇ ਅਨੰਦ ਮਾਣਦੇ ਹੋਂ। ਸਮਾਂ ਕਿੰਨਾ ਸੁਹਾਵਣਾ ਹੈ, ਇਸ ਵੇਲੇ ਦੀ ਭਜਨ ਬੰਦਗੀ ਕੀਤੀ ਹੋਈ ਬਹੁਤ ਫਲਦੀ ਹੈ, ਇਸ ਦਾ ਜ਼ਿਕਰ ਜਨਮਸਾਖੀ ਵਿਚ ਵੀ ਆਉਂਦਾ ਹੈ, ਗੁਰਬਾਣੀ ਵਿਚ ਵੀ ਆਉਂਦਾ ਹੈ। ਇਹ ਅੰਮ੍ਰਿਤ ਵੇਲਾ ਆਮ ਤੌਰ ਤੇ ਇਕ ਪਹਿਰ ਰਾਤ ਰਹਿੰਦੀ ਨੂੰ ਵੀ ਆਖਿਆ ਜਾਂਦਾ ਹੈ। ਸਤਿਸੰਗ ਵਿਚ ਇਸ ਸਮੇਂ ਆ ਕੇ ਜੋ ਨਾਮ ਧਨ ਖਟਦੇ ਹਨ ਉਹ ਹੋਰ ਕਿਸੇ ਉਪਾਓ ਨਾਲ ਹੱਥ ਨਹੀਂ ਆਇਆ ਕਰਦਾ। ਸਤਿਸੰਗ ਦਾ ਸੋਹਣਾ ਮਾਹੌਲ ਹੋਵੇ ਜਿਥੇ ਸਾਰੇ ਸਵਰਗਾਂ ਦੇ ਲੋਕ ਆ ਕੇ ਅਵਿਅਕਤ ਰੂਪ ਵਿਚ ਪ੍ਰਮ ਸੁਖ ਦੇਣ ਵਾਲੀ ਬ੍ਰਹਮ ਗਿਆਨ ਦੀ ਦਾਤੀ ਗੁਰਬਾਣੀ ਸੁਣਦੇ ਹਨ, ਉਸ ਵੇਲੇ ਨਾਮ ਦੇ ਵਪਾਰੀ ਖੇਚਲਾਂ ਝੱਲ ਕੇ ਨਾਮ ਦੀ ਮਾਰਕੀਟ ਵਿਚ ਪਹੁੰਚਦੇ ਹਨ, ਸਤਿਗੁਰੂ ਵਲੋਂ ਬੂਹਾ ਖੁਲ੍ਹਦਾ ਹੈ, ਵਪਾਰੀਆਂ ਨੂੰ ਸ਼ਰਧਾ ਮੁਤਾਬਿਕ ਨਾਮ ਦੇ ਧਨ ਦੀ ਦਾਤ ਮਿਲਦੀ ਹੈ ਜਿਹੜੇ ਖੋਟੀਆਂ ਵਸਤੂਆਂ ਦਾ ਵਪਾਰ ਕਰਦੇ ਹਨ ਜਿਸ ਵਪਾਰ ਕਰਕੇ ਨਰਕਾਂ ਵਿਚ ਜਾਣਾ ਪੈਂਦਾ ਹੈ, ਉਨ੍ਹਾਂ ਨੂੰ ਅੰਮ੍ਰਿਤ ਵੇਲੇ ਦੀ ਦਾਤ ਨਹੀਂ ਮਿਲਦੀ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ –

***ਸਤਸੰਗਤੀ ਸੰਗਿ ਹਰਿ ਧਨੁ ਖਟੀਐ***
***ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥***
***ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ***
***ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ॥***
***ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ***
***ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥***
***ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ***
***ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥***
***ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥***
***ਪੰਨਾ** - 734*

ਜਦੋਂ ਜੀਵ ਆਪਣੀ ਯਾਤਰਾ ਸਮਾਪਤ ਕਰਕੇ ਸੰਸਾਰ ਤੋਂ ਜਾਂਦਾ ਹੈ ਉਸ ਦੇ ਨਾਲ ਦੁਨੀਆਂ ਵਿਚ ਉਸ ਦੀ ਕਮਾਈ ਹੋਈ ਕੋਈ ਵੀ ਚੀਜ਼ ਨਾਲ ਨਹੀਂ ਜਾਂਦੀ। ਕੇਵਲ ਦੋ ਪੋਟਲੀਆਂ ਉਸ ਦੇ ਨਾਲ ਹੁੰਦੀਆਂ ਹਨ, ਇਕ ਪਾਪਾਂ ਦੀ ਪੋਟਲੀ ਹੁੰਦੀ ਹੈ ਜੋ ਅਤਿ ਭਾਰੀ ਹੁੰਦੀ ਹੈ, ਇਕ ਫੁੱਲਾਂ ਦੇ ਭਾਰ ਵਰਗੀ, ਸ਼ੁਭ ਕਰਮਾਂ ਦੀ ਪੋਟਲੀ ਹੁੰਦੀ ਹੈ। ਧਰਮਰਾਜ ਦਾ ਰਸਤਾ ਜਾਂ ਇਉਂ ਕਹੋ ਪਰਲੋਕ ਨੂੰ ਜਾਣ ਵਾਲਾ ਰਸਤਾ ਬਹੁਤ ਲੰਮਾ ਹੈ ਜਿਸ ਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਪੰਨਾ** - 264*

ਇਸ ਲੰਮੇ ਸਫਰ ਤੇ ਜਦੋਂ ਜੀਵ ਪੈਂਦਾ ਹੈ ਤਾਂ ਉਸ ਨੂੰ ਇਸ ਉਪਰ toll tax (ਟੈਕਸ) ਬੈਰੀਅਰ ਆਉਂਦੇ ਹਨ ਹਰ ਬੈਰੀਅਰ ਤੋਂ ਨਵੀਂ ਕਿਸਮ ਦਾ ਰਸਤਾ ਤੁਰਨਾ ਪੈਂਦਾ ਹੈ। ਗਰੁੜ ਪੁਰਾਣ ਅਨੁਸਾਰ 21 ਪੁਰੀਆਂ ਆਉਂਦੀਆਂ ਹਨ। ਕਿਤੇ ਮਹਾਂ ਅੰਧ ਗੁਬਾਰ ਵਿਚੋਂ ਲੰਘਣਾ ਪੈਂਦਾ ਹੈ, ਕਿਤੇ ਹਦ ਤੋਂ ਜ਼ਿਆਦਾ ਗਰਮ ਰਸਤੇ ਤੇ ਚਲਣਾ ਪੈਂਦਾ ਹੈ, ਕਿਤੇ ਅਜਿਹਾ ਰਸਤਾ ਵੀ ਆਉਂਦਾ ਹੈ ਜਿਥੇ ਪਾਣੀ ਵੀ ਨਹੀਂ ਮਿਲਦਾ। ਜਮਦੂਤਾਂ ਨਾਲ ਕੋਈ ਵਾਕਫੀ ਨਹੀਂ ਹੁੰਦੀ, ਨਾ ਹੀ ਦੂਸਰੇ ਦੂਤਾਂ ਨਾਲ ਕੋਈ ਵਾਕਫੀ ਹੁੰਦੀ ਹੈ ਉਸ ਵੇਲੇ ਉਸ ਰਸਤੇ ਤੇ ਤੁਰਨ ਲਈ ਜੀਵ ਨੂੰ ਇਕ ਟਿਕਟ ਖਤਮ ਹੋਣ ਉਪਰੰਤ ਦੂਸਰਾ ਲੈਣਾ ਪੈਂਦਾ ਹੈ। ਜਦੋਂ ਉਹ ਮਹਾਂਅੰਧਕਾਰ ਦੇ ਰਸਤੇ ਵਿਚੋਂ ਲੰਘ ਗਿਆ ਅਤੇ ਬਹੁਤ ਗਰਮੀ ਵਾਲੇ ਰਸਤੇ ਤੇ ਪੈਣ ਵਾਲਾ ਹੁੰਦਾ ਹੈ ਤਾਂ ਉਸ ਵੇਲੇ ਉਸ ਨੂੰ ਪੁਛਿਆ ਜਾਂਦਾ ਹੈ ਕਿ ਰਸਤਾ ਬਹੁਤ ਭਿਆਨਕ ਹੈ, ਜੇ ਤੂੰ ਕੋਈ ਕਰਮ ਧਰਮ ਕੀਤੇ ਹਨ ਉਹ ਅਸਾਨੂੰ ਦੇ ਦੇ, ਉਸ ਦੇ ਬਦਲੇ ਜਿੰਨਾਂ ਤੂੰ ਲੰਘ ਸਕੇਂਗਾ ਲੰਘਾ ਦਿਤਾ ਜਾਵੇਂਗਾ। ਇਸੇ ਤਰ੍ਹਾਂ ਨਾਲ ਉਸ ਦੇ ਕੀਤੇ ਹੋਏ ਸ਼ੁਭ ਕਰਮ ਇਸ ਲੰਮੇ ਮਾਰਗ ਉਪਰ ਹੀ ਖਤਮ ਹੋ ਜਾਇਆ ਕਰਦੇ ਹਨ ਜਿਵੇਂ ਕਿ ਫੁਰਮਾਨ ਹੈ –

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥***
***ਪੰਨਾ** - 747*

ਤੀਰਥਾਂ ਦੇ ਫਲ, ਪੁੰਨ ਦਾਨ ਕੀਤੇ ਦੇ ਫਲ, ਚੰਗੀਆਂ ਪੁਸਤਕਾਂ ਦੀ ਵਿਚਾਰ, ਕੀਤੇ ਦੇ ਫਲ, ਸਕੂਲ ਬਣਾਉਣਾ, ਸਰਾਏਂ ਬਣਾਉਣ, ਹਸਪਤਾਲ ਬਣਾਉਣ ਅਤੇ ਹੋਰ ਅਨੇਕ ਪਰਉਪਕਾਰ ਦੇ ਕੰਮਾਂ ਦੇ ਫਲ ਇਥੇ toll tax ਵਜੋਂ ਦੇਣੇ ਪੈਂਦੇ ਹਨ ਅਤੇ ਇਹ ਜੀਵ ਲੰਮੇ ਰਸਤੇ ਤੇ ਚਲਦਾ-ਚਲਦਾ ਸ਼ੁਭ ਕਰਮਾਂ ਦੇ ਫਲ ਤੋਂ ਰਸਤੇ ਵਿਚ ਹੀ ਖਾਲੀ ਹੋ ਜਾਇਆ ਕਰਦਾ ਹੈ ਕਿਉਂਕਿ ਇਹ ਰਸਤਾ ਪੁੰਨੀਆਂ ਅਤੇ ਪਾਪੀਆਂ ਵਾਸਤੇ ਪ੍ਰਭੂ ਵਲੋਂ ਨਿਯਤ ਕੀਤਾ ਹੋਇਆ ਹੈ। ਦੂਸਰੇ ਉਨ੍ਹਾਂ ਲੋਕਾਂ ਵਾਸਤੇ ਵੀ ਹੈ ਜਿਨ੍ਹਾਂ ਨੇ ਆਪਣਾ ਮਾਨਸ ਜਨਮ ਵਿਅਰਥ ਪਾਪ ਕਰਮਾਂ ਵਿਚ ਪਾ ਲਿਆ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ –

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਪੰਨਾ** - 1414*

***ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਪੰਨਾ** - 38*

ਇਹ ਮਾਰਗ ਪੁੰਨ ਦਾਨ ਕਰਕੇ ਫਲ ਮੰਗਣ ਵਾਲਿਆਂ ਲਈ ਹੈ ਅਤੇ ਇਸ ਵਿਚ ਦੋ ਤਰ੍ਹਾਂ ਦੀਆਂ ਰੂਹਾਂ ਨਾਲ ਸਾਡਾ ਵਾਹ ਪੈਂਦਾ ਹੈ। ਇਕ ਬਹੁਤ ਭਿਆਨਕ ਸ਼ਕਲਾਂ ਵਾਲੇ ਜਿਨ੍ਹਾਂ ਨੂੰ ਦੇਖ ਕੇ ਇਕ ਦਮ ਕੰਬਣੀ ਸ਼ੁਰੂ ਹੋ ਜਾਂਦੀ ਹੈ, ਜੋ ਅਤਿ ਦੇ ਬੇਰਹਿਮ ਹੁੰਦੇ ਹਨ, ਉਨ੍ਹਾਂ ਦਾ ਜਮਦੂਤਾਂ ਨਾਲ ਵਾਹ ਪੈਂਦਾ ਹੈ। ਦੂਸਰੇ ਜਿਨ੍ਹਾਂ ਨੇ ਮਾਨਸ ਜਨਮ ਧਾਰ ਕੇ ਨੇਕ ਕੰਮ ਕੀਤੇ ਹਨ ਉਨ੍ਹਾਂ ਨੂੰ ਕੇਵਲ ਦੂਤ (guide) ਲੈਣ ਆਇਆ ਕਰਦੇ ਹਨ। ਉਨ੍ਹਾਂ ਨੇ ਜ਼ਿਆਦਾ ਪੁੰਨ ਕੀਤੇ ਹੋਣ ਅਤੇ ਉਨ੍ਹਾਂ ਪੁੰਨਾਂ ਦਾ ਫਲ ਲੈਣ ਦੀ ਮਨ ਵਿਚ ਆਸਾ ਹੋਵੇ, ਉਹ ਸਵਰਗ ਲੋਕਾਂ ਵਿਚ ਜਾ ਕੇ ਉਸ ਸੁਖ ਦੇ ਬਦਲੇ ਸਵਰਗ ਮਾਣਦੇ ਹਨ। ਉਨ੍ਹਾਂ ਨੂੰ ਬਿਬਾਣ ਵੀ ਲੈਣ ਵਾਸਤੇ ਆ ਜਾਇਆ ਕਰਦੇ ਹਨ। ਇਸ ਤਰ੍ਹਾਂ ਸਮਝ ਲਵੋ ਕਿ ਜਿਸ ਤਰ੍ਹਾਂ ਇਸ ਦੁਨੀਆਂ ਵਿਚ ਅਮੀਰ ਆਦਮੀ ਨੇ ਕੋਈ ਸਫਰ ਤਹਿ ਕਰਨਾ ਹੋਵੇ ਤਾਂ ਉਹ ਸੋਹਣੀਆਂ ਕਾਰਾਂ ਕਿਰਾਏ ਤੇ ਲੈ ਕੇ ਸਫਰ ਤਹਿ ਕਰ ਸਕਦਾ ਹੈ। ਜਹਾਜ਼ ਰਾਹੀਂ ਭੀ ਕਰ ਸਕਦਾ ਹੈ ਜਿਸ ਦੇ ਬਦਲੇ ਇਕੱਠਾ ਕੀਤਾ ਪੁੰਨ ਰੂਪ ਧਨ ਦੇਣਾ ਪੈਂਦਾ ਹੈ। ਇਹ Guide ਉਸ ਨੂੰ ਧਰਮਰਾਜ ਪਾਸ ਪਹੁੰਚਾ ਦਿੰਦੇ ਹਨ ਉਹ ਉਨ੍ਹਾਂ ਦੇ ਪੁੰਨ ਕਰਮਾਂ ਨੂੰ ਦੇਖ ਕੇ ਹਜ਼ਾਰ, ਦੋ ਹਜ਼ਾਰ, 10 ਹਜ਼ਾਰ ਸਾਲ ਦਾ ਸਵਰਗ ਅਲਾਟ ਕਰ ਦਿੰਦਾ ਹੈ। ਗੁਰੂ ਮਹਾਰਾਜ ਨੇ ਇਸ ਨਾ ਜਾਣੇ ਜਾਣ ਵਾਲੇ ਰਸਤੇ ਦਾ ਜ਼ਿਕਰ ਕਰਦਿਆਂ ਫੁਰਮਾਨ ਕੀਤਾ ਹੈ ਕਿ ਜੇ ਕਿਸੇ ਜੀਵ ਨੇ ਨਾਮ ਜਪਿਆ ਹੋਵੇ ਪਰ ਉਸ ਦੀਆਂ ਵਾਸ਼ਨਾਵਾਂ ਖਤਮ ਨਾ ਹੋਈਆਂ ਹੋਣ, ਉਹ ਸ਼ੁਭ ਫਲ ਮੰਗਦਾ ਹੋਵੇ ਤਾਂ ਉਸ ਦੇ ਜਪੇ ਨਾਮ ਦੀ ਬਹੁਤ ਮਹੱਤਤਾ ਹੁੰਦੀ ਹੈ, ਜਦੋਂ ਉਹ ਇਨ੍ਹਾਂ ਰਸਤਿਆਂ ਵਿਚੋਂ ਲੰਘਦਾ ਹੈ ਤਾਂ ਉਸ ਨੂੰ ਕੋਈ ਔਖ ਨਹੀਂ ਹੋਇਆ ਕਰਦੀ ਜਿਵੇਂ ਕਿ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*

*ਪੰਨਾ - 264*

ਇਸ ਸੰਸਾਰ ਦੇ ਵਿਚ ਜੋ ਸਾਡੀ ਸਹਾਇਤਾ ਕਰਨ ਵਾਲੇ ਮਾਤਾ ਪਿਤਾ ਮਿਤਰ ਤੇ ਹੋਰ ਸਬੰਧੀ ਹਨ ਇਨ੍ਹਾਂ ਦਾ ਕੋਈ ਵੀ ਜ਼ੋਰ, ਕੋਈ ਵੀ ਸਿਫਾਰਸ਼ ਇਸ ਪੈਂਡੇ ਉਪਰ ਸਹਾਇਤਾ ਨਹੀਂ ਕਰ ਸਕਦੀ। ਕੇਵਲ ਅੰਮ੍ਰਿਤ ਵੇਲੇ ਦਾ ਜਪਿਆ ਹੋਇਆ ਨਾਮ ਬਹੁਤ ਹੀ ਸਹਾਇਤਾ ਕਰਦਾ ਹੈ। ਮਹਾਂ ਅੰਧਕਾਰ ਵਿਚ ਇਕ ਦਮ ਪ੍ਰਕਾਸ਼ ਹੋ ਜਾਇਆ ਕਰਦਾ ਹੈ, ਜਿਥੇ ਕੋਈ ਨਹੀਂ ਜਾਣਦਾ ਉਹ ਵੀ ਹਮਦਰਦੀ ਕਰਨ ਲਗ ਜਾਂਦੇ ਹਨ, ਜਿਥੇ ਕੁਝ ਵੀ ਖਾਣ ਵਾਸਤੇ ਨਹੀਂ ਮਿਲਦਾ ਉਥੇ ਇਹ ਨਾਮ ਖਾਣ ਪੀਣ ਲਈ ਤੋਸਾ ਬਣ ਜਾਂਦਾ ਹੈ। ਜਦੋਂ ਕੋਈ ਆਦਮੀ ਲੰਮੇ ਸਫਰ ਤੇ ਜਾਂਦਾ ਹੈ ਤਾਂ ਜ਼ਰੂਰਤ ਇਹ ਪੈਂਦੀ ਹੈ ਕਿ ਰਸਤੇ ਵਿਚ ਖਾਣਾ ਪੀਣਾ ਸ਼ੁਧ ਨਹੀਂ ਮਿਲਣਾ ਤਾਂ ਉਹ ਪੰਜੀਰੀ ਵਗੈਰਾ ਜਾਂ ਹੋਰ ਕੋਈ ਚੀਜ਼ ਖਾਣ ਲਈ ਬਣਾ ਲੈਂਦਾ ਹੈ ਤਾਂ ਇਸ ਨੂੰ ਤੋਸਾ ਆਖਿਆ ਜਾਂਦਾ ਹੈ। ਜਿਥੇ ਬਿਲਕੁਲ ਇਕੱਲ ਹੁੰਦੀ ਹੈ ਜਿਥੇ ਇਸ ਦੀ ਕੋਈ ਪਛਾਣ ਨਹੀਂ ਕਰਦਾ, ਉਸ ਵੇਲੇ ਨਾਮ ਧਨ ਇਸ ਦੇ ਨਾਲ ਜਾਂਦਾ ਹੈ। ਜਿਥੇ ਮਹਾਨ ਤਪਤ ਅੱਗ ਵਰਗਾ ਵਾਤਾਵਰਣ ਬਣ ਰਿਹਾ ਹੁੰਦਾ ਹੈ, ਉਥੇ ਮਹਾਨ ਠੰਢੀ ਥਾਂ ਪ੍ਰਾਪਤ ਹੋ ਜਾਂਦੀ ਹੈ। ਜਿਸ ਥਾਂ ਦੇ ਉਤੇ ਕਿਤੋਂ ਵੀ ਪੀਣ ਲਈ ਕੁਝ ਨਹੀਂ ਲੱਭਦਾ ਉਥੇ ਇਹ ਨਾਮ ਅੰਮ੍ਰਿਤ ਵਰਗਾ ਸੁਆਦਲਾ ਅਤੇ ਠੰਢਾ ਜਲ ਬਖਸ਼ਦਾ ਹੈ ਤੇ ਜਿਥੇ ਕੋਈ ਵੀ ਸਹਾਇਤਾ ਕਰਨ ਵਾਲਾ ਨਹੀਂ ਹੁੰਦਾ ਉਥੇ ਨਾਮ ਸਹਾਇਤਾ ਕਰਦਾ ਹੈ। ਜਿਥੇ ਮਹਾਂ ਭਿਆਨਕ ਜਮਦੂਤਾਂ ਦੇ ਦਲਾਂ ਦੇ ਦਲ ਘੁੰਮ ਰਹੇ ਹਨ, ਇਸ ਜੀਵ ਨੂੰ ਦਲਣ ਦੇ ਮਨਸੂਬੇ ਬੰਨ੍ਹ ਰਹੇ ਹਨ, ਉਥੇ ਇਹ ਨਾਮ ਸ਼ੁਦਰਸ਼ਨ ਚੱਕਰ ਬਣ ਕੇ ਉਨ੍ਹਾਂ ਜਮਦੂਤਾਂ ਨੂੰ ਨੇੜੇ ਨਹੀਂ ਪਹੁੰਚਣ ਦਿੰਦਾ। ਇਥੇ ਹੱਦ ਤੋਂ ਜ਼ਿਆਦਾ ਮੁਸ਼ਕਲ ਹੋ ਜਾਂਦੀ ਹੈ ਜਿਸ ਦਾ ਕੋਈ ਵੀ ਇਲਾਜ ਨਹੀਂ ਸੁਝਦਾ। ਨਾਮ ਦਾ ਧਿਆਨ ਕਰਿਆਂ ਇਕ ਅੱਖ ਦੇ ਫੌਰੇ ਵਿਚ ਸਾਰੀਆਂ ਮੁਸ਼ਕਲਾਂ, ਸਾਰੀਆਂ ਰੁਕਾਵਟਾਂ ਇਕ ਦਮ ਦੂਰ ਹੋ ਜਾਂਦੀਆਂ ਹਨ। ਅਨੇਕ ਕੀਤੇ ਹੋਏ ਪੁੰਨ ਕਰਮ ਜਿਨ੍ਹਾਂ ਪਾਪਾਂ ਨੂੰ ਦੂਰ ਨਹੀਂ ਕਰ ਸਕਦੇ, ਉਨ੍ਹਾਂ ਪਾਪਾਂ ਨੂੰ ਇਹ ਨਾਮ ਖਤਮ ਕਰ ਦਿੰਦਾ ਹੈ।

ਸੋ ਇਸ ਤਰ੍ਹਾਂ ਸਾਧਸੰਗਤ ਜੀ! ਅੰਮ੍ਰਿਤ ਵੇਲੇ ਦਾ ਜਪਿਆ ਹੋਇਆ ਨਾਮ ਪ੍ਰਲੋਕ ਦੇ ਰਸਤੇ ਵਿਚ ਜਾਂਦਿਆਂ ਜਿੰਨਾਂ ਜੀਅ ਕਰਦਾ ਹੈ toll tax ਲਗ ਜਾਵੇ ਤੇ ਕਿੰਨੀਆਂ ਹੀ ਮੁਸ਼ਕਲਾਂ ਦੇ ਬਦਲੇ ਨਾਮ ਧਨ ਦੇਣਾ ਪਵੇ ਇਹ ਨਾਮ ਧਨ ਕਦੇ ਵੀ ਖਤਮ ਨਹੀਂ ਹੁੰਦਾ। ਇਹ ਅਮੁੱਲ ਚੀਜ਼ ਹੈ, ਇਹ ਅਮੁੱਲ ਚੀਜ਼ ਆਪ ਦੇ ਭਾਗਾਂ ਵਿਚ ਮਿਲ ਰਹੀ ਹੈ-

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹ ਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ॥*
*ਨਾਨਕ ਪਾਵਹੁ ਸੂਖ ਘਨੇਰੇ॥* *ਪੰਨਾ - 264*

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ 'ਹਰਿ ਧਨ ਰਤਨ ਜਵਾਹਰ ਮਾਣਕ' ਹੋਇਆ ਕਰਦੇ ਹਨ ਅਤੇ ਜਿਨ੍ਹਾਂ ਦਾ ਮੁੱਲ ਬਹੁਤ ਹੀ ਜ਼ਿਆਦਾ ਹੋਇਆ ਕਰਦਾ ਹੈ। ਇਨ੍ਹਾਂ ਦੇ ਬੀਜਣ ਦੀ ਜੋ ਵਤ ਹੁੰਦੀ ਹੈ, ਉਹ ਮਾਨਸ ਜਨਮ ਹੁੰਦਾ ਹੈ ਅਤੇ ਜੋ ਵਤਰ ਵਿਚ ਗਿੱਲ ਹੁੰਦੀ ਹੈ ਉਹ ਅੰਮ੍ਰਿਤ ਵੇਲਾ ਹੋਇਆ ਕਰਦਾ ਹੈ। ਉਸ ਵੇਲੇ ਦਾ ਬੀਜਿਆ ਹੋਇਆ ਨਾਮ ਧਨ ਕਿੰਨਾ ਹੀ ਖਰਚੀ ਜਾਓ, ਉਹ ਕਦੇ ਵੀ ਖਤਮ ਨਹੀਂ ਹੁੰਦਾ। ਇਸ ਸੰਸਾਰ ਵਿਚ ਵੀ ਉਹ ਨਾਮ ਧਨ ਸਾਰੇ ਕਾਰਜ ਸੁਆਰਦਾ ਹੈ, ਮਾਣ ਦਿਵਾਉਂਦਾ ਹੈ, ਰੋਗਾਂ ਦਾ ਖਾਤਮਾ

ਕਰਦਾ ਹੈ, ਮੁਸ਼ਕਲਾਂ ਹੱਲ ਕਰਦਾ ਹੈ, ਜੋ ਮੰਗਦੇ ਹਾਂ ਉਹ ਪ੍ਰਾਪਤ ਹੋ ਜਾਂਦਾ ਹੈ ਅਤੇ ਜਦੋਂ ਉਹ ਪ੍ਰਲੋਕ ਨੂੰ ਜਾਂਦਾ ਹੈ ਉਸ ਵੇਲੇ ਉਸ ਨੂੰ ਧੰਨ-ਧੰਨ ਆਖਿਆ ਜਾਂਦਾ ਹੈ। ਸੋ ਫੁਰਮਾਨ ਹੈ ਕਿ -

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥* *ਪੰਨਾ - 283*

*ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ*
*ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥*
*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥*
*ਹਲਤਿ ਪਲਤਿ ਹਰਿ ਧਨੈ ਕੀ*
*ਭਗਤਾ ਕਉ ਮਿਲੀ ਵਡਿਆਈ॥* *ਪੰਨਾ - 734*

ਇਹ ਧਨ ਨੂੰ ਕੋਈ ਵੀ ਨਹੀਂ ਖੋਹ ਸਕਦਾ ਕਿਉਂਕਿ ਨਾਮ ਦਾ ਐਨਾ ਪ੍ਰਤਾਪ ਹੁੰਦਾ ਹੈ ਕਿ ਜਮਦੂਤ ਤਾਂ ਇਸ ਨਾਮ ਦੇ ਉਚਾਰਨ ਨੂੰ ਸੁਣਦਿਆਂ ਹੀ ਦੂਰ ਨੱਠ ਜਾਇਆ ਕਰਦੇ ਹਨ, ਫੁਰਮਾਨ ਹੈ -

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ॥* *ਪੰਨਾ - 734*

ਇਸ ਦੇ ਵਿਪਰੀਤ ਜਿਨ੍ਹਾਂ ਨੇ ਆਪਣਾ ਅਮੋਲਕ ਜਨਮ Eat drink and be merry for we shall have to die. (ਖਾਓ ਪੀਓ ਮੌਜ ਕਰੋ, ਕਿਉਂਕਿ ਆਖਰ ਮਰ ਜਾਣਾ ਹੈ।) ਦੇ ਸਿਧਾਂਤ ਅਨੁਸਾਰ ਬਿਰਥਾ ਗੁਆ ਦਿਤਾ ਅਤੇ ਉਸ ਦੀ ਥਾਂ ਤੇ ਦੁਨੀਆਂ ਦੇ ਧਨ ਨੂੰ ਇਕੱਠਾ ਕਰਨ ਵਿਚ ਲੱਗੇ ਰਹੇ, ਕਈ ਕਈ ਮਕਾਨ ਬਣਾ ਲਏ, ਵੱਡੇ-ਵੱਡੇ ਕਾਰੋਬਾਰ ਚਲਾ ਲਏ ਅਤੇ ਆਪਣੀ ਸਵਾਰੀ ਵਾਸਤੇ ਹਵਾਈ ਜਹਾਜ਼ ਵੀ ਰੱਖੇ ਹੋਏ ਹਨ ਅਤੇ ਉਨ੍ਹਾਂ ਦੀ ਮਸ਼ਹੂਰੀ ਹੋਣ ਕਰਕੇ ਉਨ੍ਹਾਂ ਦਾ ਹਰ ਥਾਂ ਮਾਣ ਵੀ ਹੁੰਦਾ ਹੋਵੇ ਪਰ ਜਦੋਂ ਇਸ ਜੀਵਨ ਨੂੰ ਛੱਡ ਕੇ ਪਰਲੋਕ ਦੇ ਰਸਤੇ ਨੂੰ ਜਾਂਦੇ ਹਨ, ਉਸ ਵੇਲੇ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਵਿਚੋਂ ਕੋਈ ਵੀ ਚੀਜ਼ ਨਾਲ ਨਹੀਂ ਜਾਂਦੀ। ਇਸ ਸੰਸਾਰ ਵਿਚ ਔਖੇ ਹੋ ਹੋ ਕੇ ਧਨ ਖਟਦੇ ਹਨ ਪਰ ਨਤੀਜਾ ਕੀ ਹੋਇਆ, ਉਹ ਹੱਥ ਵਿਚੋਂ ਛੁਟ ਜਾਂਦਾ ਹੈ। ਅਜਿਹੇ ਪੁਰਖਾਂ ਨੂੰ ਪਲਤ ਵਿਚ ਜਾ ਕੇ ਵੀ ਕੋਈ ਢੋਈ ਨਹੀਂ ਮਿਲਦੀ। ਜਿੰਦ ਵਾਸਤੇ ਪਾਉਂਦੀ ਹੈ, ਤਰਲੇ ਕਰਦੀ ਹੈ ਪਰ ਹੁਣ ਕੀ ਹੋ ਸਕਦਾ ਹੈ?

*ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ*
*ਤਿਨਾ ਇਕ ਵਿਖ ਨਾਲਿ ਨ ਜਾਈ॥*
*ਹਲਤੈ ਵਿਚਿ ਸਾਕਤ ਦੁਹੇਲੇ ਭਏ*
*ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ*
*ਹਰਿ ਦਰਗਹ ਢੋਈ ਨ ਪਾਈ॥* *ਪੰਨਾ - 734*

ਸਾਧਸੰਗਤ ਜੀ! ਇਹ ਵਾਹਿਗੁਰੂ ਦੀ ਕ੍ਰਿਪਾ ਹੈ ਜਿਸ ਨੇ ਸਾਨੂੰ ਮੋਕਾ ਦੇ ਦਿਤਾ ਹੈ ਕਿ ਹਰੀ ਦੇ ਧਨ ਨੂੰ ਅੰਮ੍ਰਿਤ ਵੇਲੇ ਬੀਜ ਕੇ ਭਰਪੂਰ ਫਸਲ ਲੈ ਕੇ ਪੂਰਾ ਕਰ ਲਈਏ ਫੇਰ ਇਸ ਦਾ ਕਦੇ ਤੋਟਾ ਨਹੀਂ ਆਇਆ ਕਰਦਾ। ਇਸ ਗੱਲ ਦੀ ਸੋਝੀ ਸਾਨੂੰ ਗੁਰੂ ਦੀ ਬਾਣੀ ਬਖਸ਼ਦੀ ਹੈ ਅਤੇ ਉਸ ਬਾਣੀ ਦੇ ਸਿਧਾਂਤ ਨੂੰ ਮੰਨ ਕੇ ਆਲਸ ਤਿਆਗ ਕੇ ਸਤਿਸੰਗ ਵਿਚ ਪਹੁੰਚਦੇ ਹੋ।

*ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ*
*ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥*
*ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ*
*ਜਨ ਨਾਨਕ ਕਉ ਗੁਰਿ ਸੋਝੀ ਪਾਈ॥* *ਪੰਨਾ - 734*

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਉਪਮਾ ਰਹਿਤ ਬਚਨ ਤੁਹਾਨੂੰ ਸੁਣਾਉਂਦੇ ਹਾਂ। ਉਹ ਇਹ ਹੈ ਕਿ ਨਾਮ ਧਨ ਬਿਨਾਂ ਕਿਸੇ ਦੀ ਵੀ ਪਰਮ ਗਤੀ ਨਹੀਂ ਹੋਈ ਹੈ। ਇਹ ਤੁਹਾਨੂੰ ਨਾ ਕਥੀ ਜਾਣ ਵਾਲੀ ਕਥਾ ਅਸੀਂ ਦਸਦੇ ਹਾਂ ਕਿ ਪੂਰੇ ਸਤਿਗੁਰੂ ਤੋਂ ਬਗੈਰ ਇਹ ਨਾਮ ਧਨ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ।

ਇਸੇ ਕਰਕੇ ਗੁਰਮਤਿ ਮਾਰਗ ਵਿਚ ਆਤਮ ਮਾਰਗ ਦੇ ਪਾਂਧੀ ਅੰਮ੍ਰਿਤ ਵੇਲੇ ਜਾਗਦੇ ਹਨ ਜਿਸ ਨੂੰ ਗੁਰੂ ਮਹਾਰਾਜ ਜੀ ਨੇ 'ਭਿੰਨੀ ਰੈਨੜੀਏ' ਆਖਿਆ ਹੈ। ਜਦੋਂ ਪੂਰਨ ਇਕਾਂਤ ਹੁੰਦੀ ਹੈ ਉਸ ਵੇਲੇ ਆਲਸ ਦਾ ਜੁਲੜ ਲਾਹ ਕੇ ਪ੍ਰਭੂ ਪਿਆਰੇ ਉਠ ਬੈਠਦੇ ਹਨ, ਇਸ਼ਨਾਨ ਕਰਦੇ ਹਨ ਅਤੇ ਆਪਣੇ ਪਿਆਰੇ ਪ੍ਰਭੂ ਦੇ ਪਿਆਰ ਵਿਚ ਗੜੂੰਦ ਹੋਏ ਹੋਏ ਉਸ ਨਾਲ ਲਿਵ ਲਾ ਕੇ ਨਾਮ ਧਨ ਦੀਆਂ ਝੋਲੀਆਂ ਭਰਦੇ ਹਨ।

ਇਤਿਹਾਸ ਵਿਚ ਇਕ ਕਥਾ ਆਉਂਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ ਹੋਏ ਇਕ ਨਿਵੇਕਲੀ ਥਾਂ ਆਸਣ ਲਾ ਕੇ ਸ਼ੋਭਤ ਸਨ, ਮਰਦਾਨਾ ਰਬਾਬ ਨਾਲ ਕੀਰਤਨ ਕਰਕੇ ਅਜੇ ਹਟਿਆ ਹੀ ਸੀ ਕਿ ਕੀ ਦੇਖਦਾ ਹੈ ਕਿ ਇਕ ਬਹੁਤ ਵੱਡੇ ਕੱਦ ਵਾਲਾ, ਅਜੀਬੋ ਗਰੀਬ ਮਨੁੱਖ ਬਹੁਤ ਵੱਡਾ ਭਾਰ ਸਿਰ ਤੇ ਚੁਕੀ ਜਾ ਰਿਹਾ ਹੈ। ਉਸ ਦੇ ਹੱਥ ਵਿਚ ਛੁਰੀਆਂ ਹਨ ਅਤੇ ਸਿਰ ਉਪਰ ਵੱਡਾ ਜੁਲੜ ਹੈ। ਮਰਦਾਨਾ ਉਸ ਨੂੰ ਦੇਖ ਕੇ ਕੋਈ ਅਨੁਮਾਨ ਨਾ ਲਾ ਸਕਿਆ ਕਿ ਇਹ ਕੌਣ ਹੋ ਸਕਦਾ ਹੈ। ਉਸ ਨੇ ਗੁਰੂ ਮਹਾਰਾਜ ਜੀ ਦਾ ਧਿਆਨ ਉਸ ਵਲ ਦਿਵਾਉਂਦਿਆਂ ਕਿਹਾ ਕਿ ਮਹਾਰਾਜ! ਇਹ ਕੀ ਬਲਾ ਹੈ, ਐਡੇ ਵੱਡੇ ਕੱਦ ਵਾਲਾ ਮਨੁੱਖ ਅੱਗੇ ਤਾਂ ਕਦੇ ਨਹੀਂ ਦੇਖਿਆ? ਗੁਰੂ ਮਹਾਰਾਜ ਜੀ ਨੇ ਕਿਹਾ ਕਿ ਮਰਦਾਨਿਆਂ! ਇਹ ਤਾਂ ਤੇਰਾ ਜਾਣਿਆ ਪਛਾਣਿਆ ਗੁਰ ਭਾਈ ਹੈ। ਮਹਾਰਾਜ ਜੀ ਨੇ ਕਿਹਾ, "ਮਰਦਾਨਿਆਂ! ਹੈਰਾਨੀ ਦੀ ਗੱਲ ਨਹੀਂ ਇਹ। ਜਦੋਂ ਪ੍ਰੇਮੀ ਪਹਿਲਾਂ ਮਿਲਿਆ ਸੀ, ਇਸ ਨੇ ਬਹੁਤ ਉਪਦ੍ਰਵ ਉਠਾਇਆ ਸੀ, ਕਾਲੀ ਬੋਲੀ ਹਨ੍ਹੇਰੀ ਦਰਖਤਾਂ ਨੂੰ ਰੂੰ ਦੇ ਗੋੜ੍ਹਿਆਂ ਵਾਂਗੂੰ ਹਵਾ ਵਿਚ ਉਡਾਈ ਆ ਰਹੀ ਸੀ ਅਤੇ ਫੇਰ ਤੂੰ ਸੁੱਕੇ ਅੰਬਰ ਗੜ੍ਹੇ ਪੈਂਦੇ ਦੇਖੇ, ਧਰਤੀ ਨੂੰ ਅੱਗ ਲੱਗੀ ਦੇਖੀ ਇਹ ਓਹੀ ਕਲਯੁੱਗ ਹੈ ਜਿਸ ਨੇ ਆ ਕੇ ਆਪਣਾ ਪਰੀਚਾ ਦਿੰਦਿਆਂ ਬਖਸ਼ਿਸ਼ ਦੀ ਦਾਤ ਮੰਗੀ ਸੀ ਅਤੇ ਕਿਹਾ ਸੀ ਕਿ ਮਹਾਰਾਜ! ਮੇਰੇ ਪਾਸ ਪਾਪ ਹੀ ਪਾਪ ਹਨ, ਮੇਰਾ ਰਾਜ ਬਹੁਤ ਬਦਨਾਮ ਹੈ, ਮੇਰੇ ਰਾਜ ਵਿਚ ਕੋਈ ਨਾਮ ਨਹੀਂ ਜਪ ਸਕਦਾ, ਕੋਈ ਤਪ ਨਹੀਂ ਕਰ ਸਕਦਾ।

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥*
*ਪੰਨਾ - 902*

ਨਾਮ ਜਪਣ ਵਾਲੇ ਦੀ ਮੈਂ ਬਦਨਾਮੀ ਕਰਾ ਦਿੰਦਾ ਹਾਂ। ਇਸ ਦੀ ਥਾਂ ਭੂਤਾਂ ਪ੍ਰੇਤਾਂ ਤੇ ਹੋਰ ਕਾਲੀਆਂ ਸ਼ਕਤੀਆਂ ਨੂੰ ਵਸ ਕਰਨ ਵਾਲੇ ਜੇ ਥੋੜ੍ਹਾ ਜਿਹਾ ਵੀ ਉਦਮ ਕਰਦੇ ਹਨ ਤਾਂ ਮੈਂ ਉਸ ਨੂੰ ਆਪ ਸਹਾਇਤਾ ਦੇ ਕੇ ਸੰਪੂਰਨ ਕਰਾ ਦਿੰਦਾ ਹਾਂ। ਮੇਰੇ ਰਾਜ ਵਿਚ ਕੋਈ ਵੀ ਪ੍ਰਭੂ ਨਾਲ ਲਿਵ ਨਹੀਂ ਲਾ ਸਕੇਗਾ ਕਿਉਂਕਿ ਮੇਰੇ ਪਾਸ ਐਸੀਆਂ ਮਨਮੋਹਣੀਆਂ ਸ਼ਕਤੀਆਂ ਹਨ ਕਿ ਜੀਵ ਇਨ੍ਹਾਂ ਵਿਚ ਹੀ ਪਰਚ ਜਾਵੇਗਾ। ਰਿੱਧੀਆਂ ਸਿੱਧੀਆਂ ਦੇ ਭੰਡਾਰੇ ਮੇਰੇ ਪਾਸ ਹਨ ਮੈਂ ਉਸ ਜਗਿਆਸੂ ਨੂੰ ਬਿਲਕੁਲ ਮੰਜ਼ਲ ਤੇ ਨਹੀਂ ਪਹੁੰਚਣ ਦੇਵਾਂਗਾ। ਰਿੱਧੀਆਂ-ਸਿੱਧੀਆਂ ਵਿਚ ਹੀ ਉਸ ਦਾ ਜੀਵਨ ਬਰਬਾਦ ਕਰ ਦੇਣਾ ਹੈ, ਲੋਕ ਉਸ ਨੂੰ ਵੱਡਾ ਸੰਤ ਆਖਣਗੇ ਪਰ ਮੈਂ ਉਸ ਤੋਂ ਐਸੇ ਮੰਦ ਕਰਮ ਕਰਾਵਾਂਗਾ ਕਿ ਉਹ ਲੁੱਕ ਛੁਪ ਕੇ ਮੇਰੇ ਦਸੇ ਹੋਏ ਕਰਮ ਕਰੇਗਾ ਪਰ ਇਨ੍ਹਾਂ ਪਾਪਾਂ ਨੂੰ ਮੈਂ ਸੰਸਾਰ ਵਿਚ ਪ੍ਰਗਟ ਨਹੀਂ ਹੋਣ ਦੇਵਾਂਗਾ; ਉਸ ਦੀ ਵਡਿਆਈ ਹੀ ਹੋਵੇਗੀ। ਰੂਪ ਸਾਧੂਆਂ ਦਾ ਹੋਵੇਗਾ, ਹੱਥ ਵਿਚ ਮਾਲਾ ਵੀ ਹੋਵੇਗੀ, ਭੇਖ ਧਰਮੀਆਂ ਵਾਲਾ ਹੋਵੇਗਾ ਪਰ ਅੰਦਰਲੀ ਕਰਤੂਤ ਉਸਦੀ ਪਰ-ਇਸਤ੍ਰੀ ਗਮਨ ਵਾਲੀ ਹੋਵੇਗੀ। ਆਪਣੀਆਂ ਵੱਡੀਆਂ ਜਾਇਦਾਦਾਂ ਬਣਾਵੇਗਾ, ਆਪਣੇ ਨਾਲ ਪਬਲੀਸਿਟੀ ਕਰਨ ਵਾਲੇ, ਝੂਠੇ ਪਰਾਪੇਗੰਡੇ ਕਰਨ ਵਾਲੇ ਬੰਦੇ ਰੱਖੇਗਾ। ਉਸ ਉਪਰ ਕੋਈ ਸ਼ੱਕ ਵੀ ਨਹੀਂ ਕਰ ਸਕੇਗਾ, ਸੱਚੇ ਪਾਤਸ਼ਾਹ! ਉਹ ਮੇਰਾ ਹੀ ਬੰਦਾ ਹੋਵੇਗਾ।

ਧਰਮ ਗ੍ਰੰਥਾਂ ਦੇ ਅਰਥਾਂ ਨੂੰ ਮੈਂ ਅਨਰਥਾਂ ਵਿਚ ਪੇਸ਼ ਕਰਾਂਗਾ, ਮਨਮਰਜ਼ੀ ਦੀਆਂ ਗੱਲਾਂ ਆਪਣਾ ਉਲੂ ਸਿੱਧਾ ਕਰਨ ਵਾਸਤੇ ਪ੍ਰਚਾਰਕ ਪ੍ਰਚਾਰ ਕਰਨਗੇ, ਸਾਰੇ ਤੀਰਥਾਂ ਨੂੰ ਮੈਂ ਭ੍ਰਿਸ਼ਟ ਕਰ ਦੇਵਾਂਗਾ, ਧਰਮ ਅਸਥਾਨਾਂ ਵਿਚੋਂ ਧਰਮ ਦਾ ਪ੍ਰਚਾਰ ਕਰਨ ਲਈ ਉਹ ਬੰਦੇ ਅੱਗੇ ਆਉਣਗੇ, ਜਿਨ੍ਹਾਂ ਦੇ ਕਰਮ ਮੇਰੇ ਅਨੁਸਾਰ ਹੀ ਹੋਣਗੇ। ਧਰਮ ਪੁਸਤਕਾਂ ਵਿਚ ਕੂੜ ਕਪਟ ਭਰੇ ਬਚਨ ਭਰ ਦੇਵਾਂਗਾ। ਵੇਦਾਂ ਸਾਸ਼ਤਰਾਂ ਦੇ ਅਨਰਥ ਪ੍ਰਚਲਤ ਹੋ ਜਾਣਗੇ। ਵਿਦਵਾਨ ਵੱਡੀਆਂ-ਵੱਡੀਆਂ ਉਪਾਧੀਆਂ ਆਪਣੇ ਨਾਮ ਨਾਲ ਧਾਰਨ ਕਰਨਗੇ ਪਰ ਉਹ ਨਾਸਤਕਤਾ ਭਰਪੂਰ ਖਿਆਲ ਸੰਸਾਰ ਵਿਚ ਪ੍ਰਚਲਤ ਕਰ ਦੇਣਗੇ। ਨਾਮ ਦੀ ਕੋਈ ਗੱਲ ਭੀ ਨਹੀਂ ਕਰੇਗਾ, ਸਭ ਧਰਮਾਂ ਵਿਚ ਭੇਖਾਂ ਦੀ ਹੀ ਮਹਾਨਤਾ ਹੋ ਜਾਵੇਗੀ। ਸਤਿ ਦੀ ਕੋਈ ਵੀ ਗੱਲ ਨਹੀਂ ਕਰਨਗੇ। ਉਨ੍ਹਾਂ ਦੇ ਪ੍ਰਚਾਰਕ ਉਨ੍ਹਾਂ ਦੀ ਹੀ ਮਹਿਮਾ ਗਾਇਨ ਕਰਨਗੇ। ਮਹਾਰਾਜ ਜੀ ਆਪ ਨੇ ਤਾਂ ਫੁਰਮਾਨ ਕਰ ਦਿਤਾ ਕਿ -

***ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ॥***
***ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ॥***
***ਪੰਨਾ - 902***

ਹੇ ਪਾਤਸ਼ਾਹ! ਜਿਸ ਪ੍ਰਭੂ ਦਾ ਰੂਪ ਹੁੰਦੇ ਹੋਏ ਤੁਸੀਂ ਉਸ ਦੇ ਚਾਕਰ ਬਣੇ ਹੋਏ ਹੋ, ਆਪ ਨੇ ਫੁਰਮਾਨ ਕੀਤਾ ਹੈ ਕਿ ਕਲਯੁੱਗ! ਤੇਰੀਆਂ ਕਰਤੂਤਾਂ ਦਾ ਫਲ ਮੈਂ ਹੀ ਭੁਗਤਾਉਣਾ ਹੈ। ਸੱਚੇ ਪਾਤਸ਼ਾਹ! ਮੈਨੂੰ ਬਹੁਤ ਡਰ ਲਗ ਰਿਹਾ ਹੈ ਕ੍ਰਿਪਾ ਕਰੋ, ਮੈਂ ਪੂਰੀ ਤਰ੍ਹਾਂ ਬਦਨਾਮ ਹਾਂ, ਮੇਰੇ ਜੁੱਗ ਦੇ ਵਿਚ ਕੋਈ ਐਸਾ ਕਰਮ ਪ੍ਰਚਲਤ ਕਰੋ ਜਿਸ ਨਾਲ ਮੇਰੀ ਵੀ ਵਡਿਆਈ ਹੋ ਸਕੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਕਰਕੇ ਇਹ ਗੱਲ ਕਹੀ ਕਿ ਕਲਯੁੱਗ! ਤੇਰੇ ਉਧਾਰ ਲਈ ਵੀ ਮੈਂ ਅਕਾਲ ਪੁਰਖ ਦੇ ਦਰ ਤੋਂ ਨਾਮ ਲੈ ਕੇ ਆਇਆ ਹਾਂ। ਜੇ ਕੋਈ ਇਕ ਛਿਨ ਵਾਸਤੇ ਵੀ ਉਹ ਨਾਮ ਜਪ ਲਵੇ ਤਾਂ ਤੇਰੇ ਜੁੱਗ ਵਿਚ ਐਨਾ ਫਲ ਹੋਵੇਗਾ ਕਿ ਉਸ ਦੇ ਕ੍ਰੋੜਾਂ ਪਾਪਾਂ ਦਾ ਨਾਸ਼ ਹੋ ਜਾਵੇਗਾ ਅਤੇ ਉਹ ਪੁਰਖ ਜਿਸ ਨੂੰ ਮਹਾਂ ਪਾਪੀ ਆਖਦੇ ਹਨ ਉਹ ਵੀ ਪਰਮ ਗਤੀ ਨੂੰ ਪ੍ਰਾਪਤ ਹੋ ਜਾਵੇਗਾ। ਜਿਵੇਂ ਕਿ ਬਾਣੀ ਵਿਚ ਫੁਰਮਾਨ ਆਉਂਦਾ ਹੈ -

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***
***ਪੰਨਾ - 902***

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥***
***ਪੰਨਾ - 981***

ਉਸ ਵੇਲੇ ਇਸ ਕਲਯੁੱਗ ਨੇ ਇਹ ਬਚਨ ਕੀਤੇ ਕਿ ਹੇ ਗੁਰੂ ਮਹਾਰਾਜ! ਜੋ ਇਸ ਸਿਧਾਂਤ ਨੂੰ ਮੰਨਣ ਵਾਲੇ ਇਸ ਸੰਸਾਰ ਵਿਚ ਹੋਣਗੇ ਉਨ੍ਹਾਂ ਦੇ ਮੈਂ ਨੇੜੇ ਨਹੀਂ ਆਵਾਂਗਾ। ਜਿਥੇ ਤੇਰੇ ਪਿਆਰੇ ਸਤਿਸੰਗ ਕਰਦੇ ਹੋਣਗੇ ਉਥੇ ਮੈਂ ਦੂਰ ਹੀ ਦਰਵਾਜ਼ੇ ਵਿਚ ਖੜ੍ਹਾ ਹੋ ਕੇ ਆਪਣੀ ਕਲਿਆਣ ਲਈ ਬਚਨ ਸੁਣਿਆ ਕਰਾਂਗਾ। ਕਿਉਂਕਿ ਮੇਰੀ ਕਲਿਆਣ ਵੀ ਹੋਣੀ ਚਾਹੀਦੀ ਹੈ।

ਗੁਰੂ ਮਹਾਰਾਜ ਜੀ ਨੇ ਕਿਹਾ ਮਰਦਾਨਿਆਂ! ਯਾਦ ਆ ਗਿਆ ਨਾ ਕਿ ਇਹ ਤੇਰਾ ਗੁਰ ਭਾਈ ਹੀ ਹੈ ਅਤੇ ਜਾਹ! ਹਾਕ ਮਾਰ ਕੇ ਇਸ ਨੂੰ ਬੁਲਾ। ਮਰਦਾਨਾ ਹਾਕ ਮਾਰਦਾ ਹੈ।

ਕਲਯੁੱਗ ਨੇ ਆ ਕੇ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਬਖਸ਼ਿਸ਼ ਦੀ ਮੰਗ ਕੀਤੀ। ਬਹੁਤ ਅਧੀਨਗੀ ਨਾਲ ਬੇਨਤੀਆਂ ਕੀਤੀਆਂ। ਉਸ ਵੇਲੇ ਮਰਦਾਨੇ ਨੇ ਪੁਛਿਆ ਕਿ ਤੂੰ ਐਡੀ ਭਾਰੀ ਪੋਟਲੀ ਸਿਰ ਉਪਰ ਚੁੱਕੀ ਹੈ, ਤੇਰੇ ਹੱਥ ਵਿਚ ਵੀ ਛੁਰੀਆਂ ਹਨ, ਇਹ ਸਭ ਕੀ ਹੈ? ਕਲਯੁੱਗ ਨੇ ਕਿਹਾ, "ਭਾਈ ਮਰਦਾਨਾ! ਤੁਹਾਨੂੰ ਤਾਂ ਮੈਂ ਦਸ ਹੀ ਚੁਕਿਆ ਹਾਂ ਕਿ ਮੈਂ ਕਲਯੁੱਗ ਹਾਂ, ਮੇਰਾ ਵਰਤਾਰਾ ਨਾਮ ਤੋਂ ਵਿਪਰੀਤ ਹੀ ਰਹਿਣਾ ਹੈ। ਨਾਮ ਉਸ ਸਮੇਂ ਜਿਸ ਨੂੰ ਅੰਮ੍ਰਿਤ ਵੇਲਾ ਕਹਿੰਦੇ ਹਨ, ਬੀਜਿਆ ਜਾਂਦਾ ਹੈ ਕਿਉਂਕਿ ਉਸ ਸਮੇਂ ਸਹੀ ਵਤਰ ਲਗਦੀ ਹੈ। ਉਹ ਭਰਪੂਰ ਫਲਦਾ ਹੈ, ਮੈਂ ਇਹ ਕੰਮ ਕਰਦਾ ਹਾਂ ਕਿ ਦੁਨੀਆਂ ਨੂੰ ਪਹਿਲੀ ਰਾਤ ਜਗਾਉਂਦਾ ਹਾਂ, ਉਹ ਅੱਧੀ ਰਾਤ ਦੇ ਨੇੜੇ ਤੇੜੇ ਸੌਂਦੇ ਹਨ। ਵਿਸ਼ੇ ਵਿਕਾਰਾਂ ਵਿਚ ਗੁਲਤਾਨ ਰਹਿੰਦੇ ਹਨ। ਕੋਈ ਸ਼ਰਾਬ ਪੀਂਦਾ ਹੈ, ਕੋਈ ਫਜ਼ੂਲ ਗੱਲਾਂ ਕਰਦਾ ਹੈ, ਅੱਜਕਲ੍ਹ ਜਿਵੇਂ ਕੋਈ ਟੀ.ਵੀ ਦੇਖਦਾ ਰਹਿੰਦਾ ਹੈ ਅਤੇ ਉਨ੍ਹਾਂ ਬਨਾਉਟੀ ਖਿਆਲਾਂ ਵਿਚ ਆਪਣੇ ਆਪ ਨੂੰ ਫਸਾ ਕੇ ਮਸਤੀ ਪ੍ਰਾਪਤ ਕਰਦਾ ਹੈ। ਅਨੇਕ ਕਿਸਮ ਦੇ ਭੋਗਾਂ ਨੂੰ ਭੋਗਦਾ ਹੈ ਇਸ ਤਰ੍ਹਾਂ ਕਰਦੇ-ਕਰਦੇ ਉਹ ਥੱਕ ਜਾਂਦਾ ਹੈ। ਥੱਕ ਕੇ ਸੌਂ ਜਾਂਦਾ ਹੈ। ਅਜਿਹੀ ਸਾਰੀ ਦੁਨੀਆਂ ਉਪਰ ਮੈਂ ਆਲਸ ਦਾ ਜੁਲੜ ਪਾ ਦਿੰਦਾ ਹਾਂ। ਇਸ ਆਲਸ ਦੇ ਜੁਲੜ ਹੇਠ ਆਇਆ ਜੀਵ ਸੂਰਜ ਚੜ੍ਹਨ ਤਕ ਜਾਗ ਨਹੀਂ ਸਕਦਾ।" ਮਰਦਾਨੇ ਨੇ ਉਸ ਜੁੱਲੜ ਵਲ ਤਕਿਆ ਅਤੇ ਕਿਹਾ, "ਹੇ ਕਲਜੁੱਗ! ਇਸ ਵਿਚ ਮੋਰੀਆਂ ਕਿਉਂ ਹੋਈਆਂ ਹੋਈਆਂ ਹਨ?" ਉਸ ਨੇ ਕਿਹਾ, "ਭਾਈ ਮਰਦਾਨਾ! ਗੁਰੂ ਨਾਨਕ ਪਾਤਸ਼ਾਹ ਦਾ ਹੁਕਮ ਹੈ ਕਿ-

***ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥***

*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ ਪੰਨਾ - 2*

ਇਨ੍ਹਾਂ ਦੇ ਮੰਨਣ ਵਾਲੇ ਗੁਰਸਿੱਖ ਆਲਸ ਨੂੰ ਪਰ੍ਹੇ ਵਗਾਹ ਕੇ ਮਾਰਦੇ ਹਨ ਅਤੇ ਇਸ ਜੁਲੜ ਵਿਚੋਂ ਮੋਰੀਆਂ ਕਰਕੇ ਨਿਕਲ ਜਾਂਦੇ ਹਨ ਅਤੇ ਫਿਰ ਸਤਿਸੰਗ ਵਿਚ ਜਾ ਕੇ ਪ੍ਰਭੂ ਦਾ ਭਜਨ ਕਰਦੇ ਹਨ। ਉਨ੍ਹਾਂ ਉਤੇ ਮੇਰਾ ਬਲ ਨਹੀਂ ਪੈਂਦਾ। ਇਹ ਗਲ੍ਹੀਆਂ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਹਨ। ਮਰਦਾਨੇ ਨੇ ਕਿਹਾ ਕਿ ਇਹ ਛੁਰੀਆਂ ਤੇਰੇ ਹੱਥ ਵਿਚ ਕੀ ਕੰਮ ਕਰਦੀਆਂ ਹਨ? ਕਹਿਣ ਲੱਗਿਆ, "ਭਾਈ ਮਰਦਾਨਾ! ਜਿਵੇਂ ਪਹਿਲਾਂ ਮੈਂ ਦਸ ਹੀ ਚੁਕਿਆ ਹਾਂ ਕਿ ਮੈਂ ਪਹਿਲੀ ਰਾਤ ਕਿਸੇ ਨੂੰ ਸੌਣ ਨਹੀਂ ਦਿੰਦਾ ਅਤੇ ਛੁਰੀਆਂ ਮਾਰਦਾ ਰਹਿੰਦਾ ਹਾਂ।" ਤਾਕਿ ਜਾਗਦਾ ਰਹੇ। ਇਹ ਛੁਰੀਆਂ ਵਿਸ਼ੇ ਭੋਗਾਂ ਦੀਆਂ ਹਨ।

ਸੋ ਸਾਧਸੰਗਤ ਜੀ! ਇਹ ਇਕ ਜਨਮਸਾਖੀ ਵਿਚ ਲਿਖੀ ਹੋਈ ਸਾਖੀ ਹੈ ਇਸ ਦਾ ਪ੍ਰਤੀਕ ਬਹੁਤ ਗਹਿਰਾ ਹੈ। ਸਾਨੂੰ ਇਹ ਜਾਨਣ ਦੀ ਲੋੜ ਨਹੀਂ ਕਿ ਕਲਯੁੱਗ ਸਚਮੁਚ ਕੋਈ ਰੂਪਧਾਰੀ ਵਿਅਕਤੀ ਹੈ। ਇਹ ਮਹਾਂਪੁਰਸ਼ਾਂ ਦੀ ਉਹ ਬਾਤ ਹੈ ਜਿਸ ਨੂੰ ਦੇਖਣ ਵਾਲੀ ਸਾਡੇ ਪਾਸ ਲੋੜੀਂਦੀ ਅੱਖ ਨਹੀਂ। ਉਨ੍ਹਾਂ ਦੇ ਜੋ ਬਚਨ ਹਨ ਉਹ ਸਾਡੀ ਬੋਲੀ ਵਿਚ ਸਾਨੂੰ ਸਮਝਾਉਣ ਲਈ ਕੋਈ ਨਾ ਕੋਈ ਪ੍ਰਤੀਕ ਦੇ ਰੂਪ ਧਾਰਨ ਕਰਦੇ ਹਨ, ਕਿਉਂਕਿ ਪ੍ਰਤੀਕ ਤੋਂ ਬਗੈਰ ਗੱਲ ਸਮਝ ਵਿਚ ਨਹੀਂ ਆ ਸਕਦੀ।

ਸੋ ਇਸ ਕਰਕੇ ਆਪ ਨੂੰ ਭਾਗਸ਼ਾਲੀ ਆਖਿਆ ਜਾਂਦਾ ਹੈ ਕਿ ਆਪ ਆਲਸ ਦਾ ਜੁਲੜ ਤਿਆਗ ਕੇ ਇਕ ਵਜੇ ਉਠਦੇ ਹੋਂ, ਇਸ਼ਨਾਨ ਕਰਦੇ ਹੋਂ। ਦੇਖੋ, ਹੁਣ ਕਿੰਨੀ ਠੰਢੀ ਰੁੱਤ ਚਲ ਰਹੀ ਹੈ, ਮੌਸਮ ਨੂੰ ਦਸਣ ਵਾਲਾ ਪਾਰਾ ਪੰਜ ਛੇ ਡਿਗਰੀ ਤਕ ਪਹੁੰਚਿਆ ਹੋਇਆ ਹੈ, ਰਾਤ ਨੂੰ ਹੋਰ ਵੀ ਠੰਢ ਹੁੰਦੀ ਹੈ। ਜ਼ੀਰੋ ਦਰਜੇ ਤਕ ਠੰਢ ਪੈ ਰਹੀ ਹੈ ਪਰ ਮੈਂ ਹੈਰਾਨ ਹਾਂ ਕਿ ਇਹ ਛੋਟੇ-ਛੋਟੇ ਬੱਚੇ ਐਨੀ ਠੰਢ ਨੂੰ ਕਿਵੇਂ ਬਰਦਾਸ਼ਤ ਕਰਦੇ ਹਨ। ਇਸ ਤੋਂ ਵੱਧ ਮੈਂ ਹੈਰਾਨ ਹਾਂ ਕਿ ਇਹ ਬੱਚੇ ਸਾਇਕਲਾਂ ਦੇ ਡੰਡਿਆਂ ਤੇ ਬੈਠ ਕੇ, ਸਕੂਟਰਾਂ ਤੇ ਬੈਠ ਕੇ ਇਥੇ ਪਹੁੰਚਦੇ ਹਨ। ਕਿੰਨੀ ਠੰਡੀ ਹਵਾ ਰਸਤੇ ਵਿਚ ਲਗਦੀ ਹੋਣੀ ਹੈ ਫੇਰ ਇਹ ਭੀ ਕਮਾਲ ਹੈ ਕਿ ਇਹ ਸੰਗਤ ਵਿਚ ਆ ਕੇ ਊਂਘਦੇ ਨਹੀਂ ਹਨ, ਸਾਵਧਾਨਤਾ ਨਾਲ ਕੀਰਤਨ ਵਿਚ ਬੋਲਦੇ ਹਨ। ਆਸਾ ਜੀ ਦੀ ਵਾਰ ਦੇ ਗੁਟਕੇ ਹੱਥਾਂ ਵਿਚ ਫੜੇ ਮੈਂ ਤੱਕੇ ਹਨ। ਵਾਹਿਗੁਰੂ ਜੀ ਹੀ ਜਾਣਦੇ ਹਨ ਉਸ ਦੀ ਕਿਹੜੀ ਕਲਾ, ਕਿਹੜੀ ਸ਼ਕਤੀ ਕੰਮ ਕਰ ਰਹੀ ਹੈ। ਸੋ ਮੈਂ ਅੰਮ੍ਰਿਤ ਵੇਲੇ ਦਾ ਜ਼ਿਕਰ ਕਰ ਰਿਹਾ ਸੀ –

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥*
*ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥*
*ਪੰਨਾ - 255*

ਇਸ ਤਰ੍ਹਾਂ ਵੀ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥*
*ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥*
*ਪੰਨਾ - 146*

ਬਾਬਾ ਫਰੀਦ ਜੀ ਵੀ ਫੁਰਮਾਨ ਕਰਦੇ ਹਨ –

*ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥*
*ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥*
*ਪੰਨਾ - 1383*

ਅਤੇ ਕੀਰਤਨ ਵਿਚ ਮੈਂ ਸਿੱਧੀ ਧਾਰਨਾ ਸੁਣੀ ਸੀ ਜੋ ਇਸ ਤਰ੍ਹਾਂ ਸੀ –

*ਧਾਰਨਾ - ਲਾਂਮੇ ਗੋਡ ਪਸਾਰ,*
*ਇਕ ਦਿਨ ਸੌਂ ਲਈਂ - 2*
*ਤੈਨੂੰ ਕਿਸੇ ਨੇ ਜਗਾਉਣਾ ਨਹੀਂ,*
*ਰਜ ਕੇ ਸੌਂ ਲਈਂ - ਰੱਜ ਕੇ ਸੌਂ ਲਈਂ।*

ਇਹ ਐਨੀ ਸਿੱਧੀ ਧਾਰਨਾ ਹੈ ਜੋ ਹਿਰਦੇ ਵਿਚ ਸਿੱਧੀ ਪ੍ਰਵੇਸ਼ ਕਰਦੀ ਹੈ। ਕਬੀਰ ਸਾਹਿਬ ਫੁਰਮਾਨ ਕਰਦੇ ਹਨ –

*ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ॥*
*ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ॥*
*ਪੰਨਾ - 1371*

ਅਤੇ

*ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥*
*ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥*
*ਪੰਨਾ - 1384*

ਬਾਬੀਹਾ ਰੂਪੀ ਜਗਿਆਸੂ ਚਿੱਤ ਦੀ ਇਕਾਗਰਤਾ ਨਾਲ ਪ੍ਰਭੂ ਪਾਸ ਪੁਕਾਰ ਕਰਦਾ ਹੈ ਉਸ ਵੇਲੇ ਅੰਮ੍ਰਿਤ ਦੀ ਵਰਖਾ ਉਸ ਦੇ ਹਿਰਦੇ ਵਿਚ ਮਹਾਂਅਨੰਦ ਦਿੰਦੀ ਹੈ –

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥*
*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥*
*ਪੰਨਾ - 1285*

ਇਤਿਆਦਿ ਮਹਾਰਾਜ ਜੀ ਫੁਰਮਾਨ ਕਰਦੇ ਹਨ ਪਿਆਰਿਆ!

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥*
*ਪੰਨਾ - 611*

ਸੋ ਸਾਧਸੰਗਤ ਜੀ! ਸਾਰਿਆਂ ਨੇ ਗੁਰੂ ਮਹਾਰਾਜ ਜੀ ਦਾ ਹੁਕਮ ਸਰਵਣ ਕੀਤਾ ਹੈ। ਮੇਰੇ ਪੂਰੀ ਤਰ੍ਹਾਂ ਨਾਲ ਤਾਂ ਯਾਦ ਨਹੀਂ ਹੈ ਪਰ ਉਸ ਦਾ ਭਾਵ ਸਰਵਣ ਕੀਤਾ ਹੈ। ਉਸ ਦੀ ਸਮੁੱਚੀ ਵਿਚਾਰ ਚਿੱਤ ਨੂੰ ਇਕਾਗਰ ਕਰਕੇ ਆਪ ਨੇ ਸਰਵਣ ਕਰਨੀ ਅਤੇ ਸੁਣ ਕੇ ਮੰਨਣ ਦਾ ਜਤਨ ਕਰਨਾ। ਫੇਰ ਅੰਤਰੰਗ ਸਤਿਸੰਗ ਕਰਨ ਦੀ ਜਾਚ ਸਿੱਖੋ, ਇਸ ਤਰ੍ਹਾਂ ਸਾਡਾ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ, ਨੌਕਰੀ ਚਾਕਰੀ, ਹੋਰ ਅਨੇਕਾਂ ਡਿਊਟੀਆਂ ਦਿੰਦਿਆਂ ਹੋਇਆਂ ਉਧਾਰ ਹੋ ਜਾਵੇਗਾ।

ਅੱਜ ਦੇ ਹੁਕਮਨਾਮੇ ਵਿਚ ਮਹਾਰਾਜ ਜੀ ਨੇ ਜੋ ਫੁਰਮਾਨ ਕੀਤਾ ਹੈ ਕਿ ਸੰਸਾਰ ਵਿਚ ਬਹੁਤ ਕਿਸਮ ਦੇ ਜੀਵ ਆਪਣੇ ਕਰਮਾਂ ਦੇ ਨਾਲ ਦੁਖ ਸੁਖ ਭੋਗਣ ਲਈ, ਇਸ ਸੰਸਾਰ ਵਿਚ ਪੰਜਾਂ ਤੱਤਾਂ ਦੇ ਸਰੀਰ ਧਾਰ ਕੇ ਅਨੇਕ ਕਿਸਮ ਦੇ ਨਾਮਾਂ, ਠਾਮਾਂ ਵਾਲੇ ਵਸਦੇ ਹਨ। ਜੇ ਅਸੀਂ ਸਮੁੱਚੇ ਤੌਰ ਤੇ ਵੰਡ ਪਾਈਏ ਤਾਂ ਇਹ ਵੰਡ ਦੋ ਹਿਸਿਆਂ ਵਿਚ ਵੰਡੀ ਜਾਂਦੀ ਹੈ। ਇਕ ਉਹ ਹਨ ਜਿਨ੍ਹਾਂ ਨੂੰ ਇਹ ਕਿਹਾ ਜਾ ਸਕਦਾ ਹੈ ਕਿ ਉਹ ਵਾਹਿਗੁਰੂ ਉਤੇ ਅਪਾਰ ਨਿਸ਼ਚਾ ਰੱਖਦੇ ਹਨ, ਗਿਰਜੇ, ਮੱਠਾਂ ਵਿਚ ਸਾਧੂਆਂ ਦੇ ਅਸਥਾਨਾਂ ਤੇ ਸੰਤਾਂ ਦੇ ਆਸ਼ਰਮਾਂ

ਵਿਚ, ਤਕੀਆਂ ਵਿਚ ਜਾਂਦੇ ਹਨ ਅਤੇ ਸ਼ਰਧਾ ਦੇ ਨਾਲ ਆਪਣੇ-ਆਪਣੇ ਧਰਮ ਅਸਥਾਨਾਂ ਦੀ ਯਾਤਰਾ ਕਰਦੇ ਹਨ। ਕੋਈ 68 ਤੀਰਥਾਂ ਦੇ ਦਰਸ਼ਨ ਇਸ਼ਨਾਨ ਵਾਸਤੇ ਜਾਂਦਾ ਹੈ ਅਤੇ ਇਹ ਦਸਦਾ ਹੈ ਕਿ ਮੈਨੂੰ ਬਹੁਤ ਪੁੰਨ ਫਲ ਮਿਲ ਗਿਆ ਅਤੇ ਮੇਰੇ ਪਾਪ ਉਤਰ ਗਏ। ਕੋਈ ਹੱਜ ਵਾਸਤੇ ਕਾਹਬਾ ਸਰੀਫ ਜਾਂਦਾ ਹੈ, ਕੋਈ ਯੂਰੋ ਸ਼ਲਮ ਜਾ ਕੇ ਸਿਜਦਾ ਕਰਦਾ ਹੈ, ਕੋਈ ਬੋਧੀ ਬੋਹੜ ਨੂੰ ਗਯਾ ਵਿਚ ਜਾ ਕੇ ਸੀਸ ਨਿਵਾਉਂਦਾ ਹੈ, ਕੋਈ ਅਮਰਨਾਥ ਦੀ ਯਾਤਰਾ ਕਰਨ ਲਈ ਅਨੇਕਾਂ ਖਤਰਿਆ ਦੀ ਪ੍ਰਵਾਹ ਨਾ ਕਰਦੇ ਹੋਏ ਸੁੰਨ ਕਰਨ ਵਾਲੀ ਠੰਢ ਵਿਚੋਂ ਲੰਘ ਕੇ ਅਮਰਨਾਥ ਸ਼ਿਵਲਿੰਗ ਜੀ ਦੇ ਦਰਸ਼ਨ ਕਰਦਾ ਹੈ। ਕੋਈ ਰੋਮ ਪੋਪ ਵਿਚ ਦੇ ਅਸਥਾਨ ਤੇ ਜਾਂਦੇ ਹਨ। ਇਸ ਤਰ੍ਹਾਂ ਦੇਸ਼ ਵਿਚ ਹਰ ਵਰਗ ਦੇ ਮਨੁੱਖ ਰਹਿੰਦੇ ਹਨ, ਉਹ ਆਪਣੇ-ਆਪਣੇ ਅਕੀਦੇ ਦੇ ਮੁਤਾਬਿਕ ਧਾਰਮਕ ਅਸਥਾਨਾਂ ਤੇ ਆਪਣੇ ਮਹਾਂਪੁਰਸ਼ਾਂ ਦੇ ਆਸ਼ਰਮਾਂ ਵਿਚ ਜਾਣਾ ਆਪਣੇ ਉਚੇ ਭਾਗ ਗਿਣਦੇ ਹਨ। ਗੁਰਸਿੱਖ ਮੰਡਲ ਵਿਚ ਵੀ ਦਰਬਾਰ ਸਾਹਿਬ ਦੀ ਯਾਤਰਾ, ਅਨੰਦਪੁਰ ਸਾਹਿਬ ਸੀਸ ਨਿਵਾਉਣਾ, ਹੇਮਕੁੰਟ ਸਾਹਿਬ ਬਰਫ ਵਰਗੇ ਠੰਢੇ ਪਾਣੀ ਵਿਚ ਟੁੱਭੀ ਲਾਉਣੀ, ਹਜ਼ੂਰ ਸਾਹਿਬ ਨੰਦੇੜ ਪਹੁੰਚ ਕੇ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਆਪਣੀ ਯਾਦ ਵਿਚ ਵਸਾਉਣਾ, ਅਨੇਕ ਥਾਵਾਂ ਤੇ ਜਿਵੇਂ ਕਿ ਨਾਨਕ ਮਤਾ, ਰੀਠਾ ਸਾਹਿਬ, ਪਟਨਾ ਸਾਹਿਬ, ਦੂਰ-ਦਰਾਜ਼ ਤਕ ਆਪਣੇ ਗੁਰੂਆਂ ਦੇ ਚਰਨਾਂ ਨਾਲ ਪਵਿੱਤਰ ਹੋਏ ਅਸਥਾਨਾਂ ਤੇ ਮਸਤਕ ਨਿਵਾ ਕੇ ਚਰਨ ਧੂੜ ਲਾਉਣੀ। ਇਹ ਸਾਰੀਆਂ ਗੱਲਾਂ ਸ਼ਰਧਾ ਦਾ ਪ੍ਰਤੀਕ ਹੋਇਆ ਕਰਦੀਆਂ ਹਨ। ਜਗਿਆਸੂ ਨੂੰ ਹੌਸਲਾ ਮਿਲਦਾ ਹੈ, ਕੁਝ ਮਨ ਵਿਚ ਸ਼ਾਂਤੀ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਕੋਈ ਗਾਇਤ੍ਰੀ ਦਾ ਪਾਠ ਕਰਦਾ ਹੈ, ਕੋਈ ਪੰਜ ਨਮਾਜ਼ਾਂ ਦਾ ਧਾਰਨੀ ਹੈ, ਕੋਈ ਐਤਵਾਰ ਨੂੰ ਜਾ ਕੇ ਗਿਰਜੇ ਵਿਚ ਸੀਸ ਨਿਵਾਉਂਦਾ ਹੈ। ਕੁਝ ਲੋਕ ਗੁਰਦੁਆਰੇ ਜਾ ਕੇ ਅੰਮ੍ਰਿਤ ਵੇਲੇ ਸੀਸ ਅਤੇ ਗੁਰਬਾਣੀ ਨੂੰ ਸੁਣ ਕੇ ਫੇਰ ਕਾਰੋਬਾਰ ਲਈ ਜਾਂਦੇ ਹਨ, ਵੱਡੇ-ਵੱਡੇ ਸਮਾਗਮ ਕਰਦੇ ਹਨ, ਸੇਵਾ ਕਰਦੇ ਹਨ, ਲੰਗਰ ਚਲਾਉਂਦੇ ਹਨ। ਦਸਵੰਧ ਦੀ ਮਾਇਆ ਨਾਲ ਹਸਪਤਾਲ, ਸਕੂਲ ਅਤੇ ਕਾਲਜ ਜਨਤਾ ਦੇ ਭਲੇ ਲਈ ਚਲਾਉਂਦੇ ਹਨ। ਕਿਤੇ ਦਸਵੰਧ ਦੀ ਮਾਇਆ ਨਾਲ ਆਲੀਸ਼ਾਨ ਇਮਾਰਤਾਂ ਧਰਮ ਅਸਥਾਨਾਂ ਦੀਆਂ ਬਣਦੀਆਂ ਹਨ। ਇਹ ਇਕ ਵਰਗ ਹੈ ਜਿਸ ਨੂੰ **'ਆਸਤਕ ਵਰਗ'** ਆਖਿਆ ਜਾਂਦਾ ਹੈ।

ਇਸ ਦੇ ਵਿਪਰੀਤ ਪ੍ਰਮੇਸ਼ਰ ਉਤੇ ਯਕੀਨ ਨਾ ਲਿਆਉਣ ਵਾਲੇ, ਸ਼ੁਭ ਕਰਮਾਂ ਵਿਚ ਵਿਸ਼ਵਾਸ਼ ਨਾ ਰੱਖਣ ਵਾਲੇ, ਛਲ ਕਪਟ ਦਿਖਾਵੇ ਨਾਲ ਜੀਵਨ ਨਿਰਬਾਹ ਤੋਰਨ ਵਾਲੇ, ਵਪਾਰ ਵਿਚ ਝੂਠ ਤੂਫਾਨ ਬੋਲ ਕੇ ਦੂਜੇ ਦੀ ਜੇਬ ਕੱਟਣ ਵਾਲੇ, ਅਸਲੀ ਕਹਿ ਕੇ ਨਕਲੀ ਚੀਜ਼ਾਂ ਦੇਣ ਵਾਲੇ, ਵਿਸ਼ੇ ਵਿਕਾਰਾਂ ਵਿਚ ਪ੍ਰਵਿਰਤ, ਪਾਪਾਂ ਵਾਲੇ ਕਰਮਾਂ ਨੂੰ ਬੁਰਾ ਨਾ ਸਮਝਣ ਵਾਲੇ ਜਿਨ੍ਹਾਂ ਦਾ ਅਕੀਦਾ ਨਾ ਕਿਸੇ ਗੁਰੂ ਪੀਰ, ਰਿਸ਼ੀ-ਮੁਨੀ ਅਵਤਾਰ ਉਪਰ ਹੈ, ਨਾ ਹੀ ਕਿਸੇ ਧਰਮ ਗ੍ਰੰਥ, ਵੇਦ ਸਾਸ਼ਤਰ, ਤੌਰੇਤ, ਅੰਜੀਲ, ਜੰਬੂਰ ਬਾਈਬਲ, ਕੁਰਾਨ ਸ਼ਰੀਫ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ ਉਪਰ ਹੈ। ਉਹ ਆਪਣੀ ਅਕਲ ਦੇ ਹਿਸਾਬ ਨਾਲ ਮਨਮਾਨੀ ਕਰਦੇ ਹਨ। Beg borrow or steal (ਮੰਗ ਕੇ, ਉਧਾਰ ਲੈ ਕੇ ਜਾਂ ਚੋਰੀ ਕਰਕੇ) ਦੀਆਂ ਘਨੌਣੀਆਂ ਚਾਲਾਂ ਚਲਾ ਕੇ ਦੂਸਰਿਆਂ ਨੂੰ ਆਪਣੇ ਸ਼ੜਯੰਤਰ ਵਿਚ ਫਸਾਉਣ ਵਾਲੇ, ਇਨਸਾਫ ਦੀਆਂ ਕੁਰਸੀਆਂ ਤੇ ਬੈਠਣ ਵਾਲੇ, ਲੋਕ ਭਲਾਈ ਦੇ ਅਖਤਿਆਰਾਂ ਵਾਲੇ, ਸਰਕਾਰ ਦੇ ਵੱਡੇ-ਵੱਡੇ ਆਫੀਸਰ ਜਿਨ੍ਹਾਂ ਦਾ ਫਰਜ਼ ਜਨਤਾ ਨੂੰ ਸੁਖ ਦੇਣਾ ਹੁੰਦਾ ਹੈ ਉਸ ਦੀ ਥਾਂ ਅਨੇਕਾਂ ਉਲਝਣਾਂ ਖੜ੍ਹੀਆਂ ਕਰਨ ਵਾਲੇ, ਪੈਸਾ ਬਟੋਰਨ ਵਾਲੇ, ਨਾਸਤਕ ਅਸ਼ਾਂਤੀ ਦੇਣ ਵਾਲੀਆਂ ਗੱਲਾਂ ਦਾ ਵਿਸਥਾਰ ਕਰਨ ਵਾਲੇ, ਜਿਹੜੇ ਨਾ ਆਪਣੇ ਦੇਸ਼ ਦੇ ਵਫਾਦਾਰ ਹਨ, ਨਾ ਆਪਣੇ ਸਮਾਜ ਦੇ ਵਫਾਦਾਰ ਹਨ, ਨਾ ਹੀ ਆਪਣੇ ਕੁਟੰਬ ਦੀਆਂ ਜ਼ਿੰਮੇਦਾਰੀਆਂ ਨਿਭਾਉਣ ਵਾਲੇ ਹਨ। ਇਸ ਦੇ ਵਿਪਰੀਤ ਜੋ ਕੁਝ ਮਨ ਵਿਚ ਆਇਆ, ਉਹ ਕਰ ਲਿਆ। ਪਰ-ਇਸਤ੍ਰੀ ਗਾਮੀ ਹੋਣ ਦਾ ਇਨ੍ਹਾਂ ਨੂੰ ਕੋਈ ਡਰ ਨਹੀਂ, ਰਿਸ਼ਵਤ ਲੈਣ ਨੂੰ ਇਹ ਇਕ trick (ਚਲਾਕੀ) ਆਖਦੇ ਹਨ। ਦੂਜੇ ਦੀਆਂ ਜੇਬਾਂ ਕੱਟਣ ਨੂੰ ਬਿਜਨਿਸ ਦੇ trick (ਹੋਸ਼ਿਆਰੀ) ਆਖਦੇ ਹਨ। ਦਵਾਈਆਂ ਵਿਚ ਮਿਲਾਵਟਾਂ ਕਰਕੇ ਆਪਣੇ ਆਪ ਨੂੰ ਬਹੁਤ ਹੁਸ਼ਿਆਰ ਸਮਝਦੇ ਹਨ। ਇਸ ਤੋਂ ਵੀ ਇਲਾਵਾ medical (ਡਾਕਟਰੀ) ਕਿੱਤਾ ਬਹੁਤ ਹੀ ਨੇਕੀ ਦਾ ਕਿੱਤਾ ਹੈ ਪਰ ਦੇਖਿਆ ਇਹ ਗਿਆ ਹੈ ਕਿ ਮੂੰਹ ਮੰਗੇ ਪੈਸੇ ਲੈ ਕੇ ਨਕਲੀ ਦਵਾਈਆਂ ਦੇਣ ਵਾਲੇ ਇਹ ਘੋਰ ਪਾਪ ਕਰਦੇ ਹਨ, ਵਿਸ਼ਵਾਸ਼ਘਾਤ ਕਰਦੇ ਹਨ।

ਇਕ ਵਾਰੀ ਦੀ ਐਸੀ ਗੱਲ ਹੈ ਕਿ ਮੇਰੇ ਇਕ ਮਿਤਰ ਜੋ ਬਹੁਤ ਹੀ ਸਫਲ ਡਾਕਟਰ ਸਨ ਅਤੇ ਡਾਇਰੈਕਟਰ ਆਫ ਹੈਲਥ ਦੇ ਅਹੁਦੇ ਤੇ ਲੱਗੇ ਹੋਏ ਸਨ ਅਤੇ ਆਪ ਓਪਰੇਸ਼ਨ ਦੇ ਸਫਲ ਸਰਜਨ ਹੋਣ ਦੇ ਨਾਤੇ ਬਹੁਤ ਹੀ ਸਫਲ ਓਪਰੇਸ਼ਨ ਕਰਿਆ ਕਰਦੇ ਸਨ। ਇਕ ਵਾਰੀ ਕੋਈ ਐਸਾ ਮਰੀਜ਼ ਉਨ੍ਹਾਂ ਕੋਲ ਆ ਗਿਆ ਜਿਸ ਨੂੰ ਜ਼ਹਿਰ ਦਾ ਟੀਕਾ ਲਗਣਾ ਸੀ। ਉਨ੍ਹਾਂ ਨੇ ਦਵਾਈਆਂ ਲਿਖ ਦਿਤੀਆਂ, ਟੀਕਾ ਲਾ ਦਿਤਾ ਪਰ ਉਸ ਦਾ ਕੋਈ ਅਸਰ ਨਾ ਹੋਇਆ, ਦੁਬਾਰਾ ਟੀਕਾ ਹੋਰ ਮੰਗਾਇਆ ਗਿਆ, ਉਹ ਲਾਇਆ ਗਿਆ ਪਰ ਉਸ ਦਾ ਵੀ ਅਸਰ ਨਾ ਹੋਇਆ। ਤੀਸਰਾ ਟੀਕਾ ਮੰਗਾ ਕੇ ਲਾਇਆ ਗਿਆ ਪਰ ਉਸ ਦਾ ਵੀ ਅਸਰ ਨਾ ਹੋਇਆ। ਉਨ੍ਹਾਂ ਨੇ ਇਕ ਟੀਕਾ ਹੋਰ ਮੰਗਾ ਲੈਬੋਰਟਰੀ ਵਿਚ ਭੇਜ ਦਿਤਾ। ਜਦੋਂ ਉਸ ਦਾ result ਸਾਮ੍ਹਣੇ ਆਇਆ ਤਾਂ ਪਤਾ ਲੱਗਿਆ ਕਿ ਇਸ ਟੀਕੇ ਵਿਚ 20% ਜ਼ਹਿਰ ਹੈ। ਹੈਰਾਨ ਹੋ ਗਿਆ ਕਿ ਦਵਾਈਆਂ ਦੇ ਵਪਾਰੀ ਕਿਵੇਂ ਜਨਤਾ ਦੀ ਜਾਨ ਨਾਲ ਖੇਡ ਰਹੇ ਹਨ। ਉਨ੍ਹਾਂ ਨੇ ਮੈਨੂੰ ਦਸਿਆ ਕਿ ਦੇਖੋ, ਚਰਿੱਤਰ ਦਾ ਕਿੰਨਾ ਨਿਘਾਰ ਹੋ ਗਿਆ ਹੈ। ਸੱਚ ਦਾ ਨਾਮ ਨਿਸ਼ਾਨ ਹੀ ਜਾਂਦਾ ਰਿਹਾ ਹੈ। ਉਹ ਇਥੋਂ ਛੱਡ ਛਡਾ ਕੇ ਇੰਗਲੈਂਡ ਚਲੇ ਗਏ।

ਇਸ ਤਰ੍ਹਾਂ ਨਾਲ ਡਾਕਟਰ ਸਾਹਿਬ ਨੇ ਮੈਨੂੰ ਹੋਰ ਘਟਨਾ ਦੱਸੀ ਕਿ ਇਕ ਬੀਬੀ ਕਿਸੇ ਬਿਮਾਰੀ ਨਾਲ ਬਿਮਾਰ ਸੀ। ਇਕ ਡਾਕਟਰ ਨੇ ਕਿਹਾ ਕਿ ਬੀਬੀ! ਤੇਰੇ ਤਾਂ ਗੁਰਦੇ ਖਰਾਬ ਹੋ ਗਏ ਹਨ। ਜੇ ਤੂੰ ਛੇਤੀ ਨਾ ਬਦਲਵਾਏ ਤਾਂ ਤੇਰੀ ਮੌਤ ਹੋ ਸਕਦੀ ਹੈ। ਉਹ ਵਿਚਾਰੀ ਬਹੁਤ ਘਬਰਾ ਗਈ, ਉਸ ਨੇ ਮੂੰਹ ਮੰਗੀ ਰਕਮ ਜੋ ਲੱਖਾਂ ਵਿਚ ਸੀ, ਖਰਚਣ ਦਾ ਮਨ ਬਣਾ ਲਿਆ। ਉਹ ਡਾਕਟਰ ਉਸ ਬੀਬੀ ਨੂੰ ਲੈ ਕੇ ਕਿਸੇ ਹੋਰ ਸਰਜਨ ਦੇ ਕੋਲ ਚਲਾ ਗਿਆ। ਉਥੇ ਜਾ ਕੇ ਸਾਰੀ ਗੱਲ ਕੀਤੀ ਕਿ ਇਕ

ਬੀਬੀ ਦਾ ਓਪਰੇਸ਼ਨ ਕਰਨਾ ਹੈ ਅਤੇ ਕਹਿਣਾ ਹੈ ਕਿ ਗੁਰਦੇ ਮੁੱਲ ਲੈ ਕੇ ਪਾਏ ਹਨ। ਅੱਧੋ-ਅੱਧ ਰੁਪਏ ਆਪਾਂ ਵੰਡ ਲਵਾਂਗੇ। ਉਹ ਬੀਬੀ ਅਛੋਪਲੇ ਹੀ ਐਨਾ ਨੇੜੇ ਚਲੀ ਗਈ ਕਿ ਉਨ੍ਹਾਂ ਨੂੰ ਗੱਲਬਾਤ ਕਰਦੇ ਸੁਣ ਲਿਆ ਅਤੇ ਘਬਰਾ ਗਈ ਕਿ ਇਹ ਡਾਕਟਰ ਐਨੇ ਬੇਈਮਾਨ ਹਨ। ਅਸੀਂ ਤਾਂ ਇਨ੍ਹਾਂ ਨੂੰ ਜਾਨ ਦੇ ਰਾਖੇ ਸਮਝਦੇ ਹਾਂ, ਇਨ੍ਹਾਂ ਉਪਰ ਪੂਰਾ ਵਿਸ਼ਵਾਸ਼ ਕਰਦੇ ਹਾਂ। ਕੀ ਇਹ ਵੀ ਇਸ ਤਰ੍ਹਾਂ ਸੋਚ ਸਕਦੇ ਹਨ? ਉਸ ਨੇ ਆਪਣੇ ਡਾਕਟਰ ਨੂੰ ਕਿਹਾ ਕਿ ਡਾਕਟਰ ਸਾਹਿਬ ਮੈਂ ਓਪਰੇਸ਼ਨ ਨਹੀਂ ਕਰਾਉਣਾ। ਉਸ ਨੇ ਬਹੁਤ ਕਿਹਾ ਕਿ ਬੀਬੀ! ਕੁਝ ਪੈਸੇ ਤਾਂ ਮੈਂ ਆਪਣੇ ਪਲਿਓਂ ਲਾਉਣੇ ਹਨ ਕਿਉਂਕਿ ਤੇਰੀ ਜ਼ਿੰਦਗੀ ਅਸੀਂ ਹਰ ਹਾਲਤ ਵਿਚ ਬਚਾਉਣੀ ਹੈ। ਉਸ ਬੀਬੀ ਨੇ ਪੈਸੇ ਵਾਪਸ ਲੈ ਲਏ, ਕਿਸੇ ਹੋਰ ਡਾਕਟਰ ਕੋਲ ਚਲੀ ਗਈ ਜੋ ਦੇਵਤਾ ਹੀ ਸੀ। ਉਸ ਨੇ ਕੁਝ ਦਵਾਈਆਂ ਤੇ ਕੈਪਸੂਲ ਉਸ ਬੀਬੀ ਨੂੰ ਦਿਤੇ ਅਤੇ ਉਹ ਨੌ-ਬਰ-ਨੌ ਹੋ ਗਈ। ਉਸ ਨੇ ਟੈਸਟ ਕਰਕੇ ਦਸਿਆ ਕਿ ਬੀਬੀ! ਤੇਰੇ ਗੁਰਦੇ ਤਾਂ ਬਿਲਕੁਲ ਸਹੀ ਸਲਾਮਤ ਹਨ ਕਿਹੜੇ ਡਾਕਟਰ ਨੇ ਤੁਹਾਨੂੰ ਦਸਿਆ ਹੈ ਕਿ ਤੁਹਾਡੇ ਗੁਰਦੇ ਖਰਾਬ ਹਨ।

ਸੋ ਇਸ ਤਰ੍ਹਾਂ ਦੀਆਂ ਕਈ ਬਿਮਾਰੀਆਂ ਇਨ੍ਹਾਂ ਲੋਕਾਂ ਨੂੰ ਲੱਗੀਆਂ ਹਨ। ਇਨ੍ਹਾਂ ਨੂੰ ਪ੍ਰਭੂ ਪਿਆਰ ਦੀ ਕੋਈ ਕਦਰ ਨਹੀਂ ਹੁੰਦੀ , ਨਾ ਹੀ ਇਨ੍ਹਾਂ ਨੂੰ ਡਰ ਹੁੰਦਾ ਹੈ ਕਿ ਧਰਮਰਾਜ ਦੀ ਕਚਹਿਰੀ ਵਿਚ ਕੀ ਜਵਾਬ ਦੇਵਾਂਗੇ। ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਓਥੇ ਰੋਣਾ ਪੈਂਦਾ ਹੈ, ਪਛਤਾਉਣਾ ਪੈਂਦਾ ਹੈ ਜਿਸ ਤਰ੍ਹਾਂ ਕਿ ਫੁਰਮਾਨ ਹੈ -

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥*** *ਪੰਨਾ - 464*

ਸੋ ਇਹ ਬਚਨ ਆਪ ਨੂੰ ਨਮੂਨੇ ਮਾਤਰ ਦੱਸੇ ਹਨ ਪਰ ਜੇ ਸਮਾਜ ਦੀਆਂ ਕਮਜ਼ੋਰੀਆਂ ਵਲ ਜਾਇਆ ਜਾਵੇ ਤਾਂ ਬਹੁਤ ਹੀ ਹਨ। ਜੋ ਅਜਿਹੇ ਵਰਗ ਹੁੰਦੇ ਹਨ ਉਸ ਨੂੰ 'ਨਾਸਤਕ ਵਰਗ' ਆਖਿਆ ਜਾਂਦਾ ਹੈ।

ਸਿਆਣਿਆਂ ਨੇ ਮਨੁੱਖਤਾ ਦੀ ਹੋਰ ਤਰ੍ਹਾਂ ਨਾਲ ਵੀ ਵੰਡ ਕੀਤੀ ਹੈ। ਇਕ ਉਹ ਹਨ ਜਿਹੜੇ ਵਿਸ਼ੇ ਵਿਕਾਰਾਂ ਵਿਚ ਵਿਸ਼ਵਾਸ਼ ਰਖਦੇ ਹਨ ਅਤੇ ਪ੍ਰਮੇਸ਼ਰ ਦੀ ਕੋਈ ਵੀ ਗੱਲ ਨਹੀਂ ਸੁਣਦੇ, ਮਹਾਂ ਮੂੜ੍ਹ ਮਤ ਦੇ ਹੁੰਦੇ ਹਨ। ਉਨ੍ਹਾਂ ਨੂੰ **'ਪਾਮਰ'** ਆਖਿਆ ਜਾਂਦਾ ਹੈ।

ਇਕ ਉਹ ਹਨ ਜਿਹੜੇ ਵਿਸ਼ੇ ਭੋਗਾਂ ਵਿਚ ਲਿਪਤ ਹੁੰਦੇ ਹਨ, ਸ਼ਰਾਬਾਂ, ਮਾਸ, ਆਂਡੇ ਖਾਣੇ, drug (ਨਸ਼ੀਲੇ ਪਦਾਰਥ) ਖਾਣੀ, ਵਿਸ਼ੇ ਭੋਗਾਂ ਵਿਚ ਪੈਣਾ, ਅਨੇਕ ਕਿਸਮ ਦੇ ਵਿਸ਼ਿਆਂ ਵਿਚ ਗੁਲਤਾਨ ਰਹਿਣਾ, ਕਦੇ ਭੁੱਲ ਕੇ ਪ੍ਰਭੂ ਦੇ ਨਾਮ ਵਲ ਨਾ ਜਾਣਾ, ਨਾ ਸੇਵਾ ਕਰਨੀ ਅਤੇ ਨਾ ਹੀ ਆਪਣੀ ਕਮਾਈ ਵਿਚੋਂ ਦਸਵੰਧ ਕੱਢਣਾ, ਨੇਕ ਰਸਤੇ ਹੀ ਨਾ ਪੈਣਾ, ਨੇਕ ਕੰਮ ਕਰਨ ਵਾਲਿਆਂ ਨੂੰ ਚੋਰ ਪਾਖੰਡੀ ਸਮਝਣਾ ਅਤੇ ਕਦੇ ਵੀ ਸਤਿਸੰਗ 'ਚ ਨਾ ਜਾਣਾ। ਅਜਿਹੇ ਪੁਰਸ਼ਾਂ ਨੂੰ **'ਵਿਸ਼ਈ'** ਆਖਿਆ ਜਾਂਦਾ ਹੈ।

ਤੀਸਰੇ ਉਹ ਹੁੰਦੇ ਹਨ ਜਿਹੜੇ ਪਿਛਲੇ ਪੂਰਬਲੇ ਕਰਮਾਂ ਕਰਕੇ ਪ੍ਰਮੇਸ਼ਰ ਦੇ ਰਾਹ ਤੁਰੇ ਸਨ ਪਰ ਬਹੁਤੀ ਤਰੱਕੀ ਨਾ ਕਰ ਸਕੇ। ਸਰੀਰ ਛੱਡਣ ਸਮੇਂ ਉਨ੍ਹਾਂ ਦੇ ਮਨ ਵਿਚ ਅਫਸੋਸ ਰਹਿ ਗਿਆ ਕਿ ਅਸੀਂ ਮਾਨਸ ਜਨਮ ਦਾ ਕੋਈ ਲਾਹਾ ਨਾ ਖੱਟਿਆ, ਕੋਠੀਆਂ ਵਿਚ ਰਹਿੰਦਿਆਂ, ਨੇਕ ਕਮਾਈ ਕਰਦਿਆਂ, ਬੱਚਿਆਂ ਨੂੰ ਪਾਲਦਿਆਂ ਹੀ ਸਾਰਾ ਜੀਵਨ ਲੰਘਾ ਦਿਤਾ। ਹੁਣ ਤਾਂ ਸੁਆਸ ਮੁਕ ਰਹੇ ਹਨ, ਹੁਣ ਕੁਝ ਬਣ ਨਹੀਂ ਰਿਹਾ, ਕੀ ਕਰਾਂ? ਮੈਂ ਤਾਂ ਅਧੂਰਾ ਹੀ ਰਹਿ ਗਿਆ ਅਤੇ ਅਫਸੋਸ ਕਰਦੇ ਹਨ ਜਿਵੇਂ ਕਿ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***
*ਪੰਨਾ - 1428*

ਉਹ ਉਨ੍ਹਾਂ ਦੇ ਪਿਛਲੇ ਸੰਸਕਾਰ ਬਣੇ ਹੁੰਦੇ ਹਨ ਅਤੇ ਉਨ੍ਹਾਂ ਦੀ ਰੁਚੀ ਸਤਿਸੰਗ ਵਿਚ ਬਣੀ ਹੁੰਦੀ ਹੈ, ਉਹ ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਝਣ, ਵੇਦਾਂ ਦਾ ਪਾਠ ਕਰਨ, ਗੀਤਾ ਨੂੰ ਵਿਚਾਰਨਾ, ਬਾਈਬਲ ਨੂੰ ਸਰਵਣ ਕਰਨ, ਗੁਰਦੁਆਰੇ, ਮੰਦਰ, ਮਸਜਿਦ ਵਿਚ ਪ੍ਰੇਮ ਸਹਿਤ ਜਾਣ ਅਤੇ ਉਨ੍ਹਾਂ ਦੇ ਮਨ ਵਿਚ ਪੱਕੀ ਲਗਨ ਹੋਵੇ ਕਿ ਅਸੀਂ ਰੂਹਾਨੀ ਚੜ੍ਹਾਈ ਜ਼ਰੂਰ ਕਰਨੀ ਹੈ। ਇਸ ਤਰ੍ਹਾਂ ਦੇ ਮਨੁੱਖਾਂ ਦੇ ਸਮੂਹ ਨੂੰ **'ਜਗਿਆਸੂ'** ਆਖਿਆ ਜਾਂਦਾ ਹੈ।

ਚੌਥੇ ਉਹ ਪੁਰਸ਼ ਲੱਖਾਂ ਵਿਚੋਂ ਇਕ ਅੱਧ ਹੁੰਦੇ ਹਨ ਜਿਨ੍ਹਾਂ ਨੂੰ ਧੁਰ ਦਰਗਾਹ ਤੋਂ ਸੰਸਾਰ ਨੂੰ ਰਸਤਾ ਦਿਖਾਉਣ ਵਾਸਤੇ ਭੇਜਿਆ ਜਾਂਦਾ ਹੈ ਉਹ ਇਥੇ ਆ ਕੇ ਸੰਸਾਰ ਨੂੰ ਸੱਚ ਦਾ ਰਾਹ ਦਸਦੇ ਹਨ, ਅਜਿਹੇ ਵਿਰਲੇ ਪੁਰਸ਼ਾਂ ਨੂੰ **'ਮੁਕਤ ਪੁਰਸ਼'** ਆਖਿਆ ਜਾਂਦਾ ਹੈ।

ਸੋ ਉਪਰਲੀ ਵਿਚਾਰ ਤੋਂ ਤੁਸੀਂ ਨਿਰਣਾ ਕਰ ਲਿਆ ਹੋਵੇਗਾ ਕਿ ਦਰਅਸਲ ਦੋ ਵਰਗ ਹਨ ਇਕਨਾਂ ਨੂੰ ਮਨਮੁੱਖ ਆਖਿਆ ਜਾਂਦਾ ਹੈ ਇਕਨਾ ਨੂੰ ਗੁਰਮੁਖ ਪਿਆਰੇ, ਰੱਬ ਦੇ ਪਿਆਰੇ ਆਖਿਆ ਜਾਂਦਾ ਹੈ। ਇਸ ਹੁਕਮਨਾਮੇ ਵਿਚ ਗੁਰੂ ਮਹਾਰਾਜ ਜੀ ਨੇ ਬਹੁਤ ਹੀ ਨਿਰਣੇਦਾਇਕ ਬਚਨ ਕਰਦਿਆਂ ਫੁਰਮਾਇਆ ਹੈ ਕਿ ਜਿਹੜੇ ਪ੍ਰੇਮੀ ਪ੍ਰਭੂ ਨਾਲ ਪਿਆਰ ਕਰਕੇ ਆਪਣੀ ਹਉਮੈ ਦਾ ਤਿਆਗ ਕਰਦੇ ਹੋਏ ਤਨੋ, ਮਨੋ ਉਸ ਦੇ ਬਣ ਜਾਂਦੇ ਹਨ, ਉਨ੍ਹਾਂ ਦਾ ਉਹ ਰਾਖਾ ਹੋ ਜਾਇਆ ਕਰਦਾ ਹੈ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦਾ ਵੀ ਦੁਖ ਕੋਈ ਪਹੁੰਚਾ ਨਹੀਂ ਸਕਦਾ ਕਿਉਂਕਿ ਪ੍ਰਭੂ ਦਾ ਹੱਥ ਉਸ ਦੇ ਸੀਸ ਉਪਰ ਹੁੰਦਾ ਹੈ। ਉਹ ਉਨ੍ਹਾਂ ਦੀ ਹਰ ਸਮੇਂ ਸੰਭਾਲ ਕਰਦਾ ਹੈ ਜਿਵੇਂ ਕਿ ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸਮੂੰਹ ਨ ਭੇਟਵ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***
***ਤ੍ਵਪ੍ਰਸਾਦਿ ਸ੍ਵੱਯੇ***

ਇਸ ਦੇ ਵਿਪਰੀਤ ਜੋ ਦੂਸਰਾ ਵਰਗ ਹੈ ਉਹ ਮਾਇਆ ਦੇ ਨਸ਼ੇ ਵਿਚ ਹੰਕਾਰਿਆ ਹੋਇਆ ਜੀਵ, ਬੋਲਣ ਦੀ ਜਾਚ ਵੀ ਨਹੀਂ ਜਾਣਦਾ। ਕੌੜਾ ਤੇ ਫਿੱਕਾ ਬੋਲਦਾ ਹੈ, ਝੂਠ ਬੋਲਦਾ

ਹੈ, ਛਲ ਦੇ ਵਾਕ ਕਹਿੰਦਾ ਹੈ, ਕਪਟ ਦਾ ਜੀਵਨ ਜਿਉਂਦਾ ਹੈ, ਪਾਖੰਡ ਕਰਦਾ ਹੈ, ਅਜਿਹੇ ਪੁਰਖ ਨੂੰ ਕਦੇ ਭੁੱਲ ਕੇ ਖਿਆਲ ਨਹੀਂ ਆਉਂਦਾ ਕਿ ਇਸ ਸੰਸਾਰ ਤੇ ਰਹਿਣਾ ਨਹੀਂ ਅਤੇ ਕੋਈ ਹੋਰ ਸੰਸਾਰ ਵੀ ਹੈ ਜਿਥੇ ਆਪਣੇ ਕੀਤੇ ਕਰਮਾਂ ਦਾ ਉਤਰਦਾਈ ਹੋਣਾ ਹੈ। ਕੋਈ ਐਸੀ ਕਚਹਿਰੀ ਵੀ ਹੈ ਜਿਥੇ ਸੱਚ ਦਾ ਨਿਬੇੜਾ ਹੋਣਾ ਹੈ। ਉਥੇ ਖੋਟਿਆਂ ਨੂੰ ਕੋਈ ਥਾਂ ਨਹੀਂ ਮਿਲਣੀ ਅਤੇ ਉਹ ਬਾਹਰ ਸੁੱਟੇ ਜਾਣਗੇ। ਉਹ ਹਾਰ ਜਾਣਗੇ ਜਿਵੇਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥*
*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥*
*ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸੇ ਠਗਣ ਵਾਲਿਆ॥*
*ਲਿਖਿ ਨਾਵੈ ਧਰਮੁ ਬਹਾਲਿਆ॥* *ਪੰਨਾ - 463*

ਇਸ ਤਰ੍ਹਾਂ ਨਾਲ ਜਿਹੜੇ ਖਰੇ ਹੁੰਦੇ ਹਨ ਉਹ ਪ੍ਰਵਾਨ ਹੋਇਆ ਕਰਦੇ ਹਨ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ॥*
*ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ॥*
*ਪੰਨਾ - 143*

ਇਸੇ ਤਰ੍ਹਾਂ ਨਾਲ ਖੋਟੇ ਤੇ ਖਰ੍ਹਿਆਂ ਦੀ ਪਰਖ ਦਰਗਾਹ ਵਿਚ ਹੋਇਆ ਕਰਦੀ ਹੈ। ਫੁਰਮਾਨ ਹੈ –

*ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥*
*ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥*
*ਪੰਨਾ - 570*

ਖਰ੍ਹਿਆਂ ਨੂੰ ਪਰਖ ਕੇ ਜਿਵੇਂ ਖਜ਼ਾਨਚੀ ਆਪਣੇ ਖਜ਼ਾਨੇ ਵਿਚ ਜਮਾਂ ਕਰ ਲੈਂਦਾ ਹੈ ਇਵੇਂ ਜਿਵੇਂ ਦਰਗਾਹ ਵਿਚ ਖਰ੍ਹਿਆਂ ਨੂੰ ਥਾਂ ਮਿਲ ਜਾਂਦਾ ਹੈ –

ਸੋ ਖੋਟ ਕਮਾਉਣ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਖੋਟੇ ਕਰਮ ਕਰਨ ਨਾਲ, ਖੋਟੇ ਵਪਾਰ ਕਰਨ ਨਾਲ, ਮਨ, ਤਨ ਖੋਟਾ ਹੋ ਜਾਂਦਾ ਹੈ। ਜਿਵੇਂ ਫਾਹੀ ਵਿਚ ਹਿਰਨ ਫਸ ਜਾਂਦਾ ਹੈ ਉਹ ਲੱਖ ਯਤਨ ਕਰਨ ਤੇ ਵੀ ਨਿਕਲ ਨਹੀਂ ਸਕਦਾ ਕਿਉਂਕਿ ਉਸ ਦੇ ਪੈਰ ਫਾਹੀ ਵਿਚ ਫਸ ਗਏ ਜਾਂ ਉਸ ਦੇ ਸਿੰਗ ਫਾਹੀ ਵਿਚ ਫਸ ਜਾਂਦੇ ਹਨ, ਫੇਰ ਉਹ ਅਫਸੋਸ ਹੀ ਕਰਦਾ ਹੈ ਕਿਉਂਕਿ ਕੋਈ ਨਿਕਲਣ ਦਾ ਢੰਗ ਨਹੀਂ ਹੈ। ਖੋਟੇ ਇਥੇ ਵੀ ਪੱਤ ਗਵਾਉਂਦੇ ਹਨ ਅਤੇ ਦਰਗਾਹ ਵਿਚ ਵੀ ਉਨ੍ਹਾਂ ਦੀ ਪਤ ਲਹਿੰਦੀ ਹੈ –

*ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥*
*ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥*
*ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ॥*
*ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ॥*
*ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥*
*ਪੰਨਾ - 23*

ਖੋਟਾ ਖਰ੍ਹਿਆਂ ਵਿਚ ਕਿਸੇ ਤਰ੍ਹਾਂ ਵੀ ਮਿਲ ਨਹੀਂ ਸਕਦਾ। ਜਦੋਂ ਪਰਖ ਹੁੰਦੀ ਹੈ ਤਾਂ ਖੋਟਾ ਕਿਸੇ ਵੀ ਕੰਮ ਦਾ ਨਾ ਜਾਣ ਕੇ ਬਾਹਰ ਸੁੱਟ ਦਿਤਾ ਜਾਂਦਾ ਹੈ ਜਾਂ ਉਸ ਨੂੰ ਪਿਛੇ ਕੱਢ ਦਿਤਾ ਜਾਂਦਾ ਹੈ ਤਾਂ ਕਿ ਖਰ੍ਹਿਆਂ ਵਿਚ ਨਾ ਜਾ ਕੇ ਰਲੇ।

*ਚੋਰੁ ਸਿਆਲਿਉ ਚੋਰੁ ਸਿਆਣਾ॥*
*ਖੋਟੇ ਕਾ ਮੁਲੁ ਏਕੁ ਦੁਗਾਣਾ॥*
*ਜੇ ਸਾਥਿ ਰਖੀਐ ਦੀਜੈ ਰਲਾਇ॥*
*ਜਾ ਪਰਖੀਐ ਖੋਟਾ ਹੋਇ ਜਾਇ॥* *ਪੰਨਾ - 662*

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਤੁਸੀਂ ਸਮਝਿਆ ਹੈ ਉਸ ਵਿਚ ਜੋ ਭਾਵ ਆਇਆ ਹੈ ਉਹ ਇਸ ਤਰ੍ਹਾਂ ਹੈ ਕਿ –

*ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥*
*ਪੰਨਾ - 749*

ਪਹਿਲਾ ਵਾਕ ਉਨ੍ਹਾਂ ਪੁਰਖਾਂ ਲਈ ਹੈ ਜਿਨ੍ਹਾਂ ਨੇ ਆਪਣਾ ਰਾਖਾ ਪਾਰਬ੍ਰਹਮ ਪ੍ਰਮੇਸ਼ਰ ਨੂੰ ਬਣਾ ਲਿਆ ਹੈ, ਜੋ ਪ੍ਰਭੂ ਦੀ ਸ਼ਰਨ ਵਿਚ ਆ ਗਏ ਹਨ, ਜਿਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਮੇਰੀ ਪਤ ਦਾ ਰਾਖਾ ਆਪ ਹੈ।

ਇਕ ਕਥਾ ਆਉਂਦੀ ਹੈ ਕਿ 5100 ਸਾਲ ਪਹਿਲਾਂ ਭਾਰਤ ਵਿਚ ਇਕ ਖਾਨਦਾਨ ਵਸਦਾ ਸੀ ਜੋ ਬਹੁਤ ਹੀ ਸ਼ਕਤੀਸ਼ਾਲੀ ਸੀ ਉਸ ਨੂੰ ਕੌਰਵਾਂ ਤੇ ਪਾਂਡਵਾਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪਾਂਡਵ ਮਿਹਨਤ ਕਰਨ ਵਾਲੇ, ਪ੍ਰਭੂ ਦੀ ਭਗਤੀ ਕਰਨ ਵਾਲੇ, ਪੂਰੇ ਧਾਰਮਿਕ ਅਸੂਲਾਂ ਨੂੰ ਮੰਨਣ ਵਾਲੇ ਪੰਜ ਭਰਾ ਸਨ ਅਤੇ ਉਨਾਂ ਦੇ ਚਾਚੇ ਦੇ ਲੜਕੇ ਜਿਨ੍ਹਾਂ ਨੂੰ ਕੌਰਵ ਆਖਿਆ ਜਾਂਦਾ ਹੈ, ਉਨ੍ਹਾਂ ਵਿਚੋਂ ਸ਼੍ਰੋਮਣੀ ਦੁਰਯੋਧਨ ਅਤਿ ਹੰਕਾਰੀ ਕਿਹਾ ਗਿਆ ਹੈ। ਉਸ ਦੇ ਨਾਲ ਦਾ ਉਸ ਸਮੇਂ ਅਭਿਮਾਨੀ ਕੋਈ ਹੈ ਹੀ ਨਹੀਂ ਸੀ। ਉਹ ਕਿਸੇ ਤਰ੍ਹਾਂ ਵੀ ਕਿਸੇ ਦੀ ਕੋਈ ਗੱਲ ਨਹੀਂ ਸੀ ਮੰਨਦਾ। ਭਾਵੇਂ ਉਹ ਰਾਜ ਗੱਦੀ ਤੇ ਨਹੀਂ ਬੈਠਾ ਸੀ ਪਰ ਉਹ ਆਪਣੀਆਂ ਮਨਮਾਨੀਆਂ ਕਰਕੇ ਆਪਣੇ ਪਿਤਾ ਨੂੰ ਡਰਾ ਕੇ ਰਖਦਾ ਸੀ। ਰਾਜ ਦਾ ਹੱਕ ਪਾਂਡਵਾਂ ਦਾ ਸੀ ਪਰ ਕੌਰਵਾਂ ਨੇ ਛਲ ਕਪਟ ਕਰਕੇ, ਜੂਆ ਆਦਿ ਖੇਲ੍ਹ ਕੇ ਉਨ੍ਹਾਂ ਦਾ ਰਾਜ ਜਿੱਤ ਲਿਆ। ਇਥੋਂ ਤਕ ਕਿ ਪਾਂਡਵਾਂ ਨੇ ਆਪਣੀ ਪਤਨੀ ਦਰੋਪਤੀ ਨੂੰ ਜੂਏ ਦੇ ਦਾਅ ਵਿਚ ਲਾ ਦਿਤਾ। ਫੈਸਲਾ ਇਹ ਹੋਇਆ ਕਿ ਜੇ ਪਾਂਡਵ ਜਿੱਤ ਗਏ ਤਾਂ ਉਨ੍ਹਾਂ ਨੂੰ ਰਾਜ ਵਾਪਸ ਮਿਲ ਜਾਵੇਗਾ ਅਤੇ ਜੇ ਹਾਰ ਗਏ ਤਾਂ ਦਰੋਪਤੀ ਉਪਰ ਉਨ੍ਹਾਂ ਦਾ ਕੋਈ ਹੱਕ ਨਹੀਂ ਰਹੇਗਾ। ਸਾਰੀ ਖੇਲ੍ਹ ਕਪਟ ਨਾਲ ਚਲਦੀ ਰਹੀ। ਦੁਰਯੋਧਨ ਦਾ ਮਾਮਾ ਸ਼ਿਕੁੰਨੀ ਬਹੁਤ ਹੀ ਧੋਖੇਬਾਜ ਸੀ। ਪਾਂਡਵਾਂ ਨੂੰ ਸੁਟਣ ਲਈ ਹੋਰ ਗੋਟੀਆਂ ਦਿਤੀਆਂ ਜਾਂਦੀਆਂ ਸਨ ਪਰ ਜਦੋਂ ਆਪ ਸੁੱਟਦਾ ਸੀ ਉਨ੍ਹਾਂ ਵਿਚ ਹਾਰਨ ਵਾਲਾ ਕੋਈ ਘਟੀਆ ਨੰਬਰ ਹੁੰਦਾ ਹੀ ਨਹੀਂ ਸੀ। ਇਸ ਤਰ੍ਹਾਂ ਪਾਂਡਵ ਦਰੋਪਤੀ ਨੂੰ ਹਾਰ ਗਏ। ਇਹ ਭਾਰਤ ਦੇ ਇਤਿਹਾਸ ਵਿਚ ਬਹੁਤ ਬੁਰੀ ਘਟਨਾ ਸੀ ਜਿਸ ਨੇ ਦੁਆਪਰ ਯੁੱਗ ਦੇ ਅੰਤਲੇ ਚਰਨ ਨੂੰ ਪੂਰੀ ਤਰ੍ਹਾਂ ਬਦਨਾਮ ਕਰ ਰੱਖਿਆ ਹੈ।

ਉਸ ਸਮੇਂ ਦੇ ਯੁੱਗ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਸੌਲ੍ਹਾਂ ਕਲਾ ਸੰਪੂਰਨ ਅਵਤਾਰ ਸਨ। ਉਨ੍ਹਾਂ ਦੇ ਸਮਝਾਉਣ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਗਈ। ਦੁਰਯੋਧਨ ਦਰੋਪਤੀ ਉਪਰ ਬਹੁਤ ਹੀ ਖਿਝਦਾ ਸੀ।

ਇਕ ਵਾਰੀ ਪਾਂਡਵਾਂ ਨੇ ਨਵਾਂ ਮਹਿਲ ਬਣਾਇਆ ਜਿਸ

ਵਿਚ ਐਸੀ ਚਿਤਰਕਾਰੀ ਕੀਤੀ ਗਈ, ਅਜਿਹੇ ਮਾਰਬਲ ਦੇ ਪੱਥਰ ਲਾਏ ਗਏ ਜਿਨ੍ਹਾਂ ਨੂੰ ਦੇਖ ਕੇ ਸੁੱਕਾ ਥਾਂ ਇਸ ਤਰ੍ਹਾਂ ਲਗਦਾ ਸੀ ਕਿ ਇਹ ਪਾਣੀ ਦਾ ਚੁਬੱਚਾ ਹੈ, ਦੂਸਰੇ ਪਾਸੇ ਜਿਥੇ ਪਾਣੀ ਸੀ ਉਥੇ ਅਜਿਹਾ ਲਗਦਾ ਸੀ ਕਿ ਇਹ ਸੁੱਕਾ ਥਾਂ ਹੈ, ਦੋਨੋਂ ਪੱਥਰ ਨਾਲ-ਨਾਲ ਲੱਗੇ ਹੋਏ ਸਨ ਅਤੇ ਸਾਮ੍ਹਣੇ ਜੋ ਦੁਆਰ ਖੁਲ੍ਹਦਾ ਸੀ, ਖੁਲ੍ਹਣ ਵਾਲਾ ਦੁਆਰ ਇਸ ਤਰ੍ਹਾਂ ਲਗਦਾ ਸੀ ਕਿ ਬੰਦ ਹੈ, ਬੰਦ ਜੋ ਸੀ ਉਹ ਖੁਲ੍ਹਾ ਲਗਦਾ ਸੀ। ਐਸੀ ਕਾਰੀਗਰੀ ਪੱਥਰ ਘਾੜਿਆ ਨੇ ਚੁਣ-ਚੁਣ ਕੇ ਪੱਥਰ ਲਗਾ ਕੇ ਕੀਤੀ ਹੋਈ ਸੀ।

ਦੁਰਯੋਧਨ ਨੂੰ ਉਸ ਦੇ ਭਰਾਵਾਂ ਸਮੇਤ ਨਿਮੰਤਰਣ ਦਿਤਾ ਗਿਆ। ਦੁਰਯੋਧਨ ਜਦੋਂ ਉਸ ਮਹੱਲ ਵਿਚ ਵੜਨ ਲੱਗਿਆ ਅਤੇ ਖੁਸ਼ਕ ਥਾਂ ਸਮਝ ਕੇ ਪਾਣੀ ਵਿਚ ਗਿਰ ਗਿਆ ਅਤੇ ਖੁਲ੍ਹਾ ਦਰਵਾਜ਼ਾ ਸਮਝ ਕੇ ਬੰਦ ਦਰਵਾਜ਼ੇ ਵਿਚ ਜਾ ਕੇ ਮੱਥਾ ਲੱਗਿਆ। ਇਕ ਬੁਰਜ ਵਿਚ ਦਰੋਪਤੀ ਸਭ ਕੁਝ ਦੇਖ ਰਹੀ ਸੀ ਅਤੇ ਪ੍ਰਾਹੁਣਿਆਂ ਦੀ ਲਿਆਕਤ ਦਾ ਅੰਦਾਜ਼ਾ ਲਾ ਰਹੀ ਸੀ। ਉਸ ਦੇ ਮੁੱਖ ਤੋਂ ਬੇਵਿਚਾਰਿਆਂ ਹੀ ਵਾਕ ਨਿਕਲ ਗਿਆ ਕਿ ਅੰਨੇ ਦਾ ਪੁਤਰ ਅੰਨਾ ਹੀ ਰਿਹਾ ਕਿਉਂਕਿ ਦੁਰਯੋਧਨ ਧ੍ਰਿਤਰਾਸ਼ਟਰ ਦਾ ਪੁੱਤਰ ਸੀ ਜੋ ਜਮਾਂਦਰੂ ਨੇਤਰਾਂ ਦੀ ਜੋਤੀ ਤੋਂ ਹੀਣਾ ਸੀ। ਉਸ ਨੇ ਇਸ ਗੱਲ ਨੂੰ ਪੱਲੇ ਬੰਨ੍ਹ ਲਿਆ ਅਤੇ ਇਸ ਸ਼ਬਦ ਦਾ ਬਦਲਾ ਲੈਣ ਲਈ ਮਨ ਵਿਚ ਧਾਰ ਲਿਆ ਕਿ ਮੈਂ ਦਰੋਪਤੀ ਨੂੰ ਬੇਪਤਿ ਕਰਾਂਗਾ। ਬਹੁਤ ਹੀ ਮੰਦਾ ਵਿਚਾਰ ਸੀ ਜਿਸ ਨੂੰ ਦਸਣਾ ਵੀ ਬਹੁਤ ਔਖਾ ਹੈ, ਪਾਂਡਵ ਦਰੋਪਤੀ ਨੂੰ ਜੂਏ ਵਿਚ ਹਾਰ ਗਏ। ਉਸ ਨੇ ਹੁਕਮ ਦਿਤਾ ਕਿ ਦਰੋਪਤੀ ਨੂੰ ਦਰਬਾਰ ਵਿਚ ਹਾਜ਼ਰ ਕਰੋ। ਆਪਣੇ ਛੋਟੇ ਭਰਾ ਦੁਸਾਸਨ ਨੂੰ ਇਹ ਕੰਮ ਸੌਂਪਿਆ ਗਿਆ। ਦਰੋਪਤੀ ਉਸ ਵੇਲੇ ਇਸ਼ਨਾਨ ਕਰਨ ਲੱਗੀ ਸੀ ਸਿਰਫ ਇਕ ਧੋਤੀ ਉਸ ਦੇ ਤੇੜ ਪਾਈ ਹੋਈ ਸੀ। ਉਸ ਨੂੰ ਮੱਥੇ ਦੇ ਵਾਲਾਂ ਤੋਂ ਫੜ ਕੇ ਦਰਬਾਰ ਵਿਚ ਧੂਹ ਕੇ ਲੈ ਆਇਆ। ਉਸ ਵੇਲੇ ਦੁਰਯੋਧਨ ਨੇ ਹੁਕਮ ਦੇ ਦਿਤਾ ਕਿ ਇਸ ਨੂੰ ਇਕ ਦਮ ਦਰਬਾਰ ਵਿਚ ਨਗਨ ਕਰ ਦਿਓ। ਦਰੋਪਤੀ ਹੈਰਾਨ ਸੀ ਕਿ ਇਕ ਘੜੀ ਵਿਚ ਕੀ ਹੋ ਗਿਆ, ਸਾਡਾ ਰਾਜ ਭਾਗ ਕਿਥੇ ਗਿਆ? ਇਹ ਸਭ ਸੂਰਬੀਰ ਬੈਠੇ ਹਨ, ਇਨ੍ਹਾਂ ਨੂੰ ਕੀ ਹੋ ਗਿਆ, ਇਨ੍ਹਾਂ ਦੀ ਤਾਕਤ ਨੂੰ ਕੀ ਹੋ ਗਿਆ, ਭੀਮ ਦੀ ਤਾਕਤ ਪ੍ਰਸਿੱਧ ਸੀ, ਅਰਜਨ ਦੀ ਤੀਰ ਅੰਦਾਜ਼ੀ ਦਾ ਮੁਕਾਬਲਾ ਭਾਰਤ ਵਿਚ ਸਿਵਾਏ ਕਰਣ, ਭੀਸ਼ਮ ਪਿਤਾਮਾ ਤੇ ਦਰੋਣਾਚਾਰੀਆ ਤੋਂ ਬਿਨਾਂ ਕੋਈ ਨਹੀਂ ਸੀ ਕਰ ਸਕਦਾ। ਉਹ ਹੈਰਾਨ ਹੋ ਗਈ ਕਿ ਸਾਡੀ ਕੁਲ ਦਾ ਮਹਾਨ ਪੁਰਸ਼ ਭੀਸ਼ਮ ਪਿਤਾਮਾ ਵੀ ਚੁੱਪ ਕਰਕੇ ਬੈਠਾ ਹੈ। ਉਹ ਕਿਉਂ ਮੇਰੀ ਮਦਦ ਲਈ ਕੁਝ ਭੀ ਨਹੀਂ ਕਰ ਰਹੇ? ਜਿਸ ਵਲ ਉਹ ਦੇਖਦੀ ਸੀ ਓਹੀ ਨੀਵੀਂ ਪਾ ਲੈਂਦਾ ਸੀ। ਉਸ ਵੇਲੇ ਉਸ ਨੇ ਧ੍ਰਿਤਰਾਸ਼ਟਰ ਨੂੰ ਕਿਹਾ ਕਿ ਤੂੰ ਗੱਦੀ ਤੇ ਬੈਠਾ ਹੈਂ, ਤੇਰਾ ਪੁੱਤਰ ਤੇਰੀ ਹਾਜ਼ਰੀ ਵਿਚ ਅਜਿਹਾ ਕੁਕਰਮ ਕਰ ਰਿਹਾ ਹੈ, ਕੀ ਤੈਨੂੰ ਆਪਣੀ ਕੁਲ ਦੀ ਲਾਜ ਨਹੀਂ ਹੈ? ਹਾਜ਼ਰ ਬੰਦੇ ਜੋ ਸਭਾ ਵਿਚ ਬੈਠੇ ਹਨ ਉਹ ਮੇਰੀ ਪਤ ਲਹਿੰਦੀ ਕਿਵੇਂ ਦੇਖ ਲੈਣਗੇ? ਪਰ ਕੋਈ ਵੀ ਇਸ ਦੀ ਅੱਖ ਨਾਲ ਅੱਖ ਨਹੀਂ ਮਿਲਾਉਂਦਾ ਸਭ ਨੀਵੀਂ ਪਾਈ ਬੈਠੇ ਹਨ। ਇਸ ਤਰ੍ਹਾਂ ਉਸ ਨੇ ਆਪਣੇ ਪਤੀ ਪਾਂਡਵਾਂ ਨੂੰ ਦੇਖਿਆ, ਉਨ੍ਹਾਂ ਸਭ ਨੇ ਨੀਵੀਆਂ ਪਾ ਲਈਆਂ। ਹੈਰਾਨ ਹੋ ਗਈ ਕਿ ਇਨ੍ਹਾਂ ਨੂੰ ਕੀ ਹੋ ਗਿਆ? ਉਸ ਵੇਲੇ ਦੁਰਯੋਧਨ ਨੇ ਦੁਬਾਰਾ ਹੁਕਮ ਦਿਤਾ। ਦੁਸਾਸਨ ਨੇ ਧੋਤੀ ਨੂੰ ਝਟਕਾ ਮਾਰਿਆ, ਉਹ ਅੱਧੀ ਲਹਿ ਗਈ। ਉਸ ਦੇ ਅੱਗੇ ਕੋਈ ਵੀ ਚਾਰਾ ਨਹੀਂ ਸੀ, ਉਸ ਨੇ ਨੇਤਰ ਬੰਦ ਕੀਤੇ ਅਤੇ ਪ੍ਰਭੂ ਸ਼ਕਤੀ ਦਾ ਅੰਦਰੋਂ ਨਾਮ ਉਚਾਰਨ ਕਰਕੇ ਯਾਦ ਕੀਤਾ, ਫੇਰ ਕੀ ਸੀ, ਉਹ ਹੱਥ ਉਪਰ ਨੂੰ ਚੁੱਕ ਕੇ ਖੜ੍ਹੀ ਹੋ ਗਈ, ਅੱਖਾਂ ਮੀਚ ਲਈਆਂ ਅਤੇ ਪ੍ਰਭੂ ਦਾ ਨਾਮ ਲੈ ਕੇ ਬੋਲੀ ਹੇ ਪ੍ਰਭੂ! ਤੇਰੇ ਬਿਨਾਂ ਹੁਣ ਮੇਰਾ ਕੋਈ ਰਾਖਾ ਨਹੀਂ ਹੈ। ਗੁਰੂ ਮਹਾਰਾਜ ਜੀ ਬਾਣੀ ਵਿਚ ਇਸ ਤਰ੍ਹਾਂ ਫੁਰਮਾਨ ਕਰਦੇ ਹਨ-

***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥***

***ਪੰਨਾ - 1008***

ਉਸੇ ਵੇਲੇ ਜੋ ਸਾਰਿਆਂ ਦਾ ਸਵਾਮੀ ਹੈ, ਉਸ ਨੇ ਪੁਕਾਰ ਸੁਣ ਲਈ। ਉਸ ਨੇ ਇਕ ਸੈਕਿੰਡ ਦੀ ਕੀਤੀ ਹੋਈ ਅਰਦਾਸ ਸੁਣ ਲਈ। ਉਸ ਪਾਸ ਕੋਈ ਸਮਾਂ ਨਹੀਂ ਸੀ, ਧੋਤੀ ਨੂੰ ਇਕ ਝਟਕਾ ਮਾਰਨ ਨਾਲ ਉਸ ਨੇ ਨਗਨ ਹੋ ਜਾਣਾ ਸੀ। ਪਰ ਪ੍ਰਭੂ ਨੇ ਉਸ ਦੀ ਪੈਜ ਰੱਖ ਲਈ। ਦਸ਼ਮੇਸ਼ ਪਿਤਾ ਜੀ ਦਸਮ ਗ੍ਰੰਥ ਵਿਚ ਫੁਰਮਾਨ ਕਰਦੇ ਹਨ ਕਿ ਇਕ ਹਫਤਾ ਦੁਰਯੋਧਨ ਤੇ ਦੁਰਸ਼ਾਸ਼ਨ ਧੋਤੀ ਖਿਚਦੇ ਰਹੇ, ਸਾੜੀਆਂ ਦੇ ਢੇਰ ਲਗ ਗਏ, ਐਨੇ ਢੇਰ ਲਗ ਗਏ ਕਿ ਸਭਾ ਵਿਚ ਬੈਠਣ ਨੂੰ ਥਾਂ ਨਹੀਂ ਰਹੀ। ਅਖੀਰ ਪ੍ਰਭੂ ਦੀ ਨਾਮ ਸ਼ਕਤੀ ਅੱਗੇ ਉਨ੍ਹਾਂ ਨੂੰ ਨਿਵਣਾ ਪਿਆ, ਸਿਰ ਧੁਣਨ ਲੱਗੇ ਕਿ ਅਸੀਂ ਉਸ ਸ਼ਕਤੀ ਨਾਲ ਮੱਥਾ ਲਾ ਲਿਆ, ਜਿਸ ਨੂੰ ਕੋਈ ਵੀ ਜਿੱਤ ਨਹੀਂ ਸਕਦਾ, ਜੋ ਅਜਿੱਤ ਹੈ, ਨਿਰਭਉ ਹੈ ਜੋ ਸਰਬ ਸ਼ਕਤੀਮਾਨ ਹੈ। ਦਰੋਪਤੀ ਨੂੰ ਛੱਡ ਦਿਤਾ ਗਿਆ। ਘਰ ਆ ਗਈ, ਬਹੁਤ ਪਛਤਾਈ ਪਰ ਅੰਦਰੋਂ ਬਹੁਤ ਖੁਸ਼ ਵੀ ਸੀ ਕਿ ਮੇਰੀ ਲਾਜ ਪ੍ਰਭੂ ਨੇ ਰੱਖ ਲਈ। ਭਾਈ ਗੁਰਦਾਸ ਜੀ ਇਸ ਘਟਨਾ ਨੂੰ ਆਪਣੀਆਂ ਵਾਰਾਂ ਵਿਚ ਅੰਕਿਤ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਸ੍ਰਿਸ਼ਟੀ ਦੇ ਨਾਥ ਨੂੰ ਅਨਾਥਾਂ ਦੀ ਮਦਦ ਕਰਨ ਦੀ ਆਦਤ ਪਈ ਹੋਈ ਹੈ ਜਿਹੜਾ ਉਸ ਦਾ ਬਣ ਜਾਂਦਾ ਹੈ ਉਨ੍ਹਾਂ ਨੂੰ ਕੋਈ ਹਰਾ ਨਹੀਂ ਸਕਦਾ।

***ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।***
***ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।***
***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।***
***ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***
***ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।***
***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।***
***ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।***
***ਨਾਥ ਅਨਾਥਾਂ ਬਾਣਿ ਧੁਰਾਂਦੀ।***

***ਭਾਈ ਗੁਰਦਾਸ ਜੀ, ਵਾਰ 10/8***

ਸੋ ਜਿਸ ਨੇ ਪ੍ਰਭੂ ਨੂੰ ਆਪਣਾ ਬਣਾ ਲਿਆ ਉਸ ਦੀ ਸੰਸਾਰ ਵਿਚ ਕਦੇ ਹਾਰ ਨਹੀਂ ਹੁੰਦੀ। ਕਿਹੋ ਜਿਹੇ ਭੀ ਬਿਖੜੇ ਹਾਲਾਤ ਹੋ ਜਾਣ ਪ੍ਰਭੂ ਉਸਦੀ ਮਦਦ ਕਰਦੇ ਹੀ ਹਨ ਕਿਉਂਕਿ ਉਸ ਨੂੰ ਸ਼ਰਨ ਪਏ ਹੋਏ ਦੀ ਲਾਜ ਹੈ ਉਸਦਾ ਬਿਰਦ ਹੈ ਸ਼ਰਨ ਪਏ ਨੂੰ ਆਪਣੇ ਗਲ ਨਾਲ ਲਾਉਣਾ ਜਿਵੇਂ ਕਿ ਫੁਰਮਾਨ ਹੈ -

□ □ □ □ □ □ □ □

***'ਚਲਦਾ'***

# ਭਗਵਤ ਗੀਤਾ ਦੀ ਚਿਰ-ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAG VAD GITA

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ – 62)*

64. ਮਨ ਉਤੇ ਕਾਬੂ ਪਾ ਕੇ, ਵਿਸ਼ੇ ਵਿਕਾਰਾਂ ਤੋਂ ਮੁਕਤ ਹੋ ਕੇ, ਜੇ ਮਨੁੱਖ ਸੰਵੇਦਨਾਵਾਂ ਨੂੰ ਭੋਗ ਰਿਹਾ ਹੁੰਦਾ ਹੈ ਪ੍ਰੰਤੂ ਉਸ ਦਾ ਮਨ ਤੇ ਪੂਰਾ ਕਾਬੂ ਹੋਵੇ ਤਾਂ ਉਹ ਸ਼ਾਂਤੀ ਪ੍ਰਾਪਤ ਲੈਂਦਾ ਹੈ।

65. ਸ਼ਾਂਤੀ ਪ੍ਰਾਪਤ ਕਰਕੇ ਸਾਰੇ ਦੁਖ ਦੂਰ ਹੋ ਜਾਂਦੇ ਹਨ, ਸ਼ਾਂਤ ਮਨੁੱਖ ਦੀ ਬੁੱਧੀ ਛੇਤੀ ਹੀ ਸਥਿਰ ਹੋ ਜਾਂਦੀ ਹੈ।

ਸੰਯਮ, ਸਵੈ ਅਨੁਸ਼ਾਸ਼ਨ ਸਦਾ ਹੀ ਸਾਧਕ ਦੀ ਸਹਾਇਤਾ ਕਰਦਾ ਹੈ। ਜਿਹੜਾ ਸਵੈ ਅਨੁਸ਼ਾਸ਼ਨ ਤੇ ਭਰੋਸਾ ਹੀ ਨਹੀਂ ਰਖਦਾ, ਉਹ ਗੂੜ੍ਹ ਗਿਆਨ ਪ੍ਰਾਪਤ ਹੀ ਨਹੀਂ ਕਰ ਸਕਦਾ। ਇੰਦ੍ਰੀਆਂ ਦੀ ਇੱਛਾ ਪੂਰਤੀ ਕੇਵਲ ਛਿਨ ਭਰ ਲਈ ਹੀ ਹੁੰਦੀ ਹੈ। ਜਦੋਂ ਮਨਮੋਹਕ ਵਸਤੂਆਂ ਖਤਮ ਹੋ ਜਾਂਦੀਆਂ ਹਨ ਤਾਂ ਮੌਜ ਵੀ ਖਤਮ। ਜਦੋਂ ਉਹ ਮਨ ਮੋਹਕ ਵਸਤਾਂ ਨਹੀਂ ਹੁੰਦੀਆਂ, ਮਨ ਦੁਖੀ ਹੁੰਦਾ ਹੈ, ਸੰਸਾਰਕ ਵਸਤਾਂ ਦਾ ਮੋਹ ਸੁਖ ਅਤੇ ਦੁਖ ਦਿੰਦਾ ਹੈ, ਸ਼ਾਂਤੀ ਉਸ ਮਨ ਵਿਚ ਆਉਂਦੀ ਹੈ ਜਿਹੜਾ ਇੰਦ੍ਰੀਆਂ ਦੀ ਇੱਛਾ ਪੂਰਤੀ ਤੋਂ ਮੁਕਤ ਹੈ। ਆਮ ਤੌਰ ਤੇ ਮਨ ਇਛਾਵਾਂ ਦਾ ਦਾਸ ਹੈ, ਗੁਲਾਮ ਹੈ ਪਰ ਜਦੋਂ ਮਨ ਇਛਾਵਾਂ ਤੇ ਕਾਬੂ ਪਾ ਲੈਂਦਾ ਹੈ, ਉਹ ਵਿਵੇਕੀ ਬਣ ਜਾਂਦਾ ਹੈ, ਠੀਕ ਅਤੇ ਗਲਤ ਦੀ ਪਛਾਣ ਕਰ ਸਕਦਾ ਹੈ ਟਿਕਿਆ ਹੋਇਆ ਅਡੋਲ, ਇਕਾਗਰ, ਸਥਿਰ ਮਨ ਹੀ ਸ਼ਾਂਤ ਮਨ ਹੋ ਸਕਦਾ ਹੈ, ਸ਼ਾਂਤ ਮਨ ਹੀ ਉਦਾਸੀਨਤਾ ਰਹਿਤ ਹੋ ਸਕਦਾ ਹੈ।

ਜਿਹੜਾ ਮਨ ਦੁਖ ਅਤੇ ਉਦਾਸੀ ਤੋਂ ਮੁਕਤ ਹੈ, ਵਿਘਨ ਰਹਿਤ ਹੈ, ਉਹ ਖੇਰੂੰ-ਖੇਰੂੰ ਨਹੀਂ ਹੁੰਦਾ, ਉਸ ਦੀ ਸ਼ਕਤੀ ਬਣੀ ਰਹਿੰਦੀ ਹੈ, ਉਹ ਇਕ ਇੱਛਾ ਸ਼ਕਤੀ ਬਣ ਜਾਂਦੀ ਹੈ, ਉਸ ਇੱਛਾ ਸ਼ਕਤੀ ਨਾਲ ਆਪਣੇ ਧੇਅ ਦੀ ਪ੍ਰਾਪਤੀ ਵਿਚ ਕਾਮਯਾਬੀ ਹਾਸਲ ਹੁੰਦੀ ਹੈ, ਖਿੰਡੇ ਹੋਏ ਮਨ ਦੀ ਕੋਈ ਇੱਛਾ ਸ਼ਕਤੀ ਨਹੀਂ ਹੁੰਦੀ, ਇਕਾਗਰ ਅਤੇ ਸਥਿਰ ਮਨ ਇੱਛਾ ਸ਼ਕਤੀ ਪੈਦਾ ਕਰਦਾ ਹੈ। ਕਮਜ਼ੋਰ ਮਨ, ਦੁਰਬਲ ਮਨ ਦਾ ਸਾਧਕ ਕਾਮਯਾਬ ਸਾਧਕ ਨਹੀਂ ਹੋ ਸਕਦਾ ਕਿਉਂਕਿ ਉਸਦਾ ਮਨ ਛੇਤੀ ਹੀ ਦੂਸਰੇ ਪਦਾਰਥਾਂ ਵਲ ਖਿਚਿਆ ਜਾਵੇਗਾ ਪਰ ਉਹ ਜਗਿਆਸੂ ਜਿਸ ਦਾ ਮਨ ਸਥਿਰ ਹੈ ਇਕਾਗਰ ਹੈ, ਇੱਛਾ ਸ਼ਕਤੀ ਵਾਲਾ ਹੈ, ਉਹ ਉਸ ਨੂੰ ਨਿਰਭੈਤਾ ਅਤੇ ਹਿੰਮਤ ਦੇ ਕੇ ਉਸ ਦੀਆਂ ਸਾਰੀਆਂ ਔਕੜਾਂ ਦੂਰ ਕਰ ਦੇਵੇਗਾ।

ਅੱਜ ਦਾ ਵਿਦਿਆਰਥੀ ਅਨੁਸ਼ਾਸ਼ਨ ਤੋਂ ਡਰਦਾ ਹੈ, ਉਹ ਇਸ ਦਾ ਅਰਥ, ਭਾਵ ਨਹੀਂ ਸਮਝਦਾ, ਉਹ ਅਨੁਸ਼ਾਸ਼ਨ ਇਕ ਦੰਡ ਰੂਪ ਵਿਚ ਲੈਂਦੇ ਹਨ, ਦੰਡ ਜਿਹੜੇ ਵੱਡੇ ਆਦਮੀ ਛੋਟਿਆਂ ਨੂੰ ਦਿੰਦੇ ਹਨ। ਜਦੋਂ ਹੀ ਉਹ ਅਨੁਸ਼ਾਸ਼ਨ ਦਾ ਸ਼ਬਦ ਸੁਣਦੇ ਹਨ, ਦੌੜ ਜਾਂਦੇ ਹਨ ਪਰ ਅਨੁਸ਼ਾਸ਼ਨ ਤੋਂ ਬਿਨਾਂ ਮਨ ਨੂੰ ਕਾਬੂ ਕੀਤਾ ਹੀ ਨਹੀਂ ਜਾ ਸਕਦਾ, ਮਨ ਨੂੰ ਕਾਬੂ ਕੀਤੇ ਬਿਨਾਂ ਮਨ ਨੂੰ ਸਥਿਰ, ਇਕਾਗਰ ਕਰਕੇ ਇਕ ਬਿੰਦੂ ਕੇਂਦਰਤ ਕਰਨਾ ਅਤੀ ਕਠਿਨ ਹੈ। ਇਸ ਕਰਕੇ ਇੱਛਾ ਸ਼ਕਤੀ ਤੋਂ ਬਿਨਾਂ, ਹਿੰਮਤ ਤੋਂ ਬਿਨਾਂ, ਅਨੁਸ਼ਾਸ਼ਨ ਨਹੀਂ, ਅਨੁਸ਼ਾਸ਼ਨ ਤੋਂ ਬਿਨਾਂ ਮਨ ਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਅੱਜ ਦਾ ਜਗਿਆਸੂ ਜਾਨਣ ਦੀ ਇੱਛਾ ਰਖਦਾ ਹੈ ਪਰ ਉਹ ਰਹਿੰਦਾ ਸਦਾ ਸੰਸਾਰਕ ਮਾਇਆ ਵਿਚ ਹੈ, ਹਰ ਸੁੱਖ ਨੂੰ ਮਾਨਣਾ ਉਸ ਲਈ ਅਨੰਦਮਈ ਹੈ, ਵਿਸ਼ੇ ਵਿਕਾਰਾਂ ਵਿਚ ਪਿਆ ਸੱਚ ਨੂੰ ਜਾਨਣ ਦੀ ਚਾਹ ਭੀ ਰਖਦਾ ਹੈ। ਸਾਧਕ ਨੂੰ ਇਹ ਸਮਝ ਲੈਣ ਦੀ ਲੋੜ ਹੈ ਕਿ ਮਨ ਕਥਨੀ ਅਤੇ ਕਰਨੀ ਨੂੰ ਇਕਾਗਰ ਕਰਕੇ ਇਕ ਪਾਸੇ ਹੀ ਲਾਉਣਾ ਪਵੇਗਾ, ਦੁਚਿਤੇ ਰਹਿ ਕੇ ਕੰਮ ਨਹੀਂ ਹੋਣਾ ਭਾਵ ਮਨ ਵਿਚ ਇੱਛਾ ਰੱਖੋ ਕਿ ਸੱਚ ਦੀ ਖੋਜ ਕਰਨੀ ਹੈ। ਹਰ ਵੇਲੇ ਵਿਸ਼ੇ ਵਿਕਾਰਾਂ ਵਿਚ ਪਏ ਰਹਿਣ ਨਾਲ ਸੱਚ ਦੀ ਖੋਜ ਨਹੀਂ ਹੋ ਸਕਦੀ। ਜੋ ਚਾਹੁੰਦੇ ਹੋ ਉਸ ਅਨੁਸਾਰ ਹੀ ਕਰਨੀ ਕਰੋ, ਜੋ ਸੋਚਦੇ ਹੋ ਉਹ ਹੀ ਕਰੋ, ਨਹੀਂ ਤਾਂ ਅੰਤਰ ਵਿਚ ਬਹੁਤ ਭਾਰੀ ਦਵੈਤ ਪੈ ਜਾਵੇਗਾ।

66. ਯੋਗ ਵਿਚ ਜੁੜੇ ਬਿਨਾਂ ਵਿਵੇਕ ਬੁੱਧੀ ਨਹੀਂ ਆ ਸਕਦੀ, ਨਾ ਹੀ ਚਿੰਤਨ ਹੋ ਸਕਦਾ ਹੈ, ਵਿਵੇਕ ਅਤੇ ਚਿੰਤਨ ਤੋਂ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ, ਸ਼ਾਂਤੀ ਤੋਂ ਬਿਨਾਂ ਸੁੱਖ ਕਿਸ ਤਰ੍ਹਾਂ ਹੋ ਸਕਦਾ ਹੈ।

67. ਜਿਹੜਾ ਮਨ ਵਿਸ਼ੇ ਵਿਕਾਰਾਂ ਪਿਛੇ ਦੌੜਦਾ ਰਹੇਗਾ, ਉਸ ਮਨ ਵਿਚੋਂ ਬੁੱਧੀ ਇਸ ਤਰ੍ਹਾਂ ਲੁੱਟੀ ਜਾਵੇਗੀ ਜਿਵੇਂ ਹਨ੍ਹੇਰੀ ਕਿਸ਼ਤੀ ਨੂੰ ਉਡਾ ਕੇ ਲੈ ਜਾਂਦੀ ਹੈ।

68. ਇਸ ਕਰਕੇ ਹੇ ਯੋਧੇ! ਜਿਸ ਦੀਆਂ ਇੰਦ੍ਰੀਆਂ, ਵਾਸ਼ਨਾਵਾਂ, ਉਸ ਦੇ ਵਸ ਹਨ ਵਿਸ਼ੇ ਵਿਕਾਰਾਂ ਵਿਚ ਨਹੀਂ ਡੁਬਿਆ ਹੋਇਆ, ਉਸ ਦੀ ਬੁੱਧੀ ਸਥਿਰ ਹੈ।

ਨਿਰੋਲ ਵਿਵੇਕ ਵਿਚਾਰ ਦਾ ਧਾਰਨੀ ਹੋ ਕੇ ਸੱਚ ਅਤੇ ਝੂਠ ਦਾ ਨਿਤਾਰਾ ਕਰ ਸਕਦਾ ਹੈ, ਅਟੱਲ ਅਤੇ ਨਾਸ਼ਵਾਨ ਵਿਚ ਭੇਦ ਦਸ ਸਕਦਾ ਹੈ। ਇਹ ਵਿਵੇਕ ਹੀ ਬੈਰਾਗ ਪੈਦਾ ਕਰ ਸਕਦਾ ਹੈ, ਨਿਰੰਤਰ ਸਾਧਨਾ ਕਰਕੇ ਵਿਵੇਕ ਦੀ ਪ੍ਰਾਪਤੀ ਹੁੰਦੀ ਹੈ। ਜਿਹੜਾ ਨਿਰਲੇਪ ਹੈ, ਉਹ ਪੂਰੀ ਤਰ੍ਹਾਂ ਇਕਾਗਰ ਹੈ। ਪੂਰਾ ਇਕਾਗਰ ਮਨ ਆਪਣੇ ਆਪ ਵਿਚ ਸੰਪੂਰਨ ਰੂਪ ਵਿਚ ਲਾਭਕਾਰੀ ਹੋ ਸਕਦਾ ਹੈ। ਉਹ ਸ਼ਾਂਤੀ ਮਹਿਸੂਸ ਕਰ ਸਕਦਾ ਹੈ ਅਤੇ ਸ਼ਾਂਤੀ ਨਾਲ ਸੁੱਖ ਅਤੇ ਖੁਸ਼ੀ ਦੀ ਪ੍ਰਾਪਤੀ ਹੋ ਸਕਦੀ ਹੈ। ਉਹ ਸੁੱਖ ਵਿਸ਼ੇ ਵਿਕਾਰਾਂ ਦੇ ਸੁੱਖ ਨਾਲੋਂ ਕਿਤੇ ਹੋਰ ਹੁੰਦਾ ਹੈ, ਵਿਸ਼ੇ ਵਿਕਾਰ ਭੋਗ ਕੇ ਖਿੰਨ ਭੰਗਰ ਖੁਸ਼ੀ ਮਹਿਸੂਸ ਕਰਦਾ ਹੈ ਪ੍ਰੰਤੂ ਸੰਤੁਸ਼ਟੀ ਕੇਵਲ ਸ਼ਾਂਤ ਮਨ ਤੋਂ ਹੀ ਪ੍ਰਾਪਤ ਹੁੰਦੀ ਹੈ।

ਮਨੁੱਖੀ ਸਰੀਰ ਇਕ ਰੱਥ ਦੀ ਤਰ੍ਹਾਂ ਹੈ ਜਿਸ ਵਿਚ

ਆਤਮਾ ਦਾ ਵਾਸਾ ਹੈ, ਮਨੁੱਖੀ ਬੁੱਧੀ ਰਥਵਾਨ ਹੈ, ਮਨ ਇਸ ਦੀ ਲਗਾਮ ਹੈ, ਇੰਦ੍ਰੀਆਂ ਘੋੜੇ ਹਨ ਜਿਹੜੇ ਰਥ ਨੂੰ ਵਿਸ਼ੇ ਵਿਕਾਰਾਂ ਵਲ ਖਿੱਚ ਰਹੇ ਹਨ। ਬੁਧੀਮਾਨ ਆਪਣੇ ਮਨ ਨੂੰ ਸ਼ਾਂਤ ਕਰਕੇ, ਸਥਿਰ ਹੋ ਕੇ ਆਪਣੇ ਰਥ ਨੂੰ ਗਿਆਨ ਪ੍ਰਕਾਸ਼ ਵਲ ਲੈ ਜਾਂਦਾ ਹੈ। ਅਗਿਆਨੀ, ਬੁੱਧਹੀਨ, ਯੋਗਹੀਣ, ਇੰਦ੍ਰੀਆਂ ਨੂੰ ਕਾਬੂ ਨਹੀਂ ਕਰ ਸਕਦੇ। ਅਣਸਿੱਖੇ ਘੋੜਿਆਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਸਿੱਖੇ ਹੋਏ ਘੋੜੇ ਰਥ ਨੂੰ ਗਿਆਨ ਪਥ ਤੇ ਲੈ ਜਾਣਗੇ। ਇਸ ਤਰ੍ਹਾਂ ਗਿਆਨੀ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾ ਲੈਂਦੇ ਹਨ, ਮੁਕਤ ਹੋ ਜਾਂਦੇ ਹਨ ਪਰ ਅਗਿਆਨੀ ਮੂਰਖ ਜਿਹੜੇ ਆਪਣੇ ਆਪ ਤੇ ਕਾਬੂ ਨਹੀਂ ਪਾ ਸਕਦੇ, ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

69. ਆਮ ਆਦਮੀ ਵਾਸਤੇ ਜਿਹੜੀ ਰਾਤ ਹੈ, ਗਿਆਨੀਆਂ ਲਈ ਉਹ ਦਿਨ ਹੈ, ਜਿਸ ਸਮੇਂ ਆਮ ਆਦਮੀ ਜਾਗਦੇ ਹਨ ਗਿਆਨੀਆਂ ਲਈ ਰਾਤ ਹੈ, ਉਨ੍ਹਾਂ ਨੂੰ ਉਸ ਸਮੇਂ ਦਿਸਦਾ ਹੈ।

ਇਸ ਸਲੋਕ ਵਿਚ ਬੜੀ ਅਦੁੱਤੀ ਵਿਦਵਤਾ ਹੈ, ਯੋਗੀ ਅਤੇ ਸਾਧਕ ਦਾ ਵਿਵਹਾਰ ਦਸਿਆ ਗਿਆ ਹੈ। ਇਹ ਦੱਸ ਕੇ ਕਿ ਜਿਹੜਾ ਆਮ ਆਦਮੀ ਵਾਸਤੇ ਰਾਤ ਹੈ, ਉਹ ਗਿਆਨੀਆਂ ਲਈ ਦਿਨ ਹੈ, ਜੀਵਨ ਦਾ ਉਦੇਸ਼ ਇਸ ਸਲੋਕ ਵਿਚ ਬਹੁਤ ਸਪਸ਼ਟ ਕਰਕੇ ਦਸਿਆ ਗਿਆ ਹੈ, ਜੀਵਨ ਦਾ ਸਾਰ ਇਕ ਆਰੰਭਿਕ ਗੀਤ ਹੈ ਅਤੇ ਸਾਰਾ ਬ੍ਰਹਿਮੰਡ ਉਸ ਦੀ ਗਾਣ ਦੀ ਮੰਡਲੀ ਹੈ ਜੋ ਇਕੋ ਹੀ ਗੀਤ ਵੱਖ-ਵੱਖ ਧੁਨ ਵਿਚ ਵਜਾਉਂਦੀ ਹੈ। ਗਿਆਨੀ, ਸਿਆਣਾ ਉਸ ਸਾਰੇ ਗੀਤ ਨੂੰ ਸੁਣਨ ਲਈ ਸਾਰਾ ਸਰੀਰ ਹੀ ਕੰਨ ਬਣਾ ਲੈਂਦਾ ਹੈ, ਉਹ ਗੀਤ ਅਗਿਆਨੀ ਨਹੀਂ ਸੁਣ ਸਕਦਾ ਕਿਉਂਕਿ ਉਹ ਤਾਂ ਕੰਨ ਪਾੜਨ ਵਾਲੇ, ਨਸਾਂ ਤੋੜਨ ਵਾਲੇ, ਵਿਘਨ ਪਾਉਣ ਵਾਲੀਆਂ ਸਮਾਜ ਦੀਆਂ ਅਵਾਜ਼ਾਂ ਵਿਚ ਉਲਝਿਆ ਹੋਇਆ ਹੈ।

ਜਿਹੜਾ ਸਾਧਕ ਜੀਵਨ ਦੇ ਉਚੇਰੇ ਪੱਧਰ ਤੇ ਪਹੁੰਚ ਜਾਂਦਾ ਹੈ ਅੰਦਰ ਝਾਤੀ ਮਾਰਨ ਦੇ ਕਾਬਲ ਹੋ ਜਾਂਦਾ ਹੈ, ਅਸੀਮ ਤਕ ਪਹੁੰਚ ਜਾਂਦਾ ਹੈ, ਉਹ ਸਤਿ ਨਾਲ ਇਕ ਹੋ ਜਾਂਦਾ ਹੈ। ਦੂਸਰੇ ਤਾਂ ਸੁੱਤੇ ਹੀ ਰਹਿੰਦੇ ਹਨ, ਸਤਿ ਤੋਂ ਵਾਂਝੇ ਰਹਿ ਜਾਂਦੇ ਹਨ, ਜਦੋਂ ਕਿ ਆਮ ਆਦਮੀ ਆਪਣੇ ਆਪ ਨੂੰ ਸੰਸਾਰਕ ਵਸਤਾਂ ਨਾਲ ਮਿਲਾਈ ਰਖਦਾ ਹੈ, ਸੰਤ ਸੰਸਾਰ ਤੋਂ ਬਿਲਕੁਲ ਬੇਪਰਵਾਹ ਰਹਿੰਦੇ ਹਨ, ਉਹ ਆਪਣਾ ਅਨੰਦ ਅੰਮ੍ਰਿਤ ਵੇਲੇ ਉਠ ਕੇ ਉਸ ਸ਼ਾਂਤ ਵਾਤਾਵਰਣ ਵਿਚ ਲਭਦੇ ਹਨ, ਆਮ ਬੰਦਾ ਰਾਤ ਦੀ ਸ਼ਾਂਤੀ, ਚੁਪ, ਨਿਰਮਲਤਾ ਨਹੀਂ ਮਾਨਣੀ ਜਾਣਦਾ, ਪਰ ਯੋਗੀ ਆਪਣੀ ਸਮਾਧੀ ਲਈ ਇਸ ਨੂੰ ਬਹੁਤ ਪਸੰਦ ਕਰਦੇ ਹਨ, ਉਨ੍ਹਾਂ ਲਈ ਰਾਤ ਉਨ੍ਹਾਂ ਦੀ ਸਾਧਨਾ ਤੇ ਫੁੱਲ ਬਰਸਾਉਂਦੀ ਹੈ, ਉਹ ਉਨ੍ਹਾਂ ਫੁਲਾਂ ਨੂੰ ਸਮੇਟਦੇ ਹਨ, ਇਹੋ ਜਿਹੇ ਸਾਧਕ ਹੀ ਵਡਭਾਗੇ ਹਨ। ਵਿਰਲੇ ਹੀ ਦਿਨ ਨੂੰ ਸੌਂਦੇ ਅਤੇ ਰਾਤ ਨੂੰ ਜਾਗਦੇ ਹਨ, ਆਮ ਬੰਦੇ ਲਈ ਇਹ ਸੰਭਵ ਨਹੀਂ। ਜਿਹੜੇ ਗਿਆਨ ਮਾਰਗ ਤੇ ਚਲਦੇ ਹਨ ਉਨ੍ਹਾਂ ਦੀ ਤੋਰ ਕੋਈ ਹੋਰ ਹੀ ਹੁੰਦੀ ਹੈ ਪਰ ਉਨ੍ਹਾਂ ਦੀ ਜੀਵਨ ਵਰਤੋਂ ਬਿਲਕੁਲ ਵੱਖਰੀ ਹੀ ਹੁੰਦੀ ਹੈ ਜੋ ਆਮ ਬੰਦਾ ਨਹੀਂ ਸਮਝ ਸਕਦਾ। ਜਦੋਂ ਸਾਰੇ ਸੌਂਦੇ ਹਨ, ਸਾਧਕ ਜਾਗਦੇ ਹਨ। ਜਦੋਂ ਸਾਰਾ ਸੰਸਾਰ ਜਾਗਦਾ ਹੈ, ਰੁਝਾ ਹੋਇਆ ਹੈ, ਵਿਸ਼ੇ ਵਿਕਾਰਾਂ ਵਿਚ ਉਲਝਿਆ ਹੋਇਆ ਹੈ, ਸਾਧਕ ਸੁੱਤਾ ਪਿਆ ਹੁੰਦਾ ਹੈ, ਉਹ ਸੰਸਾਰ ਦੇ ਸ਼ੋਰ ਸ਼ਰਾਬੇ ਤੋਂ, ਵਿਘਨਾਂ ਤੋਂ ਬਿਲਕੁਲ ਬੇਸੁਰਤ ਹੁੰਦਾ ਹੈ।

ਸ੍ਰੀ ਕ੍ਰਿਸ਼ਨ ਜੀ ਇਨ੍ਹਾਂ ਦੋਹਾਂ ਦੀ ਸੋਚਣੀ ਅਤੇ ਵਿਵਹਾਰ ਵਿਚ ਅੰਤਰ ਦਸਦੇ ਹਨ। ਗਿਆਨੀ ਸੱਚੇ ਖੋਜੀ ਅਤੇ ਸਾਧਕ ਹਨ। ਜੋ ਸਤਿ ਤੋਂ ਜਾਣੂੰ ਹਨ। ਅਗਿਆਨੀ ਜੋ ਬਿਲਕੁਲ ਨਹੀਂ ਜਾਣਦੇ, ਜਿਹੜੇ ਪਾਣੀ ਨਹੀਂ ਪੀਂਦੇ ਸਗੋਂ ਪਾਣੀ ਵਿਚ ਉਗੀ ਘਾਹ ਨੂੰ ਚਬ ਕੇ ਪਿਆਸ ਬੁਝਾਉਂਦੇ ਹਨ। ਬਾਹਰੀ ਸੰਸਾਰ ਲੁਭਾਇਮਾਨ ਹੈ, ਇਸ ਵਿਚ ਕਸ਼ਿਸ਼ ਹੈ, ਪਰ ਇਹ ਆਤਮਾ ਦੀ ਪਿਆਸ ਨਹੀਂ ਬੁਝਾ ਸਕਦੇ, ਸੁਖ ਦੀ ਲਾਲਸਾ ਮਨੁੱਖ ਵਿਚ ਸਥਾਈ ਹੈ, ਇਹ ਕੇਵਲ ਆਤਮ ਗਿਆਨ ਨਾਲ ਹੀ ਬੁਝਦੀ ਹੈ।

70. ਜਿਵੇਂ ਸਾਰੀਆਂ ਨਦੀਆਂ ਦੇ ਪਾਣੀ ਪੈਣ ਤੋਂ ਬਾਦ ਵੀ ਸਮੁੰਦਰ ਸ਼ਾਂਤ ਹੀ ਰਹਿੰਦਾ ਹੈ, ਇਸੇ ਤਰ੍ਹਾਂ ਹੀ ਜਿਸ ਵਿਚ ਸਾਰੀਆਂ ਇੱਛਾ ਲੀਨ ਹੋ ਚੁਕੀਆਂ ਹਨ, ਉਹ ਸਥਿਰ ਹੈ। ਉਹ ਜਿਹੜਾ ਇਛਾਵਾਂ ਦੀ ਲਾਲਸਾ ਰਖਦਾ ਹੈ, ਉਹ ਸ਼ਾਂਤ ਜਾਂ ਸਥਿਰ ਨਹੀਂ ਹੋ ਸਕਦਾ।

71. ਜਿਹੜਾ ਨਿਰਲੇਪ ਹੈ, ਸਾਰੀਆਂ ਇਛਾਵਾਂ ਦਾ ਤਿਆਗ ਕਰ ਚੁਕਾ ਹੈ, ਹਉਮੈ ਰਹਿਤ ਹੈ, ਉਹ ਸ਼ਾਂਤ ਹੈ ਜਿਹੜਾ ਮੈਂ ਨੂੰ ਭੀ ਮਿਟਾ ਚੁਕਾ ਹੈ।

72. ਹੇ ਪਰਿਥਾ ਪੁੱਤਰ! ਇਹ ਸਥਿਤੀ ਬ੍ਰਹਮ ਅਵਸਥਾ ਹੈ ਇਸ ਨੂੰ ਪ੍ਰਾਪਤ ਕਰਕੇ ਕੋਈ ਘਬਰਾਉਂਦਾ ਨਹੀਂ। ਜਿਹੜਾ ਮਰਨ ਸਮੇਂ ਵੀ ਇਸੇ ਸਥਿਤੀ ਵਿਚ ਰਹੇ, ਉਹ ਬ੍ਰਹਮਲੀਨ ਹੋ ਜਾਂਦਾ ਹੈ।

ਇਹੋ ਜਿਹੇ ਜਗਿਆਸੂ ਨੇ ਜਿਸ ਨੇ ਸ਼ਾਂਤੀ ਅਤੇ ਸਥਿਰਤਾ ਦੀ ਪ੍ਰਾਪਤੀ ਕਰ ਲਈ ਹੈ, ਉਹ ਇਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਅਕਾਸ਼ ਵਿਚ ਤੁਫਾਨ ਚਲਦੇ ਰਹਿਣ, ਬਿਜਲੀ ਗਰਜਦੀ ਰਹੇ ਪਰ ਉਹ ਅਕਾਸ਼ ਉਤੇ ਕੋਈ ਅਸਰ ਨਹੀਂ ਪਾ ਸਕਦੇ, ਬ੍ਰਹਿਮੰਡ ਦੀ ਸਥਿਰਤਾ ਨੂੰ ਨਹੀਂ ਹਿਲਾ ਸਕਦੇ, ਉਸੇ ਤਰ੍ਹਾਂ ਇਛਾਵਾਂ ਅਤੇ ਸੰਵੇਗਾਂ ਦੇ ਤੂਫਾਨ ਇਕ ਯੋਗੀ ਦੇ ਮਨ ਦੀ ਸ਼ਾਂਤੀ ਅਤੇ ਸਥਿਰਤਾ ਨੂੰ ਅਸ਼ਾਂਤ ਨਹੀਂ ਕਰ ਸਕਦੇ। ਵਿਅੰਗਮਈ ਗੱਲ ਇਹ ਹੈ ਜਿਹੜਾ ਵੀ ਵਿਸ਼ੇ ਵਿਕਾਰਾਂ ਵਾਲਾ ਜੀਵਨ ਬਿਤਾਉਂਦਾ ਹੈ ਕਿ ਉਹ ਸੰਤਾਪ ਵਿਚ ਹੀ ਰਹਿੰਦਾ ਹੈ, ਜਦੋਂ ਕਿ ਯੋਗੀ ਜਿਸ ਨੂੰ ਪੂਰਾ ਸੰਜਮ ਹੈ, ਸ਼ਾਂਤ ਹੈ, ਉਹ ਜੀਉਣ ਦੀ ਪੂਰੀ ਜਾਚ ਜਾਣਦਾ ਹੈ, ਜਿਸ ਨਾਲ ਉਹ ਧਰਤੀ ਉਪਰ ਬਿਨਾਂ ਕਿਸੇ ਸੰਸਾਰਕ ਚਮਕ ਦਮਕ ਵਿਚ ਉਲਝਿਆ ਰਹਿ ਸਕਦਾ ਹੈ। ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ, ਇਹ ਉਸ ਮਨੁੱਖ ਦੀ ਹਾਲਤ ਹੁੰਦੀ ਹੈ ਜੋ ਆਤਮ ਸਿੱਧ ਹੋ ਗਿਆ ਹੈ, ਇਹੋ ਜਿਹਾ ਮਨੁੱਖ ਕਿਸੇ ਭਰਮ, ਉਪਰਾਮਤਾ ਅਤੇ ਇੰਦ੍ਰੀ ਕਲਾ ਦਾ ਸ਼ਿਕਾਰ ਨਹੀਂ ਹੁੰਦਾ। ਵੱਧ ਤੋਂ ਵੱਧ ਮਹੱਤਵਪੂਰਨ ਸਮੇਂ ਵੀ ਉਹ ਸ਼ਾਂਤ ਸਥਿਰ ਰਹਿੰਦਾ ਹੈ, ਆਪਣੇ ਆਪ ਨੂੰ ਪ੍ਰਭੂ ਵਿਚ ਲੀਨ ਰਖਦਾ ਹੈ। ਬ੍ਰਹਮਲੀਨ ਰਹਿੰਦਾ ਹੈ, ਹਉਮੈ ਅਤੇ ਸੰਸਾਰਕ ਪਦਾਰਥਾਂ ਤੋਂ ਪਰ੍ਹੇ ਰਹਿੰਦਾ

ਹੈ, ਹੰਗਤਾ ਤੇ ਮਮਤਾ ਤੋਂ ਉਚੇ ਉਠ ਕੇ ਉਹ ਸੰਸਾਰਕ ਡੀਊਟੀਆਂ ਕਲਾਤਮਕ ਤਰੀਕੇ ਅਤੇ ਸੋਝੀ ਨਾਲ ਕਰਦਾ ਹੈ।

ਇਹੋ ਜਿਹੇ ਗਿਆਨੀ ਜਾਗ੍ਰਿਤ ਜੀਵਨ ਲਈ ਵਖਰਾ ਹੀ ਰਵੱਈਆ ਰਖਦੇ ਹਨ, ਰਿਸ਼ਤਿਆਂ ਨੂੰ, ਸੰਸਾਰਕ ਪਦਾਰਥਾਂ ਨੂੰ, ਬਿਲਕੁਲ ਅਲੱਗ ਤਰ੍ਹਾਂ ਹੀ ਦੇਖਦੇ ਹਨ। ਇਹ ਆਪਣੇ ਆਪ ਨੂੰ ਸੰਸਾਰਕ ਪਦਾਰਥਾਂ ਨਾਲ ਸਮਾਨ ਨਹੀਂ ਸਮਝਦੇ, ਸਭ ਕੁਝ ਵਿਚ ਰਹਿੰਦੇ ਹੋਏ ਵੀ ਨਿਆਰੇ ਰਹਿੰਦੇ ਹਨ, ਜਦੋਂ ਕਿ ਇਕ ਸਾਧਾਰਣ ਮਨੁਖ ਨੂੰ ਆਪਣੇ ਆਪ ਨੂੰ ਸੰਸਾਰ ਨਾਲ ਸਮਰੂਪ ਕਰਨ ਦੀ ਆਦਤ ਹੈ, ਆਪਣੇ ਪਦਾਰਥਾਂ ਨਾਲ ਚੰਬੜਨ ਦੀ ਆਦਤ ਹੈ, ਮੋਹ ਪਾਉਣ ਦੀ ਆਦਤ ਹੈ, ਉਸ ਨੂੰ ਕਦੀ ਵੀ ਭਰੋਸਾ ਨਹੀਂ ਹੋਇਆ ਕਿ ਜੋ ਉਹ ਚਾਹੁੰਦਾ ਹੈ ਉਸ ਨੂੰ ਮਿਲ ਜਾਏਗਾ ਕਿ ਨਹੀਂ, ਇਹ ਵੀ ਡਰ ਲਗਾ ਰਹਿੰਦਾ ਹੈ ਕਿ ਜੋ ਹੈ ਉਹ ਵੀ ਰਹੇਗਾ ਕਿ ਖੁਸ ਜਾਏਗਾ ਪਰ ਇਕ ਯੋਗੀ ਜਿਹੜਾ ਸਮਚਿਤ ਹੈ, ਸ਼ਾਂਤ ਹੈ, ਸਥਿਰ ਹੈ, ਜਾਣਦਾ ਹੈ ਕਿ ਸੰਸਾਰਕ ਪਦਾਰਥ ਕੇਵਲ ਇਕ ਸਾਧਨ ਦੀ ਤਰ੍ਹਾਂ ਵਰਤਣੇ ਚਾਹੀਦੇ ਹਨ, ਉਨ੍ਹਾਂ ਨਾਲ ਮੋਹ ਨਹੀਂ ਪਾਉਣਾ ਚਾਹੀਦਾ, ਨਿਰਲਿਪਤ ਰਹਿਣਾ ਚਾਹੀਦਾ ਹੈ। ਕਦੀ ਵੀ ਇਨ੍ਹਾਂ ਪਦਾਰਥਾਂ ਨਾਲ ਮਨ ਨੂੰ ਖੇਰੂੰ-ਖੇਰੂੰ ਨਹੀ ਹੋਣ ਦੇਣਾ ਚਾਹੀਦਾ, ਕਿਸੇ ਚੀਜ਼ ਦੀ ਮਲਕੀਅਤ ਜੇ ਅਸੀਂ ਰਖਣੀ ਚਾਹੀਏ ਉਹ ਅਸਾਡੀ ਇੱਛਾ ਸ਼ਕਤੀ ਅਤੇ ਮਾਨਸਿਕ ਪਕੜ ਨੂੰ ਵਧਾਉਂਦੀ ਹੈ ਠੀਕ ਰਾਹ ਇਹ ਹੈ ਕਿ ਕਿਸੇ ਚੀਜ਼ ਨਾਲ ਰਾਗ ਨਾ ਰਖਦੇ ਹੋਏ ਮਲਕੀਅਤ ਦੀ ਭਾਵਨਾ ਨੂੰ ਜਿੱਤ ਸਕੀਏ। ਇਨ੍ਹਾਂ ਚੀਜ਼ਾਂ ਦੀ ਜੀਵਨ ਵਿਚ ਕੋਈ ਕੀਮਤ ਨਾ ਰਹੇ, ਇਹ ਰੁਚੀ ਕੇਵਲ ਰੁਪਾਂਤਰਣ ਤੋਂ ਹੀ ਆਉਂਦੀ ਹੈ, ਫੇਰ ਉਹ ਮਨੁੱਖੀ ਜੀਵਨ ਦੀਆਂ ਸਾਧਾਰਣ ਡੀਊਟੀਆਂ ਕਰਦੇ ਹੋਏ ਸੰਸਾਰ ਤੋਂ ਨਿਰਲਿਪਤ ਰਹਿੰਦਾ ਹੈ।

ਇਹੋ ਜਿਹਾ ਮਨੁੱਖ ਜਾਣਦਾ ਹੈ ਕਿ ਉਹ ਸੰਸਾਰ ਵਿਚ ਇਕ ਮੁਸਾਫਰ ਦੀ ਭਾਂਤੀ ਹੀ ਵਿਚਰ ਰਿਹਾ ਹੈ, ਸਫਰ ਉਸ ਦਾ ਲੰਬਾ ਹੈ, ਉਹ ਇਕ ਅਥਿਤੀ ਦੀ ਤਰ੍ਹਾਂ ਹੈ। ਇਹੋ ਜਿਹਾ ਮੁਸਾਫਰ ਆਪਣੀ ਪਿੱਠ ਤੇ ਬੋਝਾ ਨਹੀਂ ਚੁਕਦਾ ਕਿਉਂਕਿ ਫੇਰ ਸਫਰ ਕਰਨਾ ਔਖਾ ਹੋ ਜਾਵੇਗਾ। ਦੁਖਦਾਈ ਅਨੁਭਵ ਹੋ ਜਾਵੇਗਾ, ਉਸ ਨੇ ਇਹ ਬੁਝ ਲਿਆ ਹੈ ਕਿ ਸੰਸਾਰ ਇਕ ਭੀੜ ਭੜੱਕੇ ਵਾਲਾ ਬਜ਼ਾਰ ਹੈ ਪਰ ਉਹ ਆਪਣੇ ਇਹੋ ਜਿਹੇ ਤਰੀਕੇ ਬਣਾ ਲੈਂਦਾ ਹੈ ਕਿ ਉਹ ਉਸ ਭੀੜ ਵਾਲੇ ਬਜ਼ਾਰ ਵਿਚੋਂ ਬਿਨਾਂ ਚੋਟ ਪਹੁੰਚਾਇਆਂ, ਬਿਨਾਂ ਚੋਟ ਖਾਧਿਆਂ ਲੰਘ ਸਕੇ। ਜਿਵੇਂ ਕਿ ਅਥਿਤੀ ਕਿਸੇ ਦੇ ਘਰ ਜਦੋਂ ਰਹਿੰਦਾ ਹੈ, ਉਹ ਪਰਿਵਾਰ ਦੇ ਬੰਦਿਆਂ ਲਈ ਵਿਘਨ ਨਹੀਂ ਬਣਦਾ, ਮੁਸਾਫਰ ਸੋਚਦਾ ਹੈ ਮੈਂ ਤਾਂ ਇਥੇ ਅਥਿਤੀ ਹਾਂ, ਥੋੜ੍ਹੇ ਸਮੇਂ ਲਈ, ਮੇਰਾ ਤਾਂ ਇਥੇ ਕੁਝ ਹੈ ਨਹੀਂ। ਇਹੋ ਜਿਹੀ ਰੁਚੀ ਨਾਲ ਉਹ ਕਿਸੇ ਨਾਲ ਮੋਹ ਨਹੀਂ ਪਾਉਂਦਾ, ਨਾ ਪਦਾਰਥਾਂ ਨਾਲ, ਨਾ ਰਿਸ਼ਤਿਆਂ ਨਾਲ। ਇਕ ਮੁਸਾਫਰ ਦੀ ਤਰ੍ਹਾਂ ਉਹ ਇਸ ਧਰਤੀ ਨੂੰ, ਸੰਸਾਰ ਨੂੰ, ਇਕ ਸਰ੍ਹਾਂ, ਇਕ ਕੈਂਪ ਸਮਝਦਾ ਹੈ, ਜਿਥੇ ਉਹ ਆਪਣੇ ਅੱਗੇ ਜਾਣ ਲਈ ਸਮਾਨ ਇਕੱਠਾ ਕਰਦਾ ਹੈ, ਵਾਸਤਵ ਵਿਚ ਅਸੀਂ ਸਾਰੇ ਹੀ ਮੁਸਾਫਰ ਹਾਂ, ਅਸੀਂ ਇਸ ਨਾਲ ਮੋਹ ਨਾ ਹੀ ਪਾਈਏ ਤਾਂ ਠੀਕ ਹੈ ਜਿਵੇਂ ਕਿ ਪਹਾੜ ਤੇ ਚੜ੍ਹਨ ਵਾਲਾ, ਪਹਾੜ ਤੇ ਚੜ੍ਹਣ ਤੋਂ ਪਹਿਲਾਂ ਕੈਂਪ ਵਿਚ ਰਹਿ ਕੇ ਤਿਆਰੀ ਕਰਦਾ ਹੈ ਕਿ ਕਿਵੇਂ ਉਹ ਉਤੇ ਚੜ੍ਹੇਗਾ, ਸਮਾਨ ਇਕੱਠਾ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਇਸ ਸੰਸਾਰ ਵਿਚ ਸਾਨੂੰ ਰਹਿਣਾ ਚਾਹੀਦਾ ਹੈ। ਆਓ ਅਸੀਂ ਆਪਣਾ ਸਫਰ ਸੌਖਾ ਬਣਾ ਲਈਏ, ਸੋਹਣਾ ਬਣਾ ਲਈਏ, ਸਹੂਲਤਾਂ ਇਕੱਠੀਆਂ ਕਰ ਲਈਏ, ਅਸੀਂ ਇਥੇ ਗੁਆਚੀਏ ਨਾ।

ਜਿਸ ਸਾਧਕ ਨੇ ਸਥਿਰਤਾ ਦੀ ਪ੍ਰਾਪਤੀ ਕਰ ਲਈ, ਉਸ ਨੇ ਮਰਨ ਨੂੰ ਪਛਾਣ ਲਿਆ ਹੈ, ਉਹ ਮਰਨ ਜਿਹੜਾ ਆਮ ਬੰਦੇ ਲਈ ਭਿਆਨਕ ਹੈ, ਪਰ ਸਾਧਕ ਲਈ ਇਕ ਬੜਾ ਹੀ ਅਨੋਖਾ ਤੇ ਰੋਚਕ ਹੈ, ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਮਾਂ ਥੱਕੇ ਹੋਏ ਬੱਚੇ ਨੂੰ ਲੋਰੀ ਸੁਣਾ ਕੇ ਸੁਆ ਦਿੰਦੀ ਹੈ, ਜਿਵੇਂ ਉਹ ਉਨੀਂਦੇ ਥੱਕੇ ਹੋਏ ਬੱਚੇ ਨੂੰ ਅਰਾਮ ਦਿੰਦੀ ਹੈ, ਬੱਚਾ ਬਿਲਕੁਲ ਨਰੋਆ ਹੋ ਕੇ ਜਾਗਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਮੌਤ ਥੱਕੇ ਟੁੱਟੇ ਮੁਸਾਫਰ ਨੂੰ ਨਵੇਂ ਕਪੜੇ ਪਾ ਕੇ ਨਵਾਂ ਜੀਵਨ ਦੇ ਕੇ ਮੁੜ ਰਸਤੇ ਉਤੇ ਪਾ ਦਿੰਦੀ ਹੈ। ਮਹਾਤਮਾ ਵਾਸਤੇ ਮੌਤ ਕੇਵਲ ਇਕ ਪਰੀਵਰਤਨ ਹੈ, ਉਹ ਮੁੜ ਆ ਕੇ ਆਪਣੇ ਮਾਰਗ ਤੇ ਤੁਰ ਪੈਂਦਾ ਹੈ, ਉਹ ਮਾਰਗ ਜਿਹੜਾ ਉਸ ਨੂੰ ਅਸੀਮ ਤਕ ਲੈ ਜਾਂਦਾ ਹੈ, ਮਰਨ ਨਾਲ ਮਾਰਗ ਨਹੀਂ ਬਦਲ ਸਕਦਾ। ਮੌਤ ਦੀ ਕੋਈ ਸ਼ਕਤੀ ਨਹੀਂ ਕਿ ਉਹ ਸਾਧਕ ਦਾ ਮਾਰਗ ਬਦਲ ਦੇਵੇ, ਸਾਧਕ ਦੀ ਬ੍ਰਹਮ ਚੇਤਨਤਾ ਜਿਹੜੀ ਇਥੇ ਹੈ, ਉਹ ਹੀ ਪਿਛੋਂ ਵੀ ਹਰ ਜਗ੍ਹਾ ਰਹਿੰਦੀ ਹੈ।

ਇਹ ਦੂਸਰੇ ਅਧਿਆਏ ਦਾ ਅੰਤ ਹੈ। ਇਸ ਵਿਚ ਸ੍ਰੀ ਕਿਸ਼ਨ ਜੀ ਅਰਜਨ ਨੂੰ ਉਸ ਦੀ ਉਦਾਸੀਨਤਾ, ਸੰਤਾਪ ਵਿਚੋਂ ਕੱਢਦੇ ਹਨ, ਉਸ ਨੂੰ ਜਗਾਉਂਦੇ ਹਨ, ਇਸ ਅਧਿਆਏ ਦਾ ਵਾਰਤਾਲਾਪ ਜਿਹੜਾ ਸ੍ਰੀ ਕ੍ਰਿਸ਼ਨ ਅਤੇ ਅਰਜਨ ਵਿਚ ਹੋਇਆ ਉਹ ਸਾਂਖ ਫਿਲੋਸਫੀ ਹੈ ਅਤੇ ਯੋਗਾ ਅਭਿਆਸ ਵਿਗਿਆਨਕ ਰੂਪ ਵਿਚ ਹੈ।

□ □ □ □ □ □ □ □

---

### ਰੁਬਾਈ

### ਸੱਜਨ ਮੇਰਾ ਦਿਸ ਨਾ ਆਇਆ

ਸੱਜਨ ਸੱਜਨ ਇਕੱਠੇ ਹੋ ਕੇ, ਸਾਜਨ ਦਿਵਸ ਮਨਾਇਆ।
ਸ਼ਰਧਾ ਸਾਗਰ ਠਾਠਾਂ ਮਾਰੇ, ਆਨੰਦ ਮੰਗਲ ਛਾਇਆ।
ਸਜਨਾਂ ਨੂੰ ਸਭ ਸਜਨ ਮਿਲਦੇ, ਗੱਲ ਵਿਚ ਬਾਹਾਂ ਪਾ ਪਾ,
ਕਲਿਆਣ ਦਾਸ ਨੂੰ ਭਈ ਨਿਰਾਸਾ, ਸੱਜਨ ਮੇਰਾ ਦਿਸ ਨਾ ਆਇਆ।

### ਰੁਬਾਈ

### ਬੀਚੇ ਅਟਕਿਓ ਚੀਤ

ਤੇਰੇ ਮਿਲਣ ਦੀ ਖਾਤਿਰ ਸਜਣਾ, ਸੱਜਣ ਘੋਲ ਘੁਮਾਏ।
ਲੋਗ, ਕੁਟੰਬ ਸੁੱਖ ਸਾਧਨ ਛੱਡੇ, ਤੁਧ ਵਲ ਚਾਲੇ ਪਾਏ।
ਛੱਡ ਪੁਰਾਣੇ ਨਵੇਂ ਬਣਾਏ, ਸੱਜਣ ਲੱਖ ਹਜ਼ਾਰਾਂ।
ਦਾਸ ਕਲਿਆਣ ਅਟਕ ਗਏ ਬਿੱਚੇ, ਹਰਿ ਸੱਜਨ ਬਿਸਰਾਏ॥

***ਸੰਤ ਕਲਿਆਣ ਦਾਸ ਜੀ***

# ਸਮਾਗਮ ਸਰਗਰਮੀਆਂ

ਵਿਸ਼ਵ ਭਰ ਵਿਚ ਕੂੜ-ਕਪਟ, ਧਿੰਗਾ ਜ਼ੋਰੀ, ਬੇਇਨਸਾਫੀ, ਲਾਲਚ ਤੇ ਵਿਕਾਰਾਂ ਦਾ ਅੰਧਕਾਰ ਹੋਣ ਕਰਕੇ ਹਰ ਪਾਸੇ ਬੇਵਿਸ਼ਵਾਸ਼ੀ ਅਤੇ ਅਸਥਿਰਤਾ ਦਾ ਵਾਤਾਵਰਣ ਛਾਇਆ ਹੋਇਆ ਹੈ। ਇਸ ਵੇਲੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਦੇਸ਼ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਕਿਸੇ ਪੁੱਗੇ ਹੋਏ ਮਹਾਤਮਾ ਰਾਹੀਂ ਪਰਚਾਰੇ ਤੇ ਪਰਸਾਰੇ ਜਾਣ ਦੀ ਸਖਤ ਲੋੜ ਹੈ ਤਾਂ ਕਿ ਸ਼ਾਂਤੀ, ਆਪਸੀ ਭਾਈਚਾਰੇ ਤੇ ਪਰਸਪਰ ਪਿਆਰ ਦਾ ਸੰਦੇਸ਼ ਫੈਲਾ ਕੇ ਵਿਸ਼ਵ ਵਿਚ ਸੁਖ ਸ਼ਾਂਤੀ ਦਾ ਬੋਲ-ਬਾਲਾ ਹੋ ਸਕੇ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਬਾਨੀ ਬਾਬਾ ਜੀ ਵਲੋਂ, ਇਸ ਦਿਸ਼ਾ ਵਿਚ ਅਨੇਕਾਂ ਪੁਰਜ਼ੋਰ ਉਪਰਾਲੇ ਲਗਾਤਾਰ ਕੀਤੇ ਜਾ ਰਹੇ ਹਨ ਜਿਸ ਵਿਚ ਵੀਡੀਓ ਫਿਲਮਾਂ ਦੁਆਰਾ, ਆਤਮ ਮਾਰਗ ਮੈਗਜ਼ੀਨ ਤੇ 20 ਤੋਂ ਵੱਧ ਪੁਸਤਕਾਂ ਦੁਆਰਾ ਇਸ ਨੂੰ ਦੇਸ਼ ਵਿਦੇਸ਼ ਵਿਚ ਪ੍ਰਚਾਰਿਆ ਜਾ ਰਿਹਾ ਹੈ। ਇਸੇ ਤਰ੍ਹਾਂ ਥਾਂ-ਥਾਂ ਤੇ ਬਿਖੜਿਆਂ ਪੈਂਡਿਆਂ ਨੂੰ ਤਹਿ ਕਰਕੇ, ਆਪਣੀ ਵਡੇਰੀ ਉਮਰ ਤੇ ਸਰੀਰ ਦੀ ਪਰਵਾਹ ਨਾ ਕਰਦੇ ਹੋਏ ਵੀ ਜਨ ਸਮੂੰਹ ਤੇ ਗੁਰਸਿੱਖ ਜਗਿਆਸੂਆਂ ਨੂੰ ਆਤਮ ਖੁਰਾਕ ਪਹੁੰਚਾਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਕੇਵਲ ਉਨ੍ਹਾਂ ਦੀ ਪਰਉਪਕਾਰੀ ਬਿਰਤੀ ਤੇ ਸਾਧੂ ਸੁਭਾਵ ਤੇ ਕਰਮਯੋਗ ਸਦਕਾ ਹੋ ਰਿਹਾ ਹੈ ਨਹੀਂ ਤਾਂ ਉਹ ਆਪਣੇ ਆਤਮ ਸਰੂਪ ਵਿਚ ਸਥਿਤ ਹੋ ਕੇ ਘਰ ਬੈਠੇ ਹੀ ਆਪਣੀ ਮੌਜ ਵਿਚ ਵਿਚਰ ਸਕਦੇ ਹਨ।

**ਬਹਿਰਾਮ ਵਿਖੇ ਦੀਵਾਨ** - ਹਰ ਸਾਲ ਦੀ ਤਰ੍ਹਾਂ ਦੁਆਬੇ ਦੇ ਇਸ ਕਸਬੇ ਵਿਚ ਮਹਾਂਪੁਰਸ਼ਾਂ ਵਲੋਂ 23 ਫਰਵਰੀ ਤੋਂ 28 ਫਰਵਰੀ ਤਕ ਦੀਵਾਨ ਲਗਾਏ ਗਏ ਜਿਸ ਵਿਚ ਦੂਰ ਦੁਰਾਡੇ ਤੇ ਲਾਗੇ ਦੀਆਂ ਸੰਗਤਾਂ ਹੁੰਮ ਹੁੰਮਾ ਕੇ ਟਰੱਕਾਂ, ਟਰਾਲੀਆਂ, ਕਾਰਾਂ ਤੇ ਆਪਣੀਆਂ ਸਵਾਰੀਆਂ ਰਾਹੀਂ ਪੁੱਜੀਆਂ ਅਤੇ ਮਹਾਂਪੁਰਸ਼ਾਂ ਦੇ ਰੂਹਾਨੀ ਕੀਰਤਨ ਤੇ ਇਲਾਹੀ ਪ੍ਰਵਚਨ ਸਰਵਣ ਕਰਕੇ ਜੀਵਨ ਦੀ ਸਹੀ ਸੇਧ ਪ੍ਰਾਪਤ ਕੀਤੀ। ਇਹ ਦੀਵਾਨ ਖਾਸ ਕਰਕੇ ਭਾਈ ਸਤਨਾਮ ਸਿੰਘ ਅਟਵਾਲ, ਭਾਈ ਸੋਹਨ ਸਿੰਘ ਭੋਗਲ ਅਤੇ ਮਹਿੰਦਰ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਯਤਨਾਂ ਸਦਕਾ ਲੱਗੇ। ਇਲਾਕੇ ਦੀ ਸੰਗਤ ਵਿਚ ਇਕ ਉਚੇਚਾ ਉਤਸ਼ਾਹ ਵੇਖਣ ਵਿਚ ਆਇਆ ਕਿਉਂਕਿ ਸੰਗਤਾਂ ਨੇ ਆਤਮ ਮਾਰਗ ਤੇ ਮਹਾਂਪੁਰਸ਼ਾਂ ਦੀਆਂ ਪੁਸਤਕਾਂ ਤੇ ਕੈਸਟਾਂ ਕਾਫੀ ਮਾਤਰਾ ਵਿਚ ਪ੍ਰਾਪਤ ਕੀਤੀਆਂ। ਇਸ ਇਲਾਕੇ ਵਿਚ ਮਿਸ਼ਨ ਵਲੋਂ ਭਾਈ ਗੁਰਪਾਲ ਸਿੰਘ ਜੀ ਵਲੋਂ ਥਾਂ-ਥਾਂ ਤੇ ਦੀਵਾਨਾਂ ਰਾਹੀਂ ਪ੍ਰਚਾਰ ਹੋ ਰਿਹਾ ਹੈ ਜਿਸ ਸਦਕਾ ਸੰਗਤਾਂ ਵਿਚ ਗੁਰੂ ਘਰ ਨਾਲ ਜੁੜਨ ਲਈ ਕਾਫੀ ਸ਼ਰਧਾ ਤੇ ਪਿਆਰ ਪੈਦਾ ਹੋ ਗਿਆ ਹੈ।

**ਮਿਸ਼ਨ ਦੇ ਹੋਰ ਜਥਿਆਂ ਵਲੋਂ ਦੀਵਾਨ** - ਯੂ.ਪੀ. ਵਿਚ ਭਾਈ ਗੁਰਦੀਪ ਸਿੰਘ ਜੀ ਦੇ ਜਥੇ ਵਲੋਂ ਲਗਾਤਾਰ ਦੀਵਾਨ ਲਗਾਏ ਜਾਂਦੇ ਹਨ ਅਤੇ ਯੂ.ਪੀ. ਵਿਚ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਪ੍ਰਚਾਰ ਕਰਕੇ ਅੰਮ੍ਰਿਤ ਪਾਨ ਕਰਵਾਇਆ ਜਾਂਦਾ ਹੈ। ਪੰਜਾਬ ਵਿਚ ਅਤੇ ਬੰਬਈ, ਦਿੱਲੀ ਵਰਗੇ ਮੈਟਰੋਪੋਲੀਅਨ ਸ਼ਹਿਰਾਂ ਵਿਚ ਭਾਈ ਲਖਵੀਰ ਸਿੰਘ ਜੀ ਵਲੋਂ ਦੀਵਾਨ ਲਗਾਏ ਜਾਂਦੇ ਹਨ ਅਤੇ ਅੰਮ੍ਰਿਤ ਪਾਨ ਕਰਵਾਇਆ ਜਾਂਦਾ ਹੈ। ਰਤਵਾੜਾ ਸਾਹਿਬ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਭਾਈ ਹਰਪਾਲ ਸਿੰਘ ਵਲੋਂ ਦੀਵਾਨ ਲਗਾਏ ਜਾਂਦੇ ਹਨ ਅਤੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ ਜਾਂਦਾ ਹੈ।

**ਬਾਬਾ ਜੀ ਦੀ ਵਿਦੇਸ਼ ਯਾਤਰਾ** - ਭਾਵੇਂ ਇਹ ਅਪ੍ਰੈਲ ਦਾ ਮੈਗਜ਼ੀਨ ਸੰਗਤਾਂ ਦੇ ਹੱਥ ਵਿਚ ਪਹਿਲੀ ਅਪ੍ਰੈਲ ਤਕ ਆਵੇਗਾ ਪਰੰਤੂ ਫੇਰ ਵੀ ਸੰਗਤਾਂ ਦੇ ਗਿਆਤ ਲਈ ਬੇਨਤੀ ਹੈ ਕਿ ਬਾਬਾ ਜੀ ਜਥੇ ਸਮੇਤ 2 ਮਾਰਚ ਨੂੰ ਵਿਦੇਸ਼ ਯਾਤਰਾ ਲਈ ਰਵਾਨਾ ਹੋਏ। ਸੰਗਤਾਂ ਵਲੋਂ ਖੁਸ਼ੀ ਅਤੇ ਉਦਾਸੀ ਦਾ ਮਿਲਵਾਂ ਪ੍ਰਗਟਾਵਾ ਸੀ ਜਿਥੇ ਬਾਬਾ ਜੀ ਤੇ ਬੀਜੀ ਦਾ ਵਿਛੋੜਾ ਉਨ੍ਹਾਂ ਲਈ ਅਸਹਿ ਹੈ ਉਤਨਾ ਇਹ ਵੀ ਖੁਸ਼ੀ ਹੈ ਕਿ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਸੰਗਤਾਂ ਜੋ ਕਈ ਸਾਲਾਂ ਤੋਂ ਬੇਨਤੀਆਂ ਕਰ ਰਹੀਆਂ ਸਨ, ਉਨ੍ਹਾਂ ਦੇ ਭਾਗ ਜਾਗੇ ਹਨ ਅਤੇ ਉਨ੍ਹਾਂ ਨੂੰ ਮਹਾਂਪੁਰਸ਼ਾਂ ਦੇ ਪ੍ਰਵਚਨ ਸਰਵਣ ਕਰਨ ਅਤੇ ਰੂਹਾਨੀ ਕੀਰਤਨ ਦੇ ਅਨੰਦ ਮਾਨਣ ਦਾ ਸੁਭਾਗ ਪ੍ਰਾਪਤ ਹੋਵੇਗਾ ਅਤੇ ਅਨੇਕਾਂ ਟੁੱਟੀਆਂ ਰੂਹਾਂ ਗੁਰੂ ਘਰ ਨਾਲ ਜੁੜ ਕੇ ਆਪਣਾ ਲੋਕ ਪ੍ਰਲੋਕ ਸੁਹੇਲਾ ਕਰਨਗੀਆਂ। ਉਮੀਦ ਕੀਤੀ ਜਾਂਦੀ ਹੈ ਕਿ ਬਾਬਾ ਜੀ ਮਈ ਦੇ ਪਹਿਲੇ ਹਫਤੇ ਹੀ ਇਨ੍ਹਾਂ ਦੇਸ਼ਾਂ ਦਾ ਦੌਰਾ ਕਰਕੇ ਮੁੜ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨਗੇ।

**ਮਹਾਂਪੁਰਸ਼ਾਂ ਦੇ ਜਥੇ ਵਲੋਂ ਦੀਵਾਨਾਂ ਦਾ ਪ੍ਰੋਗਰਾਮ**

**ਐਤਵਾਰ** – ਸਮਾਂ ਸਵੇਰੇ 12.00 ਵਜੇ ਤੋਂ ਬਾਦ ਦੁਪਿਹਰ 4.00 ਵਜੇ ਤੱਕ – 5, 12, 19, 26 ਅਪ੍ਰੈਲ, ਕੋਠੀ ਨੰ: 781, 3ਬੀ1 ਮੋਹਾਲੀ।

**ਪੂਰਨਮਾਸ਼ੀ** – 11 ਅਪ੍ਰੈਲ, ਦਿਨ ਸ਼ਨਿੱਚਰਵਾਰ, ਰਤਵਾੜਾ ਸਾਹਿਬ

**ਸੰਗਰਾਂਦ** - 13 ਅਪ੍ਰੈਲ, ਦਿਨ ਸੋਮਵਾਰ, ਰਤਵਾੜਾ ਸਾਹਿਬ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 26 ਅਪ੍ਰੈਲ, ਦਿਨ ਐਤਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।